*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group


# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-2, ਫਰਵਰੀ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਸਿਖ਼ਰਲੇ ਜੱਜਾਂ ਦੀ ਬ਼ਗਾਵਤ ਅਤੇ ਨਿਆਂ ਪ੍ਰਣਾਲੀ ਦੀ ਜਵਾਬਦੇਹੀ ਦਾ ਸਵਾਲ






ਬੂਟਾ ਸਿੰਘ ਨਵਾਂਸ਼ਹਿਰ
94634-74342

12 ਜਨਵਰੀ ਨੂੰ ਹਿੰਦੁਸਤਾਨ ਦੀ ਸੁਪਰੀਮ ਕੋਰਟ ਦੇ ਚਾਰ ਸਿਖ਼ਰਲੇ ਜੱਜਾਂ ਵਲੋਂ ਚੀਫ ਜਸਟਿਸ ਦੀਪਕ ਮਿਸ਼ਰਾ ਦੀਆਂ ਮਨਮਾਨੀਆਂ ਦਾ ਜਨਤਕ ਤੌਰ 'ਤੇ ਪਰਦਾਫਾਸ਼ ਕੀਤੇ ਜਾਣ ਨੇ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਕਿਹਾ ਜਾ ਰਿਹਾ ਹੈ ਕਿ ਚਾਹ ਪਾਰਟੀ ਉੱਪਰ ਮਾਮਲਾ ਹੱਲ ਹੋ ਗਿਆ ਹੈ, ਪਰ ਮਾਮਲੇ ਦੀ ਨਜ਼ਾਕਤ ਦੇ ਮੱਦੇਨਜ਼ਰ ਇਹ ਐਨੀ ਛੇਤੀ ਸੰਭਵ ਨਹੀਂ ਜਾਪਦਾ। ਮੁਲਕ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਚੋਟੀ ਦੇ ਜੱਜਾਂ ਨੇ ਸਿਖ਼ਰਲੀ ਅਦਾਲਤ ਅੰਦਰਲੀਆਂ ਗੰਭੀਰ ਗੜਬੜਾਂ ਨੂੰ ਮੀਡੀਆ ਜ਼ਰੀਏ ਆਮ ਨਾਗਰਿਕਾਂ ਅੱਗੇ ਪੇਸ਼ ਕੀਤਾ ਹੈ। ਜਿਥੇ ਜਾਗਰੂਕ ਬੁੱਧੀਜੀਵੀਆਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਨੇ ਸਿਖ਼ਰਲੇ ਜੱਜਾਂ ਦੇ ਇਸ ਕਦਮ ਦੀ ਤਾਰੀਫ਼ ਕੀਤੀ ਹੈ ਉੱਥੇ ਬਹੁਤ ਸਾਰੇ ਸਾਬਕਾ ਸੀਨੀਅਰ ਜੱਜ ਵੀ ਉਹਨਾਂ ਦੀ ਹਮਾਇਤ ਵਿਚ ਅੱਗੇ ਆਏ ਹਨ। ਕਾਰਨ ਚਾਹੇ ਕੋਈ ਵੀ ਹੋਣ, ਹਿੰਦੂਤਵ ਕੈਂਪ ਅਤੇ ਚੰਦ ਸਨਕੀ ਜੱਜਾਂ ਨੂੰ ਛੱਡਕੇ ਵਿਆਪਕ ਹਿੱਸਿਆਂ ਨੇ ਜੱਜਾਂ ਦੇ ਇਸ ਦਲੇਰ ਕਦਮ ਦੀ ਸ਼ਲਾਘਾ ਕੀਤੀ ਹੈ। ਇਹ ਚਾਰੇ ਜੱਜ - ਜਸਟਿਸ ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ, ਜਸਟਿਸ ਮਦਨ ਬੀ ਲੋਕੁਰ ਅਤੇ ਜਸਟਿਸ ਕੁਰੀਅਨ ਜੋਸ਼ਫ - ਚੀਫ਼ ਜਸਟਿਸ ਤੋਂ ਬਾਦ ਸਭ ਤੋਂ ਸੀਨੀਅਰ ਜੱਜ ਹਨ ਅਤੇ ਇਹਨਾਂ ਵਿੱਚੋਂ ਰੰਜਨ ਗੋਗੋਈ ਅਕਤੂਬਰ ਮਹੀਨੇ ਚੀਫ਼ ਜਸਟਿਸ ਬਣਾਏ ਜਾਣ ਵਾਲੇ ਹਨ। ਇਸ ਬੇਮਿਸਾਲ ਕਦਮ ਤੋਂ ਸਪਸ਼ਟ ਹੈ ਕਿ ਉਹਨਾਂ ਦੇ ਇਤਰਾਜ਼ ਵਿਅਕਤੀਗਤ ਨਹੀਂ ਸਿਖ਼ਰਲੀ ਅਦਾਲਤ ਦੇ ਕਾਰਵਿਹਾਰ ਨੂੰ ਲੈਕੇ ਹਨ; ਇਹ ਫੌਰੀ ਨਹੀਂ ਲੰਮੇ ਸਮੇਂ ਤੋਂ ਸੁਲਗ ਰਹੇ ਸਨ ਅਤੇ ਜੱਜਾਂ ਦੀ ਨਿਯੁਕਤੀ ਵਿਚ ਜਿਸ ਤਰ੍ਹਾਂ ਦਾ ਸੱਤਾਧਾਰੀ ਦਖ਼ਲ ਅਤੇ ਦਬਾਓ ਹੈ ਉਸ ਨੂੰ ਉਹ ਬਰਦਾਸ਼ਤ ਨਹੀਂ ਕਰ ਪਾ ਰਹੇ।

ਜੱਜਾਂ ਨੇ ਆਪਣੇ ਸੰਬੋਧਨ ਵਿਚ ਖ਼ਬਰਦਾਰ ਕੀਤਾ ਹੈ ਕਿ 'ਲੋਕਤੰਤਰ ਖ਼ਤਰੇ ਵਿਚ ਹੈ' ਕਿਉਂਕਿ ਦੇਸ਼ ਦੀ ਸਰਵਉੱਚ ਅਦਾਲਤ ਦੇ ਚੀਫ਼ ਜਸਟਿਸ ਨਾਜ਼ੁਕ ਅਤੇ ਬਹੁਤ ਹੀ ਅਹਿਮ ਮਾਮਲਿਆਂ ਵਿਚ ਜੱਜਾਂ ਦੇ ਬੈਂਚ ਬਣਾਉਣ ਅਤੇ ਕੇਸਾਂ ਨੂੰ ਉਹਨਾਂ ਦੇ ਸਪੁਰਦ ਕਰਦੇ ਵਕਤ ਅਦਾਲਤੀ ਸ਼ਿਸ਼ਟਾਚਾਰ ਅਤੇ ਮਰਿਯਾਦਾਵਾਂ ਦੀਆਂ ਧੱਜੀਆਂ ਉਡਾ ਰਹੇ ਹਨ ਅਤੇ ਮਨਮਾਨੀਆਂ ਕਰ ਰਹੇ ਹਨ। ਇਹ ਸਭ ਉਹਨਾਂ ਨੇ ਅਕਤੂਬਰ 2017 ਵਿਚ ਸੱਤ ਸਫ਼ੇ ਦੀ ਚਿੱਠੀ ਲਿਖਕੇ ਚੀਫ਼ ਜਸਟਿਸ ਨੂੰ ਭੇਜਿਆ

(ਬਾਕੀ ਸਫ਼ਾ 4 'ਤੇ)

























SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


MOTEL
For All your Commercial Real Estate
needs in Alberta, Motels/Hotels, Gas Station,
Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness
Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
SOLD
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
ROYAL LEPAGE 100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com

**SARO KARAN DI AWAZ**

**Publisher**
**Pro-People Arts Project Media Group 29 Mapleview Ave, Brampton Ontario, CA, L6R 1M2**

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Sub Editor**
**Randeep Singh (India)**
09855695905
rvs0001@gmail.com

**Literary Advisor**
**Haripal**
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
778-979-4978
sukhsports@gmail.com

**Jagmohan Singh Dhudike**
**Winnipeg**
204-421-1523

**Parshotam Dosanjh**
**Surrey (BC)**
604-512-8371

**Rupinder Singh Kaler**
Edmonton
780-807-6517

**Graphic Desinger**
**Baljinder Singh**
+91-98782-29598
+91-92167-29598
akashdeep.1064@gmail.com

**Honorary Advisory Board**
**Sukhdev Singh Sandhu (Toronto)**
**Master Balbir Singh Gill (Toronto)**
**Jaspreet Dhaliwal (Toronto)**
**Harcharan Singh Parhar Calgary**
**Malkit Singh Abbotsford (BC)**
**Narbhinder Singh (India) (Punjab)**
935-443-0211
**Buta Singh Nawan Shahr (Punjab)**
946-347-4342
atoozed@gmail.com
**Jaswant Zirakh (India) (Punjab)**
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਸਿਖ਼ਰਲੇ ਜੱਜਾਂ ਦੀ ਬਗ਼ਾਵਤ ਅਤੇ ਨਿਆਂ ਪ੍ਰਣਾਲੀ ਦੀ ਜਵਾਬਦੇਹੀ ਦਾ ਸਵਾਲ

(ਸਫ਼ਾ 1 ਦੀ ਬਾਕੀ)

ਸੀ ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਆਪਣੇ ਕੰਮਕਾਰ ਦੇ ਤਰੀਕੇ ਨੂੰ ਸੁਧਾਰਨ ਦੀ ਬਜਾਏ ਚੀਫ਼ ਜਸਟਿਸ ਮਨਮਾਨੀਆਂ ਉੱਪਰ ਬਜ਼ਿਦ ਹਨ। ਹਾਲ ਹੀ ਵਿਚ ਮਰਹੂਮ ਜਸਟਿਸ ਲੋਇਆ ਦੀ ਮੌਤ ਦੇ ਮਾਮਲੇ ਬਾਰੇ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰਕੇ ਬੈਂਚ ਬਣਾਏ ਜਾਣ ਨੇ ਸੰਕਟ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਜਦੋਂ ਇਸ ਮਾਮਲੇ ਵਿਚ ਇਹ ਚਾਰੇ ਜੱਜ ਚੀਫ਼ ਜਸਟਿਸ ਨੂੰ ਮਿਲੇ ਉਸਨੇ ਕੋਈ ਹੁੰਗਾਰਾ ਨਹੀਂ ਦਿੱਤਾ।

ਮੁਲਕ ਦੀ ਸਰਵਉੱਚ ਅਦਾਲਤ ਦਾ ਚੀਫ਼ ਜਸਟਿਸ "ਮਾਸਟਰ ਆਫ ਰੋਸਟਰ" ਹੈ। ਭਾਵ ਉਸ ਕੋਲ ਅਹਿਮ ਮਾਮਲਿਆਂ ਬਾਰੇ ਜੱਜਾਂ ਦੇ ਬੈਂਚ ਬਣਾਉਣ ਅਤੇ ਸੁਣਵਾਈ ਲਈ ਮਾਮਲੇ ਬੈਂਚਾਂ ਦੇ ਹਵਾਲੇ ਕਰਨ ਦੀ ਚੁਣੌਤੀਰਹਿਤ ਤਾਕਤ ਹੈ। ਇਹ ਤਾਕਤ ਹੀ ਉਸ ਨੂੰ ਸੰਵੇਦਨਸ਼ੀਲ ਮਾਮਲਿਆਂ ਵਿਚ ਆਪਣੀ ਪਸੰਦ ਦੇ ਨਤੀਜੇ ਹਾਸਲ ਕਰਨ ਲਈ ਸੀਨੀਅਰ ਅਤੇ ਖ਼ਾਸ ਖ਼ੇਤਰ ਦੇ ਵਿਸ਼ੇਸ਼ ਮਾਹਰ ਜੱਜਾਂ ਨੂੰ ਨਜ਼ਰਅੰਦਾਜ਼ ਕਰਨ ਦੀਆਂ ਮਨਮਾਨੀਆਂ ਦੇ ਸਮੱਰਥ ਬਣਾਉਂਦੀ ਹੈ। ਇਸ ਮਨੋਰਥ ਲਈ ਉਸ ਵਲੋਂ ਆਪਣੇ ਮਨਪਸੰਦ ਜੂਨੀਅਰ ਜਾਂ ਗ਼ੈਰਮਾਹਰ ਜੱਜਾਂ ਦੇ ਬੈਂਚ ਬਣਾਏ ਜਾ ਰਹੇ ਹਨ ਅਤੇ ਉਹਨਾਂ ਕੋਲੋਂ ਮਨਚਾਹੇ ਅਦਾਲਤੀ ਆਰਡਰ ਕਰਵਾਏ ਜਾ ਰਹੇ ਹਨ। ਚਾਰ ਜੱਜਾਂ ਨੇ ਕੁਝ ਅਹਿਮ ਮਾਮਲਿਆਂ ਦੀਆਂ ਮਿਸਾਲਾਂ ਦਿੱਤੀਆਂ ਹਨ ਜਿਹਨਾਂ ਬਾਰੇ ਫ਼ੈਸਲੇ ਅਵਾਮੀ ਹਿਤ ਅਤੇ ਨਿਆਂ ਦੇ ਸਵਾਲ ਨਾਲ ਡੂੰਘੇ ਰੂਪ ਵਿਚ ਜੁੜੇ ਹੋਏ ਹਨ। ਕੈਂਪੇਨ ਫਾਰ ਜੁਡੀਸ਼ੀਅਲ ਅਕਾਊਂਟੇਬਲਿਟੀ ਐਂਡ ਰਿਫਾਰਮ ਬਨਾਮ ਯੂਨੀਅਨ ਆਫ ਇੰਡੀਆ ਮਾਮਲੇ ਵਿਚ ਜਿਹਨਾਂ ਜੱਜਾਂ ਦੇ ਬੈਂਚ ਨੇ ਫ਼ੈਸਲਾ ਦਿੱਤਾ ਉਹ ਚੀਫ਼ ਜਸਟਿਸ ਨੇ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰਕੇ ਬਣਾਇਆ ਸੀ। ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਦੇ ਖ਼ਦਸ਼ੇ ਕਾਰਨ ਅਧਾਰ ਕਾਰਡ ਲਾਜ਼ਮੀ ਕਰਾਰ ਦਿੱਤੇ ਜਾਣ ਦਾ ਫ਼ਰਮਾਨ ਮੁੱਢ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਇਸ ਦੀ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ ਜੱਜਾਂ ਦੇ ਬੈਂਚ ਨੇ 2015 ਵਿਚ ਕਿਹਾ ਸੀ ਕਿ ਇਸ ਮਾਮਲੇ ਬਾਰੇ ਤੈਅ ਕਰਨ ਲਈ ਇਸ ਨੂੰ ਵਡੇਰੇ ਬੈਂਚ ਦੇ ਹਵਾਲੇ ਕੀਤਾ ਜਾਵੇ, ਚੀਫ਼ ਜਸਟਿਸ ਨੇ ਇਸ ਸਲਾਹ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਇਸੇ ਤਰ੍ਹਾਂ ਸੀ.ਬੀ.ਆਈ. ਦੇ ਇਕ ਐਡੀਸ਼ਨਲ ਡਾਇਰੈਕਟਰ ਦੀ ਨਿਯੁਕਤੀ ਦੇ ਮਾਮਲੇ ਵਿਚ ਹੋਇਆ। ਜਸਟਿਸ ਲੋਇਆ ਦੀ ਸ਼ੱਕੀ ਹਾਲਾਤ ਵਿਚ ਮੌਤ ਦੇ ਮਾਮਲੇ ਵਿਚ ਪਟੀਸ਼ਨ ਬਾਰੇ ਬੈਂਚ ਵੀ ਸੀਨੀਅਰ ਜੱਜਾਂ ਨੂੰ ਨਜ਼ਰਅੰਦਾਜ਼ ਕਰਕੇ ਬਣਾਇਆ ਗਿਆ। ਫਰਵਰੀ ਮਹੀਨੇ ਬਾਬਰੀ ਮਸਜਿਦ ਦਾ ਮਾਮਲਾ ਸੁਣਵਾਈ ਲਈ ਸੁਪਰੀਮ ਕੋਰਟ ਵਿਚ ਪੇਸ਼ ਹੋਣ ਵਾਲਾ ਹੈ। ਚੀਫ਼ ਜਸਟਿਸ ਦੀਆਂ ਮਨਮਾਨੀਆਂ ਦੇ ਮੱਦੇਨਜ਼ਰ ਸੀਨੀਅਰ ਜੱਜਾਂ ਨੂੰ ਇਹ ਤੌਖਲਾ ਵੀ ਹੋਵੇਗਾ ਕਿ ਇਸ ਮਾਮਲੇ ਵਿਚ ਬੈਂਚ ਬਣਾਏ ਜਾਣ ਪ੍ਰਤੀ ਵਤੀਰਾ ਕਿਸ ਤਰ੍ਹਾਂ ਦਾ ਹੋਵੇਗਾ। ਲਿਹਾਜ਼ਾ ਇਹ ਮਹਿਜ਼ ਅਦਾਲਤੀ ਸ਼ਿਸ਼ਟਾਚਾਰ ਦੀ ਉਲੰਘਣਾ ਦਾ ਮਾਮਲਾ ਨਹੀਂ ਬਲਕਿ ਅਦਾਲਤੀ ਅਹੁਦੇ ਉੱਪਰ ਆਪਣੇ ਕੰਟਰੋਲ ਦੇ ਜ਼ੋਰ ਸਿਆਸੀ ਤੌਰ 'ਤੇ ਅਹਿਮ ਮਾਮਲਿਆਂ ਵਿਚ ਆਪਣੀ ਪਸੰਦ ਦੇ ਫ਼ੈਸਲੇ ਹਾਸਲ ਕਰਨ ਦੀ ਸੋਚੀ-ਸਮਝੀ ਧੱਕੇਸ਼ਾਹੀ ਦਾ ਮਾਮਲਾ ਹੈ।

ਨਿਆਂ ਪ੍ਰਣਾਲੀ ਦੇ ਸਿਖ਼ਰਲੇ ਪੱਧਰ 'ਤੇ ਚੱਲ ਰਿਹਾ ਇਹ ਪ੍ਰਸ਼ਾਸਨਿਕ ਟਕਰਾਓ ਕੇਂਦਰੀ ਸੱਤਾ ਉੱਪਰ ਸੰਘ ਪਰਿਵਾਰ ਦੇ ਕਾਬਜ਼ ਹੋਣ ਤੋਂ ਬਾਦ ਜ਼ੋਰ ਫੜ ਚੁੱਕੀਆਂ ਤਾਨਾਸ਼ਾਹ ਤਾਕਤਾਂ ਦੀਆਂ ਮਨਮਾਨੀਆਂ ਦਾ ਸੂਚਕ ਹੈ। ਇਸ ਦੀ ਤਹਿ ਹੇਠ ਸਿਖ਼ਰਲੀ ਅਦਾਲਤ ਦੇ ਕਾਰਵਿਹਾਰ ਵਿਚ ਸੱਤਾਧਾਰੀ ਧਿਰ ਦੀ ਧੌਂਸਬਾਜ਼ ਦਖ਼ਲਅੰਦਾਜ਼ੀ ਕੰਮ ਕਰ ਰਹੀ ਹੈ। ਜਿਸਦਾ ਇਕੋ ਇਕ ਮਨੋਰਥ ਸੰਘ ਪਰਿਵਾਰ ਦੇ ਚਹੇਤੇ ਮੁਜਰਿਮਾਂ ਅਤੇ ਕਾਰਪੋਰੇਟਾਂ ਦੇ ਹੱਕ ਵਿਚ ਫ਼ੈਸਲੇ ਕਰਵਾਉਣਾ ਅਤੇ ਉਹਨਾਂ ਦੀਆਂ ਕਾਰਵਾਈਆਂ ਉੱਪਰ ਸੰਵਿਧਾਨਕ ਮੋਹਰ ਲਗਵਾਉਣਾ ਹੈ। ਪਿਛਲੇ ਸਾਲਾਂ ਦੌਰਾਨ ਉੱਭਰੇ ਫਿਰਕੂ ਧੌਂਸਬਾਜ਼ ਨਿਜ਼ਾਮ ਦੇ ਹਿਤਾਂ ਲਈ ਵੱਖ ਵੱਖ ਅਦਾਰਿਆਂ ਨੂੰ ਬਰਬਾਦ ਕਰਨ ਦੇ ਹਿੰਦੂਤਵੀ ਯਤਨ ਸਪਸ਼ਟ ਦੇਖੇ ਜਾ ਸਕਦੇ ਹਨ। ਇਸ ਦੀ ਇਕ ਮੁੱਖ ਮਿਸਾਲ ਸੋਹਰਾਉਦੀਨ ਮਾਮਲੇ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਕਲੀਨ ਚਿੱਟ ਦਿਵਾਉਣ ਲਈ ਜਸਟਿਸ ਲੋਇਆ ਨਾਲ ਜੁੜਿਆ ਵਿਵਾਦ ਹੈ। ਜਦੋਂ ਜਸਟਿਸ ਲੋਇਆ ਨਹੀਂ ਝੁਕੇ ਤਾਂ ਉਸਦੀ ਥਾਂ ਲਾਏ ਜੱਜ ਨੇ ਪਹਿਲੇ ਦਿਨ ਹੀ 12000 ਪੰਨੇ ਦੀ ਚਾਰਜਸ਼ੀਟ ਵਾਲੇ ਮਾਮਲੇ ਦਾ ਫ਼ੈਸਲਾ 15 ਮਿੰਟ ਵਿਚ ਹੀ ਸੁਣਾ ਦਿੱਤਾ। ਇਸਨੇ ਸਪਸ਼ਟ ਕਰ ਦਿੱਤਾ ਸੀ 'ਆਜ਼ਾਦ' ਮੰਨੀ ਜਾਂਦੀ ਨਿਆਂ ਪ੍ਰਣਾਲੀ ਨੂੰ ਸਿਆਸੀ ਰਸੂਖ਼ਵਾਨ ਅਤੇ ਪੈਸੇ ਵਾਲੇ ਲੋਕ ਕਿੰਨਾ ਸੌਖਿਆਂ ਅਗਵਾ ਕਰ ਸਕਦੇ ਹਨ। ਭਾਵੇਂ ਬੁਰੀ ਤਰ੍ਹਾਂ ਘਿਰੀ ਮੋਦੀ ਸਰਕਾਰ ਨੇ ਇਹ ਬਿਆਨ ਦੇਕੇ ਆਪਣਾ ਬਦਨਾਮ ਅਕਸ ਸੁਧਾਰਨ ਦੀ ਕੋਸ਼ਿਸ਼ ਕੀਤੀ ਕਿ ਇਹ ਨਿਆਂ ਪ੍ਰਣਾਲੀ ਦਾ ਅੰਦਰੂਨੀ ਮਾਮਲਾ ਹੈ ਸਰਕਾਰ ਇਸ ਵਿਚ ਦਖ਼ਲ ਨਹੀਂ ਦੇਵੇਗੀ ਪਰ ਆਰ.ਐੱਸ.ਐੱਸ. ਦੇ ਸੀਨੀਅਰ ਆਗੂ ਆਗੂ ਨੰਦਾਕੁਮਾਰ ਨੇ ਸਪਸ਼ਟ ਬਿਆਨ ਦਿੱਤਾ ਕਿ ਜੱਜਾਂ ਦੀ ਇਹ ਪ੍ਰੈਸ ਕਾਨਫਰੰਸ ਮੁਕੰਮਲ ਸਿਆਸੀ ਸਾਜਿਸ਼ ਹੈ, ਇਸ ਲਈ ਚੁਣਿਆ ਮੌਕਾ ਬਹੁਤ ਨਾਜ਼ੁਕ ਵਕਤ ਹੈ।

ਉਪਰੋਕਤ ਘਟਨਾਕ੍ਰਮ ਨਿਆਂ ਪ੍ਰਣਾਲੀ ਦੀਆਂ ਪ੍ਰਸ਼ਾਸਨਿਕ ਰਵਾਇਤਾਂ, ਨਿਆਂਇਕ ਸ਼ਿਸਟਾਚਾਰ ਦੀਆਂ ਧੱਜੀਆਂ ਉਡਾਉਣ ਦੇ ਲੰਮੇ ਅਮਲ ਚੋਂ ਪੈਦਾ ਹੋਇਆ ਇਕ ਅਟੱਲ ਸੰਕਟ ਹੈ ਕਿਉਂਕਿ ਨਿਆਂ ਪ੍ਰਣਾਲੀ ਦੀ ਅਖਾਉਤੀ 'ਆਜ਼ਾਦੀ' ਦੇ ਨਾਂ ਹੇਠ ਇਸਦੀ ਜਵਾਬਦੇਹੀ ਦਾ ਕੋਈ ਮਕੈਨਿਜ਼ਮ ਹੈ ਹੀ ਨਹੀਂ। ਚਾਰ ਸੀਨੀਅਰ ਜੱਜ ਹੁਣ ਜੋ ਕਹਿ ਰਹੇ ਹਨ ਇਹ ਉਹ ਅਹਿਮ ਸਰੋਕਾਰ ਹੈ ਜਿਸ ਉੱਪਰ ਦੇਸ਼ ਦੇ ਰੌਸ਼ਨਖ਼ਿਆਲ ਬੁੱਧੀਜੀਵੀ, ਜਮਹੂਰੀ ਮੁੱਲਾਂ ਲਈ ਲੜ ਰਹੇ ਲੋਕਪੱਖੀ ਵਕੀਲ ਅਤੇ ਸ਼ਹਿਰੀ ਆਜ਼ਾਦੀਆਂ ਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਜੂਝ ਰਹੇ ਜਾਗਰੂਕ ਹਿੱਸੇ ਲੰਮੇ ਸਮੇਂ ਤੋਂ ਲਗਾਤਾਰ ਜ਼ੋਰ ਦੇ ਰਹੇ ਹਨ। ਕੌੜੀ ਹਕੀਕਤ ਇਹ ਹੈ ਕਿ ਸੀਮਤ ਜਮਹੂਰੀ ਗੁੰਜਾਇਸ਼ ਨੂੰ ਪਹਿਲਾਂ ਹੀ ਬੇਥਾਹ ਖ਼ੋਰਾ ਲਾਇਆ ਜਾ ਚੁੱਕਾ ਹੈ ਅਤੇ ਸਿਖ਼ਰਲੀ ਅਦਾਲਤੀ ਪ੍ਰਣਾਲੀ ਅੰਦਰਲੀ ਪ੍ਰਸ਼ਾਸਨਿਕ ਗੜਬੜ ਵਲੋਂ ਇਸ ਵਿਚ ਚੋਖੀ ਨਾਂਹ ਪੱਖੀ ਭੂਮਿਕਾ ਨਿਭਾਈ ਗਈ ਹੈ।

ਹੁਕਮਰਾਨਾਂ ਦੀਆਂ ਆਰਥਕ ਅਤੇ ਸਮਾਜੀ ਪਾੜੇ ਨੂੰ ਜ਼ਰਬਾਂ ਦੇਣ ਵਾਲੀਆਂ ਨੀਤੀਆਂ ਅਤੇ ਹਿੰਦੂਤਵੀ ਧੌਂਸਬਾਜ਼ੀ ਦੇ ਸਤਾਏ ਅਤੇ ਜਾਬਰ ਰਾਜਤੰਤਰ ਦੇ ਦਰੜੇ ਆਮ ਨਾਗਰਿਕਾਂ ਸਾਹਮਣੇ ਨਿਆਂ ਦੀ ਇਕ ਆਖ਼ਰੀ ਉਮੀਦ ਨਿਆਂ ਪ੍ਰਣਾਲੀ ਹੀ ਹੈ। ਜੇ ਨਿਆਂ ਪ੍ਰਣਾਲੀ ਦੇ ਸਿਖ਼ਰਲੇ ਪੱਧਰ 'ਤੇ ਇਸ ਕਦਰ ਪ੍ਰਸ਼ਾਸਨਿਕ ਧਾਂਦਲੀ ਹੈ ਤਾਂ ਹਾਈਕੋਰਟਾਂ ਵੀ ਇਸੇ ਤਰ੍ਹਾਂ ਕੰਮ ਕਰਨਗੀਆਂ ਅਤੇ ਨਿਆਂ-ਸ਼ਾਸਤਰ ਅਨੁਸਾਰ ਹੇਠਲੇ ਅਦਾਲਤੀ ਫ਼ੈਸਲਿਆਂ ਦੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਨ ਅਤੇ ਨਿਆਂ-ਸ਼ਾਸਤਰ ਦੇ ਅਧਾਰ 'ਤੇ ਉੱਪਰਲੀਆਂ ਅਦਾਲਤਾਂ ਵਿਚ ਨਿਆਂ ਹਾਸਲ ਕਰਨ ਦੀ ਕਮਜ਼ੋਰ ਉਮੀਦ ਵੀ ਖ਼ਤਮ ਹੋ ਜਾਵੇਗੀ। ਪਿਛਲੇ ਸਾਲਾਂ ਵਿਚ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ, ਕਾਰਪੋਰੇਟ ਸਰਮਾਏਦਾਰੀ+ਹੁਕਮਰਾਨਾਂ ਅਤੇ ਭਰਿਸ਼ਟ ਨੌਕਰਸ਼ਾਹੀ ਦੀਆਂ ਬੇਮਿਸਾਲ ਧਾਂਦਲੀਆਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਅਦਾਲਤਾਂ ਵਿਚ ਕਲੀਨਚਿਟਾਂ ਦਿੱਤੇ ਜਾਣ ਦੇ ਫ਼ੈਸਲੇ ਥੋਕ ਰੂਪ ਵਿਚ ਸੁਣਾਏ ਗਏ ਅਤੇ ਹੁਣ ਵੀ ਸੁਣਾਏ ਜਾ ਰਹੇ ਹਨ ਜਦਕਿ ਦੂਜੇ ਪਾਸੇ ਦੱਬੇਕੁਚਲੇ ਲੋਕਾਂ ਦੀ ਜਥੇਬੰਦ ਹੱਕ-ਜਤਾਈ ਦੇ ਹਮਾਇਤੀ ਬੁੱਧੀਜੀਵੀਆਂ, ਲੋਕ ਹਿਤਾਂ ਲਈ ਜੂਝਣ ਵਾਲੇ ਸਿਆਸੀ ਅਤੇ ਜਮਹੂਰੀ ਕਾਰਕੁੰਨਾਂ, ਪੱਤਰਕਾਰਾਂ ਅਤੇ ਆਮ ਲੋਕਾਂ ਨੂੰ ਕੁਚਲਣ ਵਾਲੇ ਖੁੱਲ੍ਹੇਆਮ ਪੱਖਪਾਤੀ ਅਤੇ ਤੁਅੱਸਬੀ ਅਦਾਲਤੀ ਫ਼ੈਸਲੇ ਹਾਲਤ ਦੀ ਨਜ਼ਾਕਤ ਦੇ ਪ੍ਰਤੱਖ ਸਬੂਤ ਹਨ। ਜੱਜ ਲੋਇਆ ਦੀ ਸ਼ੱਕੀ ਹਾਲਾਤ ਵਿਚ ਮੌਤ ਨੇ ਬਹੁਤ ਵੱਡਾ ਸਵਾਲ ਖੜ੍ਹਾ ਕੀਤਾ ਸੀ ਕਿ ਜੇ ਨਿਆਂ ਦੇਣ ਵਾਲਾ ਜੱਜ ਵੀ ਮਹਿਫ਼ੂਜ਼ ਨਹੀਂ ਤਾਂ ਤਾਨਾਸ਼ਾਹ ਬਿਰਤੀ ਵਾਲੇ ਧੱਕੜ ਨਿਜ਼ਾਮ ਵਿਚ ਆਮ ਨਾਗਰਿਕ ਕਿੰਨੇ ਬੇਵਸ ਹੋਣਗੇ। ਹਾਲੀਆ ਘਟਨਾਕ੍ਰਮ ਨੇ ਪਰਦਾ ਚੁੱਕ ਦਿੱਤਾ ਹੈ ਕਿ ਲੋਇਆ ਮਾਮਲੇ ਵਿਚ ਜਨ ਹਿੱਤ ਪਟੀਸ਼ਨ ਨਾਲ ਸ਼ੁਰੂ ਹੋਏ ਕਾਨੂੰਨੀ ਅਮਲ ਨੂੰ ਕਿਵੇਂ ਰੋਕਿਆ ਅਤੇ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਮਰਹੂਮ ਲੋਇਆ ਦੇ ਬੇਟੇ ਉੱਪਰ ਦਬਾ ਪਾਕੇ ਉਸ ਕੋਲੋਂ ਮੀਡੀਆ ਅੱਗੇ ਇਹ ਬਿਆਨ ਦਿਵਾਇਆ ਗਿਆ ਹੈ ਕਿ ਉਹਨਾਂ ਨੂੰ ਜਸਟਿਸ ਲੋਇਆ ਦੀ ਮੌਤ ਬਾਰੇ ਕੋਈ ਸ਼ੱਕ ਨਹੀਂ। ਜਿਸ ਨਾਜ਼ੁਕ ਮਾਹੌਲ ਵਿਚ ਇਹ ਬਿਆਨ ਦਿਵਾਇਆ ਗਿਆ ਹੈ ਇਸ ਪਿੱਛੇ ਕੰਮ ਕਰ ਰਹੇ ਸੱਤਾਧਾਰੀ ਧਿਰ ਦੇ ਹਿਤ ਸਾਫ਼ ਦੇਖੇ ਜਾ ਸਕਦੇ ਹਨ। ਚਾਹੇ ਅਮਿੱਤ ਸ਼ਾਹ ਨੂੰ ਬਰੀ ਕਰਨ ਲਈ ਜੱਜ ਨੂੰ ਵੱਡੀ ਰਿਸ਼ਵਤ ਦੀ ਪੇਸ਼ਕਸ਼ ਸੀ ਜਾਂ ਅਧਾਰ ਕਾਰਡ ਬਾਰੇ ਚੀਫ਼ ਜਸਟਿਸ ਵਲੋਂ ਨਵੇਂ ਬੈਂਚ ਦੀ ਨਿਯੁਕਤੀ, ਹਰ ਅਹਿਮ ਮਾਮਲੇ ਵਿਚ ਸੱਤਾਧਾਰੀ ਧਿਰ ਦੀਆਂ ਤਰਜ਼ੀਹਾਂ ਅਤੇ ਹਿਤਾਂ ਅਨੁਸਾਰ ਅਦਾਲਤੀ ਮਰਿਯਾਦਾ ਨੂੰ ਬੇਕਿਰਕੀ ਨਾਲ ਤੋੜਿਆ-ਮਰੋੜਿਆ ਜਾ ਰਿਹਾ ਹੈ। ਦਰਅਸਲ ਇਹ ਇਸ ਕੌੜੀ ਹਕੀਕਤ ਨੂੰ ਦਰਸਾਉਂਦਾ ਹੈ ਕਿ ਹੁਕਮਰਾਨ ਪੁਰਾਣੇ ਤਰੀਕਿਆਂ ਨਾਲ ਰਾਜ ਕਰਨ ਤੋਂ ਅਸਮਰੱਥ ਹਨ ਅਤੇ ਹੁਣ ਉਹ ਸੰਵਿਧਾਨਕ ਅਤੇ ਰਸਮੀ ਕਾਰਵਿਹਾਰ ਦਾ ਮਖੌਟਾ ਲਾਹਕੇ ਧੱਕੜ ਤਰੀਕਿਆਂ ਨਾਲ ਰਾਜ ਕਰਨ ਦੀ ਪੁਰਜ਼ੋਰ ਰੁਚੀ ਦਿਖਾ ਰਹੇ ਹਨ। ਇਹ ਹਕੀਕਤ ਭੁੱਲਣੀ ਨਹੀਂ ਚਾਹੀਦੀ ਕਿ ਮੌਜੂਦਾ ਚੀਫ਼ ਜਸਟਿਸ ਦੀਆਂ ਮਨਮਾਨੀਆਂ ਤੋਂ ਪਹਿਲਾਂ ਵੀ ਸਿਖ਼ਰਲੀ ਅਦਾਲਤ ਦਾ ਕਾਰਵਿਹਾਰ ਕਦੇ ਵੀ ਪੂਰੀ ਤਰ੍ਹਾਂ ਨਿਆਂ ਸ਼ਾਸਤਰ ਅਨੁਸਾਰ ਨਹੀਂ ਰਿਹਾ। ਸਿੱਖ ਕਤਲੇਆਮ (1984), ਗੁਜਰਾਤ ਵਿਚ ਮੁਸਲਿਮ ਕਤਲੇਆਮ (2002) ਅਤੇ ਇਸ ਤਰ੍ਹਾਂ ਦੇ ਹੋਰ ਕਈ ਮਾਮਲਿਆਂ ਵਿਚ ਦਹਾਕਿਆਂ ਤੋਂ ਨਿਆਂ ਲਈ ਭਟਕਦੇ ਮਜ਼ਲੂਮਾਂ ਪ੍ਰਤੀ ਸ਼ਾਇਦ ਹੀ ਕਿਸੇ ਸੀਨੀਅਰ ਜੱਜ ਨੇ ਕਦੇ ਸੰਵੇਦਨਸ਼ੀਲਤਾ ਦਿਖਾਈ ਹੋਵੇ। ਨਿਆਂ ਪ੍ਰਣਾਲੀ ਆਜ਼ਾਦ ਨਹੀਂ ਹੈ ਜਿਵੇਂ ਕਿ ਦਾਅਵਾ ਕੀਤਾ ਜਾਂਦਾ ਹੈ। ਇਹ ਸਥਾਪਤ ਪ੍ਰਬੰਧ ਦਾ ਅਨਿੱਖੜ ਹਿੱਸਾ ਹੈ ਅਤੇ ਸਿਖ਼ਰਲੇ ਜੱਜ ਵੀ ਜ਼ਿਆਦਾਤਰ ਸਮਾਜ ਵਿਚ ਭਾਰੂ ਡਾਹਢੀਆਂ ਤਾਕਤਾਂ ਦੇ ਨਜ਼ਰੀਏ ਮੁਤਾਬਿਕ ਫ਼ੈਸਲੇ ਲੈਂਦੇ ਹਨ। ਇਹ ਨਿਆਂ ਨਹੀਂ ਮਹਿਜ਼ ਅਦਾਲਤੀ ਫ਼ਰਮਾਨ ਹੁੰਦੇ ਹਨ ਜਿਵੇਂ ਅਫ਼ਜ਼ਲ ਗੁਰੂ ਨੂੰ ਫਾਂਸੀ ਦੇ ਮਾਮਲੇ ਵਿਚ ਹੋਇਆ ਸੀ। ਹੁਣ ਵਾਲੀ ਸੱਤਾਧਾਰੀ ਧਿਰ ਸਰੇਆਮ ਮਨਮਾਨੀਆਂ ਉੱਪਰ ਤੁਲੀ ਹੋਈ ਹੈ, ਕੋਈ ਲੁਕ-ਲੁਕੋਅ ਨਹੀਂ ਰੱਖ ਰਹੀ। ਇਸ ਮਾਹੌਲ ਵਿਚ ਇਹਨਾਂ ਜੱਜਾਂ ਨੂੰ ਘੁੱਟਣ ਮਹਿਸੂਸ ਹੋ ਰਹੀ ਹੈ, ਜਿਸ ਨੇ ਉਹਨਾਂ ਨੂੰ ਬਗ਼ਾਵਤ ਲਈ ਉਕਸਾਇਆ ਹੈ। ਇਸ ਨਾਜ਼ੁਕ ਮੋੜ ਉੱਪਰ ਜਾਗਰੂਕ ਨਾਗਰਿਕਾਂ ਸਿਰ ਇਹ ਵੱਡੀ ਜ਼ਿੰਮੇਵਾਰੀ ਹੈ ਕਿ ਸਿਖ਼ਰਲੇ ਜੱਜਾਂ ਵਲੋਂ ਅਦਾਲਤੀ ਧਾਂਦਲੀਆਂ ਅਤੇ ਚੀਫ਼ ਜਸਟਿਸ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇਣ ਲਈ ਚੁੱਕੇ ਦਰੁਸਤ ਕਦਮ ਦੀ ਹਮਾਇਤ ਵਿਚ ਜ਼ੋਰਦਾਰ ਆਵਾਜ਼ ਉਠਾਈ ਜਾਵੇ, ਅਤੇ ਇਸ ਸਰਵਉੱਚ ਅਦਾਰੇ ਦੇ ਕਾਰਵਿਹਾਰ ਬਾਰੇ ਆਮ ਲੋਕਾਂ ਨੂੰ ਸੁਚੇਤ ਕਰਦੇ ਹੋਏ ਵਿਆਪਕ ਲੋਕ ਰਾਇ ਖੜ੍ਹੀ ਕੀਤੀ ਜਾਵੇ। ਇਹ ਵੀ ਜ਼ਰੂਰੀ ਹੈ ਕਿ ਮੌਜੂਦਾ ਚੀਫ਼ ਜਸਟਿਸ ਦੀਪਕ ਮਿਸ਼ਰਾ ਨੂੰ ਤੁਰੰਤ ਹਟਾਉਣ ਅਤੇ ਉਸਦੇ ਖ਼ਿਲਾਫ਼ ਮਹਾਂਅਭਿਯੋਗ ਚਲਾਉਣ ਦੀ ਮੰਗ ਕਰਨ ਦੇ ਨਾਲ-ਨਾਲ ਨਿਆਂ ਪ੍ਰਣਾਲੀ ਨੂੰ ਜਵਾਬਦੇਹ ਬਣਾਉਣ ਦਾ ਸਵਾਲ ਵੀ ਪ੍ਰਮੁੱਖਤਾ ਨਾਲ ਉਠਾਇਆ ਜਾਵੇ।

# ਫਾਸੀਵਾਦ ਦੇ 14 ਲੱਛਣ

**ਡਾ. ਲਾਰੇਂਸ ਬਰਿੱਟ**

ਡਾ. ਲਾਰੇਂਸ ਬਰਿੱਟ ਇੱਕ ਰਾਜਨੀਤਕ ਵਿਗਿਆਨੀ ਹਨ, ਜਿਨਾਂ ਨੇ ਫਾਸੀਵਾਦੀ ਹਕੂਮਤਾਂ ਜਿਵੇਂ ਹਿਟਲਰ (ਜਰਮਨੀ), ਮੁਸੋਲਿਨੀ (ਇਟਲੀ), ਫਰੈਂਕੋ (ਸਪੇਨ), ਸੁਹਾਰਤੋ (ਇੰਡੋਨੇਸ਼ੀਆ) ਅਤੇ ਪਿਨੋਚੇ (ਚਿਲੀ) ਦਾ ਅਧਿਐਨ ਕੀਤਾ ਅਤੇ ਹੇਠਾਂ ਦਿੱਤੇ 14 ਲੱਛਣਾਂ ਦੀ ਨਿਸ਼ਾਨਦੇਹੀ ਕੀਤੀ ਹੈ:

1. **ਤਾਕਤਵਰ ਅਤੇ ਲਗਾਤਾਰ ਕੌਮਵਾਦ**-ਫਾਸੀਵਾਦੀ ਹਕੂਮਤ ਦੇਸ਼ ਭਗਤੀ ਦੇ ਆਦਰਸ਼ ਵਾਕਾਂ, ਗੀਤਾਂ, ਨਾਅਰਿਆਂ, ਪ੍ਰਤੀਕਾਂ ਅਤੇ ਹੋਰ ਸਮੱਗਰੀ ਦੀ ਲਗਾਤਾਰ ਵਰਤੋਂ ਕਰਦੀ ਹੈ। ਹਰ ਜਗਾ ਝੰਡੇ ਵਿਖਾਈ ਦਿੰਦੇ ਹਨ ਜਿਵੇਂ ਕੱਪੜਿਆਂ ਉੱਤੇ ਝੰਡੇ ਦਾ ਪ੍ਰਤੀਕ ਅਤੇ ਜਨਤਕ ਥਾਵਾਂ ਉੱਤੇ ਝੰਡਿਆਂ ਦੀ ਭਰਮਾਰ।

2. **ਮਨੁੱਖੀ ਹੱਕਾਂ ਦੀ ਮਾਨਤਾ ਪ੍ਰਤੀ ਨਿਰਾਦਰ**-ਕਿਉਂਕਿ ਦੁਸ਼ਮਣਾਂ ਤੋਂ ਡਰ ਹੈ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਲਈ ਫਾਸਿਸਟ ਹਕੂਮਤ ਦੁਆਰਾ ਲੋਕਾਂ ਨੂੰ ਲੁਭਾਇਆ ਜਾਂਦਾ ਹੈ ਕਿ ਜ਼ਰੂਰਤ ਖਾਤਰ ਕੁੱਝ ਮਨੁੱਖੀ ਹੱਕਾਂ ਨੂੰ ਅਣਦੇਖਿਆਂ ਕੀਤਾ ਜਾ ਸਕਦਾ ਹੈ। ਹਕੂਮਤ ਦੇ ਨਜ਼ਰੀਏ ਤੋਂ ਲੋਕ ਘਟਨਾਵਾਂ ਨੂੰ ਵੇਖਣਾ ਸ਼ੁਰੂ ਕਰ ਦਿੰਦੇ ਹਨ ਅਤੇ ਇੱਥੋਂ ਤੱਕ ਕਿ ਉਹ ਜ਼ੁਲਮ, ਕਤਲਾਂ ਅਤੇ ਅੱਟੇ-ਸੱਟੇ ਨਾਲ਼ ਸੁਣਾਈਆਂ ਗਈਆਂ ਕੈਦੀਆਂ ਨੂੰ ਲੰਬੀਆਂ ਸਜ਼ਾਵਾਂ ਨਾਲ਼ ਸਹਿਮਤੀ ਜਤਾਉਣਾ ਵੀ ਸ਼ੁਰੂ ਕਰ ਦਿੰਦੇ ਹੈ।

3. **ਦੁਸ਼ਮਣ ਜਾਂ ਗ਼ੱਦਾਰ ਦੀ ਪਛਾਣ ਇੱਕ ਏਕੀਕ੍ਰਿਤ ਕਾਰਜ ਬਣ ਜਾਂਦਾ ਹੈ** - ਲੋਕਾਂ ਨੂੰ ਅਖੌਤੀ ਆਮ ਖਤਰੇ ਅਤੇ ਦੁਸ਼ਮਣ (ਨਸਲੀ ਜਾਂ ਧਾਰਮਿਕ ਘੱਟ-ਗਿਣਤੀਆਂ; ਉਦਾਰਵਾਦੀ; ਕਮਿਊਨਿਸਟ, ਸਮਾਜਵਾਦੀ ਤੇ ਦਹਿਸ਼ਤਗਰਦ ਆਦਿ) ਦੇ ਖ਼ਾਤਮੇ ਦੀ ਲੋੜ ਦੇ ਨਾਂ 'ਤੇ ਸਨਕੀ ਕਿਸਮ ਦੀ ਦੇਸ਼-ਭਗਤੀ ਵਿੱਚ ਇੱਕਜੁੱਟ ਕੀਤਾ ਜਾਂਦਾ ਹੈ।

4. **ਫ਼ੌਜ ਦਾ ਗਲਬਾ** - ਦੇਸ਼ ਅੰਦਰ ਵਿਆਪਕ ਘਰੇਲੂ ਸਮੱਸਿਆਵਾਂ ਹੋਣ ਦੇ ਬਾਵਜੂਦ ਸਰਕਾਰ ਦੁਆਰਾ ਫ਼ੌਜ ਉੱਪਰ ਬੇਲੋੜਾ ਖਰਚਾ ਕੀਤਾ ਜਾਂਦਾ ਹੈ ਤੇ ਘਰੇਲੂ ਕਾਰਜਾਂ ਦੀ ਅਣਦੇਖੀ ਕੀਤੀ ਜਾਂਦੀ ਹੈ। ਫ਼ੌਜ ਅਤੇ ਸਿਪਾਹੀਆਂ ਨੂੰ ਮਹਾਨ ਬਣਾ ਕੇ ਉਭਾਰਿਆ ਜਾਂਦਾ ਹੈ।

5. **ਤਿੱਖਾ ਲਿੰਗ-ਵਿਭੇਦੀਕਰਨ** - ਫਾਸਿਸਟ ਕੌਮਾਂ ਦੀਆਂ ਸਰਕਾਰਾਂ ਲਗਭਗ ਮਰਦ ਦਾਬੇ ਵਾਲ਼ੀਆਂ ਹੁੰਦੀਆਂ ਹਨ। ਫਾਸੀਵਾਦੀ ਹਕੂਮਤਾਂ ਅਧੀਨ, ਰਵਾਇਤੀ ਲਿੰਗ ਭੂਮਿਕਾਵਾਂ ਨੂੰ ਹੋਰ ਜ਼ਿਆਦਾ ਕੱਟੜ ਬਣਾ ਦਿੱਤਾ ਜਾਂਦਾ ਹੈ। ਤਲਾਕ, ਗਰਭਪਾਤ ਤੇ ਸਮਲਿੰਗਤਾ ਨੂੰ ਦਬਾਇਆ ਜਾਂਦਾ ਹੈ ਤੇ ਸਰਕਾਰ ਪਰਿਵਾਰ ਦੀ ਸੰਸਥਾ ਦੇ ਅੰਤਮ ਸਰਪ੍ਰਸਤ ਦੇ ਤੌਰ 'ਤੇ ਵਿਚਰਦੀ ਹੈ।

6. **ਨਿਯੰਤਰਿਤ ਲੋਕ ਮੀਡੀਆ** - ਕਦੇ-ਕਦੇ ਤਾਂ ਮੀਡੀਆ ਸਿੱਧਾ ਸਰਕਾਰ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ, ਪਰ ਹੋਰ ਮਾਮਲਿਆਂ ਵਿੱਚ, ਸਰਕਾਰ ਦੁਆਰਾ ਅਸਿੱਧੇ ਨਿਯਮਤ, ਜਾਂ ਬੁਲਾਰਿਆਂ ਅਤੇ ਅਧਿਕਾਰੀਆਂ ਦੁਆਰਾ ਪੈਦਾ ਕੀਤੀ ਗਈ ਹਮਦਰਦੀ ਦੁਆਰਾ ਮੀਡੀਆ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ। ਸੈਂਸਰਸ਼ਿਪ, ਖਾਸ ਤੌਰ 'ਤੇ ਯੁੱਧ ਸਮੇਂ, ਆਮ ਹੀ ਹੁੰਦੀ ਹੈ।

7. **ਕੌਮੀ ਸੁਰੱਖਿਆ ਦਾ ਜਨੂੰਨ** - ਇੱਕ ਪ੍ਰੇਰਕ ਸਾਧਨ ਦੇ ਰੂਪ ਵਿੱਚ ਸਰਕਾਰ ਦੁਆਰਾ ਇਸ ਡਰ ਦਾ ਲੋਕਾਂ ਉੱਤੇ ਇਸਤੇਮਾਲ ਕੀਤਾ ਜਾਂਦਾ ਹੈ।

8. **ਧਰਮ ਅਤੇ ਸਰਕਾਰ ਦਾ ਅਪਵਿੱਤਰ ਗੱਠਜੋੜ** - ਫਾਸਿਸਟ ਦੇਸ਼ਾਂ ਵਿੱਚ ਸਰਕਾਰਾਂ ਸਭ ਤੋਂ ਆਮ ਧਰਮ ਨੂੰ ਆਮ ਰਾਏ ਨੂੰ ਪ੍ਰਭਾਵਿਤ ਕਰਨ ਲਈ ਇੱਕ ਸਾਧਨ ਦੇ ਤੌਰ 'ਤੇ ਵਰਦੀਆਂ ਹਨ। ਸਰਕਾਰੀ ਲੀਡਰਾਂ ਦੁਆਰਾ ਧਾਰਮਿਕ ਸ਼ਬਦ-ਅਡੰਬਰ ਅਤੇ ਸ਼ਬਦਾਵਲੀ ਦੀ ਵਰਤੋਂ ਸ਼ਰੇਆਮ ਹੁੰਦੀ ਹੈ, ਚਾਹੇ ਧਰਮ ਦੇ ਪ੍ਰਮੁੱਖ ਸਿੱਧਾਂਤ ਸਰਕਾਰ ਅਤੇ ਸਰਕਾਰੀ ਕਾਰਵਾਈਆਂ ਦੇ ਵਿਰੁੱਧ ਹੁੰਦੇ ਹਨ।

9. **ਕਾਰਪੋਰੇਟ ਹਿੱਤ ਸੁਰੱਖਿਅਤ ਰੱਖੇ ਜਾਂਦੇ ਹਨ** - ਫਾਸੀਵਾਦੀ ਕੌਮ ਵਿੱਚ ਸਨਅਤਕਾਰ ਅਤੇ ਵਪਾਰੀ ਕੁਲੀਨਸ਼ਾਹੀ ਸਰਕਾਰੀ ਲੀਡਰਾਂ ਨੂੰ ਸਿਆਸੀ ਤਾਕਤ ਨਾਲ਼ ਨਿਵਾਜਦੇ ਹਨ ਜਿਸ ਨਾਲ਼ ਕੁਲੀਨ ਜਮਾਤ ਅਤੇ ਸਰਕਾਰ ਵਿੱਚ ਆਪਸੀ ਲਾਭਕਾਰੀ ਰਿਸ਼ਤੇ ਦੀ ਸਥਾਪਨਾ ਹੁੰਦੀ ਹੈ।

10. **ਮਜ਼ਦੂਰ ਜਮਾਤ ਦੀ ਤਾਕਤ ਨੂੰ ਦਬਾਇਆ ਜਾਂਦਾ ਹੈ** - ਮਜ਼ਦੂਰਾਂ ਦੀਆਂ ਜਥੇਬੰਦੀਆਂ ਦਾ ਪੂਰੀ ਤਰਾਂ ਖ਼ਾਤਮਾਂ ਕਰ ਦਿੱਤਾ ਜਾਂਦਾ ਹੈ ਜਾਂ ਸਖ਼ਤੀ ਨਾਲ਼ ਦਬਾਅ ਦਿੱਤਾ ਜਾਂਦਾ ਹੈ ਕਿਉਂਕਿ ਫਾਸਿਸਟ ਸਰਕਾਰ ਲਈ ਇੱਕ ਜਥੇਬੰਦ ਮਜ਼ਦੂਰ ਜਮਾਤ ਹੀ ਅਸਲ ਖ਼ਤਰਾ ਹੁੰਦੀ ਹੈ।

11. **ਬੁੱਧੀਜੀਵੀਆਂ ਅਤੇ ਕਲਾ ਪ੍ਰਤੀ ਨਿਰਾਦਰ** - ਫਾਸੀਵਾਦੀ ਕੌਮ ਉੱਚ ਸਿੱਖਿਆ ਅਤੇ ਅਕਾਦਮਿਕ ਜਗਤ ਪ੍ਰਤੀ ਦੁਸ਼ਮਣੀ ਨੂੰ ਹੱਲਾਸ਼ੇਰੀ ਦਿੰਦੀ ਹੈ। ਅਕਾਦਮਿਕ ਜਗਤ ਅਤੇ ਪ੍ਰੋਫ਼ੈਸਰਾਂ ਨੂੰ ਸੈਂਸਰ ਕਰਨਾ ਅਤੇ ਇੱਥੋਂ ਤੱਕ ਕਿ ਗ੍ਰਿਫਤਾਰ ਕਰਨਾ ਆਮ ਹੁੰਦਾ ਹੈ। ਕਲਾ ਵਿੱਚ ਅਜ਼ਾਦ ਪ੍ਰਗਟਾਵੇ ਉੱਤੇ ਖੁੱਲ੍ਹੇ ਹਮਲੇ ਕੀਤੇ ਜਾਂਦੇ ਹਨ ਅਤੇ ਸਰਕਾਰ ਕਲਾ ਨੂੰ ਆਰਥਿਕ ਸਹਿਯੋਗ ਦੇਣ ਉੱਪਰ ਆਮ ਤੌਰ 'ਤੇ ਮਨਾਹੀ ਕਰ ਦਿੰਦੀ ਹੈ।

12. **ਅਪਰਾਧ ਅਤੇ ਸਜ਼ਾ ਪ੍ਰਤੀ ਜਨੂੰਨ** - ਫਾਸਿਸਟ ਸਰਕਾਰਾਂ ਅਧੀਨ ਕਨੂੰਨ ਲਾਗੂ ਕਰਨ ਲਈ ਪੁਲਿਸ ਨੂੰ ਲਗਭਗ ਅਸੀਮਤ ਅਧਿਕਾਰ ਦਿੱਤੇ ਜਾਂਦੇ ਹਨ। ਪੁਲਿਸ ਧੱਕੇਸ਼ਾਹੀ ਪ੍ਰਤੀ ਲੋਕ ਆਮ ਤੌਰ 'ਤੇ ਬੇਫਿਕਰ ਹੁੰਦੇ ਹਨ ਇੱਥੋਂ ਤੱਕ ਕਿ ਉਹ ਨਾਗਰਿਕ ਅਜ਼ਾਦੀ ਤੱਕ ਨੂੰ ਦੇਸ਼ਭਗਤੀ ਦੇ ਨਾਮ 'ਤੇ ਕੁਰਬਾਨ ਕਰ ਦਿੰਦੇ ਹਨ। ਫਾਸਿਸਟ ਕੌਮਾਂ ਵਿੱਚ ਅਕਸਰ ਅਸੀਮਤ ਤਾਕਤ ਵਾਲ਼ੇ ਵਿਸ਼ੇਸ਼ ਪੁਲਿਸ ਬਲ ਹੁੰਦੇ ਹਨ।

13. **ਜ਼ੋਰਾਂ ਦਾ ਭਰਾ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ** - ਫਾਸਿਸਟ ਕੌਮਾਂ ਦਾ ਰਾਜ ਸੰਚਾਲਨ ਮਿੱਤਰਾਂ ਤੇ ਭਾਈਵਾਲ਼ਾਂ ਦੇ ਸਮੂਹ ਦੁਆਰਾ ਕੀਤਾ ਜਾਂਦਾ ਹੈ ਜੋ ਅਕਸਰ ਇੱਕ ਦੂਜੇ ਨੂੰ ਸਰਕਾਰੀ ਅਹੁਦਿਆਂ ਉੱਤੇ ਨਿਯੁਕਤ ਕਰਦੇ ਹਨ ਅਤੇ ਇੱਕ ਦੂਜੇ ਨੂੰ ਜਵਾਬਦੇਹੀ ਤੋਂ ਬਚਾਉਣ ਲਈ ਸਰਕਾਰੀ ਤਾਕਤ ਅਤੇ ਅਧਿਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਰਕਾਰੀ ਲੀਡਰਾਂ ਦੁਆਰਾ ਕੌਮੀ ਵਸੀਲਿਆਂ ਅਤੇ ਖਜ਼ਾਨੇ ਨੂੰ ਲੁੱਟਣਾ ਆਮ ਗੱਲ ਹੁੰਦੀ ਹੈ।

14. **ਧੋਖਾਧੜੀ ਵਾਲ਼ੀਆਂ ਚੋਣਾਂ** - ਕਦੇ-ਕਦੇ ਹੋਣ ਵਾਲ਼ੀਆਂ ਚੋਣਾਂ ਸਿਰਫ਼ ਦਿਖਾਵਾ ਹੁੰਦੀਆਂ ਹਨ। ਵਿਰੋਧੀਆਂ ਉੱਪਰ ਚਿੱਕੜ ਸੁੱਟਣ ਵਾਲ਼ੀਆਂ ਪ੍ਰਚਾਰ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਅਤੇ ਕਈ ਵਾਰ ਕਤਲ ਤੱਕ ਕਰ ਦਿੱਤੇ ਜਾਂਦੇ ਹਨ, ਵਿਧਾਨਪਾਲਿਕਾ ਦੇ ਅਧਿਕਾਰਕ ਖੇਤਰ ਦੀ ਵਰਤੋਂ ਵੋਟਾਂ ਦੀ ਗਿਣਤੀ ਜਾਂ ਸਿਆਸੀ ਜ਼ਿਲਾ ਸੀਮਾਵਾਂ ਨੂੰ ਕਾਬੂ ਕਰਨ ਲਈ ਅਤੇ ਮੀਡੀਆ ਦੀ ਦੁਰਵਰਤੋਂ ਕਰਨ ਲਈ ਕੀਤੀ ਜਾਂਦੀ ਹੈ। ਫਾਸੀਵਾਦੀ ਕੌਮਾਂ ਅਕਸਰ ਆਪਣੀ ਨਿਆਂਪਾਲਿਕਾ ਦੀ ਵਰਤੋਂ ਚੋਣਾਂ ਵਿੱਚ ਧੋਖਾਧੜੀ ਤੇ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ।

**ਅਨੁਵਾਦ- ਤਜਿੰਦਰ**

### ਐਨ. ਆਰ. ਆਈ. ਵੀਰਾਂ ਨਾਲ, ਪੰਜਾਬ ਬੈਠੇ ਭਰਾਵਾਂ ਦਾ ਝੂਠਾ ਪਿਆਰ

# ਇੱਕ ਸੱਚੀ ਹੱਡ ਬੀਤੀ

ਦੋ ਭਰਾ ਤੇ ਇੱਕ ਭੈਣ, ਭੈਣ ਚੰਗੇ ਘਰ ਵਿਆਹੀ ਹੋਈ ਐ, ਵੱਡੇ ਭਰਾ ਦਾ ਨਾਂ ਰਾਜਿੰਦਰ, ਛੋਟਾ ਲਾਲੀ ਤੇ ਭੈਣ ਦਲਜੀਤ ਕੌਰ। ਵੱਡਾ ਵਿਆਹਿਆ-ਵਰਿਆ, ਛੋਟਾ ਕੁਆਰਾ +2 ਕਰਕੇ ਭਰਾ ਨਾਲ ਖੇਤੀ ਕਰਦਾ 18 ਕਿਲੇ ਘਰ ਦੀ ਪੈਲੀ ਵਧੀਆ ਕਾਰੋਬਾਰ। ਵੱਡੇ ਭਰਾ ਨੇ ਛੋਟੇ ਨੂੰ ਕੈਨੇਡਾ ਭੇਜਣ ਦਾ ਪ੍ਰੋਗਰਾਮ ਬਣਾ ਲਿਆ, ਲਾਲੀ ਨੂੰ ਕੈਨੇਡਾ ਜਾਣ ਦਾ ਚਾਅ ਚੜ੍ਹ ਗਿਆ। ਰਾਜਿੰਦਰ ਨੇ ਕਿਸੇ ਏਜੰਟ ਨਾਲ 20 ਲੱਖ ਵਿੱਚ ਸੌਦਾ ਕਰਕੇ ਲਾਲੀ ਨੂੰ ਕੈਨੇਡਾ ਵੜਦਾ ਕਰ ਦਿੱਤਾ। ਸਾਰਾ ਪਰਿਵਾਰ ਖੁਸ਼ੀ ਖੁਸ਼ੀ ਦਿੱਲੀ ਏਅਰਪੋਰਟ ਤੇ ਚੜ੍ਹਾ ਕੇ ਆਇਆ, ਲਾਲੀ ਦੀ ਖੁਸ਼ੀ ਦਾ ਵੀ ਕੋਈ ਟਿਕਾਣਾ ਨਹੀਂ ਸੀ। ਲਾਲੀ ਦੀ ਖੁਸ਼ੀ ਛੇਤੀ ਹੀ ਕਫੂਰ ਵਾਂਗ ਉਡ ਗਈ, ਜਦ ਉਸਦਾ ਨੂੰ ਇਕ ਗੈਰ ਕਾਨੂੰਨੀ ਵਰਕਰ ਦੇ ਤੌਰ 'ਤੇ ਚੋਰੀ ਕੰਮ ਕਰਨਾ ਪਿਆ। ਲਾਲੀ ਹਿੰਮਤੀ ਨੌਜਵਾਨ ਸੀ। ਪੂਰੀ ਤਨਦੇਹੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ, ਉਸ ਨੇ ਅੱਠ ਸਾਲ ਬੜੀ ਕਮਾਈ ਕੀਤੀ ਅਤੇ ਸਾਰੀ ਕਮਾਈ ਆਪਣੇ ਭਾਈ ਨੂੰ ਪਿੰਡ ਭੇਜੀ ਗਿਆ। ਉਸ ਨੇ ਪੱਕਾ ਹੋਣ ਲਈ ਇੱਕ ਪੋਲੀਓ ਤੋਂ ਅਪਾਹਜ ਲੜਕੀ ਨਾਲ ਸ਼ਾਦੀ ਕਰ ਲਈ। ਹੁਣ ਲਾਲੀ ਇਕ ਬੇਸਮੈਂਟ ਕਿਰਾਏ ਤੇ ਲੈ ਕੇ ਖੁਸ਼ੀ-ਖੁਸ਼ੀ ਜ਼ਿੰਦਗੀ ਦੀ ਗੱਡੀ ਤੋਰਨ ਲੱਗਾ। ਘਰ ਦਾ ਖਰਚਾ ਵਧਣ ਕਰਕੇ ਉਸਨੇ ਘਰ ਪੈਸੇ ਭੇਜਣੇ ਵੀ ਬੰਦ ਕਰ ਦਿੱਤੇ, ਵਿਆਹ ਨੂੰ ਅੱਠ ਸਾਲ ਹੋ ਗਏ, ਦੋ ਬੱਚੇ ਹੋ ਗਏ ਕੁੜੀ ਛੇ ਸਾਲ ਦੀ ਤੇ ਮੁੰਡਾ ਚਾਰ ਸਾਲ ਦਾ, ਦੋਵਾਂ ਨੂੰ ਸਕੂਲ ਪੜ੍ਹਨੇ ਲਾ ਦਿੱਤਾ। ਲਾਲੀ ਛੇ ਸਾਲ ਤੋਂ ਘਰ ਦਾ ਖਰਚ ਵਧਣ ਕਰਕੇ ਪਿੰਡ ਪੈਸੇ ਨਹੀਂ ਭੇਜ ਸਕਿਆ। ਕਈ ਚਿੱਠੀਆਂ ਵੱਡੇ ਭਰਾ ਦੀਆਂ ਆਈਆਂ, ਫਲਾਣੇ ਪੈਲੀ ਪੈਸੇ ਭੇਜ ਤਾਂ ਸੌਦਾ ਕਰ ਲਈਏ। ਹੁਣ ਲਾਲੀ ਕਮਾਉਣ ਵਾਲਾ ਇਕੱਲਾ ਤੇ ਖਾਣ ਵਾਲੇ ਚਾਰ ਜੀਅ ਬੱਚਤ ਕਿਥੋਂ ਹੋਵੇ, ਉਸ ਨੂੰ ਅੱਠ ਸਾਲ ਬੇਸਮੈਂਟ ਵਿੱਚ ਰਹਿੰਦੇ ਨੂੰ ਹੋ ਗਏ ਸਨ। ਇਕ ਦਿਨ ਉਸ ਦੀ ਪਤਨੀ ਨੇ ਆਖਿਆ ਕਿ ਆਪਣੇ ਕੋਲ ਪਿੰਡ ਕਿੰਨੀ ਕੁ ਪੈਲੀ ਹੈ, ਕੀ ਵੱਡੇ ਵੀਰ ਜੀ ਆਪਣੀ ਕੋਈ ਮਦਦ ਨਹੀਂ ਕਰ ਸਕਦੇ, ਤਾਂ ਕਿ ਆਪਾਂ ਕੁਝ ਅਡਵਾਂਸ ਦੇ ਕੇ ਘਰ ਲੈ ਸਕੀਏ। ਗੱਲ ਲਾਲੀ ਦੇ ਵੀ ਜੱਚ ਗਈ, ਉਸ ਆਖਿਆ ਆਪਣੇ 18 ਕਿਲੇ ਤਾਂ ਘਰ ਦੇ ਹਨ ਤੇ 24 ਕਿਲੇ ਮੇਰੇ ਆਉਣ ਤੋਂ ਬਾਅਦ ਬੈਅ ਲਈ ਐ, ਨਾਲੇ ਬਾਈ ਜੀ ਖੇਤੀ ਬਹੁਤ ਚੰਗੀ ਕਰਦੇ ਹਨ। ਵੀਰ ਜੀ ਮੈਨੂੰ ਬਹੁਤ ਪਿਆਰ ਕਰਦੇ ਹਨ। ਉਹ ਮੇਰੀ ਗੱਲ ਨਹੀਂ ਮੋੜਦੇ, ਉਥੋਂ ਆਪਾਂ ਨੂੰ 5-20 ਲੱਖ ਰੁਪਈਆ ਤਾਂ ਮਿਲ ਹੀ ਜਾਵੇਗਾ। ਘਰਵਾਲੀ ਨੇ ਆਖਿਆ ਫੇਰ ਜ਼ਰੂਰ ਜਾਓ, ਨਾਲੇ ਤੁਹਾਨੂੰ ਪਿੰਡੋਂ ਆਇਆਂ ਨੂੰ 6 ਸਾਲ ਹੋ ਗਏ ਹਨ ਭੈਣਾਂ ਭਰਾਵਾਂ, ਸਜਣਾਂ ਮਿੱਤਰਾਂ ਮਿਲ ਆਓਗੇ।

ਨਰਭਿੰਦਰ
93544-30211

# ਦੀਵਾਨਾ ਅਤੇ ਕਰਜ਼ ਚੁਣੌਤੀ ਅਸਮਰਥਾ ਸੰਹਿਤਾ

## ਇਜਾਰੇਦਾਰ ਪੂੰਜੀ ਲਈ ਪਸਾਰੇ ਲਈ ਰਾਹ ਹੋਰ ਖੋਹਲੇ

ਮੋਦੀ ਸਰਕਾਰ ਬਣਦਿਆਂ ਹੀ ਕਾਰਪੋਰੇਟੀ ਪੂੰਜੀ ਲਈ ਕਈ ਕਾਨੂੰਨਾਂ ਦੇ ਬੰਧੇਜਾਂ ਤੋਂ ਮੁਕਤ ਕਰਨ ਦਾ ਸਿਲਸਿਲਾ ਲਗਾਤਾਰ ਚਲਦਾ ਆ ਰਿਹਾ ਹੈ। 'ਵਪਾਰ ਜਾਂ ਕਾਰੋਬਾਰ ਨੂੰ ਸਰਲ ਬਣਾਉਣ' ਦੇ ਨਾਂ ਹੇਠ ਅਤੇ ਕਾਨੂੰਨੀ ਅਤੇ ਇੰਸਪੈਕਟਰੀ ਰਾਜ ਦੇ ਖਾਤਮੇ ਦੇ ਨਾਂ ਹੇਠ ਜਿਥੇ ਕਿਰਤ ਕਾਨੂੰਨਾਂ ਨੂੰ ਤਬਦੀਲ ਕੀਤਾ ਗਿਆ, ਉਥੇ ਪੂੰਜੀਪਤੀਆਂ ਦੀਆਂ ਲੋੜਾਂ ਅਤੇ ਇੱਛਾਵਾਂ ਦੀ ਪੂਰਤੀ ਲਈ ਪੁਰਾਣੇ ਕਾਨੂੰਨ ਤਬਦੀਲ ਕਰਕੇ ਨਵੇਂ ਕੋਡ ਜਾਂ ਨਿਯਮ ਲਿਆਂਦੇ ਜਾ ਰਹੇ ਹਨ। ਅਜਿਹਾ ਹੀ ਇਕ ਨਵੀਂ ਸੰਹਿਤਾਂ (ਨਿਯਮ) ਨਾਂ ਦਾ ਬਿਲ ਹੈ ਜਿਸ ਦਾ ਨਾਂ ਹੈ -ਦੀਵਾਲਾ ਅਤੇ ਕਰਜ਼ ਚੁਣੌਤੀਆਂ ਅਸਮਰਥਾ ਕਾਨੂੰਨ 9.2.3. ਇਹ ਇਹ ਦਸੰਬਰ 16 ਵਿਚ ਲਿਆਂਦਾ ਗਿਆ ਸੀ। ਸਨਅਤੀ ਪੂੰਜੀ ਦੀ ਇਹ ਚਿਰੋਕਣੀ ਮੰਗ ਸੀ ਕਿ ਕਿਸੇ ਵੀ ਕੰਪਨੀ ਨੂੰ ਦੀਵਾਲੀਆ ਐਲਾਨਣ ਲਈ ਇਕ ਸਰਲ ਢੰਗ ਹੋਵੇ। ਇਸ ਤੋਂ ਪਹਿਲਾਂ ਇਹ ਪ੍ਰਕਿਰਿਆ ਕਾਫ਼ੀ ਜਟਿਲ ਸੀ। ਭਾਰਤ ਵਿਚ ਕਿਸੇ ਕੰਪਨੀ ਨੂੰ ਬੰਦ ਕਰਨ ਲਈ ਘੱਟੋ ਘੱਟ ਚਾਰ ਸਾਲ ਦਾ ਸਮਾਂ ਲਗਦਾ ਸੀ। ਕਿਸੇ ਕੰਪਨੀ ਨੂੰ ਦੀਵਾਲੀਆ ਐਲਾਨੇ ਜਾਣ ਨਾਲ ਸੰਬੰਧਤ 12 ਕਾਨੂੰਨ ਸਨ। ਸਨਅਤੀ ਪੂੰਜੀ ਅਤੇ ਵਿਸ਼ੇਸ਼ਕਰਕੇ ਵਿਦੇਸ਼ੀ ਕਾਰਪੋਰੇਟੀ ਕਾਰੋਬਾਰੀ ਪੂੰਜੀ ਲਈ ਇਸ ਜਟਿਲ ਪ੍ਰਕਿਰਿਆ ਕਰਕੇ ਇਥੇ ਪੈਸਾ ਲਾਉਣ ਤੋਂ ਸੰਕੋਚ ਵਰਤਿਆ ਜਾ ਰਿਹਾ ਸੀ। ਸੋ ਉਹਦੀਆਂ ਲੋੜਾਂ ਅਤੇ ਇੱਛਾਵਾਂ ਦੀ ਪੂਰਤੀ ਲਈ ਪਹਿਲੇ ਸਭੇ 12 ਕਾਨੂੰਨਾਂ ਨੂੰ ਪਿਛੇ ਕਰਕੇ ਇਕ ਨਵੀਂ ਸੰਹਿਤਾ (ਇਨਸੋਲਵੈਂਸੀ ਰੈਜੋਲੂਸ਼ਨ ਪ੍ਰੋਸੈਸ) ਭਾਵ ਦੀਵਾਲਾ ਅਤੇ ਕਰਜ਼ ਚੁਣੌਤੀਆਂ ਅਸਮਰਥਾ ਨਿਯਮ ਲਿਆਂਦਾ ਗਿਆ।

ਦੀਵਾਲਾ ਇਕ ਅਜਿਹੀ ਕਾਨੂੰਨੀ ਹਾਲਤ ਹੈ ਜਿਸ ਵਿਚ ਕੋਈ ਕੰਪਨੀ ਜਾਂ ਸਨਅਤ ਜਾਂ ਵਿਅਕਤੀ ਆਪਣੀਆਂ ਦੇਣਦਾਰੀਆਂ ਅਦਾ ਕਰਨ ਤੋਂ ਅਸਮਰਥਾ ਜ਼ਾਹਿਰ ਕਰਦਾ ਹੈ। ਉਹ ਦੇਣਦਾਰੀਆਂ ਬੈਂਕਾਂ ਜਾਂ ਪ੍ਰਾਈਵੇਟ ਕਰਜ਼ੇ ਦੇ ਰੂਪ ਵਿਚ ਵੀ ਹੋ ਸਕਦੀਆਂ ਹਨ ਉਹ ਸਨਅਤੀ ਅਦਾਰੇ ਵਿਚ ਰੱਖੇ ਮਜ਼ਦੂਰਾਂ ਨਾਲ ਕੀਤੀ ਵਚਨਬੱਧਤਾ ਦੇ ਰੂਪ ਵਿਚ ਵੀ ਹੁੰਦੀਆਂ ਹਨ ਅਤੇ ਹੋਰ ਲੈਣ ਦੇਣ ਦੇ ਮਾਮਲੇ ਵਿਚ ਵੀ ਸਪਸ਼ਟ ਜਿਹੇ ਸ਼ਬਦਾਂ ਵਿਚ ਕਹੀਏ ਕਿ ਇਕ ਪੂੰਜੀਪਤੀ ਜਾਂ ਸਨਅਤਕਾਰ ਆਪਣੀ ਪੂੰਜੀ ਕਿਸੇ ਅਦਾਰੇ ਵਿਚ ਇਸ ਮੰਤਵ ਲਈ ਲਾਉਂਦਾ ਹੈ ਕਿ ਉਹਨੂੰ ਮੁਨਾਫਾ ਆਵੇ। ਉਹ ਕੰਪਨੀ ਖੋਹਲਣ ਲੱਗਿਆਂ ਵੀ ਘੱਟ ਤੋਂ ਘੱਟ ਸਮਾਂ ਅਤੇ ਘੱਟ ਬੰਧੇਜਾਂ ਦੀ ਇੱਛਾ ਰੱਖਦਾ ਹੈ ਅਤੇ ਫਿਰ ਜਦੋਂ ਉਹ ਅਦਾਰਾ ਜਾਂ ਸਨਅਤ ਮੁਨਾਫ਼ਾ ਕਮਾਉਣ ਵਿਚ ਅਸਮਰਥ ਹੋ ਜਾਵੇ ਤਾਂ ਅਸਾਨੀ ਨਾਲ ਬੰਦ ਕਰਕੇ ਸੁਰਖਰੂ ਹੋਣਾ ਚਾਹੁੰਦਾ ਹੈ। ਭਾਰਤ ਵਿਚ ਸਅਤੀ ਕਾਰੋਬਾਰੀਆਂ ਲਈ ਇਹ ਜਟਿਲ ਪ੍ਰਕਿਰਿਆ ਸੀ। ਜਿਵੇਂ ਜ਼ਿਕਰ ਕੀਤਾ ਹੈ ਕਿ ਕਾਰੋਬਾਰ ਬੰਦ ਕਰਨ ਲਈ 12 ਕਾਨੂੰਨਾਂ ਦੇ ਅਨੁਸਾਰ ਅਤੇ ਚਾਰ ਸਾਲ ਦੇ ਸਮੇਂ ਪਿੱਛੋਂ ਇਹ ਕਦਮ ਕੋਈ ਪੂੰਜੀਪਤੀ ਜਾਂ ਅਦਾਰਾ ਚੁੱਕਣ ਤੱਕ ਪਹੁੰਚਦਾ ਸੀ ਅਤੇ ਇਸ ਲਈ ਅਦਾਲਤ ਵਿਚ ਇਸ ਦੀ ਵਾਜਬੀਅਤ ਵੀ ਸਿੱਧ ਕਰਨੀ ਪੈਂਦੀ ਸੀ। ਪਰ ਵਿਦੇਸ਼ੀ ਅਤੇ ਅਜੋਕੀ ਕਾਰਪੋਰੇਟ ਪੂੰਜੀ ਲਈ ਇਹ ਅਮਲ ਜਿਹੜਾ ਗੁੰਝਲਦਾਰ ਸੀ, ਮੁਆਫ਼ਕ ਨਹੀਂ ਸੀ। ਵੈਸੇ ਵੀ ਤਾਲਾਬੰਦੀ ਤੇ ਦੀਵਾਲੀਆਪਨ ਪੂੰਜੀਪਤੀਆਂ ਦੇ ਹੱਥ ਇਕ ਵੱਡੇ ਹਥਿਆਰ ਹਨ।

ਬਾਹਰੋਂ ਦੇਖਣ ਨੂੰ ਲੱਗਣਾ ਹੈ ਕਿ ਜਿਸ ਕੰਪਨੀ ਦਾ ਦੀਵਾਲਾ ਨਿਕਲ ਗਿਆਜਾਂ ਨਿਕਲ ਰਿਹਾ ਹੈ-ਇਹ ਕੰਗਾਲ ਹੋ ਗਈ ਹੈ। ਪਰ ਹਕੀਕਤ ਇਹ ਨਹੀਂ ਹੁੰਦੀ। ਅਮਰੀਕਾ 'ਚ ਛਪਣ ਵਾਲੇ ਇਕ ਨਾਮਵਰ ਪਰਚੇ 'ਫੋਬਰਜ਼' ਨੇ ਹੀ ਆਪਣੇ ਲੇਖ ਵਿਚ ਲਿਖਿਆ ਹੈ ਕਿ 'ਦੀਵਾਲਾ ਪੂੰਜੀਵਾਦ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ।'' ਪੂੰਜੀਵਾਦ ਇਸ ਸਿਧਾਂਤ ਉਤੇ ਚਲਦਾ ਹੈ ਕਿ ਜਦੋਂ ਤੱਕ ਕੰਪਨੀ ਮੁਨਾਫ਼ੇ ਬਣਾ ਰਹੀ ਹੈ ਉਦੋਂ ਤੱਕ ਪੂੰਜੀਪਤੀਆਂ ਲਈ ਮੁਨਾਫ਼ਾ ਜੇਬਾਂ ਵਿਚ ਪਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਜਦੋਂ ਕਿਸੇ ਕਾਰਨ ਕਰਕੇ ਕੰਪਨੀ ਘਾਟੇ ਜਾਂ ਨੁਕਸਾਨ ਵਿਚ ਆ ਜਾਵੇ ਤਾਂ ਇਸ ਦਾ ਬੋਝ ਆਮ ਲੋਕਾਂ ਅਤੇ ਮਜ਼ਦੂਰਾਂ ਉਤੇ ਲੱਦ ਦਿੱਤਾ ਜਾਵੇ। ਵੱਡੇ ਪੂੰਜੀਵਾਦੀ ਦੇਸ਼ਾਂ ਵਿਚ ਪੂੰਜੀਵਾਦੀ ਸਨਅਤਕਾਰਾਂ ਦੀ ਸੁਰੱਖਿਆ ਲਈ ਬਣੇ ਕਾਨੂੰਨ ਇਹੋ ਕੰਮ ਕਰਦੇ ਹਨ, ਪਰ ਭਾਰਤ ਵਿਚ ਅਜਿਹੇ ਸਨਅਤ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਜ਼ਿੰਦਗੀ ਦੀ ਸੁਰੱਖਿਆ ਦੀ ਗਰੰਟੀ ਦਾ ਖਿਆਲ ਰੱਖਿਆ ਗਿਆ ਸੀ। ਬੇਸ਼ੱਕ ਇਨ੍ਹਾਂ ਗੁੰਝਲਾਂ ਦੀਆਂ ਚੋਰ ਮੋਰੀਆਂ ਵਿਚਾਂ ਵੀ ਸਨਅਤਕਾਰੀ ਪੂੰਜੀ ਕੁਝ ਦੇ ਲੈ ਕੇ ਬਚਾਅ ਕਰਦੀ ਲੰਘ ਜਾਂਦੀ ਸੀ। ਪਰ ਮੋਦੀ ਸਰਕਾਰ ਨੇ ਤਾਂ ਉਨ੍ਹਾਂ ਲਈ ਉਹ ਬੰਧੇਜਾਂ, ਅੜਿੱਕੇ ਹੀ ਖਤਮ ਕਰ ਦਿੱਤੇ ਹਨ। ਭਾਵ ਪਿਛਲੇਰੇ 12 ਕਾਨੂੰਨਾਂ ਨੂੰ ਖਤਮ ਕਰਕੇ ਇਕ ਨਵੇਂ ਨਿਯਮ ਨੂੰ ਲਾਗੂ ਕਰ ਦਿੱਤਾ ਹੈ। ਇਹੋ ਕਾਰਨ ਕਿ ਇਜਾਰੇਦਾਰ ਪੂੰਜੀਪਤੀ ਘਰਾਣਿਆਂ ਹੀ ਨਹੀਂ ਸਾਮਰਾਜੀ ਪੂੰਜੀ ਨੇ ਵੀ ਮੋਦੀ ਸਰਕਾਰ ਦੀ ਖੁੱਲ੍ਹੀ ਤਾਰੀਫ਼ ਕੀਤੀ ਹੈ ਅਤੇ ਮੋਦੀ ਵੀ ਛਾਤੀ ਫੁਲਾ ਕੇ ਕਹਿ ਰਿਹਾ ਹੈ ਕਿ ਉਹਨੇ ਉਨ੍ਹਾਂ (ਪੂੰਜੀਪਤੀਆਂ) ਦੀ ਸੇਵਾ ਕਰਨ ਦੀ ਕੋਈ ਕਸਰ ਨਹੀਂ ਛੱਡੀ। ਇਉਂ ਭਾਰਤ ਵਿਸ਼ਵ ਵਿਚ ਇਸ ਮਾਮਲੇ 'ਚ ਜਿਹੜਾ 131ਵੇਂ ਪਾਏਦਾਨ ਉਤੇ ਸੀ। ਹੁਣ 100ਵੇਂ ਪਾਏਦਾਨ ਉਤੇ ਆ ਗਿਆ ਹੈ। ਭਾਵ ਵਿਦੇਸ਼ੀ ਨਿਵੇਸ਼ਕਾਂ ਭਾਵ ਪੂੰਜੀ ਲਾਉਣ ਵਾਲਿਆਂ ਲਈ ਰਾਹ ਪੱਧਰਾ ਕਰ ਦਿੱਤਾ ਗਿਆ।



ਇਸ ਨਵੇਂ ਕਾਨੂੰਨ ਦੇ ਨਾਲ ਹੀ ਇਕ ਨਵੀਂ ਬੰਦੋਬਸਤ ਵਾਲੀ ਸੰਸਥਾ ਵੀ ਹੋਂਦ 'ਚ ਆਈ ਹੈ ਜਿਹਨੂੰ ਹਿੰਦੋਸਤਾਨ ਦਾ ਦੀਵਾਲਾ ਅਤੇ ਕਰਜ਼ ਚੁਣੌਤੀਆਂ ਅਸਮਰਥਾ ਬੋਰਡ (ਇਨਸੋਲਵੈਂਸੀ ਐਂਡ ਬੈਂਕਰਪਟਸੀ ਬੋਰਡ ਆਫ਼ ਇੰਡੀਆ) ਦਾ ਨਾਂ ਦਿੱਤਾ ਗਿਆ ਹੈ। ਦੀਵਾਲਾ ਐਲਾਨੇ ਜਾਣ ਦੀ ਇਹ ਪ੍ਰਕਿਰਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਕੰਪਨੀ ਕਰਜ਼ ਵਾਪਸ ਕਰਨ ਤੋਂ ਅਸਮਰਥ ਜ਼ਾਹਿਰ ਕਰਦੀ ਹੈ ਜਾਂ ਫਿਰ ਉਦੋਂ ਵੀ ਸ਼ੁਰੂ ਹੋ ਸਕਦੀ ਹੈ ਜਦੋਂ ਉਹ ਬੈਂਕ ਜਿਹਨੇ ਕਰਜ਼ੇ ਦਿੱਤੇ ਹੁੰਦੇ ਹਨ ਸ਼ੁਰੂ ਕਰਦੇ ਹਨ। ਉਦੋਂ ਸਵਾਲ ਇਹ ਹੁੰਦਾ ਹੈ ਕਿ ਦੀਵਾਲੀਆ ਕੰਪਨੀ ਨੂੰ ਆਪਣੇ ਕਾਰੋਬਾਰ ਦੇ ਉਪਾਅ (ਹੱਲ) ਸੁਝਾਉਣ ਜਾਂ ਫਿਰ ਕੰਪਨੀ ਨੂੰ ਤੁਰੰਤ ਭੰਗ ਕਰਨ ਭਾਵ ਪੂਰੀ ਤਰ੍ਹਾਂ ਖਤਮ ਕਰਨ ਦਾ ਬਦਲ ਦਿੱਤਾ ਜਾਂਦਾ ਹੈ। ਇਹ ਪ੍ਰਕਿਰਿਆ ਸ਼ੁਰੂ ਹੁੰਦਿਆਂ ਹੀ 180 ਦਿਨਾਂ ਦੇ ਲਈ ਕੰਪਨੀ ਦੇ ਸਾਰੇ ਲੈਣਦਾਰਾਂ ਦੇ ਦਾਅਵੇ ਪਿਛੇ ਪਾ ਦਿੱਤੇ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਕੰਪਨੀ ਦੇ 75 ਫੀਸਦੀ ਲੈਣਦਾਰਾਂ ਨੂੰ ਕਿਸੇ ਇਕ ਪੁਨਰਜੀਵਨ ਯੋਜਨਾ ਉਤੇ ਇਕ ਮੱਤ ਹੋਣ ਨੂੰ ਕਿਹਾ ਜਾਂਦਾ ਹੈ ਨਹੀਂ ਤਾਂ ਕੰਪਨੀ ਆਪਣੇ ਆਪ ਨੂੰ ਭੰਗ ਭਾਵ ਖਤਮ ਕਰਨ ਦਾ ਐਲਾਨ ਕਰ ਦਿੰਦੀ ਹੈ ਭਾਵ ਕਾਨੂੰਨ ਕੰਪਨੀ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਆਪਣੇ ਆਪ ਨੂੰ ਦੀਵਾਲੀਆ ਐਲਾਨ ਕੇ ਉਨ੍ਹਾਂ ਸਾਰੀਆਂ ਦੇਣਦਾਰੀਆਂ ਤੋਂ ਮੁਕਤ ਹੋ ਜਾਣ।

ਜਿਹੜੇ ਕਾਨੂੰਨ ਇਸ ਤੋਂ ਪਹਿਲਾਂ ਸਨ ਅਤੇ ਖਤਮ ਕੀਤੇ ਗਏ ਜਿਨ੍ਹਾਂ ਵਿਚ - ਪ੍ਰੈਜ਼ੀਡੈਂਸੀ ਟਾਊਨ ਕਰਜ਼ ਚੁਣੌਤੀਆਂ ਅਸਮਰਥਾ ਕਾਨੂੰਨ 1909, ਰਾਜ ਕਰਜ਼ ਚੁਣੌਤੀਆਂ ਅਸਮਰਥਾ ਕਾਨੂੰਨ 1920, ਵਿੱਤੀ ਸੰਪਤੀਆਂ ਦਾ ਕਾਰਨ ਅਤੇ ਪੁਨਰ ਨਿਰਮਾਣ ਅਤੇ ਵਿਆਜ ਸੁਰੱਖਿਆ ਕਾਨੂੰਨ (ਐਸ. ਏ. ਆਰ. ਐਫ. ਏ. ਈ. ਐਸ. ਆਈ.) 2002 ਅਤੇ ਬੀਮਾਰ ਉਦਯੋਗਿਕ ਕੰਪਨੀਆਂ (ਵਿਸ਼ੇਸ਼ ਹੱਲ) ਨਿਰਸਨ ਕਾਨੂੰਨ (51 ਸੀ.ਏ.) 2003 ਆਦਿ ਐਨੇ ਸਰਲ ਢੰਗ ਨਾਲ ਕੰਪਨੀ ਜਾਂ ਵਿਅਕਤੀ ਨੂੰ ਸਾਫ਼ ਤੌਰ 'ਤੇ ਮੁਕਰਨ ਦਾ ਰਾਹ ਨਹੀਂ ਸਨ ਦਿੰਦੇ। ਉਹ ਮਾਲਕ ਨੂੰ ਜਾਂ ਕੰਪਨੀ ਨੂੰ ਘੇਰ ਕੇ ਘੱਟੋ ਘੱਟ ਵਸੂਲੀ ਕਰਨ ਦੇ ਸਮਰਥ ਸਨ।

ਮਈ 17 ਵਿਚ ਹੀ ਰਿਜ਼ਰਵ ਬੈਂਕ ਨੇ ਕਈ ਵਪਾਰਕ ਬੈਂਕਾਂ ਨੂੰ ਉਨ੍ਹਾਂ 12 ਕੰਪਨੀਆਂ ਨੂੰ ਦੀਵਾਲੀਆ ਅਦਾਲਤ ਵਿਚਲੈ ਕੇ ਜਾਣ ਲਈ ਕਿਹਾ ਜਿਨ੍ਹਾਂ ਵੱਲ ਬੈਂਕਾਂ ਦਾ ਲਗਭਗ 2,25000 (ਦੋ ਲੱਖ 25 ਹਜ਼ਾਰ) ਕਰੋੜ ਦਾ ਬਕਾਇਆ ਖੜੋਤਾ ਸੀ। ਇਨ੍ਹਾਂ ਕੰਪਨੀਆਂ 'ਚ ਸ਼ਾਮਲ ਸਨ-ਐਸ.ਆਰ. ਸਟੀਲ, ਮੋਨੇਟ ਇਸਪਾਤ, ਭੂਸ਼ਨ ਪਾਵਰ ਐਂਡ ਸਟੀਲ, ਭੂਸ਼ਨ ਸਟੀਲ, ਇਲੈਕਟੋ ਸਟੀਲ, ਸਟੀਲਸ, ਅਲੋਕ ਇੰਡਸਟਰੀਜ਼, ਐਮਟਿਕ ਆਟੋ, ਜੇ. ਪੀ. ਇਨਫਰਾਟੈਕ, ਲੈਂਕੋ ਇਨਫਰਾਟੈਕ,, ਜਿਓਤੀ ਸਟਰਕਚਰ, ਏ. ਬੀ. ਜੀ. ਸ਼ਿਪਯਾਰਡ ਅਤੇ ਏਰਾਇਨਫਰਾ। ਹੁਣ ਜਦੋਂ ਕਿ ਇਨ੍ਹਾਂ ਕੰਪਨੀਆਂ ਨੂੰ ਦੀਵਾਲੀਆ ਐਲਾਨ ਕਰਨ ਲਈ ਪੇਸ਼ ਕੀਤਾ ਗਿਆ ਹੈ ਤਾਂ ਹੋਰ ਵੀ ਕਈ ਲੈਣਦਾਰ ਸਾਹਮਣੇ ਆਏ ਹਨ ਅਤੇ ਉਨ੍ਹਾਂ ਨੇ ਇਨ੍ਹਾਂ ਕੰਪਨੀਆਂ ਤੋਂ ਬਕਾਇਆ ਰਾਸ਼ੀ ਦੀ ਮੰਗ ਕੀਤੀ। ਸੋ ਇਨ੍ਹਾਂ ਦਾਅਵਿਆਂ ਦੇ ਚਲਦਿਆਂ ਇਨ੍ਹਾਂ 'ਚੋਂ ਸਿਰਫ਼ 9 ਨੌਂ ਕੰਪਨੀਆਂ ਵੱਲ ਹੀ ਕੁੱਲ ਬਕਾਇਆ 3 ਲੱਖ 25 ਹਜ਼ਾਰ ਕਰੋੜ ਤੱਕ ਪਹੁੰਚ ਗਿਆ ਹੈ।

ਭਿਆਨਕ ਹਕੀਕਤ ਇਹ ਹੈ ਕਿ ਇਨ੍ਹਾਂ ਕੰਪਨੀਆਂ ਨੇ ਬੈਂਕਾਂ ਤੋਂ ਵੀ ਕਰਜ਼ੇ ਲਏ ਹਨ ਅਤੇ ਲੋਕਾਂ ਵੀ ਵੀ ਪੈਸੇ ਇਕੱਠੇ ਕੀਤੇ ਸਨ। ਮਿਸਾਲ ਵਜੋਂ ਜੇ. ਪੀ. ਇਨਫਰਾਟੈਕ ਹੈ ਜਿਹਨੇ30000 ਲੋਕਾਂ ਤੋਂ ਅਗਾਊਂ ਪੈਸੇ ਲੈ ਲਏ ਸਨ, ਜਿਨ੍ਹਾਂ ਨੂੰ ਘਰ ਦੇਣ ਦਾ ਵਾਅਦਾ ਕੀਤਾ ਸੀ। ਪਰ ਕੰਪਨੀ ਉਨ੍ਹਾਂ ਨੂੰ ਘਰ ਨਹੀਂ ਦੇ ਸਕੀ। ਉਨ੍ਹਾਂ ਲੋਕਾਂ ਦੀ ਜ਼ਿੰਦਗੀ ਭਰ ਦੀ ਕਮਾਈ ਉਤੇ ਤਲਵਾਰ ਲਟਕ ਗਈ ਹੈ ਭਾਵ ਲੁੱਟੀ ਗਈ ਹੈ। ਹਜ਼ਾਰਾਂ ਲੋਕਘਰਾਂ ਦੀ ਮੰਗ ਕਰ ਰਹੇ ਹਨ। ਸੁਪਰੀਮ ਕੋਰਟ ਵਿਚ ਵੀ ਕੇਸ ਹੈ ਬੈਂਕਾਂ ਦੇ ਕਰਜ਼ਿਆਂ ਦਾ ਤਾਂ ਦੀਵਾਲੀਆ ਕਾਨੂੰਨ ਰਾਹੀਂ ਹੱਲ ਨਿਕਲ ਆਵੇਗਾ ਪਰ ਇਨ੍ਹਾਂ ਹਜ਼ਾਰਾਂ ਲੋਕਾਂ ਦੀ ਕਿਰਤ ਦੀ ਕਮਾਈ ਲਈ ਵਿਚ ਅਦਾਲਤ ਕੀ ਰਾਹ ਕੱਢੇਗੀ, ਇਹਦਾ ਅਜੇ ਇੰਤਜ਼ਾਰ ਰਹੇਗਾ।

ਅਗਸਤ 2017 ਵਿਚ ਰਿਜ਼ਰਵ ਬੈਂਕ ਵਾਲਿਆਂ ਦੀ ਦੂਸਰੀ ਸੂਚੀ ਜਾਰੀ ਕੀਤੀ। ਬੈਂਕਾਂ ਨੂੰ ਇਹ ਨਿਰਦੇਸ਼ ਦਿੱਤਾ ਕਿ ਦਸੰਬਰ ਤੱਕ ਕੋਈ ਹੱਲ ਨਹੀਂ ਨਿਕਲਦਾ ਤਾਂ ਇਹਨਾਂ ਨੂੰ ਵੀ ਦੀਵਲੀਆ ਅਦਾਲਤ ਵਿਚ ਰੱਖਿਆ ਜਾਵੇ ਜਿੰਨੀਕੁ ਜਾਣਕਾਰੀ ਬਾਹਰ ਆਈ ਹੈ ਉਹਦੇ ਮੁਤਾਬਕ ਇਸ ਸੂਚੀ ਵਿਚ ਖਾਸ ਤੌਰ 'ਤੇ ਊਰਜਾ, ਦੂਰਸੰਚਾਰ, ਇਸਪਾਤ ਅਤੇ ਇਨਫਰਾਸਟਰਕਚਰ ਵਾਲੀਆਂ ਕੰਪਨੀਆਂ ਸ਼ਾਮਲ ਹਨ। ਇਨ੍ਹਾਂ 'ਚੋਂ ਦੋ ਵੱਡੀਆਂ ਕਾਰਪੋਰੇਟ ਕੰਪਨੀਆਂ ਵੀਡੀਓਕੋਨ ਇੰਡਸਟਰੀ ਅਤੇ ਜੈ ਪ੍ਰਕਾਸ਼ ਐਸੋਸੀਏਟ ਵੀ ਹਨ ਜਿਨ੍ਹਾਂ ਉਤੇ ਕੁੱਲ ਮਿਲਾ ਕੇ ਇਕ ਲੱਖ (100,000) ਕਰੋੜ ਰੁਪਏ ਦਾ ਕਰਜ਼ਾ ਬਕਾਇਆ ਹੈ। ਸਤੰਬਰ 2017 ਤੱਕ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ (ਐਨ. ਸੀ. ਐਲ. ਟੀ.) ਕੋਲ 635 ਮਾਮਲੇ ਆਏ ਸਨ ਜਿਨ੍ਹਾਂ ਨੂੰ ਆਈ. ਬੀ. ਸੀ. ਭਾਵ ਦੀਵਾਲਾ ਅਤੇ ਕਰਜ਼ ਚੁਕਾਉਣ ਤੋਂ ਅਸਮਰਥਤਾ ਬੋਰਡ ਕੋਲ ਭੇਜਿਆ ਜਾ ਰਿਹਾ ਹੈ। ਕਿਸੇ ਵੀ ਕੰਪਨੀ ਨੂੰ ਆਈ.ਬੀ.ਸੀ. ਕੋਲ ਉਦੋਂ ਹੀ ਭੇਜਿਆ ਜਾਂਦਾ ਹੈ ਜਦੋਂ ਐਨ. ਸੀ. ਐਲ. ਟੀ. ਇਹਦੀ ਮਨਜ਼ੂਰੀ ਦਿੰਦਾ ਹੈ।

ਆਈ. ਬੀ.ਸੀ. ਦੇ ਅਧੀਨ ਦੀਵਾਲੀਆਪਨ ਦਾ ਪਹਿਲਾ ਕੇਸ ਜਿਸ ਦਾ ਫੈਸਲਾ ਅਗਸਤ 2017 'ਚ ਸੁਣਾਇਆ ਗਿਆ ਸੀ। ਜਿਹੜਾ ਕਿ ਕਾਰ ਦੇ ਲਈ ਮਿਸ਼ਰਤ ਧਾਤੂ ਦੇ ਚੱਕੇ ਬਣਾਉਣ ਵਾਲੀ ਕੰਪਨੀ ਸਿਨਜੀਰਜ-ਦੂਰੇ ਆਟੋਮੋਟਿਵ ਲਿਮਟਿਡ (ਐਸ.ਡੀ.ਏ.ਐਲ.) ਦੇ ਸੰਬੰਧ ਵਿਚ ਸੀ। ਇਸ ਕੰਪਨੀ ਵੱਲ ਕੁੱਲ 972 ਕਰੋੜ ਰੁਪਏ ਦਾ ਕਰਜ਼ਾ ਬਕਾਇਆ ਸੀ ਸਾਰੇ ਲੈਣਦਾਰ ਇਕੋ ਹੱਲ ਯੋਜਨਾ ਉਤੇ ਇਕ ਮੱਤ ਹੋਏ। ਇਹ ਯੋਜਨਾ ਕਿਸੇ ਕੰਪਨੀ ਦੇ ਮਾਲਕ ਦੀ ਦੂਸਰੀ ਕੰਪਨੀ ਵਲੋਂ ਪੇਸ਼ ਕੀਤੀ ਗਈ ਸੀ। ਇਸ ਯੋਜਨਾ ਦੇ ਮੁਤਾਬਿਕ ਇਸ ਪੂੰਜੀਪਤੀ ਮਾਲਕ ਦੀ ਦੂਸਰੀ ਕੰਪਨੀ ਨੇ ਐਸ. ਡੀ. ਏ. ਐਲ. ਦੇ ਸਾਰੇ ਬਕਾਏ ਕਰਜ਼ੇ ਦੇ ਇਵਜ਼ ਵਿਚ ਸਿਰਫ਼ 54 ਕਰੋੜ ਵਿਚ ਕੰਪਨੀ ਖ੍ਰੀਦਣ ਦੀ ਪੇਸ਼ਕਸ਼ ਕੀਤੀ। ਅਜਿਹੇ ਹੀ ਦੋ ਹੋਰ ਕੰਪਨੀਆਂ-ਛਾਪਰੀਆ ਇੰਡਸਟਰੀਜ਼ ਅਤੇਸ੍ਰੀ ਸੇਟਾਲਿਕਸ-ਦੇਵੀ ਹਨ। ਜਿਨ੍ਹਾਂ ਨੂੰ ਦੀਵਾਲੀਆਪਨ ਲਈ ਭੇਜਿਆ ਗਿਆ ਸੀ, ਉਨ੍ਹਾਂ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਨੇਕੰਪਨੀ ਉਤੇ ਆਪਣਾ ਮਾਲਕਾਨਾ ਹੱਕ ਵੀ ਬਰਕਰਾਰ ਰੱਖਿਆ ਅਤੇ ਬੈਂਕਾਂ ਦੇ ਕਰੋੜਾਂ ਰੁਪਈਆਂ ਦੀ ਕਰਜ਼ ਮੁਆਫ਼ੀ ਵੀ ਹਾਸਲ ਕਰ ਲਈ ਅਤੇ ਇਹਦੇ ਲਈ ਦੀਵਾਲੀਆ ਅਤੇ ਕਰਜ਼ਾ ਚੁਣੌਤੀ ਅਸਮਰਥਾ ਕਾਨੂੰਨ ਉਨ੍ਹਾਂ ਲਈ ਕਰਜ਼ ਸਫ਼ਾ ਬਾਣ ਸਾਬਤ ਸਿੱਧ ਹੋਇਆ। ਇਨ੍ਹਾਂ ਮਿਸਾਲਾਂ ਨਾਲ ਹੀ ਸਾਫ਼ ਹੋ ਜਾਂਦਾ ਹੈ ਕਿ ਨਵਾਂ ਦੀਵਾਲੀਆ ਕਾਨੂੰਨ ਕਿਵੇਂ ਕਾਰਪੋਰੇਟ ਪੂੰਜੀ ਦੇ ਹਿੱਤ ਪੂਰਦਾ ਹੈ। ਕੀ ਇਹ ਅਚੰਭਾ ਨਹੀਂ ਕਿ ਇਕ ਪੂੰਜੀਪਤੀ ਜਿਨ੍ਹਾਂ 972 ਕਰੋੜ ਦਾ ਕਰਜ਼ਾ ਦੇਣਾ ਸੀ, ਮਹਿਜ਼ 54 ਕਰੋੜ ਰੁਪਏ ਅਦਾ ਕਰਕੇ ਸਮੁੱਚੇ ਕਰਜ਼ੇ ਤੋਂ ਮੁਕਤ ਹੋ ਗਿਆ। ਅਜੇ ਵਿੱਤ ਮੰਤਰੀ ਅਰੁਣ ਜੇਤਲੀ ਕਹਿ ਰਿਹਾ ਹੈ ਕਿ ਅਸੀਂ ਕਿਸੇ ਕਾਰਪੋਰੇਟ ਘਰਾਣੇ ਦਾ ਕਰਜ਼ਾ ਮੁਆਫ਼ ਨਹੀਂ ਕੀਤਾ। ਉਹ ਝੂਠ ਬੋਲ ਰਿਹਾ ਹੈ ਜਾਂ ਲੋਕਾਂ ਨੂੰ ਬੁੱਧੂ ਬਣਾ ਰਿਹਾ ਹੈ। ਵੈਸੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਜਦੋਂ ਇਨ੍ਹਾਂ ਮਾਮਲਿਆਂ ਦੀ ਹਕੀਕਤ ਜੱਗ ਜਾਹਿਰ ਹੋਈ ਤਾਂ ਇਨ੍ਹਾਂ ਦੀ ਆਲੋਚਨਾਂ ਵੀ ਹੋਈ। ਲੋਕਾਂ ਨੇ ਸਾਫ਼ ਵੇਖ ਲਿਆ ਕਿ ਆਈ.ਬੀ.ਸੀ. ਦੀ ਪ੍ਰਕਿਰਿਆ ਕਰਜ਼ ਵਸੂਲਣ ਵਾਲਿਆਂ ਬੈਂਕਾਂ ਨਾਲੋਂ ਦੋਸ਼ੀ ਪੂੰਜੀਪਤੀ ਜਿਨ੍ਹਾਂ ਨੇ ਕਰਜ਼ਾ ਦੇਣਾ ਹੈ, ਉਹਨਾਂ ਵੱਧ ਸਹਿਯੋਗ ਵਾਲੀ ਸੀ। ਸਾਫ਼ ਹੈ ਇਹਦੀ ਪੂਰਤੀ ਲੋਕਾਂ ਦੇ ਸਿਰੋਂ ਹੀ ਹੋਣੀ ਹੈ। ਸੋ ਸਰਕਾਰ ਨੇ ਨਵੰਬਰ 2017 ਵਿਚ ਇਸ ਵਿਚ ਹੋਰ ਸੋਧ ਕਰ ਦਿੱਤੀ ਹੈ ਜਿਸ ਨਾਲ ਦੀਵਾਲੀਆ ਕੰਪਨੀਆਂ ਨੂੰ ਉਹ ਸਰਕਾਰੀ ਹੋਣ ਜਾਂ ਨਿੱਜੀ, ਖ੍ਰੀਦਣ ਲਈ ਰਾਹ ਖੋਹਲ ਦਿੱਤੇ ਹਨ। ਬੇਸ਼ੱਕ ਖ੍ਰੀਦਦਾਰ ਕੰਪਨੀ ਦਾ ਕਰਜ਼ਾਗ੍ਰਸਤ ਕੰਪਨੀ ਨਾਲ ਕੋਈ ਸੰਬੰਧ ਨਾ ਹੋਵੇ। ਕੰਪਨੀ ਨਿਲਾਮੀ ਸੰਬੰਧੀ ਇਹ ਸੋਧ ਕਾਰਪੋਰੇਟ ਪੂੰਜੀ ਦੇ ਦਬਾਅ ਪਿੱਛੋਂ ਕੀਤੀ ਗਈ ਹੈ।

ਦਰਅਸਲ ਇਹ ਦੀਵਾਲੀਆਪਨ ਅਤੇ ਕੰਪਨੀ ਨਿਲਾਮੀ ਸੰਬੰਧੀ ਇਹ ਕਾਨੂੰਨ ਵੱਡੇ ਪੂੰਜੀਪਤੀ ਅਦਾਰਿਆਂਲਈ ਮੁਆਫ਼ਕ ਹੈ ਅਤੇ ਉਹ ਇਸ ਨਾਲ ਉਤਸ਼ਾਹਿਤ ਵੀ ਹੋਏ ਹਨ। ਕਿਉਂਕਿ ਇਸ ਦੀਵਾਲੀਆ ਕੰਪਨੀ ਸੋਧ ਕਾਨੂੰਨ ਹੇਠ ਕਿਸੇ ਵੀ ਕੰਪਨੀ ਨੂੰ ਕੌਡੀਆਂ ਦੇ ਭਾਅ ਖ੍ਰੀਦ ਸਕਦੇ ਹਨ। ਜਿੰਨੀਆਂ ਜਾਣਕਾਰੀਆਂ ਆ ਰਹੀਆਂ ਹਨ ਉਨ੍ਹਾਂ ਮੁਤਾਬਕ ਟਾਟਾ ਸਟੀਲ, ਜਿੰਦਲ ਸਟੀਲ, ਆਰਸੇਲਰ ਮਿੱਤਲ, ਵਰਗੀਆਂ ਦਿਓ ਕੱਦ ਕੰਪਨੀਆਂ ਆਈ. ਬੀ. ਸੀ. ਨੂੰ ਭੇਜੀਆਂ ਗਈਆਂ ਕਰਜ਼ਈ ਸਟੀਲ ਕੰਪਨੀਆਂ ਨੂੰ ਹੜੱਪਣ ਦੀ ਤਾਕ 'ਚ ਬੈਠੇ ਹਨ। ਬੈਂਕ ਅਤੇ ਹੋਰ ਲੈਣਦਾਰ ਇਸ ਦਬਾਅ ਹੇਠ ਵੀ ਹਨ ਕਿ ਇਨ੍ਹਾਂ ਕਰਜ਼ਾਗ੍ਰਸਤ ਕੰਪਨੀਆਂ ਨੂੰ ਬਹੁਤ ਘੱਟ ਕੀਮਤ ਉਤੇ ਵੇਚਣ ਦੇ ਪੇਸ਼ਕਸ਼ ਨੂੰ ਸਵੀਕਾਰ ਕਰ ਲੈਣ। ਜੇ ਅਜਿਹਾ ਨਹੀਂ ਹੁੰਦਾ ਤਾਂ ਕੰਪਨੀ ਖੁਦ ਆਪਣੇ ਆਪ ਨੂੰ ਭੰਗ ਕਰ ਲਵੇਗੀ ਅਤੇ ਜੇ ਉਸ ਭੰਗ ਜਾਂ ਬੰਦ ਕਰ ਦਿੱਤੀ ਕੰਪਨੀ ਦੀ ਜਾਇਦਾਦ ਨੂੰ ਵੇਚਣਾ ਪਵੇਗਾ ਅਤੇ ਇਸ ਵਿਕਰੀ ਪਿੱਛੋਂ ਉਥੇ ਕੰਮ ਕਰ ਰਹੇ ਮਜ਼ਦੂਰਾਂ ਦੀਆਂ ਅਦਾਇਗੀਆਂ ਪਿੱਛੋਂ ਵੱਡੇ ਲੈਣਦਾਰਾਂ ਭਾਵ ਬੈਂਕਾਂ ਨੂੰ ਕੁਝ ਵੀ ਨਹੀਂ ਬਚਦਾ। ਸੋ ਬੈਂਕਾਂ ਲਈ ਵੀ ਇਹੋ ਹੀ ਰਾਹ ਹੈ ਕਿ ਕੰਪਨੀ ਬੰਦ ਕਰਕੇ ਵੇਚਣ ਨਾਲੋਂ ਚਲਦੀ ਕੰਪਨੀ ਵਿਕ ਜਾਵੇ ਤਾਂ ਠੀਕ ਰਹੇਗਾ। ਬੇਸ਼ੱਕ ਕਰਜ਼ ਦਾ ਵੱਡਾ ਹਿੱਸਾ ਮੁਆਫ਼ੀ ਵਿਚ ਹੀ ਕਿਉਂ ਨਾ ਗੁਆਉਣਾ ਪਵੇ। ਕਿਉਂਕਿ ਇਹ ਪੂੰਜੀ ਵੀ ਜੋ ਬੈਂਕਾਂ 'ਚ ਪਈ ਹੈ ਲੋਕਾਂ ਦੀ ਹੀ ਬਚਤ ਤਾਂ ਹੈ।

ਇਸ ਕੰਪਨੀ ਦੀਵਾਲੀਆ ਤੇ ਕਰਜ਼ਾ ਭੁਗਤਾਨ ਤੋਂ ਅਸਮਰਥਾ ਕਾਨੂੰਨ ਨਾਲ ਜਿਸ ਦੀ ਅਸੀਂ ਚਰਚਾ ਕੀਤੀ ਹੈ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ ਅਤੇ ਹੋਣ ਜਾ ਰਹੇ ਹਨ ਉਨ੍ਹਾਂ ਕੰਪਨੀਆਂ ਵਿਚ ਕੰਮ ਕਰਦੇ ਮਜ਼ਦੂਰ। ਜੇ ਕੰਪਨੀ ਮੁਕੰਮਲ ਬੰਦ ਹੋ ਜਾਂਦੀ ਹੈ ਅਤੇ ਜਿਸ ਦਾ ਨਵੇਂ ਕਾਨੂੰਨਾਂ ਵਿਚ ਅਧਿਕਾਰ ਵੀ ਦੇ ਦਿੱਤਾ ਗਿਆ ਹੈ ਤਾਂ ਮਜ਼ਦੂਰਾਂ ਨੂੰ ਨਾ ਸਿਰਫ਼ ਰੁਜ਼ਗਾਰ ਗੁਆਉਣਾ ਪੈਂਦਾ ਜਾਂ ਪੈਣਾ ਹੈ ਸਗੋਂ ਪਿਛਲਾ ਮੁਆਵਜ਼ਾ ਜਾਂ ਬਕਾਏ ਵੀ ਨਹੀਂ ਮਿਲਦੇ। ਕਿਉਂਕਿ ਨਵੇਂ ਕਾਨੂੰਨ ਵਿਚ ਇਸ ਦੀ ਗਰੰਟੀ ਨਹੀਂ ਦਿੱਤੀ ਗਈ ਹਾਲਾਂਕਿ ਪੁਰਾਣੇ ਰੱਦ ਕੀਤੇ ਕਾਨੂੰਨਾਂ ਵਿਚ ਇਹ ਪ੍ਰਾਪਤ ਕਰਨ ਦਾ ਅਧਿਕਾਰ ਤਾਂ ਦਿੱਤਾ ਗਿਆ ਸੀ। ਕਿਹਾ ਜਾਵੇ ਤਾਂ ਵੱਡੀ ਪੂੰਜੀਪਤੀ ਜਮਾਤ ਜਾਂ ਕਾਰਪੋਰੇਟ ਪੂੰਜੀ ਵਲੋਂ ਆਈ. ਬੀ. ਸੀ. (ਦੀਵਾਲਾ ਅਤੇ ਕਰਜ਼ ਚੁਣੌਤੀਆਂ ਅਸਮਰਥਾ ਪ੍ਰੋਸੈਸ) ਅਜਿਹਾ ਲਿਆਂਦਾ ਨਵਾਂ ਢੰਗ ਤਰੀਕਾ ਹੈ ਜਿਸ ਨਾਲ ਉਹ ਮਜ਼ਦੂਰਾਂ ਅਤੇ ਲੋਕਾਂ ਨੂੰ ਆਸਾਨੀ ਨਾਲ ਲੁੱਟ ਸਕਦੇ ਹਨ। ਇਹ ਕਾਨੂੰਨ ਪੂੰਜੀ ਦੇ ਕੇਂਦਰੀਕਰਨ ਅਤੇ ਇਜਾਰੇਦਾਰੀਆਂ ਵਿਕਸਿਤ ਕਰਨ ਵਿਚ ਤਾਂ ਸਹਾਈ ਹੋਵੇਗਾ ਪਰ ਰੁਜ਼ਗਾਰ ਖੋਹ ਲਵੇਗਾ। ਕਿਉਂਕਿ ਨਵਾਂ ਖ੍ਰੀਦਦਾਰ ਵੀ ਵਿੱਤੀ ਹਾਲਤ ਦਾ ਬਹਾਨਾ ਬਣਾ ਕੇ ਮਜ਼ਦੂਰਾਂ ਦੀ ਗਿਣਤੀ 'ਚ ਕਟੌਤੀ ਕਰੇਗਾ ਅਤੇ ਉਨ੍ਹਾਂ ਉਤੇ ਕੰਮ ਦਾ ਬੋਝ ਜਾਂ ਕੰਮ ਘੰਟੇ ਵਧਾਏਗਾ।

ਭਾਵ ਜੇ ਕੰਪਨੀ ਡੁੱਬੀ ਤਾਂ ਵੀ ਪ੍ਰਭਾਵਿਤ ਮਜ਼ਦੂਰ ਜੇ ਨਵੇਂ ਥਾਂ ਵਿਕ ਜਾਵੇ ਤਾਂ ਵੀ ਪ੍ਰਭਾਵਿਤ ਮਜ਼ਦੂਰ ਹੀ ਹੋਣਗੇ। ਪਰ ਇਹਦੇ ਨਾਲ ਹੀ ਇਕ ਹੋਰ ਸ਼ਰਤ ਜਿਹੜੀ ਉਸ ਕਾਨੂੰਨ ਵਿਚ ਦਰਜ ਕੀਤੀ ਗਈ ਹੈ ਉਹ ਇਹ ਕਿ ਜੇ ਕਿਸੇ ਨੇ ਕੰਪਨੀ ਵਿਰੁੱਧ ਸ਼ਿਕਾਇਤ ਕਰਨੀ ਹੈ ਤਾਂ ਉਸ ਨੂੰ ਸ਼ਿਕਾਇਤ ਨਾਲ 2500 ਰੁਪਈਆ ਵੀ ਜਮ੍ਹਾਂ ਕਰਾਉਣਾ ਪਵੇਗਾ। ਇਹ ਇਨਸਾਲਵੈਂਸੀ ਐਂਡ ਬੈਂਕਰਧਾਰੀ ਬੋਰਡ ਆਫ਼ ਇੰਡਿਆ (ਆਈ. ਬੀ. ਬੀ. ਆਈ.) ਦੇ ਨਿਯਮਾਂ ਮੁਤਾਬਕ ਹੈ। ਇਕ ਮਜ਼ਦੂਰ ਜਿਹਨੇ ਕੰਪਨੀ ਜਾਂ ਅਦਾਰੇ ਵਿਰੁੱਧ ਆਪਣੀਆਂ ਬਕਾਇਆ ਲੈਣਦਾਰੀਆਂ ਪ੍ਰਤੀ ਸ਼ਿਕਾਇਤ ਕਰਨੀ ਹੈ ਪਹਿਲਾਂ ਹੀ 2500 ਰੁਪਏ ਫੀਸ ਭਰੇ। ਬੇਸ਼ੱਕ ਇਹਦੀ ਵਿਆਖਿਆ ਵਿਚ ਇਹ ਵੀ ਦਰਜ ਹੈ ਕਿ ਜੇ ਸ਼ਿਕਾਇਤ ਠੀਕ ਹੋਈ ਤਾਂ 2500 ਵਾਪਸ ਕਰ ਦਿੱਤੇ ਜਾਣਗੇ। ਪਰ ਇਹ ਆਪਣੇ ਆਪ ਵਿਚ ਹੀ ਮਜ਼ਦੂਰਾਂ ਲਈ ਕਿਸੇ ਕਿਸਮ ਦੀ ਦਾਅਵੇਦਾਰੀ ਜਾਂ ਸ਼ਿਕਾਇਤ ਕਰਨ ਦਾ ਰਾਹ ਬੰਦ ਕਰਨ ਵਾਲਾ ਕਦਮ ਹੈ। ਅਜੇ ਵੀ ਇਹ ਨੂੰ ਇਹ ਪਾਰਦਰਸ਼ੀ ਪ੍ਰਬੰਧ ਵਜੋਂ ਪਰੋਸਿਆ ਜਾ ਰਿਹਾ ਹੈ। ਸੋ ਇਹ ਕਾਨੂੰਨ ਇਜਾਰੇਦਾਰ ਪੂੰਜੀ ਲਈ ਵਫ਼ਾਦਾਰੀ ਅਤੇ ਵਿਕਸਿਤ ਹੋਣ ਵਾਲਾ ਇਕ ਕਦਮ ਹੈ ਅਤੇ ਮਜ਼ਦੂਰਾਂ ਦੇ ਰੁਜ਼ਗਾਰ ਖੋਹਣ ਅਤੇ ਕਿਰਤ ਹਾਸਲ ਕਰਨ ਵਾਲਾ ਇਕ ਹਥਿਆਰ ਹੈ।

# ਪਲੀ ਨੇ ਅੰਤਰਰਾਸ਼ਟਰੀ ਮਾਂ-ਬੋਲੀ ਦਿਨ ਮਨਾਇਆ





**ਸਰੀ/ਹਰਪ੍ਰੀਤ ਸੇਖਾ**

ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (PLEA) ਵੱਲੋਂ ਪੰਦਰ੍ਹਵਾਂ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਨ 20 ਜਨਵਰੀ ਨੂੰ ਡੈਲਟਾ ਰੀਕਰੀਏਸ਼ਨ ਸੈਂਟਰ ਡੈਲਟਾ ਬੀਸੀ ਵਿੱਚ ਮਨਾਇਆ ਗਿਆ। ਇਸ ਸਮਾਗਮ ਦੌਰਾਨ ਬੀ ਸੀ ਦੇ ਪਬਿਲਕ ਸਕੂਲਾਂ ਵਿੱਚ ਪੰਜਾਬੀ ਬੋਲੀ ਦੀ ਪੜ੍ਹਾਈ ਬਾਰੇ ਵਿਸ਼ੇਸ਼ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮਾਗਮ ਦਾ ਸੰਚਾਲਨ ਪ੍ਰਭਜੋਤ ਕੌਰ ਨੇ ਕੀਤਾ। ਸ਼ੁਰੂ ਵਿੱਚ ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਨੇ ਪਲੀ ਵਲੋਂ ਇਸ ਸਾਲ ਦੇ ਮਿੱਥੇ ਮੁੱਖ ਨਿਸ਼ਾਨੇ ਬਾਰੇ ਦੱਸਿਆ ਕਿ ਕੋਸ਼ਸ਼ ਕੀਤੀ ਜਾਵੇਗੀ ਕਿ ਸਰੀ ਵਿੱਚ ਕੁਝ ਹੋਰ ਐਲੇਮੈਂਟਰੀ ਸਕੂਲਾਂ ਵਿੱਚ ਗਰੇਡ ਪੰਜ ਤੋਂ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਈ ਜਾ ਸਕੇ। ਸਮਾਗਮ ਦੇ ਪਹਿਲੇ ਵਿਸ਼ੇਸ਼ ਬੁਲਾਰੇ ਜੈਗ ਖੋਸਾ, ਜੋ ਕਿ ਸਥਾਨਕ ਪੁਲਸ ਅਫਸਰ ਅਤੇ ਕਮਿਊਨਿਟੀ ਐਕਟਵਿਸਟ ਹਨ, ਨੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਅਹਿਮੀਅਤ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੱਚਿਆਂ ਨਾਲ ਘਰ ਵਿੱਚ ਬਚਪਨ ਤੋਂ ਹੀ ਪੰਜਾਬੀ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਵਿਸਥਾਰ ਵਿੱਚ ਦੱਸਿਆ ਕਿ ਉਨ੍ਹਾਂ ਦੇ ਆਪਣੇ ਪੇਸ਼ੇ ਵਿੱਚਪੰਜਾਬੀ ਦੀ ਜਾਣਕਾਰੀ ਕਿਸ ਤਰ੍ਹਾਂ ਮੱਦਦਗਾਰ ਸਾਬਤ ਹੋ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੇ ਨਾਲ ਨਾਲ ਆਪ ਵੀ ਅੰਗ੍ਰੇਜ਼ੀ ਸਿੱਖਣੀ ਚਾਹੀਦੀ ਹੈ ਅਤੇ ਘਰਾਂ ਵਿੱਚ ਲਾਇਬ੍ਰੇਰੀਆਂ ਬਣਾਉਣੀਆਂ ਚਾਹੀਦੀਆਂ ਹਨ। ਪੰਜਾਬੀ ਦੇ ਵਿਦਵਾਨ ਡਾ: ਸਾਧੂ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਦਾ ਸਭ ਤੋਂ ਵੱਧ ਨੁਕਸਾਨ ਸੰਪਰਦਾਇਕਤਾ ਨੇ ਕੀਤਾ ਹੈ। ਪੰਜਾਬੀ ਜ਼ਬਾਨ ਦੀ ਅਮੀਰੀ ਦੀ ਗੱਲ ਕਰਦਿਆਂ ਉਨ੍ਹਾਂ ਨੇ ਪੰਜਾਬੀ ਵਿੱਚ ਰੰਗਾਂ ਸਬੰਧੀ ਸ਼ਬਦਾਂ ਬਾਰੇ ਆਪਣੀ ਪੁਸਤਕ ‘ਪੰਜਾਬੀ ਬੋਲੀ ਦੀ ਵਿਰਾਸਤ’ ਵਿਚੋਂ ਇਕ ਲੰਬੀ ਸੂਚੀ ਪੜ੍ਹ ਕੇ ਸੁਣਾਈ ਜਿਸ ਨੇ ਸ੍ਰੋਤਿਆਂ ਨੂੰ ਬਹੁਤ ਪ੍ਰਭਾਵਤ ਕੀਤਾ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਅਧਿਆਪਕ ਸੁਖਵੰਤ ਹੁੰਦਲ ਨੇ ਪੰਜਾਬੀ ਵਿਕੀਪੀਡੀਆ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਅਪੀਲ ਕੀਤੀ ਕਿ ਪੰਜਾਬੀਆਂ ਨੂੰ ਪੰਜਾਬੀ ਵਿਕੀਪੀਡੀਆ ਨੂੰ ਵਧਾਉਣ ਵਿੱਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਇਕ ਲੰਬੇ ਲੇਖ ਦਾ ਵੀ ਜ਼ਿਕਰ ਕੀਤਾ ਜੋ ਇਥੇ ਪੜ੍ਹਿਆ ਜਾ ਸਕਦਾ ਹੈ: https://sukhwanthundal.wordpress.com/

ਸਰੀ ਸਕੂਲ ਬੋਰਡ ਤੋਂ ਗੈਰੀ ਥਿੰਦ, ਸਰੀ ਸਕੂਲ ਅਧਿਆਪਕ ਰਬਿੰਦਰ ਬੋਪਾਰਾਏ ਅਤੇ ਮਾਪਿਆਂ ਵਲੋਂ ਕੇਵਲ ਤੱਗੜ ਹੋਰਾਂ ਇਕ ਪੈਨਲ ਵਿੱਚ ਹਿੱਸਾ ਲਿਆ ਜਿਸ ਦਾ ਸੰਚਾਲਨ ਸੁਖਵੰਤ ਹੁੰਦਲ ਨੇ ਕੀਤਾ। ਇਸ ਵਿਚਾਰ ਵਟਾਂਦਰੇ ਵਿੱਚ ਮੁੱਖ ਤੌਰ ’ਤੇ ਇਸ ਗੱਲ ਬਾਰੇ ਚਰਚਾ ਹੋਈ ਕਿ ਮਾਪਿਆਂ ਨੂੰ ਕਿਸ ਤਰ੍ਹਾਂ ਉਤਸਾਹਤ ਕੀਤਾ ਜਾਵੇ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਜਮਾਤਾਂ ਵਿੱਚ ਦਾਖਲ ਕਰਵਾਉਣ।

ਪੰਜਾਬੀ ਦੀ ਪੜ੍ਹਾਈ ਨਾਲ ਸਬੰਧਤ ਗੰਭੀਰ ਮਸਲਿਆਂ ਬਾਰੇ ਚਰਚਾ ਦੇ ਨਾਲ ਨਾਲ ਸਥਾਨਕ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਅਤੇ ਪੰਜਾਬੀ ਮਸਲਿਆਂ ਬਾਰੇ ਗੱਲਬਾਤ ਵੀ ਕੀਤੀ। ਹਿੱਸਾ ਲੈਣ ਵਾਲੇ ਬੱਚੇ ਸਨ: ਅਮਨ, ਤੰਨੂ, ਮੰਨੂ, ਸੁਖਮਨ ਕੈਂਬੋ, ਮਨਜੋਤ ਸਿੰਘ, ਪ੍ਰਭਲੀਨ ਕੌਰ ਗਰੇਵਾਲ, ਸ਼ਰਨ ਸੰਧੂ, ਹਮਕੀਰਤ ਗਿੱਲ, ਤਰਨ ਪੂਨੀਆਂ, ਸਨੀ ਜਤੀ, ਸਿਮਰਤ, ਅਮਰਿਤ, ਜਸਨੂਰ, ਸਾਹਿਬ, ਰਵਲੀਨ, ਸਮਰੀਤੀ, ਅਸ਼ਮੀਨ, ਪਰਲੀਨ, ਨਵਰੀਤ ਅਤੇ ਹਰਦੀਪ ਵਿਰਕ।


ਪਲੀ ਵਲੋਂ ਗਿਆਨ ਸਿੰਘ ਥਿੰਦ ਅਤੇ ਹਰਜਿੰਦਰ ਸਾਂਗਰਾ ਨੂੰ ਕਨੇਡਾ ਵਿੱਚ ਪੰਜਾਬੀ ਦੇ ਵਿਕਾਸ ਹਿੱਤ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸ੍ਰੀ ਥਿੰਦ ਬਾਰੇ ਬੋਲਦਿਆਂ ਰੇਡੀਓ ਹੋਸਟ ਪ੍ਰੋਫੈਸਰ ਗੁਰਵਿੰਦਰ ਸਿੰਘ ਧਾਲੀਵਾਲ ਹੋਰਾਂ ਦੱਸਿਆ ਕਿ ਉਹ 1953 ਵਿੱਚ ਕਨੇਡਾ ਆਏ ਸਨ ਤੇ ਉਨ੍ਹਾਂ ਨੇ ਏਥੇ ਖੁਦ ਪੰਜਾਬੀ ਸਿੱਖ ਕੇ ਵੈਨਕੂਵਰ ਦੀ ਇਤਿਹਾਸਕ ਜਥੇਬੰਦੀ ਖਾਲਸਾ ਦੀਵਾਨ ਸੁਸਾਇਟੀ ਵਾਸਤੇ ਇਕ ਅਖਬਾਰ ਸ਼ੁਰੂ ਕੀਤਾ। ਹਰਜਿੰਦਰ ਸਾਂਗਰਾ ਬਾਰੇ ਸਾਧੂ ਬਿਨਿੰਗ ਨੇ ਦੱਸਿਆ ਕਿ ਕਨੇਡਾ ਦੀ ਜੰਮਪਲ਼ ਹਰਜਿੰਦਰ ਨੇ ਖੁਦ ਪੰਜਾਬੀ ਸਿੱਖੀ, ਵੈਨਕੂਵਰ ਸੱਥ ਨਾਂ ਦੀ ਜਥੇਬੰਦੀ ਨਾਲ ਲੰਮਾ ਸਮਾਂ ਨਾਟਕ ਕੀਤੇ, ਯੂ ਬੀ ਸੀ ਵਿੱਚ ਬਾਲਗਾਂ ਨੂੰ ਪੰਜਾਬੀ ਪੜ੍ਹਾਈ ਅਤੇ ਹੁਣ ਉਹ ਲੰਮੇ ਸਮੇਂ ਤੋਂ ਵੈਨਕੂਵਰ ਵਿੱਚ ਅਧਿਆਪਕ ਹਨ ਅਤੇ ਹੋਰ ਵਿਸ਼ਿਆਂ ਦੇ ਨਾਲ ਨਾਲ ਪੰਜਾਬੀ ਵੀ ਪੜ੍ਹਾਉਂਦੇ ਹਨ।

ਪ੍ਰੋਗਰਾਮ ਦੇ ਅੰਤ ਵਿੱਚ ਬਲਵੰਤ ਸੰਘੇੜਾ ਨੇ ਹਾਜ਼ਰੀਨ ਦੇ ਨਾਲ ਨਾਲ ਪੰਜਾਬੀ ਮੀਡੀਆ, ਮਾਪਿਆਂ, ਵਿਦਿਆਰਥੀਆਂ ਅਤੇ ਸਕੂਲ ਬੋਰਡ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਨੇ ਪਲੀ ਦੇ ਮੈਂਬਰਾਂ ਪਰਵਿੰਦਰ ਧਾਰੀਵਾਲ, ਪ੍ਰਭਜੋਤ ਕੌਰ, ਰਜਿੰਦਰ ਪੰਧੇਰ, ਹਰਮਨ ਪੰਧੇਰ, ਰਣਬੀਰ ਜੌਹਲ, ਜਸ ਬਿਨਿੰਗ, ਪਾਲ ਬਿਨਿੰਗ, ਅਤੇ ਸਾਧੂ ਬਿਨਿੰਗ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਆਪਣੇ ਬੱਚਿਆਂ ਨੂੰ ਪੰਜਾਬੀ ਜਮਾਤਾਂ ਵਿੱਚ ਦਾਖਲ ਕਰਵਾਉਣ।










# ਤੂੰ ਖ਼ੁਦਕੁਸ਼ੀ ਕਰੇਂਗਾ, ਮੈਂ ਸ਼ਹੀਦ ਹੋਵਾਂਗਾ


ਰਣਜੀਤ ਲਹਿਰਾ
94175 88616

ਮਈ, 1967 ਵਿੱਚ ਪੱਛਮੀ ਬੰਗਾਲ ਦੇ ਦਾਰਜ ਲਿੰਗ ਜ਼ਿਲ੍ਹੇ ਦੇ ਪਿੰਡ ਨਕਸਲਬਾੜੀ ਤੋਂ ਉੱਠੀ ਹਥਿਆਰਬੰਦ ਇਨਕਲਾਬੀ ਲਹਿਰ ਵਿੱਚ 1960 ਵਿਆਂ ਦੇ ਅਖੀਰ ਤੇ 70 ਵਿਆਂ ਦੇ ਸ਼ੁਰੂ 'ਚ ਪੰਜਾਬ ਦੇ ਅਨੇਕਾਂ ਕਮਿਊਨਿਸਟ ਇਨਕਲਾਬੀਆਂ ਤੇ ਖਾਸ ਕਰ ਨੌਜਵਾਨਾਂ ਨੇ ਨਾ ਸਿਰਫ਼ ਸ਼ਹਾਦਤਾਂ ਪ੍ਰਾਪਤ ਕੀਤੀਆਂ ਸਗੋਂ ਰਾਜ ਮਸ਼ੀਨਰੀ ਦੇ 'ਥਰਡ ਡਿਗਰੀ' ਤਸੀਹਿਆਂ ਤੋਂ ਵੀ ਪਾਰ ਦੇ, ਜਮੂਰਾਂ ਨਾਲ ਨਹੁੰ ਖਿੱਚਣ, ਕੁਲ੍ਹਾੜੀਆਂ 'ਚ ਲੱਤਾਂ-ਬਾਂਹਾਂ ਪੀੜਨ, ਵਰਗੇ ਰੂਹ ਕੰਬਾ ਦੇਣ ਵਾਲੇ ਜ਼ੁਲਮ ਸਹਿ ਕੇ 'ਬੰਦ ਬੰਦ ਕਟਵਾਉਣ' ਦੇ ਸਿੱਖੀ ਦੇ ਇਨਕਲਾਬੀ ਇਤਿਹਾਸ ਨੂੰ ਮੁੜ ਜ਼ਿੰਦਾ ਕਰ ਵਿਖਾਇਆ । ਨਕਸਲਬਾੜੀ ਲਹਿਰ ਦੇ ਇਨ੍ਹਾਂ ਜੁਝਾਰੂਆਂ ਦੀਆਂ ਕੁਰਬਾਨੀਆਂ ਤੇ ਮੌਤ ਦੀਆਂ ਅੱਖਾਂ 'ਚ ਅੱਖ ਪਾ ਕੇ ਗੱਲ ਕਰਨ ਦੀਆਂ ਕਹਾਣੀਆਂ ਨੂੰ ਉਚਿਆਉਂਦੇ ਜਸਵੰਤ ਕੰਵਲ ਦੇ ਨਾਵਲ 'ਲਹੂ ਦੀ ਲੋਅ' ਦੇ ਇੱਕ ਕਾਂਡ ਦਾ ਸਿਰਲੇਖ ਇਹੋ ਹੈ: 'ਤੂੰ ਖ਼ੁਦਕਸ਼ੀ ਕਰੇਂਗਾ, ਮੈਂ ਸ਼ਹੀਦ ਹੋਵਾਂਗਾ।' ਇਹ ਇੱਕ ਨਾਟਕ ਦੇ ਇਨਕਲਾਬੀ ਨੌਜਵਾਨ ਦਾ ਡਾਇਲਾਗ ਵੀ ਹੈ । 21 ਜਨਵਰੀ 1981 ਨੂੰ ਰੱਲਾ ਪਿੰਡ ਦੀ ਧਰਤੀ 'ਤੇ ਹੋਏ ਗੋਲੀ ਕਾਂਡ ਨੇ ਉਕਤ ਸਿਰਲੇਖ ਤੇ ਡਾਇਲਾਗ ਨੂੰ ਹੂ-ਬੂ-ਹੂ ਸੱਚ ਕਰ ਵਿਖਾਇਆ ਸੀ ।

ਲਾਭ ਸਿੰਘ ਮਾਨਸਾ ਸ਼ਹੀਦ ਹੋਇਆ ਸੀ, ਉਹ ਪਰਬਤੋਂ ਭਾਰੀ ਮੌਤ ਮਾਰਿਆ ਸੀ ।ਉਸਦਾ ਕਾਤਲ ਥਾਣੇਦਾਰ ਗਿੰਦਰ ਸਿੰਘ(ਕਲਪਿਤ ਨਾਂ) ਖ਼ੁਦਕਸ਼ੀ ਕਰਕੇ 'ਕੱਖੋਂ ਹੌਲੀ ਮੌਤ' ਮਰਿਆ ਸੀ, ਆਪਣੇ ਕੀਤੇ ਪਾਪਾਂ ਦੇ ਬੋਝ ਨੂੰ ਨਾ ਸਹਾਰਦਾ ।

ਹੋਇਆ ਇੰਝ ਸੀ ਕਿ 21 ਜਨਵਰੀ ਨੂੰ ਰੱਲੇ ਦੇ ਬੱਸ ਸਟੈਂਡ 'ਤੇ ਸ਼ਾਂਤਮਈ ਸੜਕ ਜਾਮ ਕਰਕੇ ਰੋਸ ਪ੍ਰਗਟ ਕਰਦੇ ਨੌਜਵਾਨਾਂ 'ਤੇ ਜੋਗਾ ਪੁਲਸ ਚੌਂਕੀ ਦੀ ਪੁਲਸ ਨੇ ਚੌਂਕੀ ਇੰਚਾਰਜ ਥਾਣੇਦਾਰ ਗਿੰਦਰ ਸਿੰਘ (ਏ.ਐਸ.ਆਈ।) ਦੀ ਅਗਵਾਈ 'ਚ ਬੇ-ਵਜਾਹ ਲਾਠੀਚਾਰਜ ਕੀਤਾ ਸੀ । ਇਸ ਲਾਠੀਚਾਰਜ ਦੌਰਾਨ ਪੁਲਸ ਤੇ ਨੌਜਵਾਨਾਂ 'ਚ ਜਦੋਂ ਭਰਵੀਂ ਝੜਪ ਹੋ ਗਈ ਤਾਂ ਗਿੰਦਰ ਸਿੰਘ ਨੇ ਥਾਣੇਦਾਰੀ ਦੇ ਨਸ਼ੇ 'ਚ ਆਪਣੇ ਰਿਲਾਵਰ ਨਾਲ ਸਿੱਧੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ । ਪਹਿਲੀ ਗੋਲੀ ਤਾਂ ਕਿਸੇ ਦੇ ਨਾ ਲੱਗੀ ਪਰ ਦੂਜੀ ਗੋਲੀ ਲਾਭ ਸਿੰਘ ਦੇ ਵੱਜੀ ਤੇ ਉਹ ਥਾਂਏ ਡਿੱਗ ਪਿਆ। ਸੁਰਜਨ ਜੋਗਾ (ਜਿਹੜਾ ਬਾਅਦ ਵਿੱਚ ਵਾਇਆ ਸੀ.ਪੀ.ਆਈ.ਐਮ.ਐਲ. (ਲਿਬ੍ਰੇਸ਼ਨ) ਕਾਂਗਰਸ ਵਿੱਚ ਸ਼ਾਮਲ ਹੋ ਗਿਆ ਸੀ) ਵੀ ਜ਼ਖਮੀ ਹੋ ਕੇ ਡਿੱਗ ਪਿਆ। ਪੁਲਸ ਨੂੰ ਕਿਸੇ ਸਿਵਲ ਅਧਿਕਾਰੀ ਨੇ ਨਾ ਲਾਠੀਚਾਰਜ ਦਾ ਹੁਕਮ ਦਿੱਤਾ ਸੀ ਤੇ ਨਾ ਹੀ ਕੋਈ ਸਿਵਲ ਅਧਿਕਾਰੀ ਨਾਲ ਸੀ, ਇਹ ਸਾਰੀ ਘਟਨਾ ਗਿੰਦਰ ਸਿੰਘ ਦੇ ਥਾਣੇਦਾਰੀ ਦੇ ਨਸ਼ੇ ਦਾ ਸਿੱਟਾ ਸੀ। ਪੁਲਸ ਦੋਵਾਂ, ਲਾਭ ਸਿੰਘ ਤੇ ਸੁਰਜਨ ਜੋਗੇ, ਨੂੰ ਚੁੱਕ ਕੇ ਲੈ ਗਈ ।ਘਟਨਾ ਤੋਂ ਬਾਅਦ ਸਾਰੀ ਸਰਕਾਰੀ ਮਸ਼ੀਨਰੀ ਥਾਣੇਦਾਰ ਗਿੰਦਰ ਸਿੰਘ ਦੀ ਪਿੱਠ 'ਤੇ ਆ ਗਈ । ਲਾਭ ਸਿੰਘ ਦਾ ਗੁੱਪ-ਚੁੱਪ ਤਰੀਕੇ ਨਾਲ ਪੋਸਟਮਾਰਟਮ ਕਰਵਾਇਆ ਗਿਆ ਤੇ ਫਿਰ ਲਾਸ਼ ਵਾਰਸਾਂ ਨੂੰ ਦੇਣ ਦੀ ਥਾਂ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਗਈ ।



ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈ ਕੇ ਇੱਕ ਨੌਜਵਾਨ ਦਾ ਕਤਲ ਕਰਨ ਵਾਲੇ ਥਾਣੇਦਾਰ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਕਰਨ ਦੀ ਥਾਂ ਪੁਲਸ ਨੇ ਉਲਟਾ ਨੌਜਵਾਨ ਭਾਰਤ ਸਭਾ ਦੇ ਵਰਕਰਾਂ ਖਿਲਾਫ਼ ਪੁਲਸ ਪਾਰਟੀ 'ਤੇ ਹਮਲਾ ਕਰਨ ਸਮੇਤ ਇਰਾਦਾ ਕਤਲ ਤੱਕ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਦਿੱਤਾ। ਉੱਧਰ ਨੌਜਵਾਨ ਭਾਰਤ ਸਭਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਨੇ ਆਪਣੇ ਵਕੀਲ ਸ. ਇੰਦਰਜੀਤ ਸਿੰਘ ਰਾਹੀਂ ਥਾਣੇਦਾਰ ਗਿੰਦਰ ਸਿੰਘ 'ਤੇ ਕਤਲ ਦਾ ਇਸਤਗਾਸਾ ਕਰ ਦਿੱਤਾ। ਵਕੀਲ ਇੰਦਰਜੀਤ ਸਿੰਘ ਪੁਰਾਣਾ ਨਕਸਲੀ ਆਗੂ ਸੀ ਤੇ ਕਾ. ਹਾਕਮ ਸਮਾਓ ਦਾ ਰਿਸ਼ਤੇਦਾਰ ਸੀ। ਉਹ ਸਾਡੀਆਂ ਜਥੇਬੰਦੀਆਂ ਦੇ ਸਾਰੇ ਕੇਸ ਮੁਫ਼ਤ ਲੜਦਾ ਸੀ। ਇਸਤਗਾਸਾ ਦਾਇਰ ਕਰਨ ਲੱਗਿਆਂ ਉਸ ਨੇ ਕਿਹਾ ਸੀ ਕਿ ਗਵਾਹ ਨਾ ਕੋਈ ਮੁੱਕਰੇ 'ਪੁੱਤ ਮੇਰੇ' ਥਾਣੇਦਾਰ ਨੂੰ ਉਮਰ ਕੈਦ ਤੋਂ ਘੱਟ ਸਜ਼ਾ ਨਹੀਂ ਹੋਣ ਦੇਵਾਂਗਾ । ਉਸ ਚੋਟੀ ਦੇ ਵਕੀਲ ਨੇ ਪੁਲਸ ਦੇ ਆਪਣੇ ਬਿਆਨਾਂ 'ਤੇ ਪੋਸਟਮਾਰਟਮ ਰਿਪੋਰਟ ਵਿਚਲੇ ਅੰਤਰ ਨੂੰ ਪਕੜ ਲਿਆ ਸੀ ।

ਪੁਲਸ ਵੱਲੋਂ ਨੌਜਵਾਨਾਂ 'ਤੇ ਦਾਇਰ 'ਪੁਲਸ ਪਾਰਟੀ 'ਤੇ ਹਮਲਾ ਕਰਨ ਅਤੇ ਇਰਾਦਾ ਕਤਲ ਵਾਲੇ ਕੇਸ ਵਿੱਚ ਥਾਣੇਦਾਰ ਗਿੰਦਰ ਸਿੰਘ ਨੇ ਕੋਰਟ ਵਿੱਚ ਇਕਬਾਲ ਕਰ ਲਿਆ ਸੀ ਕਿ ਉਹਨੇ ਗੋਲੀ ਸਵੈ-ਰੱਖਿਆ ਲਈ, ਨੌਜਵਾਨਾਂ ਦੇ ਹਮਲੇ, ਤੋਂ ਬਚਣ ਲਈ ਚਲਾਈ ਸੀ ਤੇ ਲਾਭ ਸਿੰਘ ਤੇ ਉਸਦੇ ਸਾਥੀ ਗੰਡਾਸਿਆਂ ਨਾਲ ਹਮਲਾ ਕਰਕੇ ਉਸਨੂੰ ਜਾਨੋਂ ਮਾਰਨਾ ਚਾਹੁੰਦੇ ਸਨ । ਇਹ ਇਕਬਾਲੀਆ ਬਿਆਨ ਥਾਣੇਦਾਰ ਗਿੰਦਰ ਸਿੰਘ ਦੇ ਗਲ਼ ਦੀ ਫਾਹੀ ਬਣਨ ਵਾਲਾ ਸੀ, ਕਿਉਂਕਿ ਪੋਸਟਮਾਰਟਮ ਦੀ ਰਿਪੋਰਟ ਇਹ ਕਹਿੰਦੀ ਸੀ ਕਿ ਲਾਭ ਸਿੰਘ ਦੇ ਗੋਲੀ ਪਿੱਠ ਵਿੱਚ ਕਾਫੀ ਗਜ਼ ਦੀ ਦੂਰੀ ਤੋਂ ਮਾਰੀ ਗਈ ਸੀ । ਭਾਵ ਇਹ ਕਿ ਗੋਲੀ ਭੱਜ ਰਹੇ ਲਾਭ ਸਿੰਘ ਦੇ ਪਿਛਲੇ ਪਾਸੇ ਤੋਂ ਮਾਰੀ ਗਈ ਤੇ ਹਮਲੇ ਅਤੇ ਸਵੈ-ਰੱਖਿਆ ਲਈ ਗੋਲੀ ਚਲਾਉਣ ਦੀ ਦਲੀਲ ਕਾਨੂੰਨੀ ਪ੍ਰਕਿਰਿਆ 'ਚ ਟਿਕਣ ਵਾਲੀ ਨਹੀਂ ਸੀ ਤੇ ਥਾਣੇਦਾਰ ਗਿੰਦਰ ਸਿੰਘ ਦਾ ਫਸ ਜਾਣਾ ਤਹਿ ਸੀ ।

ਇਸਤਗਾਸੇ ਦੀ ਫਾਹੀ ਗਲ ਪੈਂਦੀ ਦੇਖ ਥਾਣੇਦਾਰ ਗਿੰਦਰ ਸਿੰਘ ਇਸਤਗਾਸੇ ਵਾਲੇ ਕੇਸ ਵਿੱਚ ਪੇਸ਼ ਨਾ ਹੋਇਆ । ਸੰਮਨਾਂ, ਪੇਸ਼ੀ ਦਰ ਪੇਸ਼ੀ ਤੋਂ ਬਾਅਦ ਵਕੀਲ ਇੰਦਰਜੀਤ ਸਿੰਘ ਹੋਰਾਂ ਨੇ ਥਾਣੇਦਾਰ ਨੂੰ ਕੋਰਟ ਤੋਂ 'ਇਸ਼ਤਿਹਾਰੀ ਮੁਲਜ਼ਮ' ਕਰਾਰ ਦਿਵਾ ਦਿੱਤਾ। ਉਹ ਨੌਕਰੀ ਵੀ ਕਰਦਾ ਰਿਹਾ, ਅਦਾਲਤ ਵੱਲੋਂ ਭਗੌੜਾ ਵੀ ਰਿਹਾ ਤੇ ਹਰ ਪੇਸ਼ੀ 'ਤੇ ਪੁਲਸ ਦਾ ਕੋਰਟ 'ਚ ਰਟਿਆ ਰਟਾਇਆ ਜੁਆਬ ਹੁੰਦਾ – 'ਉਹ ਲੱਭ ਨਹੀਂ ਰਿਹਾ।' ਸਾਲਾਂਬੱਧੀ ਸ਼ੈਸ਼ਨ ਕੋਰਟ ਬਠਿੰਡਾ 'ਚ ਚੱਲੇ 'ਪੁਲਿਸ ਪਾਰਟੀ 'ਤੇ ਕਾਤਲਾਨਾ ਹਮਲਾ ਕਰਨ' ਵਾਲੇ ਕੇਸ ਵਿੱਚੋਂ ਨੌਜਵਾਨ ਭਾਰਤ ਸਭਾ ਦੇ ਸਾਰੇ ਵਰਕਰ ਬਰੀ ਹੋ ਗਏ। ਪਰ ਥਾਣੇਦਾਰ ਗਿੰਦਰ ਸਿੰਘ ਦੇ ਗਲੋਂ ਇਸਤਗਾਸੇ ਦੀ ਫਾਹੀ ਲਹਿਣ ਵਾਲੀ ਨਹੀਂ ਸੀ ਭਾਵੇਂ ਕਿ ਉਹ ਰਟਾਇਰ ਵੀ ਹੋ ਗਿਆ ਸੀ।

ਇਸਤਗਾਸੇ ਦੀ ਪੇਸ਼ੀ ਤੇ ਪੇਸ਼ੀ ਪੈਂਦੀ ਰਹੀ, ਨਾ ਥਾਣੇਦਾਰ ਗਿੰਦਰ ਸਿੰਘ ਪੇਸ਼ ਹੋਇਆ ਤੇ ਨਾ ਹੀ ਪੁਲਸ ਨੇ ਉਸਨੂੰ ਫੜਨ ਦੀ ਕੋਸ਼ਿਸ਼ ਕੀਤੀ । ਹਰ ਪੇਸ਼ੀ 'ਤੇ ਪੁਲਸ ਦਾ ਘੜਿਆ ਘੜਾਇਆ ਜਵਾਬ ਹੁੰਦਾ ਕਿ ਉਹ ਲੱਭ ਨਹੀਂ ਰਿਹਾ । ਪੁਲਸ ਦੇ ਇਸ ਵਤੀਰੇ ਤੋਂ ਅੱਕ ਕੇ ਸੰਨ 1986 'ਚ ਜਨਤਕ ਜਥੇਬੰਦੀਆਂ ਨੇ ਮਾਨਸਾ ਪੁਲਸ 'ਤੇ ਦਬਾਅ ਬਣਾਇਆ ਕਿ ਹੁਣ ਜਦੋਂ ਵੀ ਪੁਲਸ ਗਿੰਦਰ ਸਿੰਘ ਦੇ ਘਰ ਜਾਵੇਗੀ, ਸਾਡੇ ਕੁੱਝ ਨੁਮਾਇੰਦੇ ਨਾਲ ਜਾਣਗੇ । ਦਲੀਲ ਇਹ ਦਿੱਤੀ ਗਈ ਕਿ ਪੁਲਸ ਅਸਲੋਂ ਤਾਂ ਜਾਂਦੀ ਹੀ ਨਹੀਂ ਜਾਂ ਗਿੰਦਰ ਸਿੰਘ ਦੇ ਘਰੋਂ ਗੇੜਾ ਦੇ ਕੇ ਮੁੜ ਆਉਂਦੀ ਹੈ। ਦਬਾਅ ਅਧੀਨ ਪੁਲਸ ਅਧਿਕਾਰੀ ਮੰਨ ਗਏ ਕਿ ਥੋੜੇ ਦੋ ਤਿੰਨ ਬੰਦੇ ਨਾਲ ਲੇ ਕੇ ਛਾਪਾ ਮਾਰਾਂਗੇ।

ਥਾਣੇਦਾਰ ਗਿੰਦਰ ਸਿੰਘ ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂ ਹਰਸਹਾਏ ਇਲਾਕੇ ਦਾ ਵਸਨੀਕ ਸੀ। ਸਰਦੀਆਂ ਦੀ ਇੱਕ ਰਾਤ ਮਾਨਸਾ ਦੀ ਪੁਲਸ ਪਾਰਟੀ ਨਾਲ ਸਾਥੀ ਤਰਸੇਮ ਚੰਦ ਸਿਰਸੀ ਵਾਲਾ, ਮੈਂ ਤੇ ਇੱਕ ਹੋਰ ਸਾਥੀ ਉਸਦੇ ਪਿੰਡ ਵੱਲ ਨੂੰ ਚੱਲ ਪਏ ਤੇ ਸਵੇਰੇ ਮੂੰਹ ਨੇਰ੍ਹੇ ਥਾਣੇਦਾਰ ਗਿੰਦਰ ਸਿੰਘ ਦਾ ਬੂਹਾ ਜਾ ਖੜਕਾਇਆ। ਥਾਣੇਦਾਰ ਨੇ ਤਾਂ ਮਿਲਣਾ ਹੀ ਨਹੀਂ ਸੀ ਕਿਉਂ ਕਿ ਪੁਲਸ ਭਾਵੇਂ ਸਾਨੂੰ ਨਾਲ ਲੈ ਜਾਣ ਲਈ ਮਜਬੂਰੀ 'ਚ ਮੰਨ ਗਈ ਸੀ ਪਰ ਗਿੰਦਰ ਸਿੰਘ ਨੂੰ ਪਹਿਲਾਂ ਸੂਚਿਤ ਕਰਨੋਂ ਤਾਂ ਨਹੀਂ ਰਹਿ ਸਕਦੀ ਸੀ। ਗਿੰਦਰ ਸਿੰਘ ਤਾਂ ਨਾ ਮਿਲਿਆ ਪਰ ਉਸਦੇ ਘਰ ਵਾਲੀ ਸਾਨੂੰ ਦੇਖ ਕੇ ਲੋਹਾ ਲਾਖਾ ਖ਼ੂਬ ਹੋਈ। ਗੁਰੂ ਹਰਸਹਾਏ ਇਲਾਕੇ ਵਿੱਚ ਉਨ੍ਹੀਂ ਦਿਨੀਂ ਇੱਕ ਘਟਨਾ ਹੋਰ ਵਾਪਰ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਗੁੰਡਿਆ ਹੱਥੋਂ ਸ਼ਹੀਦ ਹੋਏ ਪੀ.ਐਸ.ਯੂ. ਦੇ ਵਰਕਰ ਪਿਆਰਾ ਸਿੰਘ ਦੇ ਇੱਕ ਕਾਤਲ ਨੂੰ ਨਕਸਲੀਆਂ ਦੇ ਇੱਕ ਸਕੂਐਡ ਨੇ ਗੱਡੀ ਚਾੜ੍ਹ ਦਿੱਤਾ ਸੀ। ਸ਼ਾਇਦ ਥਾਣੇਦਾਰ ਗਿੰਦਰ ਸਿੰਘ ਤੇ ਉਸਦੇ ਪਰਿਵਾਰ ਨੂੰ ਇਸ ਘਟਨਾ ਦੇ ਸਦਕਾ ਇਹ ਮਹਿਸੂਸ ਹੋਇਆ ਕਿ ਪੁਲਸ ਨਾਲ ਆਏ ਇਹ ਬੰਦੇ ਵੀ ਘਰ ਦੀ ਰੇਕੀ ਕਰਨ ਹੀ ਆਏ ਹਨ।

ਸੋ ਹੋਇਆ ਇਹ ਕਿ ਕੁੱਝ ਸਮੇਂ ਬਾਅਦ ਥਾਣੇਦਾਰ ਗਿੰਦਰ ਸਿੰਘ ਨੇ ਅਦਾਲਤ ਮੂਹਰੇ ਆਤਮ-ਸਮਰਪਨ ਕਰ ਦਿੱਤਾ ਅਤੇ ਅਦਾਲਤ ਨੇ, ਇਸ਼ਤਿਹਾਰੀ ਮੁਜ਼ਰਮ ਕਰਾਰ ਦਿੱਤਾ ਹੋਣ ਕਰਕੇ, ਗਿੰਦਰ ਸਿੰਘ ਨੂੰ ਬਠਿੰਡਾ ਜੇਲ੍ਹ ਨੂੰ ਤੋਰ ਦਿੱਤਾ । ਗਿੰਦਰ ਸਿੰਘ ਨੂੰ ਉਮੀਦ ਹੋਣੀ ਕਿ ਮਹੀਨੇ ਦੋ ਮਹੀਨੇ 'ਚ ਜ਼ਮਾਨਤ ਹੋ ਜਾਵੇਗੀ ਪਰ ਜ਼ਮਾਨਤ ਦਾ ਮਾਮਲਾ 'ਊਠ ਦੇ ਬੁੱਲ੍ਹ ਵਾਂਗ' ਲਟਕਦਾ ਗਿਆ। ਕਿੱਥੇ ਥਾਣੇਦਾਰੀ ਰੋਅਬ ਨਾਲ ਬਿਤਾਈ ਜ਼ਿੰਦਗੀ ਤੇ ਕਿੱਥੇ ਜੇਲ੍ਹ ਦਾ ਪ੍ਰਸ਼ਾਦਾ ਪਾਣੀ । ਸਾਲ ਭਰ ਤੋਂ ਵਧੇਰੇ ਜ਼ਮਾਨਤ ਦੀ ਉਡੀਕ ਵਿੱਚ ਜੇਲ੍ਹ 'ਚ ਬੈਠਿਆਂ ਥਾਣੇਦਾਰ ਗਿੰਦਰ ਸਿੰਘ ਦਾ ਦਿਮਾਗੀ ਸੰਤੁਲਨ ਵਿਗੜ ਗਿਆ।

ਸਾਲ-ਸਵਾ ਸਾਲ ਬਾਅਦ ਵਿਗੜਿਆ ਦਿਮਾਗੀ ਸੰਤੁਲਨ ਲੈ ਕੇ ਥਾਣੇਦਾਰ ਗਿੰਦਰ ਸਿੰਘ ਜਦੋਂ ਜ਼ਮਾਨਤ 'ਤੇ ਜੇਲ੍ਹੋਂ ਰਿਹਾਅ ਹੋਇਆ, ਉਦੋਂ ਤੱਕ ਉਸਦੀ ਥਾਣੇਦਾਰੀ ਕਾਫ਼ੂਰ ਹੋ ਚੁੱਕੀ ਸੀ। ਆਪਣੇ ਪਾਪਾਂ ਦਾ ਭਰਿਆ ਘੜਾ ਹੌਲਾ ਕਰਨ ਲਈ ਨਹਿੰਗ ਬਾਣਾ ਪਾ ਕੇ 'ਮਾਲਾ' ਉਸਨੇ ਪਹਿਲਾਂ ਹੀ ਫੜ ਲਈ ਸੀ। ਕੁੱਝ ਦੇਰ ਭਟਕਣ ਤੋਂ ਬਾਅਦ ਅੰਤ ਉਸਨੇ ਆਪਣੇ ਗਲ਼ ਖੁਦ ਹੀ ਫਾਹਾ ਪਾ ਕੇ ਖੁਦਕਸ਼ੀ ਕਰ ਲਈ। ਲਾਭ ਸਿੰਘ ਮਾਨਸਾ 'ਪਰਬਤੋਂ ਭਾਰੀ ਮੌਤ' ਮਰ ਕੇ ਅਮਰ ਹੋ ਗਿਆ ਤੇ ਉਸਦਾ ਕਤਲ ਥਾਣੇਦਾਰ ਗਿੰਦਰ ਸਿੰਘ 'ਕੱਖੋਂ ਹੌਲੀ' ਬਦਨੁਮਾ ਮੌਤ ਮਰਿਆ।











# 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵੱਲੋਂ .ਗਜ਼ਲਗੋ ਭੁਪਿੰਦਰ ਦੂਲੇ ਨਾਲ ਰਚਾਇਆ ਗਿਆ ਰੂ-ਬ-ਰੂ ਤੇ ਕਵੀ-ਦਰਬਾਰ ਵੀ ਹੋਇਆ



ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਨਵੇਂ ਸਾਲ ਵਿਚ 21 ਜਨਵਰੀ ਨੂੰ ਕਰਵਾਏ ਗਏ ਪਹਿਲੇ ਸਮਾਗ਼ਮ ਵਿਚ ਉੱਘੇ-ਗ਼ਜ਼ਲਗੋ ਭੁਪਿੰਦਰ ਦੂਲੇ ਨਾਲ ਸ਼ਾਨਦਾਰ ਰੂ-ਬ-ਰੂ ਕੀਤਾ ਗਿਆ ਜਿਸ ਦੌਰਾਨ ਉਨ੍ਹਾਂ ਆਪਣੇ ਜੀਵਨ ਦੇ ਕੁਝ ਦਿਲਚਸਪ ਪਲ ਅਤੇ ਆਪਣੀਆਂ ਗ਼ਜ਼ਲਾਂ ਦੀ ਲਿਖਣ-ਪ੍ਰਕਿਰਿਆ ਬਾਰੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ। ਉਨ੍ਹਾਂ ਆਪਣੀਆਂ ਕੁਝ ਚੋਣਵੀਆਂ ਗ਼ਜ਼ਲਾਂ ਵੀ ਪੇਸ਼ ਕੀਤੀਆਂ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉੱਘੇ ਵਾਰਤਕ ਲੇਖਕ ਪੂਰਨ ਸਿੰਘ ਪਾਂਧੀ, ਕਹਾਣੀਕਾਰ ਮਿੰਨੀ ਗਰੇਵਾਲ, ਭੁਪਿੰਦਰ ਦੂਲੇ ਅਤੇ ਸਭਾ ਦੇ ਚੇਅਰਮੈਨ ਬਲਰਾਜ ਚੀਮਾ ਸੁਸ਼ੋਭਿਤ ਸਨ।

ਇਸ ਤੋਂ ਪਹਿਲਾਂ ਸਮਾਗ਼ਮ ਦੇ ਸ਼ੁਰੂ ਵਿਚ ਇਸ ਮਹੀਨੇ ਵਿਚ ਵਿੱਛੜ ਗਏ ਲੇਖਕਾਂ ਗੁਰਦਿਆਲ ਸਿੰਘ ਕੰਵਲ, ਗੁਰਪਾਲ ਲਿਟ ਅਤੇ ਤਰਸੇਮ ਸਫ਼ਰੀ ਦੇ ਬੇ-ਵਕਤ ਅਕਾਲ ਚਲਾਣਿਆਂ 'ਤੇ ਡੂੰਘੇ ਦੁੱਖ ਅਤੇ ਅਫ਼ਸੋਸ ਦਾ ਇਜ਼ਹਾਰ ਕਰਦਾ ਹੋਇਆ ਸ਼ੋਕ-ਮਤਾ ਸਭਾ ਦੇ ਕੋਆਰਡੀਨੇਟਰ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਹਾਜ਼ਰੀਨ ਵੱਲੋਂ ਦੋ ਮਿੰਟ ਦਾ ਮੋਨ ਰੱਖ ਕੇ ਪ੍ਰਵਾਨਗੀ ਦਿੱਤੀ ਗਈ। ਉਪਰੰਤ, ਪ੍ਰੋਗਰਾਮ ਦੀ ਬਾਕਾਇਦਾ ਸ਼ੁਰੂਆਤ ਕਰਦਿਆਂ ਹੋਇਆਂ ਮੰਚ-ਸੰਚਾਲਕ ਤਲਵਿੰਦਰ ਸਿੰਘ ਮੰਡ ਨੇ ਗਾਇਕਾਂ ਇਕਬਾਲ ਬਰਾੜ ਅਤੇ ਸੰਨੀ ਸ਼ਿਵਰਾਜ ਨੂੰ ਵਾਰੀ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਭੁਪਿੰਦਰ ਦੂਲੇ ਦੀਆਂ ਗ਼ਜ਼ਲਾਂ ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਭੁਪਿੰਦਰ ਦੂਲੇ ਦੇ ਰੂ-ਬਰੂ ਤੋਂ ਪਹਿਲਾਂ ਪ੍ਰੋ. ਰਾਮ ਸਿੰਘ ਨੇ ਗ਼ਜ਼ਲ ਬਾਰੇ ਸਰੋਤਿਆਂ ਨਾਲ ਮੁੱਢਲੀ ਜਾਣਕਾਰੀ ਸਾਂਝੀ ਕਰਦਿਆਂ ਦਿੰਦਿਆਂ ਹੋਇਆਂ ਇਸ ਦੀ ਫ਼ਾਰਸੀ ਤੇ ਉਰਦੂ ਤੋਂ ਹੋਈ ਸ਼ੁਰੂਆਤ, ਬਾਰੀਕੀਆਂ ਅਤੇ ਪੰਜਾਬੀ ਵਿਚ ਲਿਖੀ ਜਾ ਰਹੀ ਗ਼ਜ਼ਲ ਬਾਰੇ ਬੜੇ ਹੀ ਭਾਵਪੂਰਤ ਸ਼ਬਦ ਕਹੇ।

ਭੁਪਿੰਦਰ ਦੂਲੇ ਨੇ ਆਪਣੀ ਗ਼ਜਲ ਪ੍ਰਕਿਰਿਆ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ 18-19 ਸਾਲ ਦੀ ਉਮਰ ਵਿਚ ਪਹਿਲੀ ਰੋਮਾਂਟਿਕ ਗ਼ਜ਼ਲ ਲਿਖੀ ਪਰ ਬਾਅਦ ਵਿਚ ਗ਼ੈਰ-ਰੋਮਾਂਟਿਕ ਯਥਾਰਥਵਾਦੀ ਗ਼ਜ਼ਲਾਂ ਹੀ ਲਿਖੀਆਂ। ਗ਼ਜ਼ਲ ਲਿਖਣ ਦੇ ਗੁਰ ਉਨ੍ਹਾਂ ਆਪਣੇ ਪਿਤਾ ਉਸਤਾਦ ਗ਼ਜ਼ਲਗੋ ਰਣਧੀਰ ਸਿੰਘ ਚੰਦ ਹੁਰਾਂ ਤੋਂ ਸਿੱਖੇ ਅਤੇ ਸੰਗੀਤ ਵਿਚ ਐੱਮ.ਏ. ਹੋਣ ਕਰਕੇ ਉਨ੍ਹਾਂ ਦੀਆਂ ਗ਼ਜ਼ਲਾਂ ਸ਼ਾਇਦ ਆਪਣੇ ਆਪ ਹੀ ਵਜ਼ਨ, ਬਹਿਰ ਤੇ ਸੁਰ-ਤਾਲ ਵਿਚ ਬੱਝਦੀਆਂ ਗਈਆਂ। ਉਨ੍ਹਾਂ ਅਨੁਸਾਰ ਗ਼ਜ਼ਲ ਗਾਈ ਜਾ ਸਕਣ ਵਾਲੀ ਹੋਣੀ ਚਾਹੀਦੀ ਹੈ ਅਤੇ ਇਸ ਦੇ ਵਿਚ ਖ਼ਿਆਲ ਦੇ ਨਾਲ ਨਾਲ ਰਵਾਨੀ ਵੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਪੰਜਾਂ-ਸੱਤਾਂ ਸ਼ਿਅਰਾਂ ਦੀ ਗ਼ਜਲ਼ ਵਿਚ ਘੱਟੋ-ਘੱਟ ਤਿੰਨ-ਚਾਰ ਸ਼ਿਅਰ ਤਾਂ ਜ਼ਰੂਰ 'ਕੰਮ' ਦੇ ਹੋਣੇ ਹੀ ਚਾਹੀਦੇ ਹਨ। ਬਾਕੀ, ਇਸ ਵਿਚ ਇਕ-ਦੋ 'ਭਾਰਤੀ-ਸ਼ਿਅਰਾਂ' ਨਾਲ ਵੀ ਸਰ ਜਾਂਦਾ ਹੈ।

ਇਸ ਦੌਰਾਨ ਉਨ੍ਹਾਂ ਆਪਣੀਆਂ ਕਈ ਪ੍ਰਤੀਨਿਧ ਗ਼ਜ਼ਲਾਂ ਸੁਣਾਈਆਂ ਜਿਨ੍ਹਾਂ ਨੂੰ ਹਾਜ਼ਰੀਨ ਵੱਲੋਂ ਭਰਪੂਰ ਦਾਦ ਮਿਲੀ, ਖ਼ਾਸ ਤੌਰ 'ਤੇ 'ਬੰਦ ਬੰਦ' ਪੁਸਤਕ ਦੀ ਇਕ ਗ਼ਜ਼ਲ ਦੇ ਦੋ ਸ਼ਿਅਰਾਂ "ਬ੍ਰਹਿਮੰਡ ਨੂੰ ਜੋ ਸਿਰਜੇ, ਪੁਸਤਕ 'ਚ ਬੰਦ ਹੋ ਜਾ, ਤੈਨੂੰ ਹਰ ਘੜੀ ਪੜ੍ਹਾਂ ਮੈਂ, ਤੂੰ ਇਲਾਹੀ ਛੰਦ ਹੋ ਜਾ" ਅਤੇ "ਇਹ ਮਹਿਲ ਇਹ ਮੁਨਾਰੇ, ਤੇਰੇ ਪੈਰੀਂ ਡਿੱਗਣ ਸਾਰੇ, ਜਾਂ ਚਰਖ਼ੜੀ 'ਤੇ ਚੜ੍ਹ ਜਾਹ, ਜਾਂ ਬੰਦ ਬੰਦ ਹੋ ਜਾ" ਨੇ ਤਾਂ ਹਾਲ ਤਾੜੀਆਂ ਗੂੰਜਣ ਲਾ ਦਿੱਤਾ। 2014 ਵਿਚ ਛਪੀ ਇਸ ਪੁਸਤਕ ਤੋਂ ਪਹਿਲਾਂ ਉਨ੍ਹਾਂ ਦੀ ਪਹਿਲੀ ਪੁਸਤਕ 'ਅਹਿਸਾਸ ਦੀ ਪੀੜ' ਹੈ ਜੋ ਇਸ ਤੋਂ 14 ਸਾਲ ਪਹਿਲਾਂ 2000 ਵਿਚ ਛਪੀ ਸੀ। ਭੁਪਿੰਦਰ ਦੂਲੇ ਦੀ ਗ਼ਜ਼ਲ-ਗੋਈ ਬਾਰੇ ਨਾਟਕਕਾਰ ਨਾਹਰ ਔਜਲਾ, ਸੁਖਦੇਵ ਝੰਡ, ਬਲਰਾਜ ਚੀਮਾ ਤੇ ਮਕਸੂਦ ਚੌਧਰੀ ਵੱਲੋਂ ਕਈ ਸੁਆਲ ਆਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀ-ਪੂਰਵਕ ਦਿੱਤੇ ਗਏ। ਪ੍ਰਧਾਨਗੀ-ਮੰਡਲ ਵਿੱਚੋਂ ਪੂਰਨ ਸਿੰਘ ਪਾਂਧੀ ਨੇ ਬੋਲਦਿਆਂ ਕਿਹਾ ਕਿ ਸ਼ਬਦ ਤੇ ਸੁਰ ਦਾ ਸੁਮੇਲ ਦਾ ਨਾਮ ਹੀ ਗ਼ਜ਼ਲ ਹੈ ਅਤੇ ਭੁਪਿੰਦਰ ਦੂਲੇ ਦੀਆਂ ਗ਼ਜ਼ਲਾਂ ਵਿਚ ਇਹ ਸੁਰ-ਤਾਲ ਕਾਫ਼ੀ ਹੱਦ ਤੱਕ ਮੌਜੂਦ ਹੈ। ਮਰਹੂਮ ਗੁਰਦਿਆਲ ਕੰਵਲ ਬਾਰੇ ਆਪਣੇ ਦਿਲੀ-ਜਜ਼ਬਾਤ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕੰਵਲ ਵਧੀਆ ਲੇਖਕ ਤੇ ਪੱਤਰਕਾਰ ਸਨ। ਉਨ੍ਹਾਂ 1970 ਵਿਚ ਇੱਥੇ ਕੈਨੇਡਾ ਆਉਣ ਤੋਂ ਬਾਅਦ ਕਈ ਪੁਸਤਕਾਂ ਦੀ ਰਚਨਾ ਕੀਤੀ ਅਤੇ ਵੱਖ-ਵੱਖ ਸਮੇਂ ਤਿੰਨ ਰਿਸਾਲਿਆਂ ਦੀ ਸੰਪਾਦਨਾ ਕੀਤੀ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ-ਦਰਬਾਰ ਹੋਇਆ ਜਿਸ ਦੀ ਸੰਚਾਲਨਾ ਪਰਮਜੀਤ ਢਿੱਲੋਂ ਵੱਲੋਂ ਕੀਤੀ ਗਈ। ਇਸ ਵਿਚ ਮਿੰਨੀ ਗਰੇਵਾਲ, ਸੁੰਦਰਪਾਲ ਰਾਜਾਸਾਂਸੀ, ਇਕਬਾਲ ਕੌਰ ਛੀਨਾ, ਮਕਸੂਦ ਚੌਧਰੀ, ਕੁਲਜੀਤ ਸਿੰਘ ਜੰਜੂਆ, ਹਰਦਿਆਲ ਝੀਤਾ, ਅਨਿਲ ਕੁੰਦਰਾ, ਮਹਿੰਦਰ ਸਿੰਘ ਵਾਲੀਆ ਤੇ ਕਰਮਜੀਤ ਸਿੰਘ ਵੱਲੋਂ ਕਵਿਤਾਵਾਂ ਤੇ ਟੋਟਕੇ ਸੁਣਾਏ ਗਏ। ਇਕਬਾਲ ਬਰਾੜ ਤੇ ਸੰਨੀ ਸ਼ਿਵਰਾਜ ਨੇ ਇਸ ਭਾਗ ਵਿਚ ਵੀ ਭੁਪਿੰਦਰ ਦੂਲੇ ਦੀਆਂ ਗਜ਼ਲਾਂ ਦੀ ਖ਼ੂਬ ਛਹਿਬਰ ਲਾਈ। ਅਖ਼ੀਰ ਵਿਚ ਬਲਰਾਜ ਚੀਮਾ ਨੇ ਆਏ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕਰਦਿਆਂ ਹੋਇਆਂ ਭੁਪਿੰਦਰ ਦੂਲੇ ਦੇ ਹੋਏ ਇਸ ਸਫ਼ਲ ਰੂ-ਬਰੂ 'ਤੇ ਸਾਰਿਆਂ ਨੂੰ ਮੁਬਾਕਬਾਦ ਦਿੱਤੀ ਅਤੇ ਭਵਿੱਖ ਵਿਚ ਅਜਿਹੇ ਖ਼ੂਬਸੂਰਤ ਪ੍ਰੋਗਰਾਮ ਕਰਦੇ ਰਹਿਣ ਦੀ ਆਸ ਪ੍ਰਗਟ ਕੀਤੀ। ਇਸ ਮੌਕੇ ਹਾਜ਼ਰੀਨ ਵਿਚ ਸੁਰਿੰਦਰ ਸਿੰਘ ਸੰਧੂ, ਜਸਵਿੰਦਰ ਸਿੰਘ, ਡਾ. ਅਮਰਜੀਤ ਸਿੰਘ ਬਨਵੈਤ, ਦਲਜੀਤ ਕੌਰ ਬਨਵੈਤ, ਸ਼ੈਲਿੰਦਰ ਚੌਧਰੀ, ਰੇਸ਼ਮ ਸਿੰਘ ਦੋਸਾਂਝ, ਮਨਮੋਹਣ ਸਿੰਘ ਗੁਲਾਟੀ, ਬਰਜਿੰਦਰ ਗੁਲਾਟੀ, ਗੁਰਬਚਨ ਸਿੰਘ ਛੀਨਾ, ਰਾਜਿੰਦਰ ਸਿੰਘ ਤੇ ਕਈ ਹੋਰ ਸ਼ਾਮਲ ਸਨ।















# ਚੁਟਕਲਿਆਂ ਰਾਹੀਂ ਪ੍ਰਗਟ ਹੋ ਰਹੀ ਔਰਤ ਵਿਰੋਧੀ ਮਾਨਸਿਕਤਾ !



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com



ਅੱਜ ਜਿਸ ਵਿਸ਼ੇ ਤੇ ਮੈਂ ਤੁਹਾਡੇ ਨਾਲ ਵਿਚਾਰ ਸਾਂਝੇ ਕਰ ਰਿਹਾ ਹਾਂ, ਉਹ ਵਿਸ਼ਾ ਸ਼ਾਇਦ ਬਹੁਤ ਸਾਰਿਆਂ ਨੂੰ ਪਸੰਦ ਨਾ ਆਵੇ।ਪਰ ਮੈਨੂੰ ਲਗਦਾ ਹੈ ਕਿ ਸਾਡੇ ਇੰਡੀਅਨ ਸਮਾਜ ਵਿੱਚ ਔਰਤਾਂ ਦੇ ਹੱਕਾਂ ਲਈ ਗੱਲ ਕਰਨ ਲਈ ਇਹ ਵਿਸ਼ਾ ਬੜਾ ਮੱਹਤਵਪੂਰਨ ਹੈ।ਚੁਟਕਲੇ ਸਾਡੇ ਸਮਾਜ ਦੀ ਮਾਨਸਕਿਤਾ ਨੂੰ ਪ੍ਰਗਟ ਕਰਨ ਲਈ ਦਰਪਨ ਦਾ ਕੰਮ ਕਰਦੇ ਹਨ।ਚੁਟਕਲਿਆਂ ਤੋਂ ਉਸ ਸਮਾਜ ਦੇ ਲੋਕਾਂ ਦੇ ਮਾਨਸਕਿ ਪੱਧਰ ਦਾ ਵੀ ਪਤਾ ਲੱਗਾ ਜਾਂਦਾ ਹੈ।ਪੰਜਾਬੀ ਜਾਂ ਹਿੰਦੀ ਵਿੱਚ ਪ੍ਰਚਲਤ ਚੁਟਕਲਿਆਂ ਵਿਚੋਂ 90% ਚੁਟਕਲੇ ਔਰਤਾਂ ਵਿਰੋਧੀ ਹੁੰਦੇ ਹਨ।ਖਾਸਕਰ ਪਤੀ-ਪਤਨੀ ਨਾਲ ਸਬੰਧਤ ਚੁਟਕਲੇ ਤਕਰੀਬਨ 90-95% ਔਰਤ ਵਿਰੋਧੀ ਸਾਡੀ ਮਰਦ ਪ੍ਰਧਾਨ ਇੰਡੀਅਨ ਮਾਨਸਿਕਤਾ ਦਾ ਪ੍ਰਤੀਕ ਹਨ।ਤੁਸੀਂ ਇਹ ਵਿਚਾਰ ਪੜ੍ਹਨ ਤੋਂ ਬਾਅਦ ਕੁਝ ਮਿੰਟ ਲਈ, ਜਿਹੜੇ ਵੀ ਚੁਟਕਲੇ ਪਤੀ-ਪਤਨੀ ਜਾਂ ਪਰਵਿਾਰਾਂ ਨਾਲ ਸਬੰਧਤ ਹਨ, ਬਾਰੇ ਥੋੜਾ ਜਿਹਾ ਧਿਆਨ ਨਾਲ ਸੋਚਿਉ ਤਾਂ ਤੁਹਾਨੂੰ ਸਾਰੀ ਸਥਿਤੀ ਸਪੱਸ਼ਟ ਹੋ ਜਾਵੇਗੀ।ਤਕਰੀਬਨ ਸਾਰੇ ਚੁਟਕਲਿਆਂ ਵਿੱਚ ਘਰਾਂ ਵਿੱਚ ਲੜਾਈਆਂ ਲਈ ਹਮੇਸ਼ਾਂ ਪਤਨੀ ਜ਼ਿੰਮੇਵਾਰ ਹੁੰਦੀ ਹੈ, ਸਾਰੇ ਇੰਡੀਅਨ ਪਤੀ ਆਪਣੀਆਂ ਪਤਨੀਆਂ ਤੋਂ ਦੁਖੀ ਹਨ, ਮਰਦਾਂ ਦੀਆਂ ਸਾਰੀਆਂ ਘਰੇਲੂ ਸਮੱਸਿਆਵਾਂ ਲਈ ਪਤਨੀਆਂ ਜ਼ਿੰਮੇਵਾਰ ਹਨ, ਔਰਤ (ਪਤਨੀ) ਬਦਚਲਨ ਹੁੰਦੀ ਹੈ (ਜਦਕਿ ਅਸਲੀਅਤ ਉਲਟ ਹੈ), ਉਸਦੇ ਹੋਰ ਮਰਦਾਂ ਨਾਲ ਨਜ਼ਾਇਜ ਸਬੰਧ ਹਨ (ਜਦਕਿ ਇਹ ਵੀ ਸਮਾਜ ਵਿੱਚ ਉਲਟ ਹੈ), ਪਤੀ-ਪਤਨੀ ਦੇ ਚੁਟਕਲੇ ਸੁਣ ਕੇ ਇਸ ਤਰ੍ਹਾਂ ਲਗਦਾ ਹੈ ਕਿ ਸਾਰੇ ਇੰਡੀਅਨ ਪਤੀ ਆਪਣੀਆਂ ਪਤਨੀਆਂ ਤੋਂ ਦੁਖੀ ਹੀ ਨਹੀਂ, ਸਗੋਂ ਵਿਆਹ ਵਾਲੀ ਪ੍ਰੰਪਰਾ ਤੋਂ ਹੀ ਦੁਖੀ ਹਨ, ਜੇ ਘਰਾਂ ਵਿੱਚ ਅਸ਼ਾਂਤੀ ਹੈ ਤਾਂ ਉਹ ਵੀ ਪਤਨੀਆਂ ਕਰਕੇ ਹੈ, ਜੇ ਪਤੀ ਦੇ ਮਾਂ-ਬਾਪ, ਭੈਣ-ਭਰਾ ਦੁੱਖੀ ਹਨ ਤਾਂ ਉਹ ਵੀ ਪਤਨੀਆਂ ਕਰਕੇ, ਜੇ ਬੱਚੇ ਵਿਗੜ ਰਹੇ ਹਨ, ਉਹ ਵੀ ਪਤਨੀਆਂ ਕਰਕੇ ਹਨ। ਪਿਛਲੇ ਦਿਨੀਂ ਮੈਂ ਗੂਗਲ ਤੇ ਪਤੀ-ਪਤਨੀ ਦੇ ਬੈਸਟ 100 ਚੁਟਕਲੇ ਲੱਭ ਕੇ ਪੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਕੋਈ ਵੀ ਚੁਟਕਲਾ ਅਜਿਹਾ ਨਹੀਂ ਮਿਲਿਆ, ਜਿਹੜਾ ਪਤੀਆਂ (ਮਰਦਾਂ) ਖਿਲਾਫ ਹੋਵੇ, ਸਾਰੇ ਦੇ ਸਾਰੇ ਔਰਤ ਵਿਰੋਧੀ ਘਟੀਆ ਪੱਧਰ ਦੀ ਮਾਨਸਕਿਤਾ ਦੇ ਪ੍ਰਤੀਕ ਸਨ।ਸਾਰੇ ਦੇ ਸਾਰੇ ਪਤਨੀ ਦੇ ਪੇਕਿਆਂ ਨੂੰ ਪਤੀ ਦੇ ਘਰ ਦੀ ਅਸ਼ਾਂਤੀ ਤੇ ਦੁੱਖਾਂ ਲਈ ਦੋਸ਼ੀ ਦੱਸਣ ਵਾਲੇ ਸਨ।ਮੈਂ ਹੱਸਣ ਜਾਂ ਮਜਾਕ ਕਰਨ ਦੇ ਵਿਰੋਧ ਵਿੱਚ ਨਹੀਂ ਹਾਂ, ਹੱਸਣਾ ਸਿਹਤ ਤੇ ਸਮਾਜ ਜਾਂ ਘਰਾਂ ਦੇ ਵਧੀਆ ਮਾਹੌਲ ਲਈ ਬਹੁਤ ਜਰੂਰੀ ਹੈ, ਪਰ ਕਿਸੇ ਦੀ ਬੇਇਜ਼ਤੀ ਕਰਕੇ ਹੱਸਣਾ, ਸਾਡੀ ਘਟੀਆ ਮਾਨਸਿਕਤਾ ਦਾ ਪ੍ਰਤੀਕ ਹੈ।ਤੁਸੀਂ ਆਮ ਤੌਰ ਤੇ ਦੇਖੋਗੇ, ਕਿਸੇ ਦੀ ਬੇਇਜ਼ਤੀ ਕਰਕੇ ਜਾਂ ਕਿਸੇ ਦੇ ਡਿਗਣ ਤੇ ਲੋਕ ਵੱਧ ਹੱਸਦੇ ਹਨ।ਬਹੁਤ ਚੁਟਕਲ ਅਜਿਹੇ ਹੀ ਹੁੰਦੇ ਹਨ।ਜਦੋਂ ਕੋਈ ਡਿਗਦਾ ਹੈ, ਬਹੁਤ ਥੋੜੇ ਲੋਕ ਹੋਣਗੇ, ਜਿਨ੍ਹਾਂ ਦੇ ਹੋਠਾਂ ਤੇ ਹਾਸਾ ਨਾ ਆਵੇ।ਇਹ ਸਾਡੀ ਮਾਨਸਿਕਤਾ ਦਰਸਾਉਂਦਾ ਹੈ ਕਿ ਅਸੀਂ ਕਿਸੇ ਦੇ ਡਿਗਣ ਤੇ ਉਠਾਉਣ ਵਿੱਚ ਨਹੀਂ, ਉਸ ਦੇ ਡਿਗਣ ਤੇ ਖੁਸ਼ ਹੋਣ ਵਿੱਚ ਵਿਸ਼ਵਾਅ ਰੱਖਦੇ ਹਾਂ। ਪਰ ਜਦੋਂ ਮਨੁੱਖਤਾ ਦੇ ਅੱਧੇ ਹਿੱਸੇ ਦੇ ਖਿਲਾਫ ਸਾਡੇ ਸਮਾਜ ਦੀ ਅਜਿਹੀ ਮਾਨਸਿਕਤਾ ਹੋਵੇ ਤਾਂ ਸਮਾਜ ਵਿੱਚ ਔਰਤਾਂ ਵਿਰੋਧੀ ਜ਼ੁਰਮ, ਬਲਾਤਕਾਰ, ਦਹੇਜ, ਨੂੰਹਾਂ ਨੂੰ ਅੱਗਾਂ ਲਾ ਕੇ ਸਾੜਨਾ, ਭਰੂਣ ਹੱਤਿਆ, ਪਤੀਆਂ ਵਲੋਂ ਸ਼ਰਾਬ ਜਾਂ ਹੋਰ ਨਸ਼ੇ ਕਰਕੇ ਪਤਨੀਆਂ ਨੂੰ ਕੁੱਟਣਾ, ਗਾਲ਼ੀ ਗੋਲਚ ਕਰਨਾ, ਲੜਕੀਆਂ ਦੀ ਛੇੜਖਾਨੀ, ਲੜਕੀਆਂ ਤੇ ਪਰਿਵਾਰਾਂ ਵਲੋਂ ਇਕੱਲਿਆਂ ਬਾਹਰ ਜਾਣ ਤੇ ਪਾਬੰਦੀਆਂ ਲਗਾਉਣੀਆਂ, ਲੜਕੀਆਂ ਨੂੰ ਘਰ ਦੀ ਇੱਜ਼ਤ ਕਹਿ ਕੇ ਉਨ੍ਹਾਂ ਨੂੰ ਗੁਲਾਮ ਬਣਾਉਣਾ, ਘਰੇਲੂ ਹਿੰਸਾ ਆਦਿ ਕਿਵੇਂ ਰੁਕ ਸਕਦੀ ਹੈ।ਹੈਰਾਨੀ ਦੀ ਗੱਲ ਹੈ ਕਿ ਫੇਸਬੁੱਕ, ਵੱਟਸ ਐਪ ਆਦਿ ਤੇ ਔਰਤਾਂ ਵਿਰੋਧੀ ਚੁਟਕਲੇ, ਮਜ਼ਾਕੀਆ ਸਕਿੱਟ, ਵੀਡੀਉਜ਼ ਆਦਿ ਬੜੇ ਮਜ਼ੇ ਨਾਲ ਔਰਤਾਂ (ਲੜਕੀਆਂ) ਹੀ ਲਾਈਕ ਕਰ ਰਹੀਆਂ ਹੁੰਦੀਆਂ ਹਨ, ਅੱਗੇ ਸ਼ੇਅਰ ਕਰ ਰਹੀਆਂ ਹੁੰਦੀਆਂ ਹਨ।ਮੈਂ ਕਦੇ ਕਿਸੇ ਲੜਕੀ ਨੂੰ ਇਸ ਖਿਲਾਫ ਕੁਮੈਂਟ ਕਰਦੇ ਨਹੀਂ ਦੇਖਿਆ? ਭਹੁਤ ਸਾਰੇ ਸਾਡੇ ਫਰੈਂਡ ਸਰਕਲ ਵਾਲੇ ਲੋਕ ਹੀ ਸੋਸ਼ਲ ਮੀਡੀਆ ਰਾਹੀਂ ਰੋਜ਼ਾਨਾ ਔਰਤ ਵਿਰੋਧੀ ਮਾਨਸਿਕਤਾ ਵਾਲੇ ਚੁਟਕਲੇ ਪੋਸਟ ਕਰਦੇ ਹਨ, ਅਸੀਂ ਬੜੇ ਮਾਣ ਨਾਲ ਲਾਈਕ ਕਰਦੇ ਹਾਂ, ਸ਼ੇਅਰ ਕਰਦੇ ਹਾਂ।ਫਿਰ ਸੋਚਦੇ ਹਾਂ ਕਿ ਔਰਤਾਂ ਖਿਲਾਫ ਬਲਾਤਕਾਰ, ਛੇੜਖਾਨੀ, ਭਰੂਣ ਹੱਤਿਆ, ਘਰੇਲੂ ਹਿੰਸਾ ਬੰਦ ਕਿਉਂ ਨਹੀਂ ਹੁੰਦੀ?

ਆਉ ਰਲ਼ ਕਿ ਇਸ ਮਨੁੱਖਤਾ ਵਿਰੋਧੀ ਮਾਨਸਿਕਤਾ ਖਿਲਾਫ ਆਵਾਜ਼ ਉਠਾਈਏ? ਘਟੀਆ ਸੋਚ ਨੂੰ ਪ੍ਰਮੋਟ ਕਰ ਰਹੇ ਲੋਕਾਂ ਨੂੰ ਅਜਿਹੇ ਚੁਟਕਲੇ ਜਾਂ ਵੀਡੀਉ ਪਾਉਣ ਲਈ ਲਾਹਣਤਾਂ ਪਾਈਏ? ਉਨ੍ਹਾਂ ਨੂੰ ਅਹਿਸਾਸ ਕਰਾਈਏ ਕਿ ਅਜਿਹੀ ਘਟੀਆ ਸੋਚ ਪਬਲਿਕ ਪਲੈਟਫਾਰਮ ਤੇ ਚੱਲਣ ਨਹੀਂ ਦਿੱਤੀ ਜਾਵੇਗੀ। ਮੇਰੀ ਸਮਝ ਅਨੁਸਾਰ ਇਹ ਔਰਤਾਂ ਖਿਲਾਫ ਘਟੀਆ ਕਿਸਮ ਦਾ ਰੇਸਿਜ਼ਮ (ਨਸਲਵਾਦ) ਹੈ।ਔਰਤਾਂ ਸਮਾਜ ਵਿੱਚ ਬਰਾਬਰ ਦਾ ਦਰਜਾ ਤਾਂ ਹੀ ਪਾ ਸਕਦੀਆਂ ਹਨ ਤੇ ਉਨ੍ਹਾਂ ਖਿਲਾਫ ਹਿੰਸਾ ਤਾਂ ਹੀ ਬੰਦ ਹੋ ਸਕਦੀ ਹੈ, ਜੇ ਮਰਦਾਂ ਵਿੱਚ ਉਨ੍ਹਾਂ ਵਿਰੋਧੀ ਮਾਨਸਿਕਤਾ ਬਦਲੀ ਜਾਵੇ। ਇਸਦੇ ਲਈ ਉਨ੍ਹਾਂ ਨੂੰ ਆਪ ਵੀ ਯਤਨ ਕਰਨੇ ਪੈਣਗੇ।ਜਦੋਂ ਘਰਾਂ ਵਿੱਚ, ਛੋਟੇ ਫੰਕਸ਼ਨਾਂ ਜਾਂ ਦੋਸਤਾਂ-ਮਿੱਤਰਾਂ ਦੇ ਗਰੁੱਪਾਂ ਵਿੱਚ ਕੋਈ ਵਿਅਕਤੀ ਅਜਿਹੇ ਚੁਟਕਲੇ ਸੁਣਾਏ, ਉਸਨੂੰ ਉਥੇ ਹੀ ਰੋਕਿਆ ਜਾਣਾ ਚਾਹੀਦਾ ਹੈ।

ਤੁਹਾਡੇ ਇਸ ਬਾਰੇ ਕੀ ਵਿਚਾਰ ਹਨ, ਜਰੂਰ ਲਿਖੋ।ਲੜਕੀਆਂ ਨੂੰ ਮੈਂ ਚੈਲਿੰਜ ਕਰਦਾ ਹਾਂ ਕਿ ਇਸ ਮਸਲੇ ਨੂੰ ਸੀਰਅਸ ਲੈਣ ਤੇ ਕੁਝ ਕਰਨ ਲਈ ਅੱਗੇ ਆਉਣ।ਉਹ ਪ੍ਰਣ ਕਰਨ ਕਿ ਕਿਸੇ ਵੀ ਮਰਦ ਜਾਂ ਔਰਤ ਨੂੰ ਅਜਿਹੇ ਘਟੀਆ ਮਾਨਸਕਿਤਾ ਵਾਲੇ ਨਸਲਵਾਦੀ ਚੁਟਕਲਿਆਂ ਨੂੰ ਨਾ ਸੁਣਨਗੀਆਂ ਤੇ ਸੁਨਾਣਗੀਆਂ? ਮਰਦਾਂ ਨੂੰ ਵੀ ਔਰਤਾਂ ਦੇ ਹੱਕਾਂ ਲਈ ਅਜਿਹੇ ਪ੍ਰਣ ਕਰਨ ਦੀ ਲੋੜ ਹੈ।



# ਪੰਜਾਬੀ ਗਾਇਕੀ ਵਿੱਚ ਲੱਚਰਤਾ, ਨਸ਼ੇ, ਹਿੰਸਾ ਤੇ ਨਸਲਵਾਦ ਖਿਲਾਫ ਠੋਸ ਮੁਹਿੰਮ ਸ਼ੁਰੂ ਕਰਨ ਦਾ ਐਲਾਨ !

ਕੈਲਗਰੀ: ਸਿਆਣਿਆਂ ਵਲੋਂ ਗੀਤ-ਸੰਗੀਤ ਨੂੰ ਰੂਹ ਦੀ ਖੁਰਾਕ ਕਿਹਾ ਗਿਆ ਹੈ ਤੇ ਹਰ ਕੋਈ ਚੰਗਾ ਗੀਤ-ਸੰਗੀਤ ਸੁਣਨ ਤਰਜ਼ੀਹ ਦਿੰਦਾ ਹੈ।ਪਰ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬੀ ਗਾਇਕੀ ਤੇ ਸੰਗੀਤ ਦਾ ਮਿਆਰ ਦਿਨੋ-ਦਿਨ ਡਿਗਦਾ ਜਾ ਰਿਹਾ ਹੈ।ਬੇਸ਼ਕ ਕੁਝ ਉਗਲਾਂ ਤੇ ਗਿਣੇ ਜਾਣ ਵਾਲੇ ਗਾਇਕ ਤੇ ਲੇਖਕ ਹਨ, ਜੋ ਚੰਗਾ ਗਾਉਂਦੇ ਜਾਂ ਲਿਖਦੇ ਹਨ, ਨਹੀਂ ਤਾਂ ਪੰਜਾਬੀ ਸੰਗੀਤ, ਜਿਥੇ ਸਾਜਾਂ ਦੇ ਸ਼ੋਰ ਤੋਂ ਵੱਧ ਕੁਝ ਨਹੀਂ ਰਿਹਾ, ਉਥੇ ਗੀਤਾਂ ਦੀ ਸ਼ਬਦਾਵਲੀ ਵੀ ਭੜੀ ਭੱਦੀ ਤੇ ਅਸ਼ਲੀਲ ਹੁੰਦੀ ਹੈ।ਪੰਜਾਬੀ ਗਾਇਕ ਤੇ ਲੇਖਕ ਸਭਿਆਚਾਰ ਦੇ ਨਾਮ ਤੇ ਲੱਚਰਤਾ ਅਤੇ ਅਸ਼ਲੀਲਤਾ ਫੈਲਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ।ਜਿਥੇ ਪੰਜਾਬੀ ਗੀਤ ਜਾਤ-ਪਾਤੀ ਮਾਨਸਿਕਤਾ ਨੂੰ ਉਭਾਰ ਕੇ ਪੰਜਾਬ ਦੇ ਲੋਕਾਂ ਵਿੱਚ ਨਸਲਵਾਦ ਦੇ ਬੀਜ ਬੋ ਰਹੇ ਹਨ, ਉਥੇ ਇਸ ਨਾਲ ਪੰਜਾਬੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਹਿੰਸਾ ਵੱਲ ਵੀ ਧੱਕੀ ਜਾ ਰਹੀ ਹੈ।ਪੰਜਾਬੀ ਗੀਤਾਂ ਵਿਚੋਂ ਬਹੁਤ ਥੋੜੇ ਗੀਤ ਅਜਿਹੇ ਮਿਲਦੇ ਹਨ, ਜਿਨ੍ਹਾਂ ਵਿੱਚੋਂ ਤੁਹਾਨੂੰ ਚੰਗੀ ਸ਼ਾਇਰੀ ਜਾਂ ਸਾਡੇ ਸਭਿਆਚਾਰ ਤੇ ਵਿਰਸੇ ਦੀ ਕੋਈ ਝਲਕ ਮਿਲਦੀ ਹੋਵੇ, ਨਹੀਂ ਤਾਂ ਬਹੁਤੇ ਗੀਤਾਂ ਵਿੱਚ ਜੱਟਵਾਦ, ਸ਼ਰਾਬ, ਡਾਂਗਾਂ, ਰਫਲਾਂ, ਬੰਦੂਕਾਂ, ਔਰਤਾਂ ਖਿਲਾਫ ਘਟੀਆ ਸ਼ਬਦਾਵਲੀ ਹੀ ਮਿਲਦੀ ਹੈ।ਜਿਸਦੇ ਨਤੀਜੇ ਵਜੋਂ ਸਾਡੀ ਨੌਜਵਾਨੀ ਪੀੜ੍ਹੀ ਨਸ਼ਿਆਂ, ਗੈਂਗਵਾਰ, ਚੋਰੀਆਂ, ਡਕੈਤੀਆਂ, ਲੜਾਈਆਂ, ਬਲਾਤਕਾਰ ਆਦਿ ਵੱਲ ਉਲਾਰ ਹੋ ਰਹੀ ਹੈ।ਪੰਜਾਬੀ ਸਮਾਜ ਦਾ ਕਿਰਦਾਰ ਫੁਕਰਪੁਣੇ ਤੇ ਦਿਖਾਵੇਬਾਜੀ ਵਾਲਾ ਬਣਦਾ ਜਾ ਰਿਹਾ ਹੈ।ਅਜਿਹੇ ਵਿੱਚ ਪੰਜਾਬੀ ਸਭਿਆਚਾਰ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਤੇ ਨੌਜਵਾਨੀ ਨੂੰ ਨਸ਼ਿਆਂ ਤੇ ਗੈਂਗਵਾਰ ਤੋਂ ਬਚਾਉਣ ਲਈ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਮੈਗਜ਼ੀਨ ਕੈਲਗਰੀ ਵਲੋਂ ਇਸ ਸਮਾਜ ਵਿਰੋਧੀ ਵਰਤਾਰੇ ਖਿਲਾਫ ਠੋਸ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ।ਦੋਨਾਂ ਸੰਸਥਾਵਾਂ ਵਲੋਂ ਮੀਡੀਆ ਨੂੰ ਬਿਆਨ ਜਾਰੀ ਕਰਦੇ ਹੋਏ ਮਾਸਟਰ ਭਜਨ ਸਿੰਘ ਤੇ ਹਰਚਰਨ ਸਿੰਘ ਪਰਹਾਰ ਵਲੋਂ ਕਿਹਾ ਗਿਆ ਕਿ ਇਹ ਲੜਾਈ ਵੱਡੀ ਹੈ, ਜੋ ਕਿ ਸੁਸਾਇਟੀ ਦਾ ਭਲਾ ਚਾਹੁਣ ਵਾਲੇ ਸਾਰੇ ਵਿਅਕਤੀਆਂ ਤੇ ਸੰਸਥਾਵਾਂ ਦੇ ਸਹਿਯੋਗ ਤੋਂ ਬਿਨਾਂ ਨੇਪਰੇ ਨਹੀਂ ਚਾੜ੍ਹੀ ਜਾ ਸਕਦੀ।ਉਨ੍ਹਾਂ ਇਸ ਮੁਹਿੰਮ ਦੀ ਕਾਮਯਾਬੀ ਲਈ ਕੈਲਗਰੀ ਸਮੇਤ ਕਨੇਡਾ ਭਰ ਦੀਆਂ ਸਾਰੀਆਂ ਸਮਾਜਿਕ, ਸਾਹਿਤਕ, ਸਭਿਆਚਾਰਕ, ਰਾਜਨੀਤਕ ਤੇ ਧਾਰਮਿਕ ਸੰਸਥਾਵਾਂ ਨੂੰ ਸ਼ਾਮਿਲ ਹੋਣ ਖੁੱਲ੍ਹਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਸਾਡੇ ਨਾਲ ਸਾਥ ਦੇਣ ਵਾਲੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਬਹੁਤ ਜਲਦੀ ਕੋਈ ਠੋਸ ਪ੍ਰੋਗਰਾਮ ਉਲੀਕਿਆ ਜਾਵੇਗਾ ਤਾਂ ਕਿ ਅਗਲੇ ਕੁਝ ਮਹੀਨਿਆਂ ਬਾਅਦ ਪੰਜਾਬੀ ਸਭਿਆਚਾਰ ਅਤੇ ਮਾਂ ਬੋਲੀ ਦੀ ਸੇਵਾ ਦੇ ਨਾਮ ਤੇ ਪਰਿਵਾਰਕ ਸ਼ੋਆਂ ਦੇ ਨਾਮ ਹੇਠ ਲੱਚਰਤਾ, ਨਸ਼ੇ, ਹਿੰਸਾ, ਜਾਤੀਵਾਦ ਫੈਲਾ ਰਹੇ ਗਾਇਕਾਂ ਖਿਲਾਫ ਕਾਰਵਾਈ ਕੀਤੀ ਜਾ ਸਕੇ।ਉਨ੍ਹਾਂ ਸ਼ੋਅ ਕਰਾਉਣ ਵਾਲੇ ਪ੍ਰਮੋਟਰਾਂ ਤੇ ਸਪੌਂਸਰ ਕਰਨ ਵਾਲੇ ਬਿਜਨੈਸਮੈਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬੀ ਸਭਿਆਚਾਰ ਤੇ ਮਾਂ ਬੋਲੀ ਪੰਜਾਬੀ ਨੂੰ ਤਬਾਹ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ-ਦਲ ਵਿੱਚ ਧਕੇਲ ਰਹੇ ਅਜਿਹੇ ਸਮਾਜ ਵਿਰੋਧੀ ਅਖੌਤੀ ਕਲਾਕਾਰਾਂ ਨੂੰ ਪ੍ਰੋਮੋਟ ਨਾ ਕਰਨ।ਆਪਣੇ ਬਿਆਨ ਵਿੱਚ ਉਨ੍ਹਾਂ ਸੰਕੇਤ ਦਿੱਤਾ ਕਿ ਜਲਦ ਹੀ ਸੁਬਾਈ ਤੇ ਫੈਡਰਲ ਸਰਕਾਰਾਂ ਨਾਲ ਸੰਪਰਕ ਕਰਕੇ ਵਿਜ਼ਟਰ ਵੀਜੇ ਤੇ ਆ ਕੇ ਗੈਰ ਕਨੂੰਨੀ ਢੰਗ ਨਾਲ ਲੱਖਾਂ ਡਾਲਰਾਂ ਇਕੱਠੇ ਕਰਕੇ ਲਿਜਾਣ ਵਾਲੇ ਇਨ੍ਹਾਂ ਅਖੌਤੀ ਮਾਂ ਬੋਲੀ ਤੇ ਸਭਿਆਚਾਰ ਦੇ ਸੇਵਕਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਜਾਵੇਗੀ।ਉਨ੍ਹਾਂ ਬੱਚਿਆਂ ਨੂੰ ਗਿੱਧਾ ਭੰਗੜਾ ਸਿਖਾ ਰਹੇ ਗਰੁੱਪਾਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਸਾਫ ਸੁਥਰੀ ਤੇ ਸਭਿਆਚਾਰਕ ਗਾਇਕੀ ਵਾਲੇ ਗੀਤਾਂ ਤੇ ਹੀ ਭੰਗੜਾ ਗਿੱਧਾ ਪਵਾਉਣ ਤਾਂ ਕਿ ਸਾਡੇ ਬੱਚੇ ਅਸਲੀ ਪੰਜਾਬੀ ਸਭਿਆਚਾਰ ਨਾਲ ਜੁੜ ਸਕਣ।ਉਨ੍ਹਾਂ ਇਸ ਮੁਹਿੰਮ ਦਾ ਹੋਰ ਵਿਸਥਾਰ ਕਰਦੇ ਹੋਏ ਕਿਹਾ ਕਿ ਪੰਜਾਬੀ ਦੇ ਰੇਡੀਉ ਜਾਂ ਟੀਵੀ ਚੈਨਲਾਂ ਨੂੰ ਅਜਿਹੇ ਲੱਚਰ ਗਾਇਕਾਂ ਤੇ ਉਨ੍ਹਾਂ ਦੇ ਗੀਤਾਂ ਨੂੰ ਪ੍ਰੋਮੋਟ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ।ਇਹ ਪੁੱਛਣ ਤੇ ਕਿ ਜੇ ਇਲੈਕਟਰੌਨਿਕ ਮੀਡੀਆ, ਅਜਿਹਾ ਕਰਨ ਤੋਂ ਨਹੀਂ ਰੁਕਦਾ ਤਾਂ ਕੀ ਕਾਰਵਾਈ ਕੀਤੀ ਜਾਵੇਗੀ, ਦੇ ਜਵਾਬ ਵਿੱਚ ਬੁਲਾਰਿਆਂ ਨੇ ਕਿਹਾ ਕਿ ਇਸ ਸਬੰਧੀ ਸੀ ਆਰ ਟੀ ਸੀ ਕੋਲ ਅਜਿਹੇ ਚੈਨਲਾਂ ਦੀ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ।ਉਨ੍ਹਾਂ ਨੇ ਪਰਿਵਾਰਕ ਪਾਰਟੀਆਂ ਜਾਂ ਪਬਲਿਕ ਫੰਕਸ਼ਨਾਂ ਵਿੱਚ, ਜਿਥੇ ਬੱਚਿਆਂ ਸਮੇਤ ਹਰ ਵਰਗ ਦੇ ਲੋਕ ਸ਼ਾਮਿਲ ਹੁੰਦੇ ਹਨ, ਉਥੇ ਲੱਚਰ, ਨਸ਼ੇ ਤੇ ਜਾਤ-ਪਾਤ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ ਨੂੰ ਵਜਾਉਣ ਤੋਂ ਗੁਰੇਜ ਕਰਨ ਦੀ ਸਲਾਹ ਦਿੱਤੀ।ਅਖੀਰ ਵਿੱਚ ਸਭ ਨੂੰ ਇਸ ਮੁਹਿੰਮ ਵਿੱਚ ਸ਼ਾਮਿਲ ਹੋਣ, ਸਹਿਯੋਗ ਕਰਨ ਤੇ ਵਲੰਟੀਅਰ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ।ਲੱਚਰ ਤੇ ਨਸਲਵਾਦੀ, ਗਾਇਕੀ ਤੇ ਗਾਇਕਾਂ ਖਿਲਾਫ ਮੁਹਿੰਮ ਵਿੱਚ ਕਿਸੇ ਤਰ੍ਹਾਂ ਦਾ ਸਹਿਯੋਗ ਕਰਨ ਲਈ ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 ਅਤੇ ਹਰਚਰਨ ਸਿੰਘ ਪਰਹਾਰ ਨਾਲ 403-681-8689 ਜਾਂ hp8689@gmail.com 'ਤੇ ਸੰਪਰਕ ਕਰ ਸਕਦੇ ਹੋ।





# ਆਧਾਰ ਕਾਰਡ ਦੀ ਵਰਤੋਂ ਨਾਲ ਹੋਇਆ ਕੋਈ ਫਾਇਦਾ ?

ਮੁਕੇਸ਼ ਤਿਆਗ
ਸਰੋਤ ਮਜ਼ਬੂਰ ਬਿਗਲ
ਪੇਸ਼ः ਡਾ ਅਜੀਤਪਾਲ ਸਿੰਘ ਐਮ.ਡੀ.
ਸਾਬਕਾ ਡਿਪਟੀ ਮੈਡੀਕਲ
9815629301

ਮਿਡ ਡੇ ਮੀਲ, ਰਾਸ਼ਨ ਕਾਰਡ ਤੇ ਮਿਲਣ ਵਾਲਾ ਰਾਸ਼ਨ, ਰਸੋਈ ਗੈਸ, ਸਬਸਿਡੀ, ਬੁਢਾਪਾ ਪੈਨਸ਼ਨ, ਰੇਲਵੇ ਟਿਕਟ, ਬੱਚਿਆਂ ਦੇ ਸਕੂਲਾਂ ਦੇ ਇਮਤਿਹਾਨ, ਰਿਟਾਇਰਮੈਂਟ ਸਮੇਂ ਜਮ੍ਹਾਂ ਹੋਇਆ ਪੀ.ਪੀ.ਐੱਫ., ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਆਦਿ ਜੇ ਹੋਰ ਲਾਭ ਲੈਣੇ ਹੋਣ ਤਾਂ ਆਧਾਰ ਕਾਰਡ ਜ਼ਰੂਰੀ ਚਾਹੀਦਾ ਹੈ। ਬੈਂਕ ਵਾਲੇ ਆਧਾਰ ਕਾਰਡ ਮੰਗਦੇ ਹਨ। ਭੁਪਾਲ ਗੈਸ ਪੀੜਤਾਂ ਨੂੰ ਵੀ ਇਲਾਜ ਕਰਵਾਉਣ ਲਈ ਹਸਪਤਾਲ ਵਿੱਚ ਆਧਾਰ ਕਾਰਡ ਲਾਜ਼ਮੀ ਕਰ ਦਿੱਤਾ ਗਿਆ ਹੈ। ਬੰਧੂਆ ਮਜ਼ਦੂਰਾਂ ਨੂੰ ਵੀ ਮੁਕਤੀ 'ਚ ਮਦਦ ਤਾਂ ਹੀ ਮਿਲੂ ਜੇ ਉਹ ਆਧਾਰ ਕਾਰਡ ਬਣਾਉਣਗੇ। ਇਹ ਤਾਂ ਹਾਲ ਹੈ 'ਸਭ ਦਾ ਸਾਥ ਸਭ ਦਾ ਵਿਕਾਸ' ਕਹਿਣ ਵਾਲੀ ਸਰਕਾਰ ਦਾ। ਗਰਭਵਤੀ ਔਰਤਾਂ ਤੇ ਨਵ-ਜਾਤ ਬੱਚਿਆਂ ਲਈ ਕਿਸੇ ਸਕੀਮ ਦਾ ਫਾਇਦਾ ਲੈਣਾ ਹੋਵੇ ਤਾਂ ਪਹਿਲਾਂ ਜੱਚਾ-ਬੱਚਾ ਦਾ ਆਧਾਰ ਕਾਰਡ ਚਾਹੀਦਾ ਹੈ। ਜਦ 2009 ਵਿੱਚ ਆਧਾਰ ਕਾਰਡ ਬਣਾਉਣ ਦੀ ਸਕੀਮ ਸ਼ੁਰੂ ਹੋਈ ਸੀ ਤਾਂ ਕਿਹਾ ਗਿਆ ਸੀ ਕਿ ਇਸ ਵਿੱਚ ਰਜਿਸਟ੍ਰੇਸ਼ਨ ਕਰਾਉਣੀ ਸਵੈ ਇੱਛਕ ਹੋਵੇਗੀ। ਉਸ ਨੇ ਇਸ ਦਾ ਮਕਸਦ ਦੱਸਿਆ ਗਿਆ ਸੀ ਕਿ ਲਾਭਕਾਰੀ ਪ੍ਰੋਗਰਾਮਾਂ ਨੂੰ ਜ਼ਰੂਰਮੰਦਾਂ, ਗਰੀਬਾਂ ਤੱਕ ਪਹੁੰਚਾਉਣਾ ਫਾਲਤੂ ਲਾਭ ਲੈਣ ਵਾਲਿਆਂ ਨੂੰ ਵੱਖ ਕਰਨਾ, ਭ੍ਰਿਸ਼ਟਾਚਾਰ ਖਤਮ ਕਰਨਾ, ਸਰਕਾਰੀ ਸਕੀਮਾਂ ਨੂੰ ਪਾਰਦਰਸ਼ੀ ਤੇ ਕੁਸ਼ਲ ਬਣਾਉਣਾ ਆਦਿ। ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰੀ ਸਕੀਮਾਂ ਦਾ ਫਾਇਦਾ ਉਠਾਉਣ ਲਈ ਆਪਣੇ ਅਧਿਕਾਰਾਂ ਤੇ ਨਿੱਜਤਾ ਨਾਲ ਕੋਈ ਸਮਝੌਤਾ ਤਾਂ ਕਰਨਾ ਹੀ ਪੈਣਾ ਹੈ ਅਤੇ ਹਰ ਬੰਦੇ ਦੀ ਪਹਿਚਾਣ ਦੇ ਹਰ ਜਾਣਕਾਰੀ ਸਰਕਾਰ ਕੋਲ ਹੋਣ ਨਾ ਕਰਨ ਚ ਕਾਮਯਾਬੀ ਮਿਲੇਗੀ। ਪਰ ਇੰਨੇ ਸਾਲਾਂ ਵਿੱਚ ਇਸ ਦੇ ਲਾਗੂ ਹੋਣ ਦਾ ਤਜਰਬਾ ਦੱਸਦਾ ਹੈ ਕਿ ਇਹ ਅਸਲੀ ਵਿੱਚ ਸਮੂਹ ਵਾਂਝੇ ਲੋੜਵੰਦਾਂ ਨੂੰ ਲਾਭਕਾਰੀ ਯੋਜਨਾਵਾਂ ਦੇ ਫਾਇਦੇ ਤੋਂ ਵਾਂਝਾ ਕਰਨ ਅਤੇ ਸਰਕਾਰੀ ਤੰਤਰ ਦੇ ਕਰੀਬੀਆਂ ਨੂੰ ਫਾਇਦਾ ਪਹੁੰਚਾਉਣ ਦਾ ਸੰਦ ਤਾਂ ਹੈ ਹੀ, ਨਾਲ ਹੀ ਇਹ ਸ਼ਹਿਰੀਆਂ ਤੇ ਨਿਗਰਾਨੀ ਅਤੇ ਜਾਸੂਸੀ ਕਰਨ ਦਾ ਤੰਤਰ ਹੈ, ਜੋ ਨਾ ਸਿਰਫ ਸਾਡੀ ਨਿੱਜਤਾਂ ਦੀ ਲੁੱਟ ਕਰਦਾ ਹੈ। ਬਲਕਿ ਸਾਡੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਨਾਲ ਗਲਾ ਘੁੱਟਣ ਦਾ ਦਾ ਫੰਦਾ ਤਿਆਰ ਕਰ ਰਿਹਾ ਹੈ। ਨਾ ਸਿਰਫ ਸਾਰੇ ਸਰਕਾਰੀ ਕਲਿਆਣ ਪ੍ਰੋਗਰਾਮ ਜਿਨ੍ਹਾਂ ਵਿੱਚ ਪਹਿਲਾਂ ਤੋਂ ਹੀ ਬਹੁਤ ਖ਼ਾਮੀਆਂ ਹਨ ਹੁਣ ਪੂਰੀ ਤਰ੍ਹਾਂ ਬਰਬਾਦ ਕੀਤੇ ਜਾ ਰਹੇ ਹਨ। ਬਲਕਿ ਸਾਡੇ ਰੋਜ਼ਮਰਾ ਦੀ ਜ਼ਿੰਦਗੀ ਦੇ ਹਰ ਖੇਤਰ ਤੇ ਸਰਕਾਰ ਸਰਕਾਰੀ ਤਾਣੇ ਬਾਣੇ ਦਾ ਸ਼ਿਕੰਜਾ ਕਸਣ ਤੇ ਜਮਹੂਰੀ ਆਜ਼ਾਦੀ ਅਤੇ ਨਿੱਜਤਾ ਦਾ ਗਲਾ ਘੁੱਟਣ ਦੀ ਤਿਆਰੀ ਕੀਤੀ ਜਾ ਰਹੀ ਹੈ। ਅਸਲ ਵਿੱਚ ਦੇਖਣਾ ਇਹ ਹੈ ਕਿ ਕੀ ਆਧਾਰ ਕਾਰਡਾਂ ਦੀ ਵਰਤੋਂ ਨਾਲ ਜਨਤਕ ਸੇਵਾਵਾਂ ਮੁਹੱਈਆ ਕਰਾਉਣ ਤੇ ਇਨ੍ਹਾਂ ਦੀ ਕਾਰਜ ਕੁਸ਼ਲਤਾ ਵਿੱਚ ਕੀ ਕੋਈ ਵਧਦਾ ਹੋਇਆ ਹੈ ? ਇਸ ਬਾਰੇ ਸਮਾਜਿਕ ਸੰਗਠਨਾਂ ਤੇ ਖੋਜੀਆਂ ਨੇ ਕਾਫੀ ਅਧਿਐਨ ਕੀਤੇ ਹਨ ਅਤੇ ਹਾਲਤ ਨੂੰ ਮਾੜੇ ਰੁੱਖ ਹੀ ਪਾਇਆ ਹੈ। ਆਂਧਰਾ ਪ੍ਰਦੇਸ਼ ਦੇ ਨਾਗਰਿਕ ਪੂਰਤੀ ਵਿਭਾਗ ਨੇ ਜਾਚ (2015) ਵਿੱਚ ਇਹ ਪਾਇਆ ਕਿ ਇੱਕ ਚੌਥਾਈ ਲੋਕ ਰਾਸ਼ਨ ਕਿਉਂ ਨਹੀਂ ਲੈ ਰਹੇ ਹਨ। ਕਾਰਨ ਇਹ ਮਿਲਿਆ ਕਿ ਨੂੰ ਸੱਤ ਸੌ ਨੱਬੇ ਵਿੱਚੋਂ ਦੋ ਸੌ ਨੱਬੇ ਦੀਆਂ ਉਂਗਲਾਂ ਦੇ ਪ੍ਰਿੰਟ ਅਸਫਲ ਗਿਆ ਜਾਂ ਤਰੰਨਵੇਂ ਦਾ ਆਧਾਰ ਡਾਟਾ ਗਲਤ ਹਾਸਲ ਹੋ ਰਿਹਾ ਹੈ ਜਾਂ ਉਂਗਲਾਂ ਦੇ ਨਿਸ਼ਾਨ ਦੀ ਛਾਪ ਤਾਂ ਸਹੀ ਮਿਲਦੀ ਹੈ ਪਰ ਆਧਾਰ ਦੀ ਜਾਣਕਾਰੀ ਤੇ ਰਾਸ਼ਨ ਕਾਰਡ ਵਿੱਚ ਜਾਣਕਾਰੀ ਬੇਮੇਲ ਸੀ। ਰਾਜਸਥਾਨ ਕੱਢੀ ਗਈ ਜਵਾਬਦੇਹੀ ਯਾਤਰਾ ਵਿੱਚ ਵੀ ਇਹ ਕਾਫੀ ਲੋਕਾਂ ਨੇ ਦੱਸਿਆ ਕਿ ਉਹ ਰਾਸ਼ਨ ਜਾਂ ਪੈਨਸ਼ਨ ਨਹੀਂ ਲੈ ਪਾ ਰਹੇ ਹਨ ਕਿਉਂਕਿ ਜਾਂ ਤਾਂ ਉਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨ ਨਹੀਂ ਮਿਲਦੇ ਸਨ ਜਾਂ ਡੈਟਾ ਗਲਤ ਮਿਲਦਾ ਸੀ। ਬਹੁਤ ਸਾਰੇ ਲੋਕਾਂ ਨੂੰ ਰਾਸ਼ਨ ਲੈਣ ਲਈ ਚਾਰ ਪੰਜ ਵਾਰੀ ਚੱਕਰ ਲਾਉਣੇ ਪੈ ਰਹੇ ਹਨ। ਕਦੀ ਬਿਜਲੀ ਨਹੀਂ, ਕਦੀ ਨੈੱਟਵਰਕ ਨਹੀਂ, ਕਦੀ ਮਸ਼ੀਨ ਠੀਕ ਨਹੀਂ ਜਾਂ ਗਲਤ ਉਂਗਲੀ ਦਾ ਨਿਸ਼ਾਨ ਮਿਲਿਆ। ਬਹੁਤ ਸਾਰੀਆਂ ਥਾਵਾਂ ਤੇ ਨੈੱਟਵਰਕ ਲਈ ਦਰਖਾਸਤਾਂ ਜਾਂ ਛੱਤ ਤੇ ਚੜ੍ਹਨ ਵਾਲੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ। ਅਸਲ ਵਿੱਚ ਸ਼ੁਰੂ ਤੋਂ ਹੀ ਪਤਾ ਸੀ ਕਿ ਬਾਇਓਮੈਟ੍ਰਿਕਸ ਭਾਵ ਉਂਗਲ ਦੀ ਛਾਪ ਤੇ ਅੱਖ ਦੀ ਪੁਤਲੀ ਨਾਲ ਬੰਦੇ ਦੀ ਪਹਿਚਾਣ ਦੀ ਤਕਨੀਕ ਪੂਰੀ ਤਰ੍ਹਾਂ ਸਹੀ ਨਤੀਜਾ ਨਹੀਂ ਦਿੰਦੀ। ਆਮ ਤੌਰ 'ਤੇ ਇਸ ਵਿੱਚ ਦੋ ਤੋਂ ਪੰਜ ਫ਼ੀਸਦੀ ਗ਼ਲਤੀਆਂ ਹਨ। ਪਰ ਭਾਰਤ ਵਿੱਚ ਗਰਮ ਮਿੱਟੀ ਘੱਟੇ ਭਰੇ, ਬਿਨਾਂ ਏਅਰ ਕੰਡੀਸ਼ੰਡ ਵਾਲੇ ਮਾਹੌਲ ਵਿੱਚ ਅਤੇ ਆਮ ਤੌਰ 'ਤੇ ਸਖ਼ਤ ਮਿਹਨਤ ਕਰਕੇ ਘਿਸੇ ਹੱਥਾਂ ਵਾਲੇ, ਗਰੀਬ ਲੋਕਾਂ ਦੇ ਮਾਮਲੇ ਵਿੱਚ ਤਾਂ ਇਹ ਉੱਕਾ ਹੀ ਭਰੋਸੇਯੋਗ ਨਹੀਂ ਹੈ। ਜਦ ਕਿ ਖ਼ਾਸ ਇਹੀ ਲੋਕ ਹਨ ਜਿਨ੍ਹਾਂ ਨੂੰ ਲਾਭਕਾਰੀ ਸਕੀਮਾਂ ਦੀ ਖਾਸ ਲੋੜ ਹੈ। ਪਰ ਇਨ੍ਹਾਂ ਜ਼ਰੂਰਤਮੰਦ ਮਿਹਨਤਕਸ਼ ਲੋਕਾਂ ਲਈ ਇਹ ਇਨ੍ਹਾਂ ਨੂੰ ਲਾਭ ਮਿਲਣ ਦਾ ਨਹੀਂ ਬਲਕਿ ਵਾਂਝੇ ਹੋਣ ਦਾ ਸਬੱਬ ਬਣ ਗਿਆ ਹੈ। ਜਿੱਥੋਂ ਤੱਕ ਅਧਾਰ ਰਾਹੀਂ ਵੱਖ ਵੱਖ ਲਾਭਕਾਰੀ ਯੋਜਨਾਵਾਂ ਦੀ ਥਾਂ 'ਤੇ ਸਿੱਧੇ ਕੈਸ਼ ਦੇਣ ਦਾ ਸਵਾਲ ਹੈ ਉਸ ਵਿੱਚ ਆਧਾਰ ਕਾਰਡ ਕੀ ਕਰ ਸਕਦਾ ਹੈ ? ਬੰਦੇ ਦੀ ਸਹੀ ਪਹਿਚਾਣ ਦੀ ਗੱਲ ਨੂੰ ਜੇ ਮੰਨ ਵੀ ਲਿਆ ਜਾਵੇ ਤਾਂ ਕਿਸ ਬੰਦੇ ਨੂੰ ਫ਼ਾਇਦਾ ਦਿੱਤਾ ਜਾਵੇ। ਇਹ ਤੈਅ ਕਰਨ ਦਾ ਕੰਮ ਤਾਂ ਉਸ ਰਾਜਸੀ ਪ੍ਰਸ਼ਾਸਨਿਕ ਤਾਣੇ ਬਾਣੇ ਦਾ ਹੈ ਜਿਸ ਦਾ ਹੁਣ ਰਾਜ ਹੈ। ਫਿਰ ਇਹ ਕੈਸ਼ ਵੰਡ ਲਈ ਬੈਂਕ ਜਾਂ ਏਜੰਟ ਇੱਕ ਹੋਰ ਵਿਚੋਲਾ ਬਣ ਜਾਂਦਾ ਹੈ ਜੋ ਆਧਾਰ ਦੀ ਪਹਿਚਾਣ ਦੇ ਜ਼ਰੀਏ ਕੈਸ਼ ਦਿੰਦਾ ਹੈ। ਇਸ ਵਿੱਚ ਕੁੱਝ ਵੀ ਸਵੈ-ਚਾਲਕ ਨਹੀਂ ਹੈ ਅਤੇ ਲੁੱਟ-ਘਸੁੱਟ ਦਾ ਤੰਤਰ ਨਾ ਸਿਰਫ਼ ਜਿਉਂ ਦਾ ਤਿਉਂ ਕਾਇਮ ਹੈ ਬਲਕਿ ਆਧਾਰ ਦੇ ਜਰੀਏ ਲਾਭ ਦੇ ਹੱਕਦਾਰ ਨੂੰ ਪ੍ਰੇਸ਼ਾਨ ਕਰਕੇ ਲਾਭ ਤੋਂ ਵਾਂਝਾ ਕਰਨ ਦੇ ਬਹਾਨੇ ਉਸ ਕੋਲ ਹੋਰ ਵੱਧ ਜਾਂਦੇ ਹਨ। ਝਾਰਖੰਡ, ਦਿੱਲੀ ਛਤੀਸ਼ਗੜ੍ਹ, ਪੰਜਾਬ, ਗੁਜਰਾਤ ਸਭ ਰਾਜਾਂ ਜਿੱਥੇ ਇਸ ਨੂੰ ਜ਼ਰੂਰੀ ਬਣਾਇਆ ਗਿਆ ਹੈ ਉੱਥੇ ਨਾ ਸਿਰਫ ਇਸ ਨਾਲ ਕਾਰਜ ਕੁਸ਼ਲਤਾ ਘਟੀ ਹੈ। ਬਲਕਿ ਇਹ ਜਨਤਕ ਸੇਵਾਵਾਂ ਤੋਂ ਗਰੀਬ ਤੇ ਬੇਵੱਸ ਵਿਅਕਤੀਆ ਆਦੀਵਾਸੀਆਂ, ਦਲਿਤਾਂ, ਬਜ਼ੁਰਗਾਂ, ਔਰਤਾਂ, ਵਿਧਵਾਵਾਂ, ਅਪਾਹਜਾਂ ਨੂੰ ਵਾਂਝੇ ਕਰਨ ਦਾ ਜ਼ਰੀਆ ਬਣ ਗਿਆ ਹੈ। ਇਹ ਇਨ੍ਹਾਂ ਸੇਵਾਵਾਂ 'ਚ ਭ੍ਰਿਸ਼ਟਾਚਾਰ ਤੇ ਚੋਰੀ ਵਧਾ ਰਿਹਾ ਹੈ। ਆਧਾਰ ਕਾਰਡ ਨੂੰ ਜ਼ਰੂਰੀ ਕਰ ਦੇਣ ਨਾਲ ਹਰ ਜਨਤਕ ਸੇਵਾ ਹਾਸਲ ਕਰਨ ਲਈ ਜ਼ਰੂਰੀ ਸ਼ਰਤਾਂ ਵੀ ਵਧਾ ਦਿੱਤੀਆਂ ਗਈਆਂ ਹਨ। ਬਿਜਲੀ, ਉਂਗਲ ਸਕੈਨ ਕਰਨ ਵਾਲੀ ਮਸ਼ੀਨ, ਇੰਟਰਨੈੱਟ ਦੇ ਸਰਵਰ ਦਾ ਕੁਨੈਕਸ਼ਨ ਇਸ ਵਿੱਚ ਇੱਕ ਵੀ ਮੁਹੱਈਆ ਨਾ ਹੋਵੇ ਜਾਂ ਉਂਗਲ ਦਾ ਨਿਸ਼ਾਨ ਸਥਾਪਤ ਨਾ ਹੋਣ ਜਾਂ ਉਂਗਲ ਦਾ ਨਿਸ਼ਾਨ ਮਿਲ ਜਾਣ ਤੇ ਵੀ ਡਾਟਾ ਆਧਾਰ ਦੀ ਜਾਣਕਾਰੀ ਨਾਲ ਨਾ ਮੇਲ ਖਾਵੇ ਤਾਂ ਬੰਦੇ ਨੂੰ ਸੇਵਾ ਹਾਸਲ ਕਰਨ ਤੋਂ ਵਾਂਝਾ ਕੀਤਾ ਜਾ ਸਕਦਾ ਹੈ। ਉਂਗਲ ਦੀ ਛਾਪ ਦੀ ਸਥਿਤੀ ਇਹ ਹੈ ਕਿ ਸਭ ਤੋਂ ਪਹਿਲਾਂ ਪੈਨਸ਼ਨ ਤੇ ਰੁਜ਼ਗਾਰ ਗਾਰੰਟੀ ਯੋਜਨਾ ਲਈ ਇਸ ਦੀ ਵਰਤੋਂ ਸ਼ੁਰੂ ਕਰਨ ਵਾਲੇ ਆਂਧਰਾ ਪ੍ਰਦੇਸ਼ ਵਿੱਚ ਵੀ ਵੀਹ ਤੋਂ ਬਾਈ ਫੀਸਦੀ ਉਂਗਲ ਦੇ ਛਾਪ ਅਸਫਲ ਹੁੰਦੇ ਹਨ ਭਾਵ ਪੰਜਾ ਵਿੱਚੋਂ ਇੱਕ। ਹੋਰ ਰਾਜਾਂ ਵਿੱਚ ਅਸਫ਼ਲਤਾ ਦਾ ਅੰਕੜਾ ਤੀਹ ਫ਼ੀਸਦੀ ਤੱਕ ਜਾਂਦਾ ਹੈ। ਰਾਜਸਥਾਨ ਵਿੱਚ ਜਦ ਸਮਾਜਿਕ ਸੁਰੱਖਿਆ ਪੈਨਸ਼ਨ ਨੂੰ ਆਧਾਰ ਨਾਲ ਜੋੜਿਆ ਗਿਆ ਤਾਂ ਜਿਨ੍ਹਾਂ ਕੋਲ ਆਧਾਰ ਨਹੀਂ ਸੀ ਜਾਂ ਜਿਨ੍ਹਾਂ ਦੀ ਜਾਣਕਾਰੀ ਵਿੱਚ ਗਲਤੀਆਂ ਸਨ ਅਜਿਹੇ ਦਸ ਲੱਖ ਤੋਂ ਵੱਧ ਲੋਕਾਂ ਨੂੰ ਮ੍ਰਿਤਕ ਜਾਂ ਡੁਪਲੀਕੇਟ ਕਹਿ ਕੇ ਉਨ੍ਹਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ ਹੈ। ਪਰ ਜਦ ਸ਼ਿਕਾਇਤਾਂ ਪਿੱਛੋਂ ਕੁਝ ਸੰਗਠਨਾਂ ਨੇ ਜਾਂਚ ਕੀਤੀ ਤਾਂ ਪਾਇਆ ਕਿ ਇਨ੍ਹਾਂ ਵਿੱਚੋਂ ਬਹੁਤ ਗਿਣਤੀ ਮ੍ਰਿਤਕ ਨਹੀਂ ਬਲਕਿ ਜੀਵਤ ਹਨ। ਪਰ ਇਹ ਸਭ ਲੋਕ ਬੇਹੱਦ ਗਰੀਬ, ਬਜ਼ੁਰਗ, ਬੇਸਹਾਰਾ, ਵਿਧਵਾ ਔਰਤਾਂ ਆਦਿ ਹਨ। ਜਿਨ੍ਹਾਂ ਨੂੰ ਪ੍ਰਸਾਸ਼ਨਿਕ ਤੰਤਰ ਨੇ ਇੱਕੋ ਝਟਕੇ ਵਿੱਚ ਪੰਜ ਸੌ ਰੁਪਏ ਮਹੀਨਾ ਪੈਨਸ਼ਨ ਤੋਂ ਵਾਂਝੇ ਕਰ ਦਿੱਤਾ। ਆਧਾਰ ਦੀ ਸ਼ੁਰੂਆਤ ਸਮੇਂ ਕਿਹਾ ਗਿਆ ਸੀ ਕਿ ਜਿਨ੍ਹਾਂ ਕੋਲ ਹੋਰ ਕੋਈ ਪਹਿਚਾਣ ਪੱਤਰ ਨਹੀਂ ਹੈ ਉਹ ਕਲਿਆਣਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ ਤੇ ਆਧਾਰ ਰਾਹੀਂ ਪਹਿਚਾਣ ਪੱਤਰ ਦੇਣ ਨਾਲ ਉਹੀ ਇਨ੍ਹਾਂ ਯੋਜਨਾਵਾਂ ਦਾ ਲਾਭ ਲੈ ਸਕਣਗੇ ਪਰ ਆਧਾਰ ਬਣਾਉਣ ਤੋਂ ਪਹਿਲਾਂ ਕੋਈ ਪਹਿਚਾਣ ਪੱਤਰ ਹੋਣ ਦੀ ਵੀ ਇੱਕ ਸ਼ਰਤ ਹੈ ਤਾਂ ਇਨ੍ਹਾਂ ਲੋਕਾਂ ਦਾ ਆਧਾਰ ਵੀ ਨਹੀਂ ਬਣਦਾ ਹਾਲਾਂ ਕਿ ਵਾਕਫ਼ੀਅਤ ਦੇਣ ਵਾਲੇ ਰਾਹੀਂ ਵੀ ਆਧਾਰ ਬਣਾਉਣ ਦੀ ਵਿਵਸਥਾ ਹੈ। ਪਰ ਇਸ ਤਰ੍ਹਾਂ ਨਾਲ ਸਿਰਫ ਦੋ ਲੱਖ ਭਾਵੇਂ ਨਿਗੂਣੀ ਗਿਣਤੀ ਦੇ ਆਧਾਰ ਕਾਰਡ ਹੀ ਜਾਰੀ ਹੋਏ ਹਨ। ਇਸ ਤਰ੍ਹਾਂ ਜੋ ਸਭ ਤੋਂ ਗਰੀਬ ਅਤੇ ਸਕੀਮਾਂ ਦੇ ਲਾਭ ਤੋਂ ਵੰਚਿਤ ਹਨ ਉਹ ਪਹਿਲਾਂ ਤੋਂ ਹੀ ਇਸ ਤੋਂ ਬਾਹਰ ਹਨ। ਫਿਰ ਰਾਸ਼ਨ ਕਾਰਡ ਹੋਵੇ ਜਾਂ ਪੈਨਸ਼ਨ ਹਰ ਥਾਂ ਇਨ੍ਹਾਂ ਲੋਕਾਂ ਨੂੰ ਫਰਜ਼ੀ ਐਲਾਨ ਕੇ ਇਨ੍ਹਾਂ ਦੇ ਨਾਵਾਂ ਨੂੰ ਇਨ੍ਹਾਂ ਦੀਆਂ ਸਕੀਮਾਂ 'ਚੋਂ ਕੱਟ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਆਧਾਰ ਗਰੀਬ ਲੋਕਾਂ ਲਈ ਸਮਾਵੇਸ਼ੀ ਹੋਣ ਦੀ ਬਜਾਏ ਉਸ ਨੂੰ ਲਾਭ ਤੋਂ ਵਾਂਝੇ ਕਰਨ ਦਾ ਔਜ਼ਾਰ ਹੈ। ਅਸੀਂ ਕੁਝ ਹਾਲਤਾਂ ਦੀ ਕਲਪਨਾ ਕਰ ਸਕਦੇ ਹਾਂ। 12 ਕਰੋੜ ਸਕੂਲੀ ਬੱਚਿਆਂ ਨੂੰ ਜਦ ਕਿਹਾ ਜਾਵੇਗਾ ਕਿ ਦੁਪਹਿਰ ਦਾ ਖਾਣਾ ਦੇਣ ਲਈ ਪਹਿਲਾਂ ਆਧਾਰ ਕਾਰਡ ਸਥਾਪਤ ਕਰਵਾਓ, ਸਕੂਲ ਦੇ ਅਧਿਆਪਕ ਅਤੇ ਵਿਦਿਆਰਥੀ ਸਾਰਾ ਕੰਮ ਛੱਡ ਕੇ ਇਸੇ ਕੰਮ ਵਿੱਚ ਲੱਗ ਜਾਣਗੇ। ਅਜਿਹੀ ਥਾਂ ਲੱਭਣਗੇ ਜਿੱਥੇ ਨੈੱਟਵਰਕ ਮਿਲਦਾ ਹੋਵੇ ਫਿਰ ਵੀ ਜੇ ਬਿਜਲੀ ਨਾ ਹੋਵੇ ਜਾਂ ਕਿ ਸਰਵਰ ਤੋਂ ਕੁਨੈਕਸ਼ਨ ਨਾ ਮਿਲਿਆ ਤਾਂ ਖਾਣਾ ਨਹੀਂ ਮਿਲੇਗਾ। ਜੇ ਕੁਨੈਕਸ਼ਨ ਮਿਲ ਵੀ ਗਿਆ ਤਾਂ ਵੀ ਜਿਸ ਬੱਚੇ ਦਾ ਫਿੰਗਰ ਪ੍ਰਿੰਟ ਫੇਲ ਹੋ ਗਿਆ ਤਾਂ ਉਸ ਨੂੰ ਕਿਹਾ ਜਾਵੇਗਾ ਕਿ ਅੱਜ ਖਾਣਾ ਨਹੀਂ ਮਿਲੇਗਾ। ਅੱਜ ਭੁੱਖੇ ਰਹੋ। ਹਸਪਤਾਲ ਮਰੀਜ਼ ਬੀਮਾਰੀ ਨਾਲ ਤੜਪ ਰਿਹਾ ਹੈ ਪਰ ਇਲਾਜ ਲਈ ਆਧਾਰ ਚਾਹੀਦਾ ਹੈ। ਆਧਾਰ ਨਹੀਂ ਤਾਂ ਮਰੀਜ਼ ਨੂੰ ਤੜਪਣ ਤੇ ਮਰਨ ਲਈ ਛੱਡ ਦਿੱਤਾ ਜਾਵੇਗਾ। ਕਿੰਨੀ ਬੇਰਹਿਮ, ਜ਼ਾਲਮ, ਬੇਕਿਰਕ, ਗੈਰ ਮਨੁੱਖੀ, ਭਿਅੰਕਰ ਹਾਲਤ ਹੋਵੇਗੀ ਇਹ ਅਤੇ ਇੱਕ ਕਿਹੋ ਜਿਹਾ ਬੇਰਹਿਮ ਹਕੂਮਤੀ ਨਿਜ਼ਾਮ ਹੈ ਜੋ ਵਾਲੀਆਂ ਨੀਤੀਆਂ ਨਿਰਧਾਰਿਤ ਕਰਦਾ ਹੈ। ਫੈਸਲੇ ਲੈਂਦਾ ਹੈ ਕਿ ਤੜਪਦੇ ਮਰੀਜ਼ ਦੇ ਇਲਾਜ ਲਈ ਪਹਿਲਾਂ ਆਧਾਰ ਚਾਹੀਦਾ ਹੈ। ਆਧਾਰ ਨਹੀਂ ਤੜਪਣ ਜਾਂ ਮਰਨ ਲਈ ਛੱਡ ਦਿੱਤਾ ਜਾਵੇਗਾ। ਸਕੂਲ 'ਚ ਆਏ ਬੱਚੇ ਤੋਂ ਮਿਡ ਡੇ ਮੀਲ ਦੇਣ ਤੋਂ ਪਹਿਲਾਂ ਪਹਿਚਾਣ ਦਾ ਸਬੂਤ ਦੇਣ ਲਈ ਕਿਹਾ ਜਾਵੇਗਾ। ਇਹ ਇੱਕ ਅਜਿਹੀ ਹਕੂਮਤੀ ਵਿਵਸਥਾ ਹੀ ਕਰ ਸਕਦੀ ਹੈ ਜੋ ਉਨ੍ਹਾਂ ਨੂੰ ਸਹੂਲਤਾਂ ਮੁਹੱਈਆ ਨਾ ਹੋਣ ਦੀ ਸਮੱਸਿਆ ਨਹੀਂ ਮੰਨਦੀਆਂ ਬਲਕਿ ਉਨ੍ਹਾਂ ਦੀਆਂ ਨਜ਼ਰਾਂ ਵਿੱਚੋਂ ਲੋਕ ਬਗੈਰ ਪਹਿਚਾਣ ਸਬੂਤ ਦੇ ਇਲਾਜ ਕਰਵਾਉਣਾ ਚਾਹੁੰਦੇ ਹਨ, ਉਹ ਮਰੀਜ਼ ਸਮੱਸਿਆ ਹਨ। ਅਜਿਹੀ ਹਕੂਮਤ ਲਈ ਲੜੀਂਦੀ ਮਾਤਰਾ ਵਿੱਚ ਭੋਜਨ ਹੋਇਆ ਨਾ ਹੋਣਾ ਅਤੇ ਬੱਚਿਆਂ 'ਚ ਵੱਧ ਕੁਪੋਸ਼ਣ ਸਮੱਸਿਆ ਨਹੀਂ ਹੈ। ਬਲਕਿ ਬਗੈਰ ਪਹਿਚਾਣ ਜਾਂ ਸਬੂਤ ਦਿੱਤੇ ਸਕੂਲ ਵਿੱਚ ਮਿਡ ਡੇ ਮੀਲ ਲੈਣ ਆਏ ਬੱਚੇ ਸਮੱਸਿਆਵਾਂ ਹਨ। ਇਹ ਸਿਰਫ ਐਸੀ ਹਕੂਮਤ ਹੀ ਕਰ ਸਕਦੀ ਹੈ ਜੋ ਗਰੀਬ ਮਿਹਨਤਕਸ਼ ਲੋਕਾਂ ਦੀ ਗਰੀਬੀ ਦਾ ਕਾਰਨ ਵਾਤਾਵਰਣ 'ਚ ਪਈ ਲੁੱਟ ਖਸੁਟ ਨੂੰ ਨਹੀਂ ਮੰਨਦੀ। ਬਲਕਿ ਉਸ ਦੀ ਨਜ਼ਰ ਵਿੱਚ ਇਹ ਲੋਕ ਧੋਖੇਬਾਜ਼, ਕੰਮਚੋਰ ਤੇ ਭ੍ਰਿਸ਼ਟ ਹਨ। ਜੋ ਮਿਹਨਤੀ, ਪ੍ਰਤਿਭਾਸ਼ਾਲੀ, ਪੂੰਜੀਪਤੀਆਂ ਦੇ ਵੱਡ-ਵਡੇਰਿਆ ਦੀ ਮਿਹਨਤ ਨਾਲ ਕਮਾਏ ਪੈਸੇ ਨੂੰ ਮਿਡ ਡੇ ਮੀਲ ਰਾਸ਼ਨ 'ਤੇ ਇਲਾਜ ਆਦਿ ਦੇ ਜ਼ਰੀਏ ਲੁੱਟ ਲੈਣਾ ਚਾਹੁੰਦੇ ਹਨ। ਇਸ ਲਈ ਇਹ ਹਕੂਮਤ ਅਜਿਹੀ ਤਾਕਤ ਚਾਹੁੰਦੀ ਹੈ ਕਿ ਉਹ ਜਦ ਜਦੋਂ ਜਿਸ ਕਿਸੇ ਨੂੰ ਅਪਰਾਧੀ ਜਾਂ ਸ਼ੱਕੀ ਮੰਨੇ। ਉਸ ਦੀ ਪਹਿਚਾਣ ਕਰਕੇ ਉਸ ਨੂੰ ਇਹ ਸਹੂਲਤਾਂ ਲੈਣ ਦੇ ਬਹਾਨੇ ਇੱਕ ਤਥਾ ਕਥਿਤ ਲੁੱਟ ਤੋਂ ਰੋਕ ਸਕੇ। ਇਹ ਤਾਂ ਸਪੱਸ਼ਟ ਹੀ ਹੈ ਕਿ ਆਧਾਰ ਦਾ ਮਕਸਦ ਲੋਕਾਂ ਨੂੰ ਸਹੂਲਤਾਂ ਪਚਾਉਣਾ ਨਹੀਂ ਹੈ। ਤਾਂ ਫਿਰ ਮਕਸਦ ਹੈ ਕੀ ? ਮਕਸਦ ਹੈ ਇੱਕ ਅਜਿਹੀ ਨਿਗਰਾਨੀ ਵਿਵਸਥਾ ਤੋਂ ਦੇਸ਼ ਦੇ ਹਰ ਨਾਗਰਿਕ ਨੂੰ ਹਰ ਸਮੇਂ ਉਸ ਦੇ ਚਾਹੇ ਬਿਨਾਂ ਹੀ ਪਹਿਚਾਣ ਸਕੇ, ਉਸ ਦੀ ਹਰ ਸਰਗਰਮੀ ਤੇ ਨਜ਼ਰ ਰੱਖ ਸਕੇ। ਉਸ ਤੋਂ ਖ਼ਫਾ ਹੋ ਜਾਵੇ ਤਾਂ ਉਸ ਦਾ ਰਾਸ਼ਨ, ਤਨਖਾਹ, ਪੈਨਸ਼ਨ, ਸਕੂਲ ਵਿੱਚ ਬੱਚਿਆਂ ਦੇ ਦਾਖਲੇ, ਹਸਪਤਾਲ ਵਿੱਚ ਇਲਾਜ, ਮੋਬਾਈਲ ਤੇ ਗੱਲ ਕਰਨ, ਇੰਟਰਨੈੱਟ ਦੇ ਜ਼ਰੀਏ ਕੁਝ ਕਰਨ, ਪੜ੍ਹਨ, ਲਾਇਬ੍ਰੇਰੀਆਂ ਤੋਂ ਕਿਤਾਬਾਂ ਲੈ ਕੇ ਜਾਣ ਲਈ, ਟਰੇਨ ਬੱਸ ਦੀ ਟਿਕਟ ਲੈਣ ਭਾਵ ਕਿਸੇ ਵੀ ਸਹੂਲਤ ਤੋਂ ਵਾਂਝਾ ਕਰਨ ਸਕਣ ਦੀ ਤਾਕਤ ਹਾਸਲ ਕਰ ਸਕੇ।



**ਤਕਨੀਕੀ ਪਹਿਲੂ** : ਆਧਾਰ ਦੀ ਅਸਲੀਅਤ ਨੂੰ ਸਮਝਣ ਲਈ ਇਸ ਦੇ ਕੁਝ ਤਕਨੀਕੀ ਪਹਿਲੂਆਂ ਤੇ ਵੀ ਗੌਰ ਕਰ ਲੈਣਾ ਜ਼ਰੂਰੀ ਹੈ। ਹਾਲਾਂਕਿ ਇਹ ਗੱਲ ਕੁਝ ਹੱਦ ਮੰਨੀ ਜਾ ਸਕਦੀ ਹੈ ਕਿ ਪ੍ਰਸ਼ਾਸਨਿਕ ਲੋੜਾਂ ਲਈ ਬੰਦੇ ਦੀ ਸਹੀ ਪਹਿਚਾਣ ਕੀਤੀ ਜਾਵੇ। ਪਰ ਉਸ ਦੇ ਲਈ ਸਭ ਤੋਂ ਜੈਵਿਕ ਪਹਿਚਾਣ ਅਤੇ ਹੋਰ ਸਾਰੀਆਂ ਜਾਣਕਾਰੀਆਂ ਇੱਕ ਕੇਂਦਰੀ ਥਾਂ ਉੱਤੇ ਇਕੱਠੀਆਂ ਕਰਨ ਅਤੇ ਹਰ ਵਿਹਾਰਕ ਲੈਣ ਦੇਣ ਸਮੇਂ ਉਸ ਨੂੰ ਸਥਾਪਤ ਕਰਨ ਦੀ ਕੋਈ ਲੋੜ ਨਹੀਂ ਹੁੰਦੀ। ਇਸ ਦੇ ਲਈ ਦੁਨੀਆਂ ਭਰ ਵਿੱਚ ਸਭ ਵਿਕਸਤ ਦੇਸ਼ਾਂ ਵਿੱਚ ਵੀ ਵੱਖ ਵੱਖ ਕਿਸਮ ਦੀ ਪਹਿਚਾਣ ਪੱਤਰ ਦੀ ਜਾਰੀ ਕੀਤੇ ਜਾਂਦੇ ਹਨ। ਜਿਨ੍ਹਾਂ 'ਚ ਜ਼ਰੂਰਤ ਭਰ ਦੀ ਜਾਣਕਾਰੀ ਰਹਿੰਦੀ ਹੈ ਪਰ ਉਹ ਖੁਦ ਉਸ ਬੰਦੇ ਕੋਲ ਰਹਿੰਦੀ ਹੈ ਨਾ ਕਿ ਕਿਸੇ ਇੱਕ ਜਗ੍ਹਾ ਸਰਕਾਰ ਕੋਲ। ਬਲਕਿ ਜਮਹੂਰੀ ਚਿੰਤਨ ਤਾਂ ਇਹੀ ਕਹਿੰਦਾ ਹੈ ਕਿ ਸਰਕਾਰ ਜਾਂ ਪ੍ਰਸ਼ਾਸਨ ਦਾ ਕੋਈ ਵੀ ਅੰਗ ਕਿਸੇ ਵੀ ਨਾਗਰਿਕ ਬਾਰੇ ਲੋੜ ਤੋਂ ਵੱਧ ਸੂਚਨਾਵਾਂ ਇਕੱਠੀਆਂ ਨਾ ਕਰੇ। ਕੋਈ ਸੱਤਾ ਦੀ ਤਾਕਤ ਕੋਲ ਬੰਦੇ ਬਾਰੇ ਲੋੜੋਂ ਵੱਧ ਜਾਣਕਾਰੀ ਹਮੇਸ਼ਾ ਗਲਤ ਮਕਸਦ ਲਈ ਵਰਤੇ ਜਾਣ ਦਾ ਖਤਰਾ ਰਹਿੰਦਾ ਹੈ। ਖਾਸ ਕਰਕੇ ਆਧੁਨਿਕ ਤਰੀਕੇ ਦੇ ਨਾਲ ਇੱਕ ਕੇਂਦਰੀ ਥਾਂ ਤੇ ਇੱਕ ਜਾਣਕਾਰੀ ਦਾ ਭੰਡਾਰ ਸਭ ਤੋਂ ਵੱਧ ਅਸੁਰੱਖਿਅਤ ਹੈ। ਤਾਂ ਫਿਰ ਇਸ ਦੀ ਸੁਰੱਖਿਆ ਵਰਗੀ ਕੋਈ ਚੀਜ਼ ਹੁੰਦੀ ਹੀ ਨਹੀਂ। ਬੈਂਕਾਂ ਤੋਂ ਲੈ ਕੇ ਭਾਰੀ ਸੁਰੱਖਿਆ ਵਾਲੇ ਅਮਰੀਕੀ ਸੀ.ਆਈ.ਏ. ਦੀ ਸੂਚਨਾ ਭੰਡਾਰਾਂ ਨੂੰ ਵਾਰ ਵਾਰ ਸੰਨ ਲੱਗ ਚੁੱਕੀ ਹੈ। ਉਪਰੋਂ ਬਾਇਓਮੈਟ੍ਰਿਕ ਭਾਵ ਜੈਵਿਕ ਸੂਚਨਾਵਾਂ ਦੇ ਨਾਲ ਛੇੜਛਾੜ ਕਰਨਾ, ਉਸ ਦੀ ਨਕਲ ਕਰਨਾ, ਉਨ੍ਹਾਂ ਦਾ ਨੈੱਟਵਰਕ ਵਿਚਕਾਰੋਂ ਹੀ ਚੋਰੀ ਕਰਕੇ ਦੂਜਿਆਂ ਵੱਲੋਂ ਵਰਤਿਆ ਜਾਣਾ ਬੇਹੱਦ ਸੌਖਾ ਹੈ। ਬਿਨਾਂ ਬਹੁਤ ਤਕਨੀਕੀ ਗਿਆਨ ਅਤੇ ਮਹਿੰਗੇ ਉਪਕਰਨਾਂ ਨੂੰ ਇੱਥੋਂ ਤੱਕ ਕਿ ਉਂਗਲੀਆਂ ਤੇ ਗੂੰਦ ਮੋਮ ਬੋਗੈਲਿਨ ਆਦਿ ਦੀ ਵਰਤੋਂ ਨਾਲ ਵੀ ਇਨ੍ਹਾਂ ਨੂੰ ਸਕੈਨ ਕਰਨ ਵਾਲੀਆਂ ਮਸ਼ੀਨਾਂ ਨੂੰ ਅਸਰਅੰਦਾਜ਼ ਕੀਤਾ ਜਾਂਦਾ ਹੈ। ਪਰ ਸਭ ਤੋਂ ਖਤਰਨਾਕ ਹੈ ਕਿ ਤਕਨੀਕ ਦੀ ਵਰਤੋਂ ਨਾਲ ਇਹ ਸਭ ਜਾਣਕਾਰੀ ਵੱਡੀ ਗਿਣਤੀ ਚ ਬਣਾਈ ਜਾ ਸਕਦੀ ਹੈ ਅਤੇ ਇਸ ਨੂੰ ਬਗੈਰ ਸਬੰਧਿਤ ਵਿਅਕਤੀ ਦੀ ਹਾਜ਼ਰੀ ਅਤੇ ਜਾਣਕਾਰੀ ਦੇ ਵਰਤਿਆ ਜਾ ਸਕਦਾ ਹੈ। ਖੁਦ ਆਧਾਰ ਅਥਾਰਟੀ ਇਸ ਤੋਂ ਇਨਕਾਰ ਨਹੀਂ ਕਰਦੀ ਕਿ ਉਨ੍ਹਾਂ ਵੱਲੋਂ ਕੀਤੇ ਗਏ ਸਕੈਨ ਤੇ ਚਸ਼ਨਾਖਤ ਪੂਰਾ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਜਦ ਇਹ ਅਥਾਰਟੀ ਕਿਸੇ ਹੋਰ ਏਜੰਸੀ ਦੇ ਨਾਲ ਆਧਾਰ ਰਾਹੀਂ ਪਹਿਚਾਣ ਸਥਾਪਤ ਕਰਨ ਦਾ ਸਮਝੌਤਾ ਕਰਦੀ ਹੈ ਤਾਂ ਉਸ ਵਿੱਚ ਸਾਫ਼ ਲਿਖਿਆ ਜਾਂਦਾ ਹੈ ਕਿ ਇਸ ਵਿੱਚ ਸਹੀ ਪਹਿਚਾਣ ਦੀ ਕੋਈ ਗਰੰਟੀ ਨਹੀਂ ਹੈ। ਇਨ੍ਹਾਂ ਤਰ੍ਹਾਂ ਦੇ ਜੋ ਮਾਮਲੇ ਸਾਹਮਣੇ ਆਏ ਹਨ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਉਪਰੋਕਤ ਗੱਲਾਂ ਜ਼ਰੂਰਤਾਂ ਨਹੀਂ ਹਨ ਬਲਕਿ ਅਸਲੀਅਤ ਵਿੱਚ ਇਹ ਸਭ ਕੀਤਾ ਜਾ ਰਿਹਾ ਹੈ। ਇੱਕ ਵੱਡੇ ਬੈਂਕ ਐਕਸਿਸ ਬੈਂਕ ਤੇ ਉਸ ਦੇ ਦੋ ਹਿੱਸੇਦਾਰ ਸੰਗਠਨਾਂ ਵੱਲੋਂ ਇੱਕ ਬੰਦੇ ਦੀਆਂ ਜੈਵਿਕ ਸੂਚਨਾਵਾਂ ਨੂੰ ਰਿਕਾਰਡ ਕਰਕੇ ਦਸ ਮਹੀਨੇ ਚ ਉਨ੍ਹਾਂ ਦੀ 397 ਦੀ ਵਾਰੀ ਵਰਤੋਂ ਦਾ ਮਾਮਲਾ ਸਾਹਮਣੇ ਆਇਆ ਹੈ। ਰਿਲਾਇੰਸ ਜੀਓ ਦੇ 6 ਸੇਲਜ਼ਮੈਨ ਇੰਦੌਰ ਚ ਆਧਾਰ ਡਾਟਾ ਵਿੱਚ ਦੇ ਫੜੇ ਗਏ ਹਨ। ਜਿਸ ਨੂੰ ਖਰੀਦ ਕੇ ਕੋਈ ਦੀ ਵਿਅਕਤੀ ਦੇ ਨਾ ਹੇਠ ਸਿਮ ਲੈ ਸਕਦਾ ਹੈ। ਪੰਜ ਲੱਖ ਬੱਚਿਆਂ ਦੀ ਸੰਪੂਰਨ ਆਧਾਰ ਜਾਣਕਾਰੀ ਇੱਕ ਵੈੱਬਸਾਈਟ ਤੇ ਖੁੱਲ੍ਹੇਆਮ ਮੁਹੱਈਆ ਫੜ੍ਹੀਆ ਗਈਆਂ ਹਨ। ਕਿਉਂਕਿ ਆਧਾਰ ਅਥਾਰਟੀ ਹੁਣ ਵੱਖ ਵੱਖ ਸੰਸਥਾਵਾਂ ਨੂੰ ਆਧਾਰ ਪਹਿਚਾਣ ਦੀ ਸਹੂਲਤ ਮੁਹੱਈਆ ਕਰ ਰਹੀ ਹੈ ਤਾਂ ਇਨ੍ਹਾਂ ਸਭ ਦਾ ਮੌਕਾ ਹੈ ਕਿ



ਉਹ ਸਾਡੀ ਜਾਣਕਾਰੀ ਸਥਾਪਿਤ ਹੋਣ ਬਾਰੇ ਇਸ ਨੂੰ ਇਕੱਠੀ ਕਰਕੇ ਇਸ ਦੀ ਦੁਰਵਰਤੋਂ ਕਰਨ। ਇਸ ਨੂੰ ਕਿਸੇ ਬੰਦੇ ਦੇ ਨਾਂਅ ਤੇ ਸਿਮ ਕਾਰਡ ਲੈਣ, ਖਾਤਾ ਖੋਲ੍ਹਣ ਤੋਂ ਲੈ ਕੇ ਕੋਈ ਵੀ ਅਪਰਾਧਿਕ ਸਰਗਰਮੀ ਤੋਂ ਸ਼ਾਮਿਲ ਹੋ ਸਕਦਾ ਹੈ। ਜਿਸ ਦਾ ਸਿੱਟਾ ਪਿੱਛੋਂ ਨਿਰਦੋਸ਼ ਬੰਦੇ ਨੂੰ ਭੁਗਤਨਾ ਪਵੇ, ਦੂਜਾ ਇਨ੍ਹਾਂ ਜਾਣਕਾਰੀਆਂ ਦੀ ਵਰਤੋਂ ਬਹੁਤ ਸਾਰੇ ਲੋਕਾਂ ਦੀ ਥਾਂ ਤੇ ਇਨ੍ਹਾਂ ਗਰੋਹਾਂ ਵੱਲੋਂ ਵੱਖ ਵੱਖ ਦਲਿਤ ਯੋਜਨਾਵਾਂ ਦਾ ਲਾਭ ਚੋਰੀ ਨਾਲ ਲੈਣ ਚ ਵੀ ਕੀਤਾ ਜਾ ਸਕਦਾ ਹੈ। ਆਧਾਰ ਕਾਰਡ ਦੇ ਅਸੁਰੱਖਿਅਤ ਹੋਣ ਤੋਂ ਵੀ ਵੱਧ ਖਤਰਨਾਕ ਹੈ ਕਿ ਆਧਾਰ ਅਥਾਰਟੀ ਹੁਣ ਕੁਝ ਨਿੱਜੀ ਕੰਪਨੀਆਂ ਨੂੰ ਇਸ ਤੇ ਆਧਾਰਤ ਕਾਰੋਬਾਰੀ ਤਕਨੀਕੀ ਮਾਡਲ ਬਣਾਉਣ ਚ ਮਦਦ ਕਰ ਰਹੀਆਂ ਹਨ। ਜਿਵੇਂ ਇੰਡੀਆ ਸਟੈਕ ਕੰਪਨੀ ਦਾ ਦਾਅਵਾ ਹੈ ਕਿ ਇਹ ਹਾਈ ਰੈਜ਼ੋਲਿਊਸ਼ਨ ਕੈਮਰੇ ਨਾਲ ਬਾਇਓਮੈਟ੍ਰਿਕ ਵਧਾ ਪੜ੍ਹ ਸਕਦੀ ਹੈ ਅਤੇ ਇਸ ਦੀ ਵਰਤੋਂ ਨਾਲ ਭੀੜ ਵਿੱਚੋਂ ਵੀ ਆਧਾਰ ਰਾਹੀਂ ਬੰਦੇ ਦੀ ਪਹਿਚਾਣ ਕਰਕੇ ਇੱਥੋਂ ਤੱਕ ਕਿ ਕਿਸੇ ਵੀਡੀਓ ਵਿੱਚੋਂ ਵੀ ਉਸ ਦੀ ਪੂਰੀ ਜਾਣਕਾਰੀ ਮੁਹੱਈਆ ਕਰਵਾ ਸਕਦੀ ਹੈ। ਜਿਸ ਵਿੱਚ ਉਸ ਦਾ ਆਧਾਰ ਡਾਟਾ ਹੀ ਨਹੀਂ, ਉਸ ਦੀਆਂ ਆਰਥਿਕ ਸਰਗਰਮੀਆਂ ਦਾ ਇਤਿਹਾਸ, ਉਸ ਦਾ ਪੁਲੀਸ ਰਿਕਾਰਡ, ਕਾਰੋਬਾਰ, ਨੌਕਰੀ ਆਦਿ ਦਾ ਬਿਉਰਾ ਵੀ ਸ਼ਾਮਲ ਹੋਵੇਗਾ। ਇਹ ਕੰਪਨੀ ਇਸ ਸੁਵਿਧਾ ਨੂੰ ਹੁਣ ਹੋਰ ਕਾਰਪੋਰੇਟ ਨੂੰ ਵੇਚਣ ਦਾ ਇਸ਼ਤਿਹਾਰ ਦੇ ਸਕਦੀ ਹੈ। ਪਰ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਹੈ ਕਿ ਸਰਕਾਰੀ ਏਜੰਸੀਆਂ ਇਸ ਦੀ ਵਰਤੋਂ ਨਾਗਰਿਕਾਂ ਤੇ ਨਿਗਰਾਨੀ ਕਰਨ ਅਤੇ ਰਾਜਸੀ ਵਿਰੋਧੀਆਂ ਦੇ ਕੰਟਰੋਲ ਤੇ ਤਸ਼ੱਦਦ ਸ਼ਿਕੰਜਾ ਕਸਣ ਲਈ ਕਿਸ ਤਰ੍ਹਾਂ ਕਰ ਸਕਦੀਆਂ ਹਨ। ਆਧਾਰ, ਕੈਸ਼ਲੈੱਸ, ਡਿਜੀਟਲ ਫਾਸ਼ੀਵਾਦੀ ਢਾਂਚੇ ਦਾ ਅੰਗ ਹਨ। ਜੇ ਆਧਾਰ ਨੂੰ ਕੈਸ਼ਲੈੱਸ ਤੇ ਡਿਜੀਟਲ ਦੀ ਮੌਜੂਦਾ ਮੁਹਿੰਮ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਸਥਿਤੀ ਹੋਰ ਵੀ ਸਪੱਸ਼ਟ ਹੋ ਜਾਵੇਗੀ। ਮੋਬਾਇਲ ਰਾਹੀਂ ਹਰ ਬੰਦੇ ਨੂੰ ਕਿਹਾ ਜਾਂਦਾ ਹੈ ਕਿ ਹਰੇਕ ਥਾਂ ਦਾ ਬਿਓਰਾ ਮੌਜੂਦ ਹੈ। ਡਿਜੀਟਲ ਰਾਹੀਂ ਉਸ ਦੀ ਹਰ ਸਰਗਰਮੀ ਕੀ ਖਰੀਦਿਆ, ਕੀ ਖਾਇਆ, ਕੀ ਕੀਤਾ, ਕਿਸ ਨੂੰ ਮਿਲੇ, ਕਿ ਲੈਣ ਦੇਣ ਸੌਦਾ ਕੀਤਾ ਅਤੇ ਉਸ ਤੋਂ ਵੱਧ ਕੇ ਕਿਹੜੀ ਕਿਤਾਬ ਮੈਗਜ਼ੀਨ ਪੜ੍ਹੇ, ਕਿਹੜੀ ਵੈੱਬਸਾਈਟ ਤੇ ਗਏ, ਕਿਹੜੇ ਵਿਚਾਰਾਂ ਦੇ ਲੇਖ ਪਸੰਦ ਨਾ ਪਸੰਦ ਕੀਤੇ, ਕੀ ਟਿੱਪਣੀਆਂ ਕੀਤੀਆਂ ਸਭ ਤੇ ਨਜ਼ਰ ਰੱਖੀ ਜਾ ਸਕਦੀ ਹੈ। ਇਹ ਸਾਰੀ ਜਾਣਕਾਰੀ ਦੇ ਆਧਾਰ ਤੇ ਉਸ ਤੇ ਤਸ਼ੱਦਦ ਦੀ ਨਕੇਲ ਹੀ ਨਹੀਂ ਕਸੀ ਜਾ ਸਕਦੀ ਬਲਕਿ ਇਸ ਜਾਣਕਾਰੀ ਨੂੰ ਗਲਤ ਪ੍ਰਸੰਗ ਨਾਲ ਜੋੜ ਕੇ ਉਸ ਨੂੰ ਬਦਨਾਮ ਕਰਨ ਦੀ ਮੁਹਿੰਮ ਵੀ ਚਲਾਈ ਜਾ ਸਕਦੀ ਹੈ। ਅਜਿਹੀ ਹਾਲਤ ਦੀ ਕਲਪਨਾ ਕਰੋ--ਕਲਕੱਤੇ ਜਾਂ ਕੋਚੀਨ ਦਾ ਕੋਈ ਬੰਦਾ ਅਹਿਮਦਾਬਾਦ ਵਿੱਚ ਹੈ ਤੇ ਵੈੱਬਸਾਈਟ ਰਾਹੀਂ ਉਸ ਦੀ ਫੋਟੋ ਤੇ ਥਾਂ ਦੇ ਨਾਲ ਇਹ ਖ਼ਬਰ ਫੈਲਾ ਦਿੱਤੀ ਜਾਵੇ ਕਿ ਉਸ ਨੇ ਫਲਾਂ ਫਲਾਂ ਤਰੀਕ ਨੂੰ ਬੀਫ ਖਾਧਾ/ਖਰੀਦੇ ਸੀ ਸਿੱਟਾ ਕੀ ਹੋਵੇਗਾ। ਅਤੇ ਇਹ ਕੋਰੀ ਕਲਪਨਾ ਨਹੀਂ ਹੈ ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ ਰਾਜਸੀ ਵਿਰੋਧੀ ਅਤੇ ਕੁਝ ਭਾਈਚਾਰੇ ਦੇ ਬੰਦੇ ਬਾਰੇ ਅੱਜ ਵੀ ਜ਼ੋਰਾਂ ਨਾਲ ਫੈਲਾਂਗੇ ਜਾ ਰਹੀਆਂ ਹਨ। ਪਰ ਆਧਾਰ ਕੈਸ਼ਲੈਸ ਤੇ ਡਿਜੀਟਲ ਦੇ ਮੇਲ ਨਾਲ ਜੋ ਕੀਤਾ ਜਾ ਸਕੇਗਾ ਉਹ ਹੋਰ ਬਹੁਤ ਜ਼ਿਆਦਾ ਖਤਰਨਾਕ ਹੈ। ਇੱਥੇ ਤਕ ਤਾਂ ਗੱਲ ਹੋਈ ਬੰਦਿਆਂ ਸਬੰਧੀ ਸਮੂਹ ਸਬੰਧੀ ਵੇਖੀਏ ਤਾਂ ਆਧਾਰ ਕੈਸ਼ਲੈੱਸ ਉਥੇ ਡਿਜੀਟਲ ਦੇ ਮੇਲ ਨਾਲ ਹਾਕਮਾਂ ਲਈ ਕਿਸੇ ਵੀ ਭਾਈਚਾਰੇ ਦੇ ਜੀਵਨ ਨੂੰ ਕੰਟਰੋਲ ਹੀ ਨਹੀਂ ਪੂਰੀ ਤਰ੍ਹਾਂ ਅੜਿੱਕਾ ਲਾਉਣ ਦੀ ਵੀ ਇਜਾਜ਼ਤ ਮਿਲ ਜਾਵੇਗੀ ਅਤੇ ਵੀ ਅਸੀਂ ਵੱਖ ਵੱਖ ਥਾਵਾਂ ਤੇ ਮੋਬਾਈਲ ਦਾ ਇੰਟਰਨੈੱਟ ਬੰਦ ਕਰਨ ਦੀਆਂ ਖ਼ਬਰਾਂ ਪੜਦੇ ਹਾਂ। ਪਰ ਇਸ ਪਿੱਛੋਂ ਸੱਤਾ ਲਈ ਮੁਮਕਿਨ ਹੋਵੇਗਾ ਪੂਰੇ ਸਮੂਹਾਂ ਦੇ ਸਾਰੇ ਸੰਪਰਕਾਂ ਨੂੰ ਕੱਟ ਦੇਣਾ, ਉਸ ਦੇ ਖਾਤਿਆਂ ਤੇ ਰੋਕ ਲਾ ਦੇਣੀ, ਉਨ੍ਹਾਂ ਦੇ ਸਾਧਨਾਂ ਨਾਲ ਕੁਝ ਖਰੀਦ ਸਕਣ ਤੱਕ ਨੂੰ ਰੋਕ ਦੇਣਾ ਭਾਵ ਜੀਵਨ ਦੀਆਂ ਜ਼ਰੂਰੀ ਸਹੂਲਤਾਂ ਤੋਂ ਵਾਂਝੇ ਕਰਨਾ ਖਾਸ ਕਰਕੇ ਭਾਰਤ ਦੀਆਂ ਧਰਮ ਜਾਤੀ ਆਦਿ ਤੁਅੱਸਬਾ-ਨਫ਼ਰਤ ਆਧਾਰਿਤ ਹਾਕਮ ਜਮਾਤਾਂ ਦੀਆਂ ਰਾਜਸੀ ਤਾਕਤਾਂ ਅਤੇ ਉਨ੍ਹਾਂ ਦੀ ਸ਼ਹਿ ਵਾਲੇ ਗਰੋਹਾਂ ਦੇ ਹੱਥਾਂ ਵਿੱਚ ਅਜਿਹੇ ਕੇਂਦਰੀ ਡਾਟਾ ਭੰਡਾਰ ਬਹੁਤ ਖਤਰਨਾਕ ਸਿੱਧ ਹੋ ਸਕਦੇ ਹਨ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 1984 ਵਿੱਚ ਦਿੱਲੀ ਅਤੇ 2002 ਵਿੱਚ ਗੁਜਰਾਤ ਦੋਨੋਂ ਥਾਵਾਂ ਤੇ ਹਾਕਮ ਪਾਰਟੀਆਂ ਨੇ ਪੁਲਿਸ ਪ੍ਰਸ਼ਾਸਨ ਦੀ ਸ਼ਹਿ ਤੇ ਜਿੰਨਾਂ ਭਿਆਨਕ ਹੱਤਿਆ ਕਾਂਡਾ ਨੂੰ ਅੰਜਾਮ ਦਿੱਤਾ ਸੀ ਉਨ੍ਹਾਂ ਵਿੱਚ ਚੁਣ ਚੁਣ ਕੇ ਬੰਦਿਆਂ ਨੂੰ ਅਤੇ ਉਨ੍ਹਾਂ ਦੀ ਜਾਇਦਾਦਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਸ ਵਿੱਚ ਵੋਟਰ ਲਿਸਟ ਅਤੇ ਹੋਰ ਸਰਕਾਰੀ ਜਾਣਕਾਰੀਆਂ ਦੀ ਵਰਤੋਂ ਹੋਈ ਸੀ। 1930 ਦੇ ਦਹਾਕੇ ਵਿੱਚ ਯਹੂਦੀਆਂ ਦਾ ਸਮੂਹਕ ਕਤਲੇਆਮ ਸ਼ੁਰੂ ਕਰਨ ਤੋਂ ਪਹਿਲਾਂ ਜਰਮਨ ਨਾਜ਼ੀਆਂ ਨੇ ਉਨ੍ਹਾਂ ਨੂੰ ਵੀ ਆਪਣੀ ਤੇ ਆਪਣੀਆਂ ਜਾਇਦਾਦਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਹੀ ਕਿਹਾ ਸੀ। ਜਿਸ ਨਾਲ ਨਾਜ਼ੀ ਹਕੂਮਤ ਉਨ੍ਹਾਂ ਲਈ ਸਹੀ ਪ੍ਰਬੰਧ ਕਰ ਸਕੇ। ਪਿੱਛੋਂ ਇਸ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਕਿ ਅਸੀਂ ਸਭ ਅੱਛੀ ਤਰ੍ਹਾਂ ਜਾਂਦੇ ਹਾਂ। ਇੱਥੇ ਅਸੀਂ ਸੁਪਰੀਮ ਕੋਰਟ ਦੇ ਹੋਰ ਅਦਾਲਤਾਂ ਦੀ ਭੂਮਿਕਾ ਤੇ ਵੀ ਗੌਰ ਕਰਦੇ ਹਾਂ। ਜਿਨ੍ਹਾਂ ਤੋਂ ਬਹੁਤ ਸਾਰੇ ਜਨਵਾਦੀ-ਲਿਬਰਲ ਹੀ ਨਹੀਂ ਬਲਕਿ ਖੱਬੇਪੱਖੀ ਵੀ ਜਮਹੂਰੀ ਅਧਿਕਾਰਾਂ ਦੀ ਹਿਫਾਜ਼ਤ ਦੀ ਉਮੀਦ ਕਰਦੇ ਹਨ। ਇਹ ਸੱਚ ਹੈ ਕਿ ਸੁਪਰੀਮ ਕੋਰਟ ਨੇ ਕਈ ਵਾਰ ਸਰਕਾਰ ਨੂੰ ਕਿਹਾ ਹੈ ਕਿ ਉਹ ਆਧਾਰ ਸੂਚਨਾ ਦੀ ਸਹੀ ਸੁਰੱਖਿਆ ਦਾ ਕਾਨੂੰਨ ਬਣਾਏ ਬਗੈਰ ਇਸ ਤੋਂ ਅੱਗੇ ਨਾ ਵਧੇ ਅਤੇ ਕਿਸੇ ਵੀ ਜਨਤਕ ਸੇਵਾ ਲਈ ਇਸ ਨੂੰ ਲਾਜ਼ਮੀ ਨਾ ਕਰੇ। ਪਰ ਸਰਕਾਰ ਜਦੋਂ ਅਜਿਹਾ ਕਰਦੀ ਹੈ ਤਾਂ ਉਸ ਨੂੰ ਰੋਕਣਾ ਤਾਂ ਛੱਡੋ ਸੁਪਰੀਮ ਕੋਰਟ ਉਸ ਦੀ ਸੁਣਵਾਈ ਲਈ ਵੀ ਤਿਆਰ ਨਹੀਂ ਹੁੰਦੀ। ਅਜੇ ਤੱਕ ਅਜਿਹੀ ਸੁਣਵਾਈ ਨਹੀਂ ਹੋਈ ਹੈ। ਉਲਟਾ ਖ਼ੁਦ ਇਸ ਅਦਾਲਤ ਨੇ ਮੋਬਾਈਲ ਸਿਮ ਕਾਰਡ ਲਈ ਆਧਾਰ ਸਥਾਪਿਤ ਕਰਨ ਨੂੰ ਜ਼ਰੂਰੀ ਕਰਾਰ ਦੇ ਦਿੱਤਾ ਹੈ। ਭਾਵ ਇਸ ਆਧਾਰ ਤੇ ਸੁਣਾਈ ਕਦੋਂ ਹੋਵੇਗੀ, ਉਦੋਂ ਹੀ ਕੀ ਹੋਵੇਗਾ। ਇਹ ਸਪੱਸ਼ਟ ਹੈ। ਜਿੱਥੇ ਤੱਕ ਪਾਰਲੀਮੈਂਟ ਦਾ ਸਵਾਲ ਹੈ ਉਸ ਵਿੱਚ ਤਾਂ ਅਕਸਰ ਆਉਣ ਵਾਲੀਆਂ ਫਰਜ਼ੀ ਸੰਸਦੀ ਬਹਿਸਾਂ ਤੋਂ ਵੀ ਛੁਟਕਾਰਾ ਪਾ ਲਿਆ ਗਿਆ ਹੈ ਅਤੇ ਆਧਾਰ ਕਾਨੂੰਨ ਨੂੰ ਮਨੀ ਬਿੱਲ ਤੌਂ ਲੋਕ ਸਭਾ 'ਚ ਪੇਸ਼ ਕਰਨ ਦੀ ਰਸਮ ਅਦਾਇਗੀ ਕਰ ਦਿੱਤੀ ਜਾਵੇਗੀ। ਹੁਣ ਸਾਰੇ ਕੁਝ ਤੋਂ ਇਹ ਸਮੱਝਿਆ ਆ ਸਕਦਾ ਹੈ ਕਿ ਮੌਜੂਦਾ ਸਰਮਾਏਦਾਰੀ ਨਿਜ਼ਾਮ ਦੇ ਕਿਸੇ ਵੀ ਅੰਗ ਤੋਂ ਇਸ ਨੂੰ ਚੁਣੌਤੀ ਦੀ ਉਮੀਦ ਕਰਨੀ ਬੇਵਕੂਫੀ ਹੋਵੇਗੀ। ਸੰਵਿਧਾਨ ਅਤੇ ਜਨਤਾ ਉੱਪਰ ਭਰੋਸਾ ਰੱਖਣ ਵਾਲਿਆਂ ਲਈ ਇਹ ਜਾਨਣਾ ਵੀ ਬਿਹਤਰ ਹੋਵੇਗਾ ਕਿ ਆਧਾਰ ਕਾਨੂੰਨ ਦੇ ਅਨੁਸਾਰ ਆਧਾਰ ਅਥਾਰਟੀ ਨੂੰ ਐਸੀ ਕੋਈ ਬੰਧਨ ਨਹੀਂ ਹੈ ਕਿ ਉਸ ਦੀ ਸੇਫਟੀ ਵਿੱਚ ਸੰਨ੍ਹ ਲਾਉਣ ਤੇ ਉਹ ਲੋਕਾਂ ਨੂੰ ਸੂਚਿਤ ਕਰੇ ਜਾਂ ਜਿਨ੍ਹਾਂ ਦਾ ਡਾਟਾ ਚੋਰੀ ਹੋ ਗਿਆ ਹੈ ਉਨ੍ਹਾਂ ਨੂੰ ਦੱਸੇ ਅਤੇ ਇਸ ਨੂੰ ਕੌਮੀ ਸੂਚਨਾ ਦੀ ਸੁਰੱਖਿਆ ਵੀ ਦਿੱਤੀ ਗਈ ਹੈ। ਜਿਸ ਨੂੰ ਸੂਚਨਾ ਅਧਿਕਾਰ ਦੇ ਤਹਿਤ ਪੁੱਛਣ 'ਤੇ ਵੀ ਇਹ ਦੱਸਣ ਤੋਂ ਮਨ੍ਹਾ ਕਰਦੀ ਹੈ। ਇਸ ਲਈ ਇਸ ਦੀ ਰਾਜਸੀ ਤਾਕਤ ਨੂੰ ਵੇਖੀਏ ਤਾਂ ਪਹਿਲਾਂ ਹੀ ਹਾਕਮਾਂ ਤੋਂ ਅਸ਼ੀਰਵਾਦ ਵੱਲ ਤੇਜ਼ੀ ਨਾਲ ਵੱਧ ਰਹੀ ਹੈ। ਲੋਕਾਂ ਦੇ ਜਮਹੂਰੀ ਹੱਕਾਂ ਖਾਸ ਕਰਕੇ ਘੱਟ ਗਿਣਤੀਆਂ ਆਦਿਵਾਸੀਆਂ ਦਲਿਤਾਂ ਤੇ ਔਰਤਾਂ ਦੇ ਅਧਿਕਾਰਾਂ ਦੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਅਜਿਹੀ ਹਾਲਤ ਵਿੱਚ ਉਸ ਦੀ ਰਾਜਸੀ ਸਮਾਜਿਕ ਆਰਥਿਕ ਸੱਭਿਆਚਾਰਕ ਹਮਲੇ ਨਾਲ ਆਧਾਰ ਕੈਸ਼ਲੈੱਸ ਡਿਜੀਟਲ ਦੀ ਇਹ ਮੁਹਿੰਮ ਉਸ ਲਈ ਲੋਕਾਂ ਤੇ ਨਿਗਰਾਨੀ ਤੇ ਕੰਟਰੋਲ ਦੇ ਇੱਕ ਸ਼ਕਤੀਸ਼ਾਲੀ ਪ੍ਰਸ਼ਾਸਨਿਕ ਢਾਂਚੇ ਨੂੰ ਖੜ੍ਹਾ ਕਰਨ ਦੇ ਜ਼ਰੀਏ ਵਜੋਂ ਚਲਾਇਆ ਜਾ ਰਿਹਾ ਹੈ।

# ਦਲਿਤਾਂ ਵੱਲੋਂ ਉਸਾਰੇ ਜਾ ਰਹੇ ਸਾਂਝੀ ਖੇਤੀ ਦੇ ਮਾਡਲ ਨੂੰ ਹਾਕਮਾਂ ਵੱਲੋਂ ਢਾਹੁਣ ਦੀ ਕੋਸ਼ਿਸ਼

ਸੰਗਰੂਰ : ਦੇਸ਼ ਦੇ ਹਾਕਮਾਂ ਵੱਲੋਂ ਖੇਤੀਬਾੜੀ ਦੇ ਦਿੱਤੇ ਸਾਮਰਾਜੀ ਮਾਡਲ ਕਾਰਨ ਜਿੱਥੇ ਕਿਸਾਨਾਂ ਤੇ ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਭਾਰੀ ਹੋਈ ਹੈ, ਉਹ ਖ਼ੁਦਕੁਸ਼ੀਆਂ ਕਰ ਰਹੇ ਹਨ, ਦਲਿਤਾਂ ਨੂੰ ਖੇਤਾਂ ਵਿੱਚੋਂ ਬਾਹਰ ਕਰਕੇ ਉਹਨਾਂ ਸਿਰ ਬੇਰੁਜ਼ਗਾਰੀ ਲੱਦ ਦਿੱਤੀ ਹੈ ਤਾਂ ਪਿਛਲੇ ਕੁਝ ਸਮਾਂ ਤੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਸੰਘਰਸ਼ ਕਰਕੇ ਇਸਦੇ ਬਦਲ ਵਿੱਚ ਉਸਾਰਿਆ ਜਾ ਰਿਹਾ ਸਾਂਝੀ ਖੇਤੀ ਦਾ ਮਾਡਲ ਹਾਕਮਾਂ ਦੀਆਂ ਅੱਖਾਂ ਵਿੱਚ ਰੜਕ ਰਿਹਾ ਹੈ ਤੇ ਇਸ ਨੂੰ ਖਤਮ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ, ਜਿਹੜੀ ਕਿ ਹਾਕਮਾਂ ਨੂੰ ਮਹਿੰਗੀ ਪੈਣੀ ਹੈ। ਇਹ ਵਿਚਾਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ 'ਜ਼ਮੀਨੀ ਸੰਘਰਸ਼ ਤੇ ਖੇਤੀ ਮਾਡਲ' ਵਿਸ਼ੇ 'ਤੇ ਰੱਖੇ ਗਏ ਸੈਮੀਨਾਰ ਵਿੱਚ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਈਸ਼ ਮਿਸ਼ਰਾ ਨੇ ਪੇਸ਼ ਕੀਤੇ।

ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਹਾਕਮ ਦਲਿਤਾਂ ਨੂੰ ਜ਼ਮੀਨ ਦੇਣ ਲਈ ਰਾਜੀ ਹੀ ਨਹੀਂ ਸਨ ਪ੍ਰੰਤੂ ਪਿਛਲੇ ਸਾਲਾਂ ਵਿੱਚ ਦਲਿਤਾਂ ਵੱਲੋਂ ਖ਼ੂਨ ਡੋਲ ਕੇ ਕੀਤੇ ਸੰਘਰਸ਼ ਸਦਕਾ ਉਹ ਜ਼ਮੀਨ ਲੈਣ ਵਿੱਚ ਕਾਮਯਾਬ ਰਹੇ। ਜਿੱਥੇ ਉਹਨਾਂ ਕੋਲ ਸੰਦ-ਸਾਧਨਾਂ ਦੀ ਕਮੀ ਦੇ ਬਾਵਜੂਦ ਉਹਨਾਂ ਨੇ ਸਾਂਝੀ ਖੇਤੀ ਦੇ ਮਾਡਲ ਦੀ ਉਸਾਰੀ ਵੱਲ ਕਦਮ ਵਧਾਏ ਹਨ ਤਾਂ ਹਾਕਮਾਂ ਨੇ ਇਸ ਮਾਡਲ ਨੂੰ ਉਤਸ਼ਾਹਿਤ ਤਾਂ ਕੀ ਕਰਨਾ ਸੀ ਉਲਟਾ ਇਸ ਮਾਡਲ ਦੇ ਪ੍ਰਮੁੱਖ 12 ਪਿੰਡਾਂ ਨੂੰ ਇੰਡਸਟਰੀਅਲ ਪਾਰਕ ਅਧੀਨ ਲੈ ਕੇ ਆਉਣ ਦਾ ਫੈਸਲਾ ਕਰ ਲਿਆ ਹੈ। ਈ-ਟੈਂਡਰਿੰਗ ਰਾਹੀਂ ਬੋਲੀ ਕਰਾਉਣ ਦਾ ਮਤਲਬ ਹੈ ਕਿ ਦਲਿਤਾਂ ਨੂੰ ਅਗਲੇ ਸਾਲ ਜ਼ਮੀਨ ਨਾ ਦੇਣਾ। ਜਲੂਰ ਵਿੱਚ ਹਾਕਮਾਂ ਦਾ ਹਮਲਾ ਫੇਲ੍ਹ ਹੋਣ ਤੋਂ ਬਾਅਦ ਇਹ ਦੂਸਰੇ ਹਮਲੇ ਦੀ ਤਿਆਰੀ ਹੈ। ਅਸਲ ਇਹ ਲੜਾਈ ਕੇਵਲ ਦਲਿਤਾਂ/ਛੋਟੇ ਕਿਸਾਨਾਂ ਤੇ ਹਾਕਮਾਂ ਵਿਚਕਾਰ ਨਹੀਂ ਸਗੋਂ ਦੋ ਵੱਖਰੇ-ਵੱਖਰੇ ਮਾਡਲਾਂ ਦੀ ਲੜਾਈ ਹੈ। ਜੇਕਰ ਦਲਿਤ ਤੇ ਛੋਟੇ ਕਿਸਾਨਾਂ ਨੇ ਇਸ ਖੇਤੀ ਦੇ ਸਾਂਝੇ ਮਾਡਲ ਨੂੰ ਬਚਾਉਣਾ ਹੈ ਅਤੇ ਅੱਗੇ ਵਧਾਉਣਾ ਹੈ ਤਾਂ ਉਹਨਾਂ ਨੂੰ ਸੱਤਾ ਤਬਦੀਲੀ ਕਰਕੇ ਸੱਤਾ ਆਪਣੇ ਹੱਥ ਵਿੱਚ ਲੈਣੀ ਪਵੇਗੀ।

ਖੇਤੀਬਾੜੀ ਮਾਹਿਰ ਡਾ. ਸਤਜੀਤ ਟਿਵਾਣਾ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਇਸ ਸਾਲ ਲਗਭਗ 40 ਪਿੰਡਾਂ ਵਿੱਚ ਖੇਤੀ ਕਰ ਰਹੀ ਹੈ। ਕਾਫੀ ਪਿੰਡ ਸਾਂਝੀ ਖੇਤੀ ਕਰਦੇ ਹਨ। ਕੁਝ ਪਿੰਡਾਂ 'ਚ ਹਰੇ-ਚਾਰੇ ਵਾਲੀ ਜ਼ਮੀਨ ਵੰਡੀ ਹੋਈ ਹੈ ਤੇ ਦੂਸਰੀ ਫ਼ਸਲ ਲਈ ਜ਼ਮੀਨ ਸਾਂਝੀ ਹੈ ਅਤੇ ਕੁਝ ਪਿੰਡਾਂ ਨੇ ਸਾਰੀ ਜ਼ਮੀਨ ਹੀ ਖੇਤੀ ਲਈ ਵੰਡ ਲਈ ਪ੍ਰੰਤੂ ਉਹ ਕੁਝ ਸਮੇਂ ਬਾਅਦ ਛੋਟੇ ਖੇਤਾਂ ਵਿੱਚ ਮੁਨਾਫਾ ਨਾ ਹੁੰਦਾ ਵੇਖ ਗਰੁੱਪਾਂ ਵਿੱਚ ਸਾਂਝੀ ਖੇਤੀ ਕਰਨ ਲੱਗੇ। ਇਹ ਵਰਤਾਰਾ ਸਹਿਕਾਰੀ ਖੇਤੀ ਦਾ ਮੁਢਲਾ ਰੂਪ ਹੈ। ਇਹਨਾਂ ਕੋਲ ਖੇਤੀਬਾੜੀ ਦੇ ਆਪਣੇ ਸੰਦ ਨਾ ਹੋਣ ਕਾਰਨ ਖਰਚਾ ਜਿਆਦਾ ਪੈਂਦਾ ਹੈ; ਪ੍ਰੰਤੂ ਫਿਰ ਵੀ ਸਾਂਝੀ ਖੇਤੀ ਕਰਨ ਕਾਰਨ ਇਹ ਛੋਟੇ ਨਿੱਜੀ ਖੇਤੀ ਕਰਦੇ ਕਿਸਾਨਾਂ ਨਾਲੋਂ ਅੱਗੇ ਹਨ। ਇਸ ਖੇਤੀ ਨਾਲ ਇਹਨਾਂ ਨੂੰ ਕੇਵਲ ਖੇਤੀ ਵਿੱਚੋਂ ਆਉਂਦੀ ਬੱਚਤ ਦਾ ਹੀ ਨਹੀਂ ਫਾਇਦਾ ਹੋਇਆ, ਸਗੋਂ ਇਹਨਾਂ ਨੇ ਆਪਣੇ ਘਰਾਂ ਵਿੱਚ ਡੰਗਰਾਂ ਦੀ ਗਿਣਤੀ ਵਿੱਚ ਵੀ ਵਾਧਾ ਕਰ ਲਿਆ, ਸਬਜ਼ੀਆਂ ਖੇਤਾਂ ਵਿੱਚ ਬੀਜ ਲੈਂਦੇ ਹਨ। ਸਰਕਾਰ ਨੂੰ ਇਹਨਾਂ ਨੂੰ ਖੇਤੀ ਸੰਦ ਦੇਣੇ ਚਾਹੀਦੇ ਹਨ ਤੇ ਜ਼ਮੀਨ ਪੱਕੇ ਤੌਰ 'ਤੇ ਪਟੇ ਉੱਪਰ ਦੇਣੀ ਚਾਹੀਦੀ ਹੈ। ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਕਿਹਾ ਕਿ ਸਾਨੂੰ ਦੋ ਤਰ੍ਹਾਂ ਦਾ ਘੋਲ ਕਰਨਾ ਪੈ ਰਿਹਾ ਹੈ; ਜਿੱਥੇ ਅਸੀਂ ਸਾਂਝੀ ਖੇਤੀ ਦੇ ਮਾਡਲ ਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਉੱਥੇ ਹਾਕਮਾਂ ਦੇ ਹੱਲੇ ਦਾ ਜਵਾਬ ਦੇਣਾ ਪੈ ਰਿਹਾ ਹੈ। ਹਾਕਮ ਸਾਡੇ ਲੋਕਾਂ 'ਤੇ ਝੂਠੇ ਪਰਚੇ ਪਾ ਕੇ ਭਗੌੜਾ ਕਰਾਰ ਦੇ ਰਹੇ ਹਨ। ਹਾਕਮਾਂ ਤੋਂ ਲੁਕਦੇ ਹੋਏ ਅਸੀਂ ਇਸ ਮਾਡਲ ਦਾ ਰਾਖੀ ਕਰਨੀ ਹੈ ਪਰ ਭਵਿੱਖ ਅਸਾਡਾ ਹੈ, ਅਸੀਂ ਜਿੱਤਾਂਗੇ ਤੇ ਲੁੱਟੇ ਜਾ ਰਹੇ ਲੋਕਾਂ ਦਾ ਇਹ ਮਾਡਲ ਸਫ਼ਲ ਹੋਵੇਗਾ। ਮਾਰਚ ਦੇ ਪਹਿਲੇ ਹਫਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਕੀਤੀ ਜਾ ਰਹੀ 'ਮਹਾਂ ਪੰਚਾਇਤ' ਵਿੱਚ ਇਸ ਘੋਲ ਉੱਪਰ ਹਾਕਮਾਂ ਦੇ ਹੱਲੇ ਨੂੰ ਨਜਿੱਠਣ ਲਈ ਵਿਚਾਰ ਚਰਚਾ ਕੀਤੀ ਜਾਵੇਗੀ ਅਤੇ ਇਸਨੂੰ ਅੱਗੇ ਕਿਵ ਲੈ ਕੇ ਜਾਣਾ ਹੈ, ਇਸ ਦਾ ਫੈਸਲਾ ਲੋਕ ਕਰਨਗੇ। ਇਸ ਸੈਮੀਨਾਰ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਲਵਿੰਦਰ ਝਲੂਰ, ਸੁਰਜਨ ਝਨੇੜੀ, ਕਰਮਾ ਘਰਾਚੋਂ, ਮਨਪ੍ਰੀਤ ਭੱਟੀਵਾਲ, ਸੁਖਵਿੰਦਰ ਪੱਪੀ (ਜਮਹੂਰੀ ਅਧਿਕਾਰ ਸਭਾ), ਪ੍ਰਦੀਪ ਕਸਬਾ (ਪੀ.ਐਸ.ਯੂ.), ਭੁਪਿੰਦਰ ਲੌਂਗੋਵਾਲ (ਕਿਸਾਨ ਮੋਰਚਾ ਸੰਗਰੂਰ), ਸੰਜੀਵ ਮਿੰਟੂ (ਕੇ.ਪੀ.ਐਮ.ਯੂ.), ਸਵਰਨਜੀਤ (ਇਨਕਲਾਬੀ ਲੋਕ ਮੋਰਚਾ), ਰਾਜੀਵ ਲੋਹਟਬੱਧੀ (ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ) ਆਦਿ ਨੇ ਵਿਚਾਰ ਰੱਖੇ। ਪਰਮਜੀਤ ਕੌਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਅੰਤ ਵਿੱਚ ਚੰਗੀ ਖੇਤੀ ਕਰਨ ਵਾਲੇ ਪਿੰਡਾਂ ਨੂੰ ਸਨਮਾਨਿਤ ਕੀਤਾ ਗਿਆ।

**ਪਰਮਜੀਤ ਕੌਰ, 98722-27168**

# ਜਿੱਥੇ ਨਰਸਾਂ ਵੀ ਨੇ ਪ੍ਰੇਸ਼ਾਨ, ਉਹ ਮੁਲਕ ਮੇਰਾ ਐ !

## ਦੀਦਾਵਰ ਦੀ ਜ਼ੁਬਾਨੀ

**ਯਾਦਵਿੰਦਰ ਸਿੰਘ**

ਹੁਣੇ ਜਿਹੇ ਨਸ਼ਰ ਹੋਈ ਇਕ ਰਿਪੋਰਟ ਨੇ ਬਹੁਤ ਸਾਰੇ ਸੰਵੇਦਨਸ਼ੀਲ ਸਿਰਾਂ ਨੂੰ ਸੋਚਣ ਲਾ ਦਿੱਤਾ ਸੀ। ਅਸੀਂ ਬਹੁਤ ਹੈਰਾਨ ਹਾਂ ਕਿ ਜਿਨ੍ਹਾਂ ਨੂੰ ਅਸੀਂ ਆਪਣੀ ਦੇਖ-ਭਾਲ ਦੇ ਕਾਬਿਲ ਸਮਝਦੇ ਹਾਂ, 'ਕੋਈ' ਉਨ੍ਹਾਂ ਦੀ ਜਾਨ ਵੀ ਵੱਢ ਵੱਢ ਕੇ ਖਾਂਦਾ ਹੈ। ਇਸ ਰਿਪੋਰਟ ਨੇ ਜਿੱਥੇ ਨਰਸਾਂ ਦੇ ਦੁੱਖਾਂ ਤੇ ਦਰਦਾਂ ਬਾਰੇ ਬਾਕੀ ਦੁਨੀਆਂ ਦਾ ਧਿਆਨ ਖਿੱਚਿਆ ਹੈ ਓਥੇ ਇਸ ਪਾਸੇ ਵੀ ਨਿਸ਼ਾਨਦੇਹੀ ਕੀਤੀ ਹੈ ਕਿ ਹਸਪਤਾਲਾਂ ਵਿਚ ਸੱਭ ਅੱਛਾ ਨਹੀਂ। ਚੰਡੀਗੜ੍ਹ ਦੇ ਇਕ ਹਸਪਤਾਲ ਦੇ ਸਬੰਧ ਵਿਚ ਨਸ਼ਰ ਹੋਈ ਰਿਪੋਰਟ ਕਿਸੇ ਜ਼ਲਜ਼ਲੇ ਤੋਂ ਘੱਟ ਨਹੀਂ। ਸਬੰਧਤ ਰਿਪੋਰਟ ਦਾ ਸਾਰ-ਅੰਸ਼ ਇੰਜ ਸੀ ਕਿ ਪੀ ਜੀ ਆਈ ਵਿਚ ਵਾਰਡ ਤੇ ਆਈ ਸੀ ਯੂ ਵਿਚ ਦਾਖ਼ਲ ਮਰੀਜ਼ਾਂ ਦੀ ਦੇਖ-ਭਾਲ ਕਰਨ ਵਾਲੀਆਂ ਬਹੁਤੀਆਂ ਨਰਸ ਭੈਣਾਂ ਖ਼ੁਦ ਤਣਾਅ, ਉਨੀਂਦਰੇ ਤੇ ਥਕੇਵੇਂ ਦੀ ਸਮੱਸਿਆ ਨਾਲ ਜੂਝ ਰਹੀਆਂ ਹਨ। ਦਰਅਸਲ, ਮਰੀਜ਼ਾਂ ਤੇ ਮਰੀਜ਼ਾਂ ਦੇ ਸੰਭਾਲੂਆਂ 'ਤੇ ਭਾਰੀ ਪੈ ਜਾਂਦਾ ਹੈ ਕਿਉਂਜੋ ਨਰਸਾਂ ਨੇ ਹਮੇਸ਼ਾਂ ਮਰੀਜ਼ਾਂ ਲਾਗੇ ਹੀ ਵਿਚਰਣਾ ਹੁੰਦਾ ਹੈ, ਜੇ ਨਰਸਾਂ ਦੁਖੀ ਹੋਣਗੀਆਂ ਤਾਂ ਮਰੀਜ਼ਾਂ ਜਾਂ ਉਨ੍ਹਾਂ ਦੇ ਸੰਭਾਲੂਆਂ ਨਾਲ ਮਿੱਠਾ ਬੋਲ ਕਿਵੇਂ ਬੋਲ ਲੈਣਗੀਆਂ?

ਬਾਜ਼ਾਰ 'ਤੇ ਕਾਬਜ਼ ਤਾਕਤਾਂ ਨੇ ਸਰਕਾਰੀ ਹਸਪਤਾਲਾਂ ਨੂੰ ਨਾਕਾਮ ਸਾਬਿਤ ਕਰਨ ਲਈ ਪ੍ਰਾਈਵੇਟ ਹਸਪਤਾਲਾਂ ਦਾ ਜਾਲ ਵਿਛਾ ਦਿੱਤਾ ਹੈ। ਇਕੱਲੇ ਜਲੰਧਰ ਵਿਚ ਹੀ 1000 ਤੋਂ ਵੱਧ ਹਸਪਤਾਲ ਹਨ ਜਿਹੜੇ ਕਿ ਏਸ਼ੀਆ ਦੀ ਪੱਧਰ 'ਤੇ ਇਕ ਵੱਡਾ 'ਵਰਲਡ ਰਿਕਾਰਡ' ਹੈ ਪਰ ਕਿਸੇ ਨੂੰ ਇੰਜ ਨਹੀਂ ਸੋਚਣਾ ਚਾਹੀਦਾ ਕਿ ਕੁਲ ਦੁਨੀਆਂ ਦੇ ਬੀਮਾਰ ਇੱਕੋ ਸ਼ਹਿਰ ਵਿਚ ਇਕੱਠੇ ਹੋ ਕੇ ਰਹਿਣ ਲੱਗ ਪਏ ਹਨ!!! ਸਗੋਂ ਬਾਜ਼ਾਰ ਦੀ ਸ਼ਕਤੀਆਂ ਨੇ ਆਪਣੀ ਸੋਚ ਤੇ ਰਣਨੀਤੀ ਤਹਿਤ ਜਲੰਧਰ ਨੂੰ ਮਾਰ ਹੇਠ ਲਿਆਂਦਾ ਹੈ, ਜਿਸ ਦੇ ਕਈ ਕਾਰਨ ਹੋਣਗੇ, ਇਕ ਪ੍ਰਮੁੱਖ ਕਾਰਨ ਇਹ ਵੀ ਹੋ ਸਕਦੈ ਕਿ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਇਹ ਐੱਨ ਆਰ ਆਈ ਬੈਲਟ ਹੈ ਤੇ ਪਰਦੇਸਾਂ ਵਿਚ ਬੈਠੇ ਲੋਕ ਆਪਣੇ ਬਜ਼ੁਰਗਾਂ ਦਾ ਇਲਾਜ ਕਰਾਉਣ ਲਈ ਵਿੱਤੀ ਹਿੰਮਤ ਰੱਖਦੇ ਹਨ। ਹਸਪਤਾਲਾਂ ਵਿਚ ਮਾਮੂਲੀ ਤਨਖ਼ਾਹ ਪਿੱਛੇ ਕੰਮ ਕਰਨ ਵਾਲੀਆਂ ਨਰਸਾਂ ਤਕ ਉਹ ਮੁਨਾਫ਼ਾ ਨਹੀਂ ਪਹੁੰਚਦਾ, ਜਿਹੜਾ ਸਿਰਫ਼ ਤੇ ਸਿਰਫ਼ ਹਸਪਤਾਲ ਮਾਲਕਾਂ ਦੀਆਂ ਜੇਬਾਂ ਵਿਚ ਪੈਣ ਲਈ ਰਾਖਵਾਂ ਹੋ ਚੁੱਕਾ ਹੈ। ਇਹ ਬਹੁ-ਚਰਚਿਤ ਰਿਪੋਰਟ ਚੀਕ ਚੀਕ ਕੇ ਆਖਦੀ ਹੈ ਕਿ ਜਨਰਲ ਵਾਰਡ ਵਿਚ ਕੰਮ ਕਰ ਰਿਹਾ 54.5 ਫ਼ੀਸਦ ਨਰਸਿੰਗ ਸਟਾਫ ਨਾ-ਖ਼ੁਸ਼ ਹੈ, ਆਈਸੀਯੂ ਵਿਚ ਰੱਖੇ ਸਟਾਫ ਦੀ ਗੱਲ ਕੀਤੀ ਜਾਵੇ ਤਾਂ ਇਹ 57 ਫ਼ੀਸਦ ਬਣ ਜਾਂਦਾ ਹੈ। ਲੱਗਭੱਗ 12 ਫ਼ੀਸਦ ਨਰਸਿੰਗ ਸਟਾਫ 'ਤੇ ਕੰਮ ਦਾ ਇੰਨਾ ਦਬਾਅ ਹੈ ਕਿ ਉਹ ਚਿੜਚਿੜੇਪਣ ਦਾ ਸ਼ਿਕਾਰ ਹੋ ਚੁੱਕੇ ਹਨ ਤੇ ਉਨ੍ਹਾਂ ਦਾ ਦਿਮਾਗ਼ ਹਰ ਵੇਲੇ ਉਤਸ਼ਾਹਹੀਣ ਰਹਿੰਦਾ ਹੈ। ਇਸ ਦਾ ਅਸਰ ਮਰੀਜ਼ਾਂ 'ਤੇ ਪੈਣਾ ਹੁੰਦਾ ਹੈ ਤੇ ਪੈਂਦਾ ਵੀ ਹੈ। ਦਰਅਸਲ ਇਹ ਪੀ ਜੀ ਆਈ 'ਤੇ ਅਧਾਰਤ ਰਿਪੋਰਟ ਹੈ ਜਿੱਥੇ ਤਕਰੀਬਨ 2250 ਸਟਾਫ ਨਰਸਾਂ ਹਨ ਪਰ ਵਿਆਪਕ ਤੌਰ 'ਤੇ ਵੇਖੀਏ ਤਾਂ ਇਹ ਰਿਪੋਰਟ ਤਕਰੀਬਨ ਹਰ ਹਸਪਤਾਲ 'ਤੇ ਢੁੱਕਦੀ ਹੈ। ਜਦੋਂ ਫ਼ਿਲਮੀ ਕਲਾਕਾਰ ਦੀਪਿਕਾ ਪਾਦੂਕੋਣ 2 ਮਹੀਨਿਆਂ ਲਈ ਡਿਪ੍ਰੈਸ਼ਨ ਵਿਚ ਜਾਂਦੀ ਹੈ ਤਾਂ ਸਾਰੇ ਜੱਗ ਵਿਚ ਹਾਲ-ਦੁਹਾਈ ਮੱਚ ਜਾਂਦੀ ਹੈ ਪਰ ਮਨੁੱਖਤਾ ਦੀਆਂ ਸੇਵਕਾਵਾਂ ਕਾਫ਼ੀ ਅਰਸੇ ਤੋਂ ਡਿਪ੍ਰੈਸ਼ਨ ਵਿਚ ਹਨ, ਨੂੰ ਹਰ ਪਰਤ 'ਤੇ ਲੁਕੋਅ ਲਿਆ ਜਾਂਦਾ ਹੈ। ਅਜਿਹੇ ਅਧਿਐਨ ਨਾ ਹੋਣ ਤਾਂ ਤੁਸੀਂ ਅਸੀਂ ਉਸ ਤਲਖ਼ ਹਕੀਕਤ ਤੋਂ ਨਾਵਾਕਿਫ਼ ਰਹਿ ਸਕਦੇ ਸਾਂ, ਜਦਕਿ ਇਸ ਨੂੰ ਜਾਨਣਾ ਸਾਡਾ ਸੰਵਿਧਾਨਕ ਹੱਕ ਹੈ ਤੇ ਹਾਲਾਤ ਦੀ ਜ਼ਰੂਰਤ ਵੀ।

ਅਸੀਂ ਮੁੜ ਉਸ ਰਿਪੋਰਟ ਦੀ ਚੀਰਫਾੜ ਕਰਦੇ ਹਾਂ। ਖੋਜਨਿਗਾਰਾਂ ਨੇ ਆਪਣੀ ਖੋਜ ਵਿਚ ਉਘਾੜਿਆ ਹੈ ਕਿ ਵਾਰਡਾਂ ਤੇ ਆਈ ਸੀ ਯੂ 'ਚ ਡਿਊਟੀ ਕਰ ਰਿਹਾ ਨੌਜਵਾਨ ਸਟਾਫ ਜ਼ਿਆਦਾ ਤਣਾਅ 'ਚੋਂ ਲੰਘ ਰਿਹਾ ਹੈ, ਜਾਂ ਜੇ ਜ਼ਿਆਦਾ ਸਪਸ਼ਟ ਆਖੀਏ ਤਾਂ ਉਨ੍ਹਾਂ ਲਈ ਇਹ ਹਾਲਾਤ ਪੈਦਾ ਕਰ ਦਿੱਤੇ ਗਏ ਹਨ। ਵਾਰਡਾਂ ਵਿਚ ਨੌਜਵਾਨ ਸਟਾਫ 60 ਫ਼ੀਸਦ ਹੈ ਤੇ ਆਈ ਸੀ ਯੂ ਵਿਚ 68 ਫੀਸਦੀ ਹੈ, ਸਿਲਸਿਲੇਵਾਰ 67.7 ਤੇ 97.8 ਫ਼ੀਸਦ ਸਟਾਫ ਤਣਾਅ ਦੀ ਦਲਦਲ ਵਿਚ ਧੱਸ ਚੁੱਕਾ ਹੈ। ਉੱਥੇ ਆਈ ਸੀ ਯੂ ਵਿਚ ਸਥਿਤੀ ਹੋਰ ਬਦਤਰੀਨ ਹੈ। ਖੋਜਨਿਗਾਰਾਂ ਮੁਤਾਬਕ ਉਹ ਨਰਸਿੰਗ ਸਟਾਫ, ਜਿਹੜਾ ਪੀ ਜੀ ਆਈ ਤੋਂ 5 ਕਿਲੋਮੀਟਰ ਦੇ ਦਾਇਰੇ ਵਿਚ ਰਿਹਾਇਸ਼ ਰੱਖਦਾ ਹੈ ਉਹ ਜ਼ਿਆਦਾ ਤਣਾਅ ਦਾ ਸ਼ਿਕਾਰ ਹੈ। ਵਾਰਡ ਵਿਚ ਕੰਮ ਕਰ ਰਿਹਾ 66.7 ਫ਼ੀਸਦ ਸਟਾਫ ਤਣਾਅ ਦੀ ਮਾਰੂ ਦਲਦਲ ਵਿਚ ਫਸ ਚੁੱਕਾ ਹੈ।

ਆਈ ਸੀ ਯੂ ਵਿਚ ਕੰਮ ਕਰ ਰਹੇ ਮੁਲਾਜ਼ਮਾਂ ਬਾਰੇ ਜਾਣੀਏ ਤਾਂ ਮੌਜੂਦਾ ਸਥਿਤੀ ਸਾਨੂੰ ਹੋਰ ਫ਼ਿਕਰਮੰਦ ਕਰ ਦਿੰਦੀ ਹੈ। ਇਸ ਦੇ ਉਲਟ, ਦੂਰੋਂ ਆਉਣ ਵਾਲੇ ਸਟਾਫ ਵਿਚ ਸਮੱਸਿਆ 'ਘੱਟ' ਹੈ। ਨਰਸਿੰਗ ਸਟਾਫ ਵਿਚ ਜ਼ਨਾਨਾ ਤੇ ਮਰਦਾਵਾ ਦੋਵੇਂ ਤਬਕੇ ਹਨ। ਹਾਲਾਤ ਇਹ ਹਨ ਕਿ 72.9 ਫ਼ੀਸਦ ਔਰਤ ਨਰਸਿੰਗ ਸਟਾਫ ਨੂੰ ਇੰਨਾ ਤਣਾਅ ਹੈ ਕਿ ਇਸ ਘੁੰਮਣਘੇਰੀ ਵਿੱਚੋਂ ਕਿਵੇਂ ਨਿਕਲਣਾ ਹੈ, ਬਾਰੇ ਵੀ ਕੁਝ ਨਹੀਂ ਸੁੱਝਦਾ। ਤਣਾਅ ਦਾ ਦਰਿਆ, ਉਨ੍ਹਾਂ ਦੀ ਸਾਰੀ ਕਾਬਲੀਅਤ ਤੇ ਨਿੱਜੀ ਹਿੰਮਤ ਵੀ ਨਾਲ ਹੀ ਵਗਾ ਕੇ ਲੈ ਗਿਆ ਹੈ।

ਖੋਜ ਦਾ ਉਦਾਸ ਕਰਨ ਦੇਣ ਵਾਲਾ ਪੱਖ ਇਹ ਵੀ ਹੈ ਕਿ ਆਈਸੀਯੂ ਅਤੇ ਵਾਰਡਾਂ ਵਿਚ ਕੰਮ ਕਰ ਰਿਹਾ ਅਣਵਿਆਹਿਆ ਸਟਾਫ ਵੱਧ ਪਰੇਸ਼ਾਨੀ ਵਿਚ ਹੈ। ਆਈ ਸੀ ਯੂ ਵਿਚ ਕੰਮ ਕਰਦੀਆਂ ਅਣਵਿਆਹੀਆਂ ਨਰਸਾਂ ਵਿੱਚੋਂ 58.7 ਫ਼ੀਸਦ ਤਣਾਅਗ੍ਰਸਤ ਹਨ। ਯਾਦ ਰਹੇ, 26 ਫ਼ੀਸਦ ਅਣਵਿਆਹੇ ਇਸ ਸਟੱਡੀ ਦਾ ਹਿੱਸਾ ਸਨ।


ਆਈ ਸੀ ਯੂ ਵਿਚ ਸਟਾਫ ਵਿਚ ਜ਼ਿਆਦਾ ਤਣਾਅ ਦਾ ਕਾਰਨ ਹੈ ਉੱਥੇ ਜ਼ਿੰਮੇਵਾਰੀ ਜ਼ਿਆਦਾ ਹੋਣਾ ਹੈ। ਇੱਥੇ ਹੀ ਤਾਂ ਦਿਲ, ਫੇਫੜੇ, ਗੁਰਦੇ ਜਾਂ ਕੈਂਸਰ ਵਰਗੀਆਂ ਬੀਮਾਰੀਆਂ ਤੋਂ ਪੀੜਤ ਮਰੀਜ਼ ਦਾਖ਼ਲ ਕੀਤੇ ਹੁੰਦੇ ਹਨ। ਇਨ੍ਹਾਂ ਨੂੰ ਲਗਾਤਾਰ ਨਿਗਰਾਨੀ ਦੀ ਜ਼ਰੂਰਤ ਹੁੰਦੀ ਹੈ ਪਰ ਹਸਪਤਾਲਾਂ ਦੇ ਮਾਲਕ ਤੇ ਪ੍ਰਬੰਧਕ ਇਹ ਨਹੀਂ ਸੋਚਦੇ ਕਿ ਸਾਡੇ ਮੁਲਾਜ਼ਮ, ਖ਼ਾਸਕਰ ਨਰਸਾਂ ਦਾ, ਮਾਨਸਿਕ ਪੱਧਰ ਕਿਹੋ ਜਿਹਾ ਹੈ? ਉਹ ਖ਼ੁਸ਼ ਵੀ ਨੇ? ਜਾਂ ਸਮਾਂ ਕੱਟੀ ਕਰ ਰਹੀਆਂ ਹਨ, ਇਹ ਸਵਾਲ ਹਸਪਤਾਲਾਂ ਦੀਆਂ ਗੁੰਗੀਆਂ ਕੰਧਾਂ ਦੁਆਲੇ ਹੀ ਘੁੰਮਦੇ ਰਹਿੰਦੇ ਹਨ, ਕਦੇ ਬਾਹਰ ਨਹੀਂ ਆਉਂਦੇ ਹੁੰਦੇ।

**ਆਓ ਜਾਣੇ ਹਾਂ! ਕਿਵੇਂ ਕੀਤੀ ਗਈ ਖੋਜ :**

ਖੋਜ ਵਿਚ ਪੀ ਜੀ ਆਈ ਵਿੱਚੋਂ ਕੁਲ 285 ਨਰਸਿੰਗ ਸਟਾਫ ਨੂੰ ਸ਼ਾਮਲ ਕੀਤਾ ਗਿਆ ਸੀ। 109 ਦਾ ਨਰਸਿੰਗ ਸਟਾਫ, ਲਿਵਰ, ਕੋਰੋਨਰੀ ਕੇਅਰ ਯੂਨਿਟ, ਰੈਸਪੀਰੇਟਰੀ, ਕਾਰਡਿਓਥੋਰੇਸਿਕ ਤੇ ਵਸਕੁਲਰ ਆਈਸੀਯੂ ਵਿਚ ਲਾਇਆ ਹੈ। ਵਾਰਡ ਵਿਚ ਕੰਮ ਕਰਨ ਵਾਲੇ 176 ਜ਼ਨਾਨਾ ਤੇ ਪੁਰਸ਼ ਨਰਸਿੰਗ ਸਟਾਫ ਨੂੰ ਇਸ ਵਿਚ ਸ਼ਾਮਲ ਸਨ, ਦੋ ਮਹੀਨਿਆਂ ਵਿਚ ਡਾਟਾ ਇਕੱਤਰ ਕੀਤਾ ਗਿਆ ਸੀ। ਹਰ ਨਰਸ ਤੋਂ 30 ਮਿੰਟ ਦੀ ਮੁਲਾਕਾਤ ਵਿਚ ਨੌਕਰੀ ਸਬੰਧੀ ਸਵਾਲ ਪੁੱਛੇ ਗਏ। ਬਿਨਾਂ ਸ਼ੱਕ, ਕੁਝ ਕਾਰਨ ਹੋਰ ਵੀ ਭਿਆਨਕ ਹੋਣਗੇ ਪਰ ਇਥੇ ਸਪੇਸ ਘੱਟ ਰੱਖਣ ਦੀ ਮਜਬੂਰੀ ਕਾਰਨ ਅਸੀਂ ਸਾਰਾ ਕੁਝ ਨਹੀਂ ਖੋਲ੍ਹ ਸਕਦੇ। ਪਾਠਕਾਂ ਨੂੰ ਪੜ੍ਹ ਕੇ ਆਪਣੀ ਬੁੱਧੀ-ਵਿਵੇਕ ਨਾਲ ਵੀ ਉਹ ਸਮਝ ਲੈਣਾ ਚਾਹੀਦਾ ਹੈ, ਜੋ ਕਿ 'ਲਿਖਿਆ ਨਹੀਂ' ਗਿਆ!!

ਚਿੱਠੀ ਪੱਤਰੀ ਲਈ- ਸਰੂਪ ਨਗਰ, ਪਿੰਡ ਰਾਓਵਾਲੀ, ਪਠਾਨਕੋਟ ਮਾਰਗ, ਜਲੰਧਰ।

# ਕੈਨੇਡਾ ਵਿਚ ਪੰਜਾਬੀ ਭਾਸ਼ਾ ਦੀ ਮਾਨਤਾ



ਸਾਧੂ ਬਿਨਿੰਗ
ਸਰੀ ਬੀਸੀ

*(ਇਹ ਲੇਖ ਤਿੰਨ ਕੁ ਸਾਲ ਪਹਿਲਾਂ ਲਿਖਿਆ ਗਿਆ ਸੀ। ਇਸ ਵਿਚ ਵਰਤੇ ਭਾਵੇਂ ਕੁਝ ਅੰਕੜੇ ਸ਼ਾਇਦ ਸਹੀ ਤਸਵੀਰ ਪੇਸ਼ ਨਾ ਕਰਦੇ ਹੋਣ ਪਰ ਇਸ ਵਿਚ ਉਠਾਏ ਗਏ ਮੁੱਖ ਮਸਲੇ ਅਜੇ ਵੀ ਉਨੇ ਹੀ ਮਹੱਤਵ ਵਾਲੇ ਹਨ ਜਿੰਨੇ ਤਿੰਨ ਸਾਲ ਪਹਿਲਾਂ ਸਨ। ਇਸ ਵੇਲੇ ਪੰਜਾਬੀ ਭਾਈਚਾਰੇ ਦੇ ਹੱਥ ਵਿਚ ਜ਼ਿਕਰਯੋਗ ਸਿਆਸੀ ਤੇ ਆਰਥਿਕ ਤਾਕਤ ਹੈ। ਕਨੇਡਾ ਦੀ ਪੱਧਰ 'ਤੇ ਭਾਸ਼ਾ ਦੇ ਮਸਲੇ ਬਾਰੇ ਕੁਝ ਹਾਸਲ ਕਰਨ ਦਾ ਇਹ ਅਹਿਮ ਇਤਿਹਾਸਕ ਮੌਕਾ ਹੈ।)*




ਪੰਜਾਬੀ ਬੋਲੀ ਨੂੰ ਕਨੇਡਾ ਵਿਚ ਕੌਮੀ ਪੱਧਰ 'ਤੇ ਮਾਨਤਾ ਦਿਵਾਉਣ ਦਾ ਮਸਲਾ ਕਾਫੀ ਗੁੰਝਲਦਾਰ ਹੈ। ਇਕ ਪਾਸੇ ਐਲਾਨੀਆਂ ਬਹੁ-ਸੱਭਿਆਚਾਰਕ ਮੁਲਕ ਹੋਣ ਦੇ ਬਾਵਜੂਦ ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ ਸਿਰਫ ਅੰਗ੍ਰੇਜ਼ੀ ਅਤੇ ਫਰਾਂਸੀਸੀ ਨੂੰ ਹੀ ਕਨੇਡੀਅਨ ਬੋਲੀਆਂ ਮੰਨਦੀ ਹੈ; ਦੂਜੇ ਪਾਸੇ ਏਥੋਂ ਦਾ ਪੰਜਾਬੀ ਭਾਈਚਾਰਾ ਹੁਣ ਇਕ ਸਥਾਪਤ ਤੇ ਮੁਕਾਬਲਤਨ ਤਾਕਤਵਰ ਹਿੱਸਾ ਹੋਣ ਦੇ ਬਾਵਜੂਦ ਕਨੇਡਾ ਦੀ ਭਾਸ਼ਾ ਨੀਤੀ ਨੂੰ ਵੰਗਾਰ ਨਹੀਂ ਰਿਹਾ। ਇਸ ਵੇਲੇ ਕਨੇਡੀਅਨ ਭਾਸ਼ਾ ਨੀਤੀ ਬਾਰੇ ਅਤੇ ਕਨੇਡਾ ਵਿਚ ਦੂਜੀਆਂ ਬੋਲੀਆਂ ਦੇ ਵਿਕਾਸ ਦੀ ਸੰਭਾਵਨਾ ਬਾਰੇ ਜਾਨਣ ਦੀ ਜ਼ਰੂਰਤ ਹੈ ਅਤੇ ਇਸ ਨੀਤੀ ਨੂੰ ਵੰਗਾਰਨ ਦੀ ਲੋੜ ਹੈ। ਨਾਲ ਹੀ ਇਸ ਗੱਲ ਬਾਰੇ ਵੀ ਲੇਖਾ ਜੋਖਾ ਕਰਨਾ ਜ਼ਰੂਰੀ ਹੈ ਕਿ ਪੰਜਾਬੀ ਬੋਲੀ ਨੂੰ ਕਨੇਡਾ ਵਿਚ ਅਗਲੀਆਂ ਪੀੜ੍ਹੀਆਂ ਵਿਚ ਜੀਉਂਦਾ ਰੱਖਣ ਲਈ ਇਸ ਵੇਲੇ ਕੀ ਕਰਨ ਦੀ ਲੋੜ ਹੈ ਅਤੇ ਕੀ ਕੀਤਾ ਜਾ ਸਕਦਾ ਹੈ। ਹਥਲੇ ਪਰਚੇ ਵਿਚ ਮੁੱਖ ਤੌਰ 'ਤੇ ਇਨ੍ਹਾਂ ਦੋ ਨੁਕਤਿਆਂ ਬਾਰੇ ਹੀ ਗੱਲਬਾਤ ਕੀਤੀ ਜਾਵੇਗੀ: ੳ) ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ। ਅ) ਪੰਜਾਬੀ ਦੀ ਮੌਜੂਦਾ ਸਥਿਤੀ ਅਤੇ ਪੰਜਾਬੀ ਲੋਕਾਂ ਦਾ ਆਪਣੀ ਬੋਲੀ ਵਲ ਰਵੱਈਆ।

**ੳ ਕਨੇਡੀਅਨ ਸਰਕਾਰ ਦੀ ਭਾਸ਼ਾ ਨੀਤੀ**

ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਸੱਭਿਆਚਾਰ ਅਤੇ ਬੋਲੀ ਦਾ ਆਪਸੀ ਸਬੰਧ ਸੱਭਿਆਚਾਰ ਦੇ ਬਾਕੀ ਸਾਰੇ ਅੰਗਾਂ ਨਾਲੋਂ ਗੂੜ੍ਹਾ ਹੁੰਦਾ ਹੈ। ਬੋਲੀ ਹੀ ਉਹ ਮਾਧਿਅਮ ਹੈ ਜਿਸ ਰਾਹੀਂ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ, ਰੀਤੀ ਰਿਵਾਜ, ਜੀਵਨ ਦਰਸ਼ਨ, ਵਿਸ਼ਵਾਸ ਆਦਿ ਸਭ ਕੁਝ ਆਪਣੇ ਅਸਲੀ ਰੂਪ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੇ ਹਨ। ਬੋਲੀ ਦੇ ਏਨਾ ਮਹੱਤਵਪੂਰਨ ਹੋਣ ਦੇ ਬਾਵਜੂਦ, ਅਤੇ ਸ਼ਾਇਦ ਇਸੇ ਕਰਕੇ ਹੀ, ਬਹੁ-ਸੱਭਿਆਚਾਰਕ ਮੁਲਕ ਹੋਣ ਦੇ ਬਾਵਜੂਦ ਕਨੇਡਾ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਦੂਜੀਆਂ ਬੋਲੀਆਂ ਦੀ ਹੋਂਦ ਮੰਨਣ ਤੋਂ ਇਨਕਾਰੀ ਹੈ। ਅਸਲੀਅਤ ਇਹ ਹੈ ਕਿ ਦੋਵਾਂ ਹੀ ਸਰਕਾਰੀ ਬੋਲੀਆਂ ਬੋਲਣ ਵਾਲੇ ਲੋਕਾਂ ਦੀ ਸੰਖਿਆ ਲਗਾਤਾਰ ਘਟ ਰਹੀ ਹੈ।

ਜਿੱਥੇ ਘਰ ਵਿਚ ਸਿਰਫ ਅੰਗ੍ਰੇਜ਼ੀ ਬੋਲਣ ਵਾਲੇ ਲੋਕਾਂ ਦੀ ਪ੍ਰਤੀਸ਼ਤ 2001 ਵਿਚ 61.6 ਸੀ ਤੇ 2006 ਵਿਚ 60.3 ਤੇ ਹੁਣ 2011 ਵਿਚ ਇਹ 58.0 ਰਹਿ ਗਈ ਹੈ। ਇਸੇ ਤਰ੍ਹਾਂ ਘਰ ਵਿਚ ਸਿਰਫ ਫਰਾਂਸੀਸੀ ਬੋਲਣ ਵਾਲੇ ਲੋਕਾਂ ਦੀ ਪ੍ਰਤੀਸ਼ਤ 2001 ਵਿਚ 19.8 ਸੀ ਤੇ 2006 ਵਿਚ 19.1 ਤੇ ਹੁਣ 2011 ਵਿਚ ਇਹ 18.2 ਰਹਿ ਗਈ ਹੈ। ਉੱਥੇ ਦੂਜੀਆਂ ਬੋਲੀਆਂ ਦੀ ਸੰਖਿਆ ਵੱਧ ਰਹੀ ਹੈ। ਜਿੱਥੇ 2001 ਵਿਚ 5.7 ਪ੍ਰਤੀਸ਼ਤ ਲੋਕ ਘਰ ਵਿਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਕੋਈ ਹੋਰ ਜ਼ਬਾਨ ਬੋਲਦੇ ਸਨ, 2011 ਉਨ੍ਹਾਂ ਦੀ ਗਿਣਤੀ ਵਧ ਕੇ 6.5 ਪ੍ਰਤੀਸ਼ਤ ਹੋ ਗਈ ਹੈ। ਪਰ ਇਸ ਸਚਾਈ ਦੇ ਬਾਵਜੂਦ ਬਾਕੀ ਦੀਆਂ ਸਾਰੀਆਂ ਬੋਲੀਆਂ ਨੂੰ ਕਨੇਡਾ ਵਿਚ ਵਿਦੇਸ਼ੀ ਬੋਲੀਆਂ ਮੰਨਿਆਂ ਜਾਂਦਾ ਹੈ ਅਤੇ ਉਨ੍ਹਾਂ ਬਾਰੇ ਗੱਲ ਕਰਨ ਸਮੇਂ ਵੱਖਰੇ ਵੱਖਰੇ ਸੰਬੋਧਨ ਵਰਤੇ ਜਾਂਦੇ ਹਨ। ਏਥੇ ਕੌਮੀ ਪੱਧਰ 'ਤੇ ਸਿਰਫ ਅੰਗ੍ਰੇਜ਼ੀ ਅਤੇ ਫਰਾਂਸੀਸੀ ਨੂੰ ਹੀ ਸਰਕਾਰੀ ਮਾਨਤਾ ਪ੍ਰਾਪਤ ਹੈ ਅਤੇ ਕਾਨੂੰਨੀ ਤੌਰ 'ਤੇ ਦੁਭਾਸ਼ੀ ਸਿਰਫ ਉਸ ਨੂੰ ਹੀ ਮੰਨਿਆਂ ਜਾਂਦਾ ਹੈ ਜਿਹੜਾ ਇਹ ਦੋਵੇਂ ਸਰਕਾਰੀ ਭਾਸ਼ਾਵਾਂ ਬੋਲਦਾ ਹੋਵੇ। ਇਸ ਹਿਸਾਬ ਨਾਲ ਕਨੇਡਾ ਵਿਚ 83% ਤੋਂ ਵਧ ਲੋਕ ਸਿਰਫ ਇਕ ਹੀ ਜ਼ਬਾਨ ਬੋਲਣ ਵਾਲੇ ਹਨ। ਜਦ ਵੀ ਭਾਸ਼ਾ ਨੀਤੀ ਦੀ ਗੱਲ ਹੁੰਦੀ ਹੈ ਤਾਂ ਉਹ ਸਿਰਫ ਦੋ ਸਰਕਾਰੀ ਬੋਲੀਆਂ ਦੀ ਹੀ ਹੁੰਦੀ ਹੈ। ਦੂਜੀਆਂ ਭਾਸ਼ਾਵਾਂ ਦੇ ਹੱਕਾਂ ਬਾਰੇ ਯੁਰਪੀਅਨ ਭਾਸ਼ਾਵਾਂ ਦੇ ਲੋਕਾਂ, ਖਾਸ ਕਰ, ਯੁਕਰੇਰੀਅਨ ਅਤੇ ਇਟੈਲੀਅਨ ਭਾਸ਼ਾ ਬੋਲਣ ਵਾਲਿਆਂ ਵਲੋਂ ਪਿਛਲੀ ਸਦੀ ਦੇ ਪੰਜਵੇਂ ਛੇਵੇਂ ਦਹਾਕੇ ਦੌਰਾਨ ਕਾਫੀ ਜੱਦੋਜਹਿਦ ਕੀਤੀ ਗਈ ਪਰ ਕਨੇਡਾ ਦੀਆਂ ਦੋਵੇਂ ਵੱਡੀਆਂ ਭਾਸ਼ਾਵਾਂ ਦੂਜੀਆਂ ਬੋਲੀਆਂ ਨੂੰ ਹੱਕ ਦੇਣ ਦੇ ਵਿਰੋਧ 'ਚ ਸਨ। ਦੂਜੇ ਭਾਈਚਾਰਿਆਂ ਦੀਆਂ ਇਨ੍ਹਾਂ ਸਰਗਰਮੀਆਂ ਦੇ ਨਤੀਜੇ ਵਜੋਂ ਕਨੇਡਾ ਨੂੰ ਬਹੁ-ਸੱਭਿਆਚਾਰਕ ਮੁਲਕ ਤਾਂ ਮੰਨ ਲਿਆ ਗਿਆ ਪਰ ਦੂਜੀਆਂ ਬੋਲੀਆਂ ਨੂੰ ਕਨੇਡੀਅਨ ਮੰਨਣ ਤੋਂ ਇਨਕਾਰ ਕੀਤਾ ਗਿਆ। ਪੀਅਰ ਟਰੂਡੋ ਸਮੇਂ 1969 ਵਿਚ ਪਹਿਲਾ ਸਰਕਾਰੀ ਭਾਸ਼ਾ ਕਾਨੂੰਨ (ਆਫੀਸ਼ੀਅਲ ਲੈਂਗੂਏਜ ਐਕਟ) ਪਾਸ ਕੀਤਾ ਗਿਆ ਸੀ ਜਿਸ ਨੂੰ 1988 ਵਿਚ ਸੋਧਿਆ ਗਿਆ। ਕਨੇਡਾ ਦੀਆਂ ਦੋ ਸਰਕਾਰੀ ਭਾਸ਼ਾਵਾਂ ਤੋਂ ਬਿਨਾਂ ਕਿਸੇ ਹੋਰ ਜ਼ਬਾਨ ਦਾ ਉਸ ਵਿਚ ਜ਼ਿਕਰ ਨਹੀਂ ਹੈ। ਜਦੋਂ ਘੱਟ ਗਿਣਤੀ ਜ਼ਬਾਨ ਦੇ ਹੱਕਾਂ ਦੀ ਗੱਲ ਹੁੰਦੀ ਹੈ ਤਾਂ ਉਹ ਅੰਗ੍ਰੇਜ਼ੀ ਬੋਲਦੇ ਇਲਾਕੇ ਵਿਚ ਫਰਾਂਸੀਸੀ ਬੋਲੀ ਹੁੰਦੀ ਹੈ ਤੇ ਫਰਾਂਸੀਸੀ ਬੋਲਦੇ ਇਲਾਕੇ ਵਿਚ ਅੰਗ੍ਰੇਜ਼ੀ ਹੁੰਦੀ ਹੈ।

ਕਨੇਡਾ ਦੀ ਕੇਂਦਰੀ ਸਰਕਾਰ ਇਨ੍ਹਾਂ ਦੋ ਸਰਕਾਰੀ ਬੋਲੀਆਂ ਦੇ ਵਿਕਾਸ ਵਾਸਤੇ ਵੱਡੀ ਪੱਧਰ 'ਤੇ ਯੋਜਨਾਵਾਂ ਬਣਾਉਂਦੀ ਹੈ ਅਤੇ ਪੈਸੇ ਖਰਚਦੀ ਹੈ। ਉਦਾਹਰਨ ਵਜੋਂ, ਜੂਨ 2008 ਵਿਚ ਸਰਕਾਰ ਨੇ ਇਕ 'ਰੋਡਮੈਪ ਫਾਰ ਲਿੰਗੁਇਸਟਿਕ ਡੁਐਲਿਟੀ ਇਨ ਕੈਨੇਡਾ 2008-2013' ਰੀਲੀਜ਼ ਕੀਤਾ। ਇਸ ਅਨੁਸਾਰ ਇਨ੍ਹਾਂ ਪੰਜਾਂ ਸਾਲਾਂ ਵਿਚ ਸਰਕਾਰ ਨੇ 1.1 ਬਿਲੀਅਨ ਡਾਲਰ ਇਨ੍ਹਾਂ ਬੋਲੀਆਂ ਦੇ ਵਿਕਾਸ ਲਈ ਵੱਖਰੇ ਵੱਖਰੇ ਭਾਈਚਾਰਿਆਂ ਵਿਚ ਖਰਚਣੇ ਸਨ। ਇਨ੍ਹਾਂ ਪੈਸਿਆਂ ਦਾ ਇਨ੍ਹਾਂ ਬੋਲੀਆਂ ਉੱਪਰ ਵਿਦਿਅਕ ਅਦਾਰਿਆ ਰਾਹੀਂ ਖਰਚ ਹੋਣ ਵਾਲੇ ਪੈਸੇ ਨਾਲ ਕੋਈ ਸਬੰਧ ਨਹੀਂ ਸੀ।

ਯੂ ਐਨ ਅਨੁਸਾਰ ਇਸ ਵੇਲੇ ਦੁਨੀਆਂ ਵਿਚ 193 ਮੁਲਕ ਹਨ ਜਦ ਕਿ ਬੋਲੀਆਂ ਦੀ ਗਿਣਤੀ ਪੰਜ ਤੋਂ ਸੱਤ ਹਜ਼ਾਰ ਤੱਕ ਦੱਸੀ ਜਾਂਦੀ ਹੈ। ਵੱਡੀ ਗਿਣਤੀ ਮੁਲਕ ਬਹੁ-ਭਾਸ਼ਾਵੀ ਹਨ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਲੋੜ ਅਨੁਸਾਰ ਭਾਸ਼ਾ ਨੀਤੀਆਂ ਤਿਆਰ ਕੀਤੀਆਂ ਹੋਈਆਂ ਹਨ ਜਿਨ੍ਹਾਂ ਵਿਚ ਉਹ ਘੱਟ ਗਿਣਤੀ ਬੋਲੀਆਂ ਨੂੰ ਵੀ ਮਾਨਤਾ ਦਿੰਦੇ ਹਨ। ਉਦਾਹਰਨ ਵਜੋਂ, ਭਾਰਤ ਵਿਚ ਡੇਢ ਦਰਜਨ ਤੋਂ ਉੱਤੇ ਬੋਲੀਆਂ ਸਰਕਾਰੀ ਹੋਣ ਦਾ ਦਰਜਾ ਰੱਖਦੀਆਂ ਹਨ। ਯੂਰਪ ਦੇ ਬਹੁਤ ਸਾਰੇ ਮੁਲਕਾਂ ਅਤੇ ਅਸਟ੍ਰੇਲੀਆਂ ਆਦਿ ਨੇ ਆਪਣੀਆਂ ਭਾਸ਼ਾ ਨੀਤੀਆਂ ਤਿਆਰ ਕੀਤੀਆਂ ਹੋਈਆਂ ਹਨ ਪਰ ਕਨੇਡਾ ਇਸ ਪੱਖੋਂ ਕਾਫੀ ਪਛੜਿਆ ਹੋਇਆ ਹੈ। ਕੈਨੇਡੀਅਨ ਫੈਡਰੇਸ਼ਨ ਫਾਰ ਦਾ ਹਿਊਮੈਨੀਟੀਜ਼ ਐਂਡ ਸੋਸ਼ਿਲ ਸਾਇੰਸਜ਼ ਦੀ ਜਨਵਰੀ, 4, 2002 ਦੀ ਇਕ ਲਿਖਤ 'ਸੈਟਿੰਗ ਏਜੰਡਾਜ਼ ਫਾਰ ਲੈਂਗੂਏਜ ਐਜੂਕੇਸ਼ਨ ਇਨ ਕੈਨੇਡਾ: ਫਿਲਿੰਗ ਏ ਨੈਸ਼ਨਲ ਵੋਇਡ' ਅਨੁਸਾਰ:

ਇਹ ਗੱਲ ਸਾਫ ਹੈ ਕਿ ਕਨੇਡਾ ਇਕ ਕੌਮੀ ਪੱਧਰ ਦੀ ਸੰਯੁਕਤ ਭਾਸ਼ਾਈ ਵਿਦਿਆ ਨੀਤੀ ਦੀ ਕਮੀ ਵਿਚ, ਭਾਸ਼ਾਈ ਵਿਦਿਆ ਦੀ ਮਹੱਤਤਾ ਬਾਰੇ ਖੋਜ ਦੀ ਕਮੀ ਵਿਚ ਅਤੇ ਅਧੁਨਿਕ ਭਾਸ਼ਾਈ ਵਿਦਿਆ ਨਾਲ ਜੁੜੇ ਮਸਲਿਆਂ ਤੋਂ ਦੂਰੀ ਰੱਖਣ ਵਿਚ, ਦੂਜੇ ਵਿਕਸਤ ਮੁਲਕਾਂ ਤੋਂ ਵੀ ਪਿੱਛੇ ਹੈ। (ਭਾਵ ਕਿ ਇਨ੍ਹਾਂ ਗੱਲਾਂ ਵਿਚ ਦੂਜੇ ਵਿਕਸਤ ਮੁਲਕ ਵੀ ਪਿੱਛੇ ਹਨ ਪਰ ਕਨੇਡਾ ਉਨ੍ਹਾਂ ਤੋਂ ਵੀ ਪਿੱਛੇ ਹੈ)। ਇੱਕੀਵੀਂ ਸਦੀ ਦੇ ਇਕ ਸਮਾਜ ਵਜੋਂ ਕਨੇਡਾ ਹੁਣ ਇਸ ਗੱਲੋਂ ਸੰਤੁਸ਼ਟਤਾ ਨਹੀਂ ਮਹਿਸੂਸ ਕਰ ਸਕਦਾ ਕਿ ਉਹ ਭਾਸ਼ਾ ਦੀ ਵਿਦਿਆ ਵਲਾਂ ਬੇਨੇਮੀ ਤੇ ਟੁਕੜਿਆਂ ਵਿਚ ਵੰਡੀ ਪਹੁੰਚ ਅਪਣਾਈ ਰੱਖੇ: ਅਜਿਹਾ ਕਰਦੇ ਰਹਿਣ ਨਾਲ ਇਸ ਗੱਲ ਦਾ ਖਤਰਾ ਹੈ ਕਿ ਕਨੇਡਾ ਦੂਜੇ ਮੁਲਕਾਂ ਤੋਂ ਏਨਾ ਪਿੱਛੇ ਰਹਿ ਜਾਵੇ ਕਿ ਮੁੜ ਸੰਭਲ ਨਾ ਸਕੇ।

ਕਨੇਡਾ ਦੀ ਪੈਂਤੀ ਮਿਲੀਅਨ ਦੀ ਅਬਾਦੀ ਵਿਚ ਹੁਣ ਵੱਡੀ ਗਿਣਤੀ ਸਰਕਾਰੀ ਬੋਲੀਆਂ ਤੋਂ ਇਲਾਵਾ ਦੂਜੀਆਂ ਬੋਲੀਆਂ ਬੋਲਣ ਵਾਲੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਕਨੇਡਾ ਦੇ 24% ਲੋਕ ਅੰਗ੍ਰੇਜ਼ੀ ਜਾਂ ਫਰਾਂਸੀਸੀ ਤੋਂ ਬਿਨਾਂ ਘਰ ਵਿਚ ਕੋਈ ਹੋਰ ਬੋਲੀ ਬੋਲਦੇ ਹਨ। ਇਹ ਸਚਾਈ ਹੈ ਕਿ ਪਿਛਲੇ ਕੁਝ ਦਹਾਕਿਆਂ ਦੌਰਾਨ ਕਨੇਡਾ ਵਿਚ ਗੈਰ-ਚਿੱਟੇ ਲੋਕਾਂ ਨਾਲ ਹੁੰਦਾ ਨਸਲੀ ਵਿਤਕਰਾ ਕੁਝ ਹੱਦ ਤੱਕ ਘਟਿਆ ਹੈ ਅਤੇ ਇਕ ਬਹੁ-ਸੱਭਿਆਚਾਰਕ ਮੁਲਕ ਵਜੋਂ ਦੁਨੀਆਂ ਭਰ ਵਿਚ ਇਸ ਦੀ ਪਛਾਣ ਉੱਭਰੀ ਹੈ। ਪਰ ਜਿੱਥੇ ਤੱਕ ਭਾਸ਼ਾ ਦਾ ਸਬੰਧ ਹੈ ਕਨੇਡਾ ਵਿੱਚ ਵਿਤਕਰਾ ਪੂਰੀ ਤਰ੍ਹਾਂ ਕਾਇਮ ਹੈ ਜਿਸ ਨੂੰ ਭਾਸ਼ਾਈ ਵਿਤਕਰਾ (ਲਿੰਗਿਊਸਿਜ਼ਮ) ਕਿਹਾ ਜਾਂਦਾ ਹੈ। ਏਥੇ ਜਾਂ ਤਾਂ ਦੂਜੀਆਂ ਬੋਲੀਆਂ ਦੀ ਹੋਂਦ ਨੂੰ ਸਵੀਕਾਰਨ ਤੋਂ ਹੀ ਨਾਂਹ ਕੀਤੀ ਜਾਂਦੀ ਹੈ ਪਰ ਜਿੱਥੇ ਕਿਤੇ ਦੂਜੀਆਂ ਬੋਲੀਆਂ ਬਾਰੇ ਕੋਈ ਗੱਲ ਹੁੰਦੀ ਵੀ ਹੈ ਉਸ ਦਾ ਮਕਸਦ ਵੀ ਦੋ ਸਰਕਾਰੀ ਬੋਲੀਆਂ ਨੂੰ ਹੋਰ ਮਜ਼ਬੂਤ ਕਰਨਾ ਹੁੰਦਾ ਹੈ ਜਿਵੇਂ ਕਿ ਇਸ ਉਕਤੀ ਤੋਂ ਜ਼ਾਹਿਰ ਹੈ:

ਵਧ ਰਹੀ ਪਛਾਣ ਦਾ ਇਕ ਹੋਰ ਖੇਤਰ ਹੈ ਗੈਰ-ਸਰਕਾਰੀ ਭਾਸ਼ਾਵਾਂ, ਜਾਂ ਤੀਜੀਆਂ ਭਾਸ਼ਾਵਾਂ ਜਾਂ ਵਿਰਾਸਤੀ (ਹੈਰੀਟੇਜ) ਭਾਸ਼ਾਵਾਂ। ਕਨੇਡੀਅਨ ਬਹੁ-ਸੱਭਿਆਚਾਰਕ ਕਾਨੂੰਨ (ਮਲਟੀਕਲਚਰਲ ਐਕਟ) (1985) ਅਨੁਸਾਰ ਕਨੇਡਾ ਦੀ ਇਹ ਨੀਤੀ ਹੈ ਕਿ "ਸਰਕਾਰੀ ਭਾਸ਼ਾਵਾਂ ਦੀ ਵਰਤੋਂ ਅਤੇ ਉਨ੍ਹਾਂ ਦੇ ਰੁਤਬੇ ਨੂੰ ਤਾਕਤਵਰ ਬਣਾਉਂਦਿਆਂ ਹੋਇਆਂ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਦੂਜੀਆਂ ਬੋਲੀਆਂ ਨੂੰ ਸਾਂਭਣਾ ਤੇ ਵਧਾਉਣਾ ਹੈ" ਅਤੇ "ਉਨ੍ਹਾਂ ਸਾਰੀਆਂ ਭਾਸ਼ਾਵਾਂ ਨੂੰ ਗ੍ਰਹਿਣ ਕਰਨ ਅਤੇ ਰੱਖਣ ਵਿਚ ਸਹਾਇਤਾ ਕਰਨੀ ਜਿਹੜੀਆਂ ਕਨੇਡਾ ਦੇ ਬਹੁਸੱਭਿਆਚਾਰਕ ਵਿਰਸੇ ਨੂੰ ਸਾਂਭਣ ਵਿਚ ਯੋਗਦਾਨ ਪਾਉਂਦੀਆਂ ਹੋਣ। ਇਹ ਗੱਲ ਸ਼ਰੇਆਮ ਦਿਸਦੀ ਹੈ ਕਿ ਕਨੇਡਾ ਦੇ ਬਹੁ-ਸੱਭਿਆਚਾਰਕ ਕਾਨੂੰਨ ਵਿਚ ਵੀ ਸਰਕਾਰੀ ਭਾਸ਼ਾਵਾਂ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਦੀ ਬਿਹਤਰੀ ਦੇ ਕਾਰਜ ਵਜੋਂ ਹੀ ਦੇਖਿਆ ਜਾ ਰਿਹਾ ਹੈ।

ਇਹ ਗੱਲ ਦਿਲਚਸਪੀ ਵਾਲੀ ਹੈ ਕਿ ਕਨੇਡਾ ਵਾਂਗ ਇਸ ਦੇ ਨਾਲ ਲਗਦੇ ਮੁਲਕ ਅਮਰੀਕਾ ਦੀ ਵੀ ਇਹੋ ਸਥਿਤੀ ਹੈ। 'ਅਮਰੀਕਾ ਵਿਚ ਭਾਸ਼ਾਈ ਵਿਤਕਰਾ' (ਲਿੰਗਿਊਸਿਜ਼ਮ ਇਨ ਅਮੈਰਿਕਾ) ਨਾਂ ਦੀ ਲਿਖਤ ਵਿਚ ਜੋਨ ਰੇਅਨਰ ਦਾ ਕਹਿਣਾ ਹੈ ਕਿ, ਅਮਰੀਕਾ ਵਿਚ ਨਸਲਵਾਦ ਬਾਰੇ ਤਾਂ ਕਾਫੀ ਗੱਲਬਾਤ ਹੁੰਦੀ ਹੈ ਪਰ ਭਾਸ਼ਾਈ ਵਿਤਕਰੇ ਬਾਰੇ ਸਮਝ ਬਹੁਤ ਘੱਟ ਹੈ। ਜਿੱਥੇ ਇਨ੍ਹਾਂ ਦੋਵਾਂ ਮੁਲਕਾਂ ਵਿਚ ਵੱਖਰੇ ਵੱਖਰੇ ਧਰਮਾਂ ਨੂੰ ਸਤਿਕਾਰ ਦਿੱਤਾ ਜਾਂਦਾ ਹੈ ਉੱਥੇ ਬੋਲੀ ਦੀ ਸਥਿਤੀ ਵੱਖਰੀ ਹੈ। ਅਮਰੀਕਾ ਵਿਚ ਹੁਣ ਲਗਾਤਾਰ ਇਹ ਕੋਸ਼ਿਸ਼ ਹੋ ਰਹੀ ਹੈ ਕਿ ਸੰਵਿਧਾਨ ਵਿਚ ਸੋਧ ਕਰਕੇ ਅੰਗ੍ਰੇਜ਼ੀ ਬੋਲੀ ਨੂੰ ਇੱਕੋ ਇੱਕ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ। ਦੂਜੇ ਸ਼ਬਦਾਂ ਵਿਚ ਅਮਰੀਕਾ ਵਿਚ ਉਹ ਕੁਝ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕਨੇਡਾ ਵਿਚ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਜੋਨ ਰੇਅਨਰ ਅਨੁਸਾਰ:

ਦੋ ਸਦੀਆਂ ਤੋਂ ਉੱਪਰ ਦੇ ਸਮੇਂ ਤੋਂ ਅਮਰੀਕਾ ਦੀ ਕੋਈ ਸਰਕਾਰੀ ਭਾਸ਼ਾ ਨਹੀਂ ਰਹੀ, ਅਤੇ ਅਮਰੀਕਾ ਦੇ ਸੰਵਿਧਾਨ ਵਿਚ ਪਹਿਲੀ ਤਰਮੀਮ ਨੇ ਧਰਮ ਦੀ ਆਜ਼ਾਦੀ ਦੀ ਗਰੰਟੀ ਦਿੱਤੀ ਹੈ ਅਤੇ ਇਸ ਗੱਲ ਦੀ ਮੰਗ ਕੀਤੀ ਹੈ ਕਿ ਕਾਂਗਰਸ ਕੋਈ ਇਹੋ ਜਿਹਾ ਕਾਨੂੰਨ ਪਾਸ ਨਾ ਕਰੇ, "ਜਿਹੜਾ ਬੋਲਣ ਦੀ ਆਜ਼ਾਦੀ ਨੂੰ ਘਟਾਵੇ"। ਉਸੇ ਤਰਮੀਮ ਵਿਚ ਧਰਮ ਅਤੇ ਬੋਲਣ ਦੀ ਆਜ਼ਾਦੀ ਦੇ ਇਕੱਠੇ ਹੋਣ ਦੇ ਬਾਵਜੂਦ ਭਾਸ਼ਾ ਦੀ ਸਹਿਣਸ਼ੀਲਤਾ ਨੂੰ ਧਰਮ ਦੀ ਸਹਿਣਸ਼ੀਲਤਾ ਵਾਲੀ ਰੋਸ਼ਨੀ ਵਿਚ ਨਹੀਂ ਦੇਖਿਆ ਜਾ ਰਿਹਾ। ਕੋਈ ਵੀ ਜ਼ਿੰਮੇਵਾਰ ਵਿਅਕਤੀ ਇਹ ਸੁਝਾਅ ਨਹੀਂ ਦੇ ਰਿਹਾ ਕਿ "ਸਰਕਾਰੀ ਮੈਥੋਡਿਸਟ" (ਆਫੀਸ਼ੀਅਲ ਮੈਥੋਡਿਸਟ), "ਸਰਕਾਰੀ ਕੈਥੋਲਿਕ", ਜਾਂ "ਸਰਕਾਰੀ ਕਰਿਸਚੀਅਨ" ਕਾਨੂੰਨ ਹੋਵੇ।

ਕਨੇਡਾ ਜਾਂ ਅਮਰੀਕਾ ਵਿਚ ਦੂਜੀਆਂ ਬੋਲੀਆਂ ਨਾਲ ਇਹ ਵਿਤਕਰਾ ਕੋਈ ਹੈਰਾਨੀ ਵਾਲੀ ਗੱਲ ਨਹੀਂ। ਇਹ ਦੋਵੇਂ ਮੁਲਕ ਬੋਲੀ ਦੀ ਤਾਕਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਅੰਗ੍ਰੇਜ਼ੀ ਬੋਲੀ ਦੇ ਸਾਮਰਾਜ ਨੂੰ ਦੁਨੀਆਂ ਭਰ ਵਿਚ ਫੈਲਾਉਣ ਲਈ ਅੱਗੇ ਹਨ। ਇਸ ਵੇਲੇ ਦੁਨੀਆਂ ਦੇ ਤਕਰੀਬਨ ਹਰ ਮੁਲਕ ਵਿਚ ਹੀ ਚੰਗੀਆਂ ਨੌਕਰੀਆਂ ਅਤੇ ਕਿੱਤਿਆਂ ਵਿਚ ਪਹਿਲ ਉਨ੍ਹਾਂ ਲੋਕਾਂ ਨੂੰ ਮਿਲ ਰਹੀ ਹੈ ਜੋ ਅੰਗ੍ਰੇਜ਼ੀ ਜ਼ਬਾਨ ਦੀ ਜਾਣਕਾਰੀ ਰੱਖਦੇ ਹਨ। ਇਸ ਸਥਿਤੀ ਨੇ ਹਰ ਪਾਸੇ ਅੰਗ੍ਰੇਜ਼ੀ ਸਿੱਖਣ ਦੀ ਖ਼ਬਤ ਪੈਦਾ ਕਰ ਦਿੱਤੀ ਹੈ ਅਤੇ ਇਕ ਅੰਦਾਜ਼ੇ ਮੁਤਾਬਕ ਮੌਜੂਦਾ ਸਮੇਂ ਦੋ ਬਿਲੀਅਨ ਤੋਂ ਉੱਤੇ ਲੋਕ ਅੰਗ੍ਰੇਜ਼ੀ ਸਿੱਖ ਰਹੇ ਹਨ। ਅੰਗ੍ਰੇਜ਼ੀ ਸਿੱਖਾਲਣ ਦਾ ਧੰਦਾ ਹੀ ਆਪਣੇ ਆਪ ਵਿਚ ਬੇਹੱਦ ਮੁਨਾਫੇ ਵਾਲਾ ਬਣ ਗਿਆ ਹੈ ਜਿਸ ਦਾ ਸਭ ਤੋਂ ਵੱਧ ਫਾਇਦਾ ਅਮਰੀਕਾ ਤੇ ਕਨੇਡਾ ਨੂੰ ਹੋ ਰਿਹਾ ਹੈ। ਇਹ ਗੱਲ ਆਪਣੇ ਆਪ ਨਹੀਂ ਵਾਪਰੀ ਸਗੋਂ ਇਸ ਪਿੱਛੇ ਸੋਚੀ ਸਮਝੀਂ ਯੋਜਨਾ ਕੰਮ ਕਰਦੀ ਰਹੀ ਹੈ। ਅਜਿਹੀ ਸੋਚ ਦੇ ਵਿਰੁੱਧ ਕਨੇਡਾ ਵਿਚ ਫਰਾਂਸੀਸੀ ਬੋਲੀ ਨੂੰ ਵੀ ਆਪਣੀ ਹੋਂਦ ਕਾਇਮ ਰੱਖਣ ਲਈ ਲੰਮੀ ਜੱਦੋਜਹਿਦ ਕਰਨੀ ਪਈ ਹੈ। ਹੁਣ ਕਨੇਡਾ ਦੇ ਆਦਿ ਵਾਸੀ ਲੋਕ ਇਸ ਭਾਸ਼ਾਈ ਵਿਤਕਰੇ ਨੂੰ ਵੰਗਾਰ ਰਹੇ ਹਨ ਅਤੇ ਨਤੀਜੇ ਵਜੋਂ ਸਰਕਾਰੀ ਨੀਤੀ ਵਿਚ ਕੁਝ ਫਰਕ ਦੇਖਣ ਨੂੰ ਮਿਲਦਾ ਹੈ। ਉਦਾਹਰਨ ਵਜੋਂ, ਨੁਨਾਵਿੱਤ ਵਿਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਦੇ ਨਾਲ ਇਨੁਕਤੀਤੁੱਤ ਵੀ ਸਰਕਾਰੀ ਭਾਸ਼ਾ ਦਾ ਦਰਜਾ ਰੱਖਦੀ ਹੈ। ਅਤੇ ਨੌਰਥਵੈਸਟ ਟੈਰੇਟਰੀ ਵਿਚ ਅੰਗ੍ਰੇਜ਼ੀ ਅਤੇ ਫਰਾਂਸੀਸੀ ਦੇ ਨਾਲ ਨੌਂ ਆਦਿ ਵਾਸੀ ਭਾਸ਼ਾਵਾਂ ਵੀ ਸਰਕਾਰੀ ਦਰਜਾ ਰੱਖਦੀਆਂ ਹਨ। ਹੁਣ ਇਨ੍ਹਾਂ ਬੋਲੀਆਂ ਦੀ ਸਾਂਭ ਸੰਭਾਲ ਵਾਸਤੇ ਸਰਕਾਰ ਨੇ ਆਰਥਿਕ ਪੱਖੋਂ ਸਹਾਇਤਾ ਦੇਣੀ ਵੀ ਸ਼ੁਰੂ ਕੀਤੀ ਹੈ। ਉਦਾਹਰਨ ਵਜੋਂ, ਸਤੰਬਰ 2008 ਵਿਚ ਕਨੇਡਾ ਦੀ ਸਰਕਾਰ ਨੇ ਕਿਉਕਤਾਨੀ ਇਨਿਉਅਟ ਐਸੋਸੀਏਸ਼ਨ ਦੇ ਪਰਾਜੈਕਟ ਪਿਗੀਆਰਵਿਕ, ਲਈ ਪੈਸੇ ਦੇਣ ਦਾ ਐਲਾਨ ਕੀਤਾ ਹੈ, ਜਿਹੜਾ ਕਿ ਇਨਿਉਅਟ ਦੀਆਂ ਅਗਲੀਆਂ ਪੀੜ੍ਹੀਆਂ ਵਿਚ ਇਨੁਕਤੀਤੁਤ ਬੋਲੀ ਨੂੰ ਸਾਂਭਣ ਤੇ ਵਿਕਾਸ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ ਹੈ। ਇਸ ਪਰਾਜੈਕਟ ਦੇ ਕਈ ਪਹਿਲੂ ਹਨ ਸਣੇ ਵਿਰਸੇ ਦੀ ਸਿੱਖਿਆ ਅਤੇ ਇਸ ਨੂੰ ਡਿਜੀਟਾਈਜ਼ ਕਰਨਾ ਅਤੇ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਇਨੁਕਤੀਤੁਤ ਵਿਚ ਮੈਗਜ਼ੀਨਾਂ ਆਦਿ ਦਾ ਵਿਕਾਸ ਕਰਨਾ।

ਆਦਿ ਵਾਸੀ ਲੋਕਾਂ ਦੀਆਂ ਬੋਲੀਆਂ ਪ੍ਰਤੀ ਆਈ ਇਸ ਤਬਦੀਲੀ ਤੋਂ ਇਸ ਗੱਲ ਦੀ ਆਸ ਬੱਝਦੀ ਹੈ ਕਿ ਕਨੇਡਾ ਵਿਚ ਬੋਲੀਆਂ ਜਾਂਦੀਆਂ ਪੰਜਾਬੀ ਵਰਗੀਆਂ ਹੋਰ ਬੋਲੀਆਂ ਵੱਲ ਵੀ ਨਜ਼ਰੀਏ ਵਿਚ ਤਬਦੀਲੀ ਵਾਪਰ ਸਕਦੀ ਹੈ।

ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਜਿੱਥੇ ਕਨੇਡਾ ਦੀ ਕੌਮੀ ਪੱਧਰ 'ਤੇ ਭਾਸ਼ਾ ਨੀਤੀ ਦੂਜੀਆਂ ਬੋਲੀਆਂ ਦੀ ਹੋਂਦ ਮੰਨਣ ਤੋਂ ਇਨਕਾਰੀ ਹੈ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਜਾਂ ਵਿਕਾਸ ਵਿਚ ਸਰਕਾਰ ਕਿਸੇ ਕਿਸਮ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਉੱਥੇ ਸਰਕਾਰ ਭਾਈਚਾਰਿਆਂ ਵਲੋਂ ਖੁਦ ਕੀਤੇ ਯਤਨਾਂ ਦੀ ਕੋਈ ਵਿਰੋਧਤਾ ਵੀ ਨਹੀਂ ਕਰਦੀ। ਇਸੇ ਨਜ਼ਰੀਏ ਅਧੀਨ ਸਰਕਾਰ ਨੇ ਆਪਣੀ ਸੀ ਆਰ ਟੀ ਸੀ ਐਥਨਿਕ ਬਰੌਡਕਾਸਟਿੰਗ ਪਾਲਿਸੀ (1999) ਅਨੁਸਾਰ ਦੂਜੀਆਂ ਬੋਲੀਆਂ ਨੂੰ ਰੇਡੀਓ ਅਤੇ ਟੈਲੀਵਿਯਨ ਪ੍ਰੋਗਰਾਮਾਂ ਦੀ ਸੁਵਿਧਾ ਦਿੱਤੀ ਹੋਈ ਹੈ:

ਕਨੇਡਾ ਵਿਚ ਗੈਰ-ਸਰਕਾਰੀ ਬੋਲੀਆਂ ਦੇ ਵਾਧੇ ਵਾਲੀ ਇਕ ਸਭ ਤੋਂ ਵੱਧ ਦਿਲਚਸਪ ਉਦਾਹਰਨ ਕਨੇਡੀਅਨ ਪ੍ਰਸਾਰਨ ਢਾਂਚੇ (ਬਰਾਡਕਾਸਟਿੰਗ ਸਿਸਟਮ) ਵਿਚ ਮਿਲਦੀ ਹੈ। ਬਹੁਤ ਸਾਰੇ ਡਿਜੀਟਲ ਸਪੈਸ਼ਲਿਟੀ ਅਤੇ ਪੇਅ-ਕੇਬਲ ਸੇਵਾਵਾਂ ਨੂੰ ਲਸੰਸ ਦਿੱਤੇ ਗਏ ਹਨ ਸਣੇ, "ਤੀਜੀ ਜ਼ਬਾਨ" (ਥਰਡ ਲੈਂਗੂਏਜ), ਐਥਨੋ ਕਲਚਰਲ ਸਟੇਸ਼ਨਾਂ ਦੇ। ਸੀ ਆਰ ਟੀ ਸੀ ਦੀ ਐਥਨਿਕ ਪ੍ਰਸਾਰਨ ਨੀਤੀ (ਬਰਾਡਕਾਸਟਿੰਗ ਪਾਲਿਸੀ) (1999) ਅਨੁਸਾਰ, ਐਥਨਿਕ ਟੈਲੀਵਿਯਨ ਅਤੇ ਸਟੇਸ਼ਨਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਕਾਰਜਕ੍ਰਮ (ਸਕੈਜੂਅਲ) ਦਾ 60% ਐਥਨਿਕ ਪ੍ਰੋਗਰਾਮਾਂ ਲਈ ਦੇਣ, ਅਤੇ ਉਨ੍ਹਾਂ ਦੀਆਂ ਸੂਚੀਆਂ ਵਿਚ ਘੱਟੋ ਘੱਟ 50% ਉਨ੍ਹਾਂ ਦੀਆਂ ਆਪਣੀਆਂ ਬੋਲੀਆਂ ਦੇ ਪ੍ਰੋਗਰਾਮ ਹੋਣ... । ਕਨੇਡਾ ਵਿਚ ਪ੍ਰਸਾਰਤ ਹੋਣ ਵਾਲੇ ਪ੍ਰੋਗਰਾਮਾਂ ਦੀਆਂ ਸੇਵਾਵਾਂ ਵਿਚ ਗੈਰ-ਕਨੇਡੀਅਨ ਤੀਜੀਆਂ ਬੋਲੀਆਂ ਦੇ ਪ੍ਰੋਗਰਾਮਾਂ ਦੀ ਵੀ ਕਮਿਸ਼ਨ ਖੁੱਲ ਦਿੰਦਾ ਹੈ।

ਇਸ ਨੀਤੀ ਅਨੁਸਾਰ, ਦਸੰਬਰ 2006 ਤੋਂ ਸੀ ਆਰ ਟੀ ਸੀ ਨੇ ਐਥਨਿਕ ਭਾਈਚਾਰਿਆਂ ਲਈ 189 ਵਿਸ਼ੇਸ਼ ਸੇਵਾਵਾਂ ਨੂੰ ਮਾਨਤਾ ਦਿੱਤੀ ਹੈ। ਹੋਰ ਬੋਲੀਆਂ ਵਾਂਗ ਪੰਜਾਬੀ ਲਈ ਵੀ ਇਹ ਗੱਲ ਬਹੁਤ ਸਹਾਇਕ ਸਿੱਧ ਹੋ ਰਹੀ ਹੈ। ਦੂਜੀ ਵਧੀਆ ਗੱਲ ਇਹ ਹੈ ਕਿ ਕਨੇਡਾ ਵਿਚ ਵਿਦਿਅਕ ਨੀਤੀ ਦਾ ਫੈਸਲਾ ਸੂਬੇ ਦੀਆਂ ਸਰਕਾਰਾਂ ਕੋਲ ਹੈ। ਇਸ ਨਾਲ ਵੀ ਪੰਜਾਬੀ ਨੂੰ ਫਾਇਦਾ ਹੋਇਆ ਹੈ। ਖਾਸ ਕਰ ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿਚ ਪੰਜਾਬੀ ਬੋਲੀ ਨੂੰ ਸੂਬੇ ਦੇ ਵਿਦਿਅਕ ਢਾਂਚੇ ਵਿਚ ਮਾਨਤਾ ਪ੍ਰਾਪਤ ਹੋਈ ਹੈ ਅਤੇ ਪੰਜਾਬੀ ਬੋਲੀ ਦੀ ਸਕੂਲਾਂ ਵਿਚ ਪੜ੍ਹਾਈ ਸੰਭਵ ਹੋ ਸਕੀ ਹੈ।

**ਅ) ਪੰਜਾਬੀ ਬੋਲੀ ਦੀ ਮੌਜੂਦਾ ਸਥਿਤੀ ਅਤੇ ਪੰਜਾਬੀ ਲੋਕਾਂ ਦਾ ਆਪਣੀ ਬੋਲੀ ਵਲ ਰਵੱਈਆ**

ਪਿਛਲੀ ਸਦੀ ਦੇ ਸ਼ੁਰੂ ਵਿਚ ਜਦੋਂ ਪੰਜਾਬੀਆਂ ਨੇ ਕਨੇਡਾ ਆਉਣਾ ਸ਼ੁਰੂ ਕੀਤਾ ਤਾਂ ਨਸਲੀ ਵਿਤਕਰੇ ਕਾਰਨ ਇਨ੍ਹਾਂ ਦੇ ਦਾਖਲੇ ਉੱਪਰ ਲੰਮਾ ਸਮਾਂ ਕਾਨੂੰਨੀ ਰੋਕ ਲੱਗੀ ਰਹੀ। ਵੋਟ ਵਰਗੇ ਮੁੱਢਲੇ ਹੱਕਾਂ ਤੋਂ ਵਾਂਜੇ ਰੱਖ ਕੇ ਪੰਜਾਬੀ ਭਾਈਚਾਰੇ ਨੂੰ ਕਨੇਡੀਅਨ ਸਮਾਜ ਦਾ ਅੰਗ ਨਾ ਬਣਨ ਦਿੱਤਾ ਗਿਆ। ਇਮੀਗਰੇਸ਼ਨ ਦੇ ਕਾਨੂੰਨਾਂ ਵਿਚ ਹੋਈਆਂ ਤਬਦੀਲੀਆਂ ਨਾਲ 1960ਵਿਆਂ ਦੇ ਅੱਧ ਤੋਂ ਪੰਜਾਬੀਆਂ ਦੇ ਨੰਬਰਾਂ ਵਿਚ ਲਗਾਤਾਰ ਵਾਧਾ ਹੋਇਆ। ਇਸ ਵੇਲੇ ਪੰਜਾਬੀ ਭਾਈਚਾਰਾ ਕਨੇਡੀਅਨ ਸਮਾਜ ਦਾ ਇਕ ਸਥਾਪਤ ਅੰਗ ਹੈ ਅਤੇ ਇਸ ਦੀ ਸਿਆਸੀ ਤੇ ਆਰਥਿਕ ਸ਼ਕਤੀ ਜ਼ਿਕਰਯੋਗ ਹੈ। ਇਸ ਵੇਲੇ 2011 ਦੀ ਮਰਦਮਸ਼ੁਮਾਰੀ ਅਨੁਸਾਰ ਗਿਣਤੀ ਪੱਖੋਂ ਪੰਜਾਬੀ ਬੋਲੀ ਕਨੇਡਾ ਵਿਚ ਤੀਜੇ ਨੰਬਰ 'ਤੇ ਹੈ।

ਆਵਾਸੀ ਪੰਜਾਬੀ, ਖਾਸ ਕਰ ਪੇਂਡੂ ਪਿਛੋਕੜ 'ਚੋਂ ਆਉਣ ਵਾਲੇ, ਆਪਣੀ ਬੋਲੀ 'ਤੇ ਮਾਣ ਮਹਿਸੂਸ ਕਰਦੇ ਹਨ ਅਤੇ ਜਿੱਥੇ ਵੀ ਸੰਭਵ ਹੋ ਸਕੇ ਇਸ ਦੀ ਵਰਤੋਂ ਕਰ ਰਹੇ ਹਨ। ਨਤੀਜੇ ਵਜੋਂ, ਪਿਛਲੇ ਦਹਾਕਿਆਂ ਦੌਰਾਨ ਪੰਜਾਬੀ ਬੋਲੀ ਨੇ ਕਨੇਡਾ ਵਿਚ ਕਈ ਪੱਖਾਂ ਤੋਂ ਵਿਕਾਸ ਕੀਤਾ ਹੈ। ਸਦੀਆਂ ਤੋਂ ਤਾਕਤ ਦੇ ਗਲਿਆਰਿਆਂ ਤੋਂ ਬਾਹਰ ਰਹਿਣ ਵਾਲੀ ਬੋਲੀ ਪਹਿਲੀ ਵਾਰ ਵਪਾਰ, ਸੰਚਾਰ ਸਾਧਨਾਂ ਅਤੇ ਸੱਭਿਆਚਾਰ ਦੀਆਂ ਸਰਗਰਮੀਆਂ ਦਾ ਮਾਧਿਅਮ ਬਣੀ ਹੈ। ਇਸ ਵਿਕਾਸ ਦੇ ਨਾਲ ਪੰਜਾਬੀ ਉੱਪਰ ਦੋ ਅਸਰ ਪਏ ਹਨ। ਪਹਿਲਾ ਅਸਰ ਮਨੋਵਿਗਿਆਨਕ ਹੈ। ਪੰਜਾਬੀਆਂ ਅੰਦਰ ਆਪਣੀ ਬੋਲੀ ਲਈ ਭਰੋਸਾ ਪੈਦਾ ਹੋਇਆ ਹੈ ਜੋ ਪਹਿਲਾਂ ਨਹੀਂ ਸੀ। ਇਸ ਭਰੋਸੇ ਦਾ ਹੀ ਨਤੀਜਾ ਹੈ ਕਿ ਪੰਜਾਬੀਆਂ ਨੇ ਮਹਾਂ (ਗਰੇਟਰ) ਵੈਨਕੂਵਰ ਦੇ ਹਸਪਤਾਲਾਂ, ਕਚਿਹਰੀਆਂ, ਹਵਾਈ ਅੱਡੇ ਆਦਿ ਥਾਵਾਂ 'ਤੇ ਜਾਣਕਾਰੀ ਦਿੰਦੀਆਂ ਤਖਤੀਆਂ ਪੰਜਾਬੀ ਵਿਚ ਲਗਵਾਈਆਂ ਹਨ। ਇਹ ਵੀ ਸੰਭਵ ਹੈ ਕਿ ਪੰਜਾਬੀ ਦੁਕਾਨਾਂ ਦੇ ਨਾਂਅ ਲੁਧਿਆਣਾ, ਜਾਂ ਜਲੰਧਰ ਨਾਲੋਂ ਏਥੇ ਜ਼ਿਆਦਾ ਹੋਣ। ਹੁਣ ਪੰਜਾਬੀਆਂ ਦੀ ਬਹੁਤੀ ਵਸੋਂ ਵਾਲੇ ਸ਼ਹਿਰਾਂ ਵਿਚ ਅਨੇਕਾਂ ਅਜਿਹੀਆਂ ਨੌਕਰੀਆਂ ਹਨ ਜਿਨ੍ਹਾਂ

ਵਿਚ ਪੰਜਾਬੀ ਦੀ ਜਾਣਕਾਰੀ ਨੌਕਰੀ ਲੈਣ ਵਿਚ ਸਹਾਈ ਹੁੰਦੀ ਹੈ। ਹਰ ਪੱਧਰ ਦੀ ਸਰਕਾਰ ਲੋੜ ਅਨੁਸਾਰ ਜਾਣਕਾਰੀ ਪੰਜਾਬੀ ਵਿਚ ਅਨੁਵਾਦ ਕਰਵਾ ਰਹੀ ਹੈ। ਆਵਾਸ (ਇਮੀਗਰੇਸ਼ਨ), ਇਨਸਾਫ (ਜਸਟਿਸ) ਤੇ ਸਿਹਤ ਸੇਵਾਵਾਂ ਵਿਚ ਕਾਫੀ ਸਾਰੇ ਲੋਕ ਦੁਭਾਸ਼ੀਏ ਵਜੋਂ ਕੰਮ ਕਰਦੇ ਹਨ। ਫਿਲਮ ਅਤੇ ਸੰਗੀਤ ਉਦਯੋਗ ਵਜੋਂ ਵਿਕਸਤ ਹੋ ਰਹੇ ਹਨ। ਆਰਥਿਕਤਾ ਨਾਲ ਜੁੜੀਆਂ ਇਹ ਸਰਗਰਮੀਆਂ ਪੰਜਾਬੀ ਬੋਲੀ ਦੀ ਅਹਿਮੀਅਤ ਅਤੇ ਉਮਰ ਵਿਚ ਵਾਧਾ ਕਰ ਰਹੀਆਂ ਹਨ। ਨਾਲ ਹੀ ਇਹ ਉਹ ਸਰਗਰਮੀਆਂ ਹਨ ਜਿਨ੍ਹਾਂ ਸਦਕਾ ਬਾਹਰ ਵਸਦੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਪੰਜਾਬੀ ਬੋਲੀ ਤੇ ਸੱਭਿਆਚਾਰ ਨਾਲ ਜੁੜ ਰਹੀਆਂ ਹਨ।

ਪਰ ਜਿੱਥੋਂ ਤੱਕ ਅਗਲੀਆਂ ਪੀੜ੍ਹੀਆਂ ਵਾਸਤੇ ਪੰਜਾਬੀ ਬੋਲੀ ਦੀ ਪੜ੍ਹਾਈ ਦਾ ਸਬੰਧ ਹੈ, ਸਥਿਤੀ ਏਨੀ ਸੰਤੁਸ਼ਟਾ ਵਾਲੀ ਨਹੀਂ, ਭਾਵੇਂ ਬੀ ਸੀ ਵਿਚ ਇਸ ਪਾਸੇ ਕੁਝ ਪ੍ਰਾਪਤੀਆਂ ਹੋਈਆਂ ਹਨ। ਇਸ ਸਬੰਧੀ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਸਾਰੇ ਪੰਜਾਬੀਆਂ ਦੀ ਰਾਏ ਇਕ ਨਹੀਂ। ਉਦਾਹਰਨ ਵਜੋਂ, ਬੱਚੇ ਨੂੰ ਪੰਜਾਬੀ ਦੀ ਵਿਦਿਆ ਕਦੋਂ ਅਤੇ ਕਿੰਨੀ ਕੁ ਦਿੱਤੀ ਜਾਵੇ?; ਇਹ ਵਿਦਿਆ ਕੌਣ ਦੇਵੇ, ਮਾਪੇ, ਭਾਈਚਾਰਾ ਜਾਂ ਸਰਕਾਰ?

ਵਿੱਦਿਆ ਨਾਲ ਸਬੰਧਤ ਖੋਜ ਇਹ ਕਹਿ ਰਹੀ ਹੈ ਕਿ ਬੱਚੇ ਨੂੰ ਮੁੱਢਲੀ ਵਿਦਿਆ ਉਸ ਦੀ ਮਾਂ-ਬੋਲੀ ਵਿਚ ਹੀ ਦਿੱਤੀ ਜਾਣੀ ਚਾਹੀਦੀ ਹੈ। ਪਰ ਸਾਡੇ ਲਈ ਸਮੱਸਿਆ ਮਾਂ-ਬੋਲੀ ਦੀ ਪਰਿਭਾਸ਼ਾ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਪੰਜਾਬੀ ਘਰਾਂ ਵਿਚ ਜੰਮਪਲ ਰਹੇ ਬੱਚਿਆਂ ਦੀ ਮਾਂ-ਬੋਲੀ ਕਿਹੜੀ ਹੈ ਬਾਰੇ ਵੱਖਰੇ ਵੱਖਰੇ ਵਿਚਾਰ ਪਾਏ ਜਾਂਦੇ ਹਨ। ਕਨੇਡਾ ਵਿਚ ਬਹੁਤ ਘਟ ਮਾਪੇ ਹੋਣਗੇ ਜੋ ਆਪਣੇ ਬੱਚੇ ਦੀ ਮੁੱਢਲੀ ਵਿਦਿਆ ਪੰਜਾਬੀ ਵਿਚ ਦਿਵਾਉਣ ਲਈ ਰਾਜ਼ੀ ਹੋਣ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪੰਜਾਬ ਵਿਚ ਵੀ ਵਾਹ ਲਗਦੀ ਨੂੰ ਮਾਪੇ ਆਪਣੇ ਬੱਚਿਆਂ ਨੂੰ ਅੰਗ੍ਰੇਜ਼ੀ ਸਕੂਲਾਂ ਵਿਚ ਦਾਖਲ ਕਰਾਉਂਦੇ ਹਨ। ਮੁੱਢਲੀ ਸਿੱਖਿਆ ਮਾਂ-ਬੋਲੀ ਵਿਚ ਦੇਣ ਦੀ ਮਹੱਤਤਾ ਸਬੰਧੀ ਬਣੀ ਅਜੋਕੀ ਵਿਗਿਆਨਕ ਸੂਝ ਦੇ ਬਾਵਜੂਦ ਇਸ ਯਥਾਰਥ ਨੂੰ ਮੰਨਦਿਆਂ, ਵੈਨਕੂਵਰ ਸਥਿਤ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਨਾਂ ਦੀ ਜਥੇਬੰਦੀ ਜੋ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਲੰਮੇ ਸਮੇਂ ਤੋਂ ਸਰਗਰਮ ਹੈ, ਨੇ ਕਦੇ ਵੀ ਇਸ ਗੱਲ ਦੀ ਮੰਗ ਨਹੀਂ ਕੀਤੀ ਕਿ ਪੰਜਾਬੀ ਬੱਚਿਆਂ ਦੀ ਮੁੱਢਲੀ ਪੜ੍ਹਾਈ ਪੰਜਾਬੀ ਵਿਚ ਹੋਣੀ ਚਾਹੀਦੀ ਹੈ। ਪਲੀਅ ਦੀਆਂ ਸਾਰੀਆਂ ਕੋਸ਼ਿਸ਼ਾਂ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਏ ਜਾਣ ਵੱਲ ਕੇਂਦਰਿਤ ਹਨ। ਪਰ ਇਸ ਵਿਚ ਵੀ ਸਮੱਸਿਆ ਆਉਂਦੀ ਹੈ ਕਿਉਂਕਿ ਬਹੁਤੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਦੂਜੀ ਭਾਸ਼ਾ ਵਜੋਂ ਫਰਾਂਸੀਸੀ ਪੜ੍ਹਨ ਤਾਂ ਕਿ ਉਨ੍ਹਾਂ ਨੂੰ ਨੌਕਰੀਆਂ ਲੈਣ ਵਿਚ ਸੌਖ ਰਹੇ, ਭਾਵੇਂ ਅਸਲੀਅਤ ਵਿਚ ਇਹ ਗੱਲ ਸਹੀ ਨਹੀਂ ਹੈ।

ਪੰਜਾਬੀ ਮਾਪਿਆਂ ਦੇ ਆਪਣੀ ਬੋਲੀ ਵਲ ਇਸ ਨਾ-ਪੱਖੀ ਰਵੱਈਏ ਦੇ ਕਾਰਨਾਂ ਤੋਂ ਹਰ ਸੂਝਵਾਨ ਪੰਜਾਬੀ ਵਾਕਿਫ ਹੈ। ਜਦੋਂ ਵੀ ਪੰਜਾਬੀ ਬੋਲੀ ਦੀ ਗੱਲ ਛੋਹੀ ਜਾਂਦੀ ਹੈ ਤਾਂ ਬੇਸ਼ੁਮਾਰ ਮਸਲੇ ਸਾਹਮਣੇ ਆ ਖੜ੍ਹਦੇ ਹਨ। ਦੁਨੀਆਂ ਦੀ ਇਕ ਵੱਡੀ ਬੋਲੀ ਹੋਣ ਦੇ ਬਾਵਜੂਦ ਪੰਜਾਬੀਆਂ ਦਾ ਆਪਣੀ ਬੋਲੀ ਵਲ ਰਵੱਈਆ ਨਿਰਾਸ਼ ਕਰਨ ਵਾਲਾ ਹੈ। ਪੰਜਾਬੀਆਂ ਨੇ ਆਜ਼ਾਦੀ ਦੇ ਸਤਾਹਠ (ਹੁਣ ਸੱਤਰ) ਸਾਲ ਬਾਅਦ ਵੀ ਬਸਤੀਵਾਦ ਦੇ ਪਏ ਅਸਰਾਂ ਦੀ ਪਛਾਣ ਨਹੀਂ ਕੀਤੀ ਅਤੇ ਨਤੀਜੇ ਵਜੋਂ ਇਨ੍ਹਾਂ ਤੋਂ ਪਿੱਛਾ ਨਹੀਂ ਛੁਡਾਇਆ ਜਾ ਸਕਿਆ। ਪੰਜਾਬੀ ਬੋਲਣ ਵਾਲੇ ਲੋਕ ਧਰਮਾਂ, ਇਲਾਕਿਆਂ ਅਤੇ ਬੋਲੀ ਲਿਖਣ ਲਈ ਵਰਤੀ ਜਾਣ ਵਾਲੀ ਲਿਪੀ ਦੇ ਅਧਾਰ 'ਤੇ ਵੰਡੇ ਹੋਏ ਹਨ। ਹੁਣ ਵਿਸ਼ਵੀਕਰਨ ਦਾ ਮਾਰੂ ਅਸਰ ਪੰਜਾਬੀ ਲਈ ਵਿਸ਼ੇਸ਼ ਕਰਕੇ ਖਤਰਾ ਬਣ ਰਿਹਾ ਹੈ। ਜਿੱਥੇ ਯੂਰਪ ਦੀਆਂ ਛੋਟੀਆਂ ਛੋਟੀਆਂ ਬੋਲੀਆਂ ਵੀ ਅੰਗ੍ਰੇਜ਼ੀ ਦੇ ਨਾਲ ਨਾਲ ਆਪਣੀ ਹੋਂਦ ਕਾਇਮ ਰੱਖਣ ਲਈ ਹੌਂਸਲੇ 'ਚ ਹਨ ਉੱਥੇ ਲਗਦਾ ਹੈ ਕਿ ਵੱਡੀ ਗਿਣਤੀ ਪੰਜਾਬੀ ਪਹਿਲਾਂ ਹੀ ਢੇਰੀ ਢਾਹ ਕੇ ਬੈਠੇ ਹਨ, ਖਾਸ ਕਰਕੇ ਕਥਿਤ ਪੜ੍ਹਿਆ ਲਿਖਿਆ ਵਰਗ। ਇਸਰਾਈਲ ਵਿਚ ਯਿਡਿਸ਼ ਮੁੜ ਕੇ ਸੁਰਜੀਤ ਕੀਤੀ ਗਈ ਹੈ ਅਤੇ ਇਸੇ ਤਰ੍ਹਾਂ ਆਇਰਲੈਂਡ ਵਿਚ ਗੈਲਿਕ ਨੂੰ ਵਿਨਾਸ਼ ਤੋਂ ਬਚਾਇਆ ਜਾ ਰਿਹਾ ਹੈ। ਅਸਟ੍ਰੇਲੀਆ, ਨਿਊਜ਼ੀਲੈਂਡ ਅਤੇ ਉੱਤਰੀ ਅਮਰੀਕਾ ਦੇ ਆਦਿਵਾਸੀ ਆਪਣੀਆਂ ਕਈ ਤਕਰੀਬਨ ਖਤਮ ਹੋ ਚੁੱਕੀਆਂ ਬੋਲੀਆਂ ਨੂੰ ਮੁੜ ਜਗਾਉਣ ਦੇ ਆਹਰ ਵਿਚ ਹਨ। ਪਰ ਪੰਜਾਬੀ ਦੀ ਸਥਿਤੀ ਅਜਿਹੀ ਹੈ ਕਿ ਪਾਕਿਸਤਾਨ, ਜੰਮੂ ਕਸ਼ਮੀਰ, ਦਿੱਲੀ, ਹਰਿਆਣਾ ਤੇ ਚੰਡੀਗੜ੍ਹ, ਜਿੱਥੇ ਪੰਜਾਬੀਆਂ ਦੀ ਵਸੋਂ ਹੈ ਅਤੇ ਲੋਕ ਪੰਜਾਬੀ ਬੋਲੀ ਦੀ ਵਰਤੋਂ ਵੀ ਕਰਦੇ ਹਨ, ਉੱਥੇ ਵਿਦਿਅਕ ਅਤੇ ਅਕਾਦਮਿਕ ਹਲਕਿਆਂ ਵਿਚ ਪੰਜਾਬੀ ਨੂੰ ਇਕ ਬੀਤ ਚੁੱਕੀ ਬੋਲੀ ਵਜੋਂ ਲਿਆ ਜਾ ਰਿਹਾ ਹੈ। ਇਨ੍ਹਾਂ ਥਾਵਾਂ 'ਤੇ ਸੰਸਕ੍ਰਿਤ ਵਾਂਗ ਪੰਜਾਬੀ ਵਿਚ ਉੱਚ-ਪੱਧਰੀ ਡਿੱਗਰੀਆਂ ਦੀ ਦਿੱਤੀਆਂ ਜਾਂਦੀਆਂ ਹਨ ਪਰ ਛੋਟੀਆਂ ਜਮਾਤਾਂ ਨੂੰ ਇਸ ਬੋਲੀ ਵਿਚ ਪੜ੍ਹਾਇਆ ਨਹੀਂ ਜਾ ਰਿਹਾ। ਸਦੀਆਂ ਦੀ ਗੁਲਾਮੀ ਅਤੇ ਆਰਥਿਕ ਅਸੁਰੱਖਿਅਤਾ ਦੇ ਅਸਰ ਥੱਲੇ ਇਕੱਲੇ ਪੰਜਾਬੀ ਹੀ ਨਹੀਂ ਸਮੁੱਚੇ ਭਾਰਤ ਦੇ ਲੋਕ ਆਪਣੇ ਬੱਚਿਆਂ ਦੇ ਭਵਿੱਖ ਲਈ ਅੰਗ੍ਰੇਜ਼ੀ ਵਲ ਮੰਗਤਿਆਂ ਵਾਲੀਆਂ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਹਨ। ਇਸ ਬਾਰੇ ਟਿੱਪਣੀ ਕਰਦਾ ਡਾਕਟਰ ਵੇਦ ਪ੍ਰਤਾਪ ਵੈਦਿਕ ਦਾ ਲੇਖ ਇਕ ਸਥਾਨਕ ਪੰਜਾਬੀ ਅਖਬਾਰ ਵਿਚ ਛਪਿਆ ਸੀ, 'ਅੰਗ੍ਰੇਜ਼ੀ ਦੀ ਚੱਕੀ 'ਚ ਪਿਸ ਰਹੇ ਭਾਰਤੀ ਬੱਚੇ'। ਉਸ ਦਾ ਕਹਿਣਾ ਹੈ ਕਿ, "15 ਲੱਖ ਲੋਕਾਂ ਨੂੰ ਵਿਦੇਸ਼ਾਂ ਵਿਚ ਨੌਕਰੀ ਮਿਲ ਜਾਵੇ, ਇਸ ਕਰਕੇ ਅਸੀਂ 15 ਕਰੋੜ ਬੱਚਿਆਂ ਨੂੰ ਅੰਗ੍ਰੇਜ਼ੀ ਦੀ ਚੱਕੀ ਵਿਚ ਪੀਸਣ ਲਈ ਤਿਆਰ ਹਾਂ। ਅਸੀਂ ਕਿੰਨੇ ਬੁੱਧੂ ਅਤੇ ਜ਼ਾਲਮ ਰਾਸ਼ਟਰ ਹਾਂ। ਇੰਨਾ ਹੀ ਨਹੀਂ, ਅੰਗ੍ਰੇਜ਼ੀ ਦੇ ਮੋਹ ਕਾਰਨ ਅਸੀਂ ਚੀਨੀ, ਜਪਾਨੀ, ਰੂਸੀ, ਫਰਾਂਸੀਸੀ, ਜਰਮਨ ਅਤੇ ਸਪੇਨੀ ਵਰਗੀਆਂ ਭਾਸ਼ਾਵਾਂ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ"। ਇਨ੍ਹਾਂ ਸਥਿਤੀਆਂ ਨੂੰ ਧਿਆਨ 'ਚ ਰੱਖਦਿਆਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਕਨੇਡਾ ਵਸਦੇ ਪੰਜਾਬੀ ਮਾਪੇ ਆਪਣੇ ਬੱਚਿਆਂ ਦੇ ਉੱਜਲੇ ਭਵਿੱਖ ਵਿਚ ਪੰਜਾਬੀ ਬੋਲੀ ਦੀ ਕੋਈ ਥਾਂ ਨਹੀਂ ਦੇਖ ਰਹੇ।

ਪੰਜਾਬੀਆਂ ਦੇ ਆਪਣੀ ਬੋਲੀ ਨਾਲ ਰਿਸ਼ਤੇ ਵਿਚ ਪਏ ਇਤਿਹਾਸਕ ਨੁਕਸਾਂ ਕਾਰਨ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਨਾਲ ਜੋੜਨ, ਪੰਜਾਬੀ ਨੂੰ ਕਨੇਡਾ ਦੇ ਵਿਦਿਅਕ ਅਦਾਰਿਆਂ ਵਿਚ ਸਥਾਪਤ ਕਰਵਾਉਣ ਅਤੇ ਇਸ ਨੂੰ ਇਕ ਕਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣ ਵਿਚ ਲੋੜੀਂਦੇ ਕਦਮ ਨਹੀਂ ਪੁੱਟੇ ਜਾ ਰਹੇ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਨੇਡਾ ਵਿਚ ਦੂਜੀਆਂ ਬੋਲੀਆਂ ਵਾਲੇ ਇਸ ਵੇਲੇ ਇਹ ਮੰਗ ਕਿਉਂ ਨਹੀਂ ਕਰ ਰਹੇ। ਉਦਾਹਰਨ ਵਜੋਂ, ਚੀਨੀ ਬੋਲਣ ਵਾਲੇ ਕਨੇਡੀਅਨਾਂ ਵਲੋਂ ਅਸੀਂ ਇਹੋ ਜਿਹੀ ਮੰਗ ਕਦੇ ਨਹੀਂ ਸੁਣੀ। ਚੀਨੀ ਅਤੇ ਇਹੋ ਜਿਹੀਆਂ ਹੋਰ ਕਈ ਬੋਲੀਆਂ ਦੀ ਸਥਿਤੀ ਪੰਜਾਬੀ ਨਾਲੋਂ ਬਿਲਕੁਲ ਵੱਖਰੀ ਹੈ। ਇਨ੍ਹਾਂ ਨੂੰ ਬੋਲਣ ਵਾਲੇ ਲੋਕਾਂ ਦੇ ਮਨਾਂ ਅੰਦਰ ਆਪਣੀ ਬੋਲੀ ਪ੍ਰਤੀ ਕਿਸੇ ਕਿਸਮ ਦੀ ਕੋਈ ਦੂਰੀ ਜਾਂ ਨੁਕਸ ਨਹੀਂ ਹੈ। ਇਨ੍ਹਾਂ ਪਿੱਛੇ ਤਾਕਤਵਰ ਸਰਕਾਰਾਂ ਹਨ ਜੋ ਆਪਣੀ ਬੋਲੀ ਵਾਸਤੇ ਹਰ ਲੋੜੀਂਦੀ ਕੋਸ਼ਿਸ਼ ਕਰਨ ਲਈ ਤੱਤਪਰ ਰਹਿੰਦੀਆਂ ਹਨ। ਨਤੀਜੇ ਵਜੋਂ ਕਨੇਡਾ ਵਿਚ ਜੰਮਪਲ ਰਹੇ ਚੀਨੀ ਪਿਛੋਕੜ ਦੇ ਬੱਚਿਆਂ ਵਿੱਚੋਂ ਅੱਸੀ ਪ੍ਰਤੀਸ਼ਤ ਤੋਂ ਵੱਧ ਆਪਣੀ ਬੋਲੀ ਪੜ੍ਹਨੀ ਤੇ ਲਿਖਣੀ ਸਿੱਖ ਰਹੇ ਹਨ। ਯੂ ਬੀ ਸੀ ਦੇ ਏਸ਼ੀਅਨ ਸਟੱਡੀਜ਼ ਡੀਪਾਰਟਮੈਂਟ ਵਿਚ ਜਿੱਥੇ ਪੰਜਾਬੀ ਦੀ ਸਿਰਫ ਮੁੱਢਲੀ ਪੜ੍ਹਾਈ ਹੀ ਉਪਲੱਬਧ ਹੈ ਅਤੇ ਇਸ ਕੰਮ ਲਈ ਇਕ ਜਾਂ ਡੇਢ ਅਧਿਆਪਕ ਹੈ ਉੱਥੇ ਚੀਨੀ ਬੋਲੀ ਨਾਲ ਸਬੰਧਤ ਵੀਹ ਤੋਂ ਉੱਤੇ ਅਧਿਆਪਕ ਹਨ ਅਤੇ ਪੀ ਐੱਚ ਡੀ ਦੀ ਪੱਧਰ ਤੱਕ ਦੀ ਪੜ੍ਹਾਈ ਉਪਲੱਬਧ ਹੈ। ਜਪਾਨੀ ਜਾਂ ਕੋਰੀਅਨ ਭਾਸ਼ਾਵਾਂ ਦੀ ਸਥਿਤੀ ਵੀ ਪੰਜਾਬੀ ਨਾਲੋਂ ਕਿਤੇ ਬਿਹਤਰ ਹੈ। ਯੂਰਪੀਅਨ ਪਿਛੋਕੜ ਦੀਆਂ ਬੋਲੀਆਂ ਸਪੇਨੀ, ਇਤਾਲਵੀ, ਜਰਮਨ ਤੇ ਰੂਸੀ ਆਦਿ ਦਾ ਵੀ ਸਥਾਨ ਵੱਖਰਾ ਹੈ। ਕਨੇਡਾ ਦੀਆਂ ਅਨੇਕਾਂ ਯੂਨੀਵਰਸਿਟੀਆਂ ਵਿਚ ਇਹ ਬੋਲੀਆਂ ਅਤੇ ਇਨ੍ਹਾਂ ਦੇ ਸਾਹਿਤ ਨੂੰ ਅਧੁਨਿਕ ਜ਼ਬਾਨਾਂ (ਮਾਡਰਨ ਲੈਂਗੂਏਜਜ਼) ਦੇ ਨਾਅ ਥੱਲੇ ਲੰਮੇ ਸਮੇਂ ਤੋਂ ਪੜ੍ਹਾਇਆ ਜਾ ਰਿਹਾ ਹੈ। ਕਈਆਂ ਯੂਨੀਵਰਸਿਟੀਆਂ ਵਿਚ ਇਨ੍ਹਾਂ ਜ਼ਬਾਨਾਂ ਦੇ ਵੱਖਰੇ ਵੱਖਰੇ ਵਿਭਾਗ ਹਨ। ਦੂਜੇ ਪਾਸੇ ਕਿਸੇ ਵੀ ਕਨੇਡੀਅਨ ਯੂਨੀਵਰਸਿਟੀ ਵਲੋਂ ਪੰਜਾਬੀ ਸਾਹਿਤ ਵੱਲ ਅਜੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਗਿਆ।

ਪੰਜਾਬੀ ਬੋਲੀ ਦੇ ਸਬੰਧ ਵਿਚ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਸ ਦਾ ਕਨੇਡਾ ਵਿਚ ਹੁਣ ਜਾਂ ਭਵਿੱਖ ਜੋ ਵੀ ਹੈ, ਅਸੀਂ ਹੀ ਹਾਂ। ਭਾਰਤੀ ਪੰਜਾਬ ਜਾਂ ਪਾਕਿਸਤਾਨ ਉੱਪਰ ਇਸ ਬਾਰੇ ਕੋਈ ਆਸ ਰੱਖਣੀ ਸਿਆਣਪ ਨਹੀਂ ਹੋਵੇਗੀ। ਸੋ ਸਾਡੇ ਵਾਸਤੇ ਇਹ ਨਿਹਾਇਤ ਹੀ ਜ਼ਰੂਰੀ ਹੈ ਕਿ ਅਸੀਂ ਇਸ ਨੂੰ ਕਨੇਡਾ ਦੀ ਇਕ ਬੋਲੀ ਵਜੋਂ ਮਾਨਤਾ ਦਿਵਾਈਏ। ਕਨੇਡੀਅਨ ਸਰਕਾਰ ਇਸ ਦੀ ਸਾਂਭ ਸੰਭਾਲ ਲਈ ਜ਼ਿੰਮੇਵਾਰੀ ਲਵੇ। ਜੇ ਕਨੇਡਾ ਵਸਦੇ ਪੰਜਾਬੀਆਂ ਨੇ ਇਸ ਨੂੰ ਕਨੇਡਾ ਵਿਚ ਇਕ ਸਰਕਾਰੀ ਬੋਲੀ ਵਜੋਂ ਮਾਨਤਾ ਨਾ ਦਿਵਾਈ ਤਾਂ ਇਹ ਬੋਲਚਾਲ ਤੱਕ ਸੀਮਤ ਰਹੇਗੀ ਤੇ ਆਉਣ ਵਾਲੀਆਂ ਪੀੜ੍ਹੀਆਂ ਵਿੱਚੋਂ ਹੌਲੀ ਹੌਲੀ ਖਤਮ ਹੁੰਦੀ ਜਾਵੇਗੀ। ਜਿਵੇਂ ਜਿਵੇਂ ਕਨੇਡਾ ਵਿਚ ਜੰਮੀਆਂ ਅਗਲੀਆਂ ਪੀੜ੍ਹੀਆਂ ਕੰਮਾਂ ਕਾਰਾਂ ਵਿਚ ਅੱਗੇ ਆਉਣਗੀਆਂ ਵਪਾਰ ਅਤੇ ਸੰਚਾਰ ਸਾਧਨਾਂ ਵਿਚ ਪੰਜਾਬੀ ਬੋਲੀ ਦੀ ਵਰਤੋਂ ਅਤੇ ਅਸਰ ਘਟੇਗਾ। ਪੰਜਾਬੀ ਭਾਈਚਾਰੇ ਦੇ ਲਿਖਤੀ ਅਤੇ ਬਿਜਲਈ ਮੀਡੀਏ ਵਿਚ ਪੰਜਾਬੀ ਦੇ ਨਾਲ ਨਾਲ ਅੰਗ੍ਰੇਜ਼ੀ ਦਾ ਵਧਦਾ ਰੁਝਾਨ ਹੁਣ ਵੀ ਦੇਖਿਆ ਜਾ ਸਕਦਾ ਹੈ।

ਇਸ ਵੇਲੇ ਸਥਿਤੀ ਇਹ ਹੈ ਕਿ ਪੰਜਾਬੀ ਬੋਲੀ ਨੂੰ ਕੌਮੀ ਪੱਧਰ 'ਤੇ ਮਾਨਤਾ ਦਿਵਾਉਣ ਲਈ ਭਾਈਚਾਰੇ ਵਿੱਚੋਂ ਕਿਸੇ ਪਾਸਿਓਂ ਵੀ ਕੋਈ ਵਿਸ਼ੇਸ਼ ਸਰਗਰਮੀ ਨਹੀਂ ਕੀਤੀ ਜਾ ਰਹੀ। ਜੇ ਕੋਈ ਇਕ ਅੱਧ ਜਥੇਬੰਦੀ ਇਸ ਪਾਸੇ ਧਿਆਨ ਦੇ ਵੀ ਰਹੀ ਹੈ, ਉਹ ਵੀ ਕੋਈ ਜ਼ਿਕਰਯੋਗ ਪ੍ਰਾਪਤੀ ਨਹੀਂ ਕਰ ਸਕੀ। ਉਦਾਹਰਨ ਵਜੋਂ, ਵੈਨਕੂਵਰ ਅਤੇ ਬੀ ਸੀ ਵਿਚ ਸਰਗਰਮ ਪਲੀਅ (ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ) ਨਾਂ ਦੀ ਜਥੇਬੰਦੀ, ਜਿਸ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ, ਬਾਰੇ ਗੱਲ ਕੀਤੀ ਜਾ ਸਕਦੀ ਹੈ। ਪਲੀਅ ਨੇ ਆਪਣੇ ਸੀਮਤ ਵਸੀਲਿਆਂ ਰਾਹੀਂ ਬੀ ਸੀ ਦੀ ਭਾਸ਼ਾ ਨੀਤੀ ਨੂੰ ਲੈ ਕੇ ਸਕੂਲਾਂ ਵਿਚ ਜਾਂ ਉੱਚ-ਵਿਦਿਅਕ ਅਦਾਰਿਆਂ ਵਿਚ ਪੰਜਾਬੀ ਪੜ੍ਹਾਈ ਲਾਗੂ ਕਰਵਾਉਣ ਲਈ ਪਿਛਲੇ ਉੱਨੀਆਂ ਵੀਹ ਸਾਲਾਂ ਦੌਰਾਨ ਬਹੁਤ ਕੋਸ਼ਿਸ਼ ਕੀਤੀ ਹੈ ਤੇ ਪ੍ਰਾਪਤੀਆਂ ਵੀ ਕੀਤੀਆਂ ਹਨ। ਪਰ ਜਦੋਂ ਗੱਲ ਕੇਂਦਰ ਦੀ ਪੱਧਰ 'ਤੇ ਪੰਜਾਬੀ ਨੂੰ ਮਾਨਤਾ ਦੀ ਆਉਂਦੀ ਹੈ ਤਾਂ ਪਿਛਲੇ ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਤੋਂ ਸਾਲ ਵਿਚ ਇਕ ਵਾਰ ਇਸ ਮਸਲੇ ਨੂੰ ਮੀਡੀਏ ਵਿਚ ਉਭਾਰਨ ਤੋਂ ਵਾਧੂ ਇਸ ਜਥੇਬੰਦੀ ਵਲੋਂ ਕੁਝ ਕੀਤਾ ਨਹੀਂ ਜਾ ਸਕਿਆ। ਇਹ ਜਥੇਬੰਦੀ ਨਾ ਕਿਸੇ ਸਿਆਸੀ ਨੇਤਾ ਨੂੰ ਕੌਮੀ ਪੱਧਰ 'ਤੇ ਇਹ ਮਸਲਾ ਉਠਾਉਣ ਲਈ ਮੰਨਾਉਣ ਵਿਚ ਕਾਮਯਾਬ ਨਹੀਂ ਹੋ ਸਕੀ ਹੈ ਅਤੇ ਨਾ ਹੀ ਪੰਜਾਬੀ ਬੋਲੀ ਦੇ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਇਸ ਮਸਲੇ ਵਾਸਤੇ ਕਿਸੇ ਕਿਸਮ ਦੀ ਲਿਖਤੀ ਜਾਂ ਕੋਈ ਹੋਰ ਸਰਗਰਮੀ ਕਰਨ ਲਈ ਉਤਸ਼ਾਹਤ ਕਰ ਸਕੀ ਹੈ। ਕਨੇਡਾ ਦੀ ਇਹ ਸਥਿਤੀ, ਉਦਾਹਰਨ ਵਜੋਂ, ਇੰਗਲੈਂਡ ਦੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਤੋਂ ਬਹੁਤ ਵੱਖਰੀ ਨਜ਼ਰ ਆਉਂਦੀ ਹੈ। ਇੰਗਲੈਂਡ ਵਿਚ ਬਹੁਤ ਸਾਰੇ ਲੇਖਕਾਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੇ ਬੋਲੀ ਦੇ ਮਸਲੇ ਨੂੰ ਆਪਣੀ ਲਿਖਤ ਅਤੇ ਚਿੰਤਨ ਦਾ ਹਿੱਸਾ ਬਣਾਇਆ ਹੈ ਪਰ ਕਿਸੇ ਕਾਰਨ ਕਨੇਡਾ ਵਿਚ ਅਜਿਹਾ ਨਹੀਂ ਹੋ ਸਕਿਆ।

ਇਸ ਵੇਲੇ ਲੋੜ ਹੈ ਕਿ ਅਸੀਂ ਇਕ ਭਾਈਚਾਰੇ ਦੇ ਤੌਰ 'ਤੇ ਆਪਣੇ ਅੰਦਰੋਂ ਗੁਲਾਮ ਜ਼ਹਿਨੀਅਤ ਨੂੰ ਖਤਮ ਕਰੀਏ। ਪੰਜਾਬੀ ਪਿਛਲੇ 120 ਸਾਲਾਂ ਤੋਂ ਕਨੇਡਾ ਵਿਚ ਬੋਲੀ ਵਰਤੀ ਜਾ ਰਹੀ ਹੈ। ਕਨੇਡਾ ਦੀ ਇਕ ਦੇਸ਼ ਵਜੋਂ ਉਮਰ ਕੋਈ ਏਨੀ ਲੰਮੀ ਨਹੀਂ ਹੈ। ਅਜੇ 1935 ਤੱਕ ਭਾਰਤ ਵਾਂਗ ਇਹ ਵੀ ਇੰਗਲੈਂਡ ਦੀ ਇਕ ਬਸਤੀ ਹੀ ਸੀ। ਏਥੇ ਅੰਗ੍ਰੇਜ਼ੀ ਤੇ ਫਰਾਂਸੀਸੀ ਦਾ ਭਾਰੂ ਹੋਣਾ ਕੋਈ ਕੁਦਰਤੀ ਵਰਤਾਰਾ ਨਹੀਂ ਹੈ। ਜੇ ਇਹ ਗੱਲ ਕੁਦਰਤੀ ਹੁੰਦੀ ਤਾਂ ਅਸੀਂ ਬੀ ਸੀ ਵਿਚ ਅੰਗ੍ਰੇਜ਼ੀ ਨਹੀਂ ਇੱਥੋਂ ਦੇ ਮੁੱਢਲੇ ਲੋਕਾਂ ਦੀ ਕੋਈ ਬੋਲੀ ਬੋਲ ਰਹੇ ਹੁੰਦੇ। ਇਨ੍ਹਾਂ ਨੇ ਅੰਗ੍ਰੇਜ਼ੀ ਤੇ ਫਰਾਂਸੀਸੀ ਆਪਣੀ ਤਾਕਤ ਨਾਲ ਲਾਗੂ ਕੀਤੀਆਂ ਹਨ। ਕਨੇਡਾ ਲੋਕਰਾਜੀ ਮੁਲਕ ਹੈ ਅਤੇ ਐਲਾਨੀਆਂ ਤੌਰ 'ਤੇ ਬਹੁ-ਸੱਭਿਆਚਾਰਕ ਹੈ। ਹੁਣ ਤਾਕਤ ਲੋਕਾਂ ਦੀ ਵੋਟ ਵਿਚ ਹੈ। ਜਿਸ ਤਰ੍ਹਾਂ ਪੰਜਾਬੀ ਜਾਂ ਹੋਰ ਪਿਛੋਕੜਾਂ ਦੇ ਲੋਕ ਏਥੇ ਸਿਆਸਤ ਵਿਚ ਹਿੱਸਾ ਪਾ ਰਹੇ ਹਨ ਅਤੇ ਉਹ ਜੀਵਨ ਦੇ ਦੂਜੇ ਪੱਖਾਂ ਵਿਚ ਲੋਕਾਂ ਦੀ ਲੋੜ ਅਨੁਸਾਰ ਕਾਨੂੰਨਾਂ ਵਿਚ ਤਬਦੀਲੀਆਂ ਵੀ ਕਰ ਕਰਵਾ ਰਹੇ ਹਨ। ਬੋਲੀ ਦੇ ਸਬੰਧ ਵਿਚ ਵੀ ਇਹ ਤਬਦੀਲੀਆਂ ਵਾਪਰ ਸਕਦੀਆਂ ਹਨ ਅਤੇ ਹਰ ਹਾਲਤ ਵਿਚ ਵਾਪਰਨਗੀਆਂ ਵੀ। ਆਪਣੀ ਬੋਲੀ ਕਾਇਮ ਰੱਖ ਸਕਣਾ ਵੀ ਮਨੁੱਖੀ ਹੱਕਾਂ ਵਿਚ ਹੀ ਆਉਂਦਾ ਹੈ। ਪੰਜਾਬੀ ਭਾਈਚਾਰਾ ਵੀ ਬਾਕੀਆਂ ਵਾਂਗ ਇਸ ਮੁਲਕ ਦੇ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ ਅਤੇ ਹਰ ਪੰਜਾਬੀ ਦੂਜਿਆਂ ਵਾਂਗ ਹੀ ਕਰ (ਟੈਕਸ) ਦਿੰਦਾ ਹੈ। ਸਾਨੂੰ ਕਨੇਡੀਅਨ ਨਾਗਰਿਕ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਵੀ ਨਹੀਂ ਭੱਜਣਾ ਚਾਹੀਦਾ ਤੇ ਨਾਲ ਹੀ ਸਾਨੂੰ ਆਪਣੇ ਹੱਕ ਮੰਗਣ ਵਿਚ ਵੀ ਕਿਸੇ ਕਿਸਮ ਦਾ ਡਰ ਜਾਂ ਹੀਣਤਾ ਦਾ ਅਹਿਸਾਸ ਨਹੀਂ ਹੋਣਾ ਚਾਹੀਦਾ।

ਇਸ ਸਬੰਧ ਵਿਚ ਇਕ ਹੋਰ ਗੱਲ ਧਿਆਨ ਵਿਚ ਰੱਖਣ ਵਾਲੀ ਹੈ। ਅਸੀਂ ਜਦ ਵੀ ਕਦੇ ਪੰਜਾਬੀ ਬੋਲੀ ਬਾਰੇ ਵਿਚਾਰ ਵਟਾਂਦਰਾ ਕਰਨ ਲੱਗਦੇ ਹਾਂ ਤਾਂ ਇਸ ਨਾਲ ਸਬੰਧਤ ਸਾਰੇ ਦੇ ਸਾਰੇ ਮਸਲੇ ਇੱਕੋ ਸਮੇਂ ਵਿਚਾਰਨੇ ਚਾਹੁੰਦੇ ਹਾਂ। ਦੂਜੀਆਂ ਬੋਲੀਆਂ ਵਾਂਗ ਪੰਜਾਬੀ ਬੋਲੀ ਨਾਲ ਸਬੰਧਤ ਵੀ ਬੇਸ਼ੁਮਾਰ ਮਸਲੇ ਹਨ: ਲਿਪੀ, ਸ਼ਬਦਜੋੜ, ਉਚਾਰਣ, ਅਗਲੀਆਂ ਪੀੜ੍ਹੀਆਂ ਨੂੰ ਪੜ੍ਹਾਉਣ ਦੀ ਸਮੱਸਿਆ, ਇਲਾਕਾਈ ਫਰਕ, ਬੋਲਚਾਲ ਤੇ ਲਿਖਤੀ ਬੋਲੀ 'ਚ ਫਰਕ, ਬੋਲੀ 'ਤੇ ਧਰਮ ਅਤੇ ਸਿਆਸਤ ਦੇ ਅਸਰ, ਬੋਲੀ ਦੀ ਗੱਲ ਕਰਨ ਵਾਲੇ ਲੋਕਾਂ ਦੇ ਮਨੋਰਥ ਆਦਿ, (ਇਸ ਸੂਚੀ ਨੂੰ ਹੋਰ ਵੀ ਵਧਾਇਆ ਜਾ ਸਕਦਾ ਹੈ)। ਉਦਾਹਰਨ ਵਜੋਂ, ਰੇਡੀਓ ਟਾਕ ਸ਼ੋਅ ਦੌਰਾਨ ਜਾਂ ਕਿਸੇ ਸੈਮੀਨਾਰ ਜਾਂ ਕਾਂਨਫਰੰਸ ਦੌਰਾਨ ਅਸੀਂ ਇਹ ਸਾਰੇ ਮਸਲੇ ਇੱਕੋ ਸਮੇਂ ਉਠਾਉਣੇ ਚਾਹੁੰਦੇ ਹਾਂ। ਇਸ ਦੇ ਕਾਰਨ ਭਾਵੇਂ ਕੋਈ ਵੀ ਹੋਣ, ਪਰ ਨੁਕਸਾਨ ਇਹ ਹੁੰਦਾ ਹੈ ਕਿ ਕਿਸੇ ਵੀ ਗੱਲ 'ਤੇ ਧਿਆਨ ਕੇਂਦਰਿਤ ਨਹੀਂ ਹੁੰਦਾ ਤੇ ਨਾ ਹੀ ਗੱਲ ਕਿਸੇ ਪਾਸੇ ਲਗਦੀ ਹੈ। ਚਾਹੀਦਾ ਇਹ ਹੈ ਕਿ ਅਸੀਂ ਇਕ ਸਮੇਂ ਪੰਜਾਬੀ ਬੋਲੀ ਨਾਲ ਸਬੰਧਤ ਕਿਸੇ ਇਕ ਹੀ ਮਸਲੇ 'ਤੇ ਧਿਆਨ ਕੇਂਦਰਿਤ ਕਰੀਏ। ਦੂਜੀਆਂ ਗੱਲਾਂ ਇਸੇ ਮਕਸਦ ਨਾਲ ਕੀਤੀਆਂ ਜਾਣ ਕਿ ਉਹ ਅਸਲੀ ਮੁੱਦੇ 'ਤੇ ਸਿੱਧੀ ਰੌਸ਼ਨੀ ਪਾਉਂਦੀਆਂ ਹੋਣ। ਸਾਨੂੰ ਕਨੇਡਾ ਵਿਚ ਰਹਿੰਦਿਆਂ ਏਥੇ ਪੰਜਾਬੀ ਬੋਲੀ ਦੀ ਸਥਿਤੀ ਬਾਰੇ ਗੱਲ ਕਰਨੀ ਚਾਹੀਦੀ ਹੈ। ਭਾਰਤੀ ਪੰਜਾਬ ਜਾਂ ਪਾਕਿਸਤਾਨੀ ਪੰਜਾਬ ਦੀ ਉਨੀ ਕੁ ਹੀ ਗੱਲ ਕਰਨੀ ਚਾਹੀਦੀ ਹੈ ਜਿਸ ਨਾਲ ਪੰਜਾਬੀ ਬਾਰੇ ਸਥਿਤੀ ਨੂੰ ਸਮਝਣ ਦੀ ਲੋੜ ਹੋਵੇ ਨਾ ਕਿ ਅਸਲੀ ਗੱਲ ਛੱਡ ਪੰਜਾਬਾਂ ਦੀਆਂ ਸਮੱਸਿਆਵਾਂ ਨੂੰ ਹੀ ਅਸਲੀ ਮੁੱਦਾ ਬਣਾ ਲਿਆ ਜਾਵੇ ਜਿਵੇਂ ਕਿ ਕਈ ਵਾਰ ਵਾਪਰਦਾ ਹੈ।

ਕਨੇਡਾ ਦੇ ਪੰਜਾਬੀ ਭਾਈਚਾਰੇ ਵਲੋਂ ਵੀਹਵੀਂ ਸਦੀ ਦੌਰਾਨ ਇਮੀਗਰੇਸ਼ਨ ਦੇ ਮਸਲੇ ਸਬੰਧੀ ਕਾਨੂੰਨਾਂ ਵਿਚ ਤਬਦੀਲੀ ਲਿਆਉਣ ਲਈ ਪਾਏ ਯੋਗਦਾਨ ਤੋਂ ਇਸ ਗੱਲ ਵਾਸਤੇ ਸੇਧ ਅਤੇ ਹਿੰਮਤ ਹਾਸਿਲ ਕੀਤੀ ਜਾ ਸਕਦੀ ਹੈ। ਪਿਛਲੀ ਸਦੀ ਦੇ ਪਹਿਲੇ ਅੱਧ ਦੌਰਾਨ ਕਨੇਡਾ ਵਿਚ ਪੰਜਾਬੀ ਭਾਈਚਾਰਾ ਨੰਬਰਾਂ ਵਿਚ ਬਹੁਤ ਛੋਟਾ ਸੀ ਤੇ ਸਮਾਜ ਦੇ ਪੂਰੀ ਤਰ੍ਹਾਂ ਹਾਸ਼ੀਏ 'ਤੇ ਸੀ। ਇਸ ਦੇ ਬਾਵਜੂਦ ਪੰਜਾਬੀਆਂ ਵਲੋਂ ਨਸਲਵਾਦੀ ਆਵਾਸੀ ਕਾਨੂੰਨਾਂ ਵਿਚ ਤਬਦੀਲੀ ਲਈ ਲਗਾਤਾਰ ਜੱਦੋਜਹਿਦ ਚਲਦੀ ਰਹੀ ਅਤੇ ਨਤੀਜੇ ਵਜੋਂ ਬਹੁਤ ਸਾਰੇ ਕਾਨੂੰਨਾਂ ਵਿਚ ਤਬਦੀਲੀਆਂ ਹੋਈਆਂ। ਹੁਣ ਭਾਈਚਾਰੇ ਦੀ ਸਥਿਤੀ ਉਦੋਂ ਨਾਲੋਂ ਬਹੁਤ ਵੱਖਰੀ ਅਤੇ ਬਿਹਤਰ ਹੈ। ਹੁਣ ਅਸੀਂ ਪੂਰੇ ਸ਼ੁਭੇ ਕਨੇਡੀਅਨ ਸ਼ਹਿਰੀ ਹੁੰਦੇ ਹੋਏ ਸਿਰ ਉਤਾਂਹ ਚੁੱਕ ਕੇ ਆਪਣੇ ਹੱਕ ਮੰਗ ਸਕਦੇ ਹਾਂ। ਪੰਜਾਬੀ ਬੋਲੀ ਲਈ ਹੱਕ ਹਾਸਲ ਕਰਨ ਦਾ ਹੁਣ ਹੀ ਸੁਨਹਿਰੀ ਮੌਕਾ ਹੈ। ਪਰ ਇਹ ਤਸਵੀਰ ਬਦਲ ਵੀ ਸਕਦੀ ਹੈ। ਜ਼ਰੂਰੀ ਨਹੀਂ ਕਿ ਪੰਜਾਬੀ ਬੋਲੀ ਆਉਣ ਵਾਲੇ ਸਮੇਂ ਵਿਚ ਤੀਜੇ ਚੌਥੇ ਨੰਬਰ 'ਤੇ ਰਹੇ ਅਤੇ ਪੰਜਾਬੀ ਭਾਈਚਾਰੇ ਕੋਲ ਸਿਆਸੀ ਤੇ ਆਰਥਿਕ ਤਾਕਤ ਵੀ ਹੁਣ ਵਰਗੀ ਹੀ ਰਹੇ।

ਸਾਰੰਸ਼: ਇਹ ਗੱਲ ਸਾਫ ਹੈ ਕਿ ਕਨੇਡਾ ਦੀ ਭਾਸ਼ਾ ਨੀਤੀ ਜਿਸ ਕਦਰ ਦੂਜੀਆਂ ਬੋਲੀਆਂ ਨੂੰ ਗੈਰ ਸਮਝਦੀ ਹੈ ਉਹ ਨੰਗਾ ਚਿੱਟਾ ਭਾਸ਼ਾਈ ਵਿਤਕਰਾ (ਲਿੰਗੁਇਸਿਜ਼ਮ) ਹੈ ਜਿਸ ਦੇ ਖਿਲਾਫ ਆਵਾਜ਼ ਉਠਾਈ ਜਾਣੀ ਚਾਹੀਦੀ ਹੈ। ਇਸ ਵੇਲੇ ਪੰਜਾਬੀ ਭਾਈਚਾਰੇ ਦੀ ਕਨੇਡਾ ਵਿਚ ਆਰਥਿਕ ਤੇ ਸਿਆਸੀ ਪੱਖੋਂ ਸਥਿਤੀ ਵਧੀਆ ਹੈ। ਇਸ ਸਥਿਤੀ ਨੂੰ ਵਰਤ ਕੇ ਪੰਜਾਬੀ ਬੋਲੀ ਨੂੰ ਕਨੇਡੀਅਨ ਬੋਲੀ ਦਾ ਦਰਜਾ ਦਿਵਾਉਣ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਪੰਜਾਬੀ ਬੋਲੀ ਲਈ ਸਰਗਰਮ ਮੌਜੂਦਾ ਜਥੇਬੰਦੀਆਂ ਇਸ ਕੰਮ ਲਈ ਕਾਫੀ ਨਹੀਂ ਜਾਪਦੀਆਂ। ਇਸ ਵੇਲੇ ਲੋੜ ਹੈ ਕੌਮੀ ਪੱਧਰ 'ਤੇ ਕੋਈ ਅਜਿਹੀ ਜਥੇਬੰਦੀ ਉਸਾਰਨ ਦੀ ਜੋ ਵੱਖੋ ਵੱਖਰੇ ਖੇਤਰਾਂ ਵਿਚ ਯੋਗਤਾ ਵਾਲੇ ਪੇਸ਼ਾਵਰ ਲੋਕਾਂ ਦੀਆਂ ਸੇਵਾਵਾਂ ਹਾਸਲ ਕਰ ਸਕੇ ਅਤੇ ਪੰਜਾਬੀ ਬੋਲੀ ਦੇ ਕਨੇਡਾ ਵਿਚ ਵਿਕਾਸ ਵਾਸਤੇ ਕੰਮ ਕਰੇ।

## ਲੇਖਕ ਸੁਰਜੀਤ ਗੱਗ ਵਿਰੁੱਧ ਦਰਜ ਕੀਤਾ ਪਰਚਾ ਰੱਦ ਕੀਤਾ ਜਾਵੇ : ਸਰੋਕਾਰਾਂ ਦੀ ਆਵਾਜ਼

ਅੱਜ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ "ਸਰੋਕਾਰਾਂ ਦੀ ਆਵਾਜ਼" ਦੇ ਡਾਇਰੈਕਟਰ ਦਵਿੰਦਰ ਤੂਰ, ਮੁੱਖ ਸੰਪਾਦਕ ਹਰਬੰਸ ਸਿੰਘ, ਸਹਿ ਸੰਪਾਦਕ ਮਾਸਟਰ ਭਜਨ ਸਿੰਘ, ਡਾ. ਹਰਦੀਪ ਸਿੰਘ, ਸੁਖਵੀਰ ਗਰੇਵਾਲ ਨੇ ਲੋਕਪੱਖੀ ਲੇਖਕ ਸੁਰਜੀਤ ਗੱਗ ਉਪਰ ਦੁਸ਼ਹਿਰੇ ਉੱਪਰ ਲਿਖੇ ਲੇਖ ਨੂੰ ਅਧਾਰ ਬਣਾਕੇ ਥਾਣਾ ਸ਼੍ਰੀ ਆਨੰਦਪੁਰ ਸਾਹਿਬ ਵਿਚ ਧਾਰਾ 295-ਏ ਤਹਿਤ ਪਰਚਾ ਦਰਜ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਸੱਭਿਅਕ ਸਮਾਜ ਨੂੰ ਧਾਰਮਿਕਤਾ ਦੀ ਆੜ ਹੇਠ ਦਨਦਨਾ ਰਹੀ ਧੌਂਸਬਾਜ਼ ਅਤੇ ਅਸਹਿਣਸ਼ੀਲ ਬਿਰਤੀ ਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਜਿਸ ਵਿਚ ਗ੍ਰਸਤ ਤਾਕਤਾਂ ਵਲੋਂ ਲੇਖਕਾਂ ਦੇ ਵਿਚਾਰਾਂ ਨੂੰ ਸੰਵਾਦ ਰਾਹੀਂ ਗਲਤ ਸਾਬਤ ਕਰਨ ਦੀ ਬਜਾਏ ਵੱਖਰੇ ਤੇ ਆਲੋਚਨਾਤਮਕ ਖ਼ਿਆਲਾਂ ਵਾਲੀਆਂ ਕਲਮਾਂ ਨੂੰ ਵਾਰ-ਵਾਰ ਪੁਲਿਸ ਕੇਸਾਂ ਵਿਚ ਉਲਝਾਇਆ ਜਾ ਰਿਹਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਬਹਾਨਾ ਬਣਾਕੇ ਇਸ ਤਰ੍ਹਾਂ ਦੀਆਂ ਕਾਨੂੰਨੀ ਵਿਵਸਥਾਵਾਂ ਦੀ ਆਪਣੇ ਸੌੜੇ ਹਿਤਾਂ ਲਈ ਲਗਾਤਾਰ ਦੁਰਵਰਤੋਂ ਕੀਤੀ ਜਾ ਰਹੀ ਹੈ। ਰੂੜ੍ਹੀਵਾਦੀ ਪਿਛਾਂਹਖਿੱਚੂ ਤਾਕਤਾਂ ਨਹੀਂ ਚਾਹੁੰਦੀਆਂ ਕਿ ਲੋਕ ਮਜ਼੍ਹਬੀ ਰੂੜ੍ਹੀਵਾਦ, ਪਾਖੰਡਵਾਦ ਅਤੇ ਕਰਮਾਂ-ਕਾਂਡਾਂ ਦੇ ਚੱਕਰ ਵਿੱਚੋਂ ਨਿਕਲਕੇ ਸਮਾਜ ਨੂੰ ਜਿਊਣਯੋਗ ਬਣਾਉਣ ਲਈ ਜਾਗਰੂਕ ਹੋਣ। ਇਸ ਖ਼ਤਰਨਾਕ ਵਰਤਾਰੇ ਵਿਰੁੱਧ ਜ਼ੋਰਦਾਰ ਲੋਕ ਰਾਇ ਉਸਾਰਨ ਦੀ ਲੋੜ ਹੈ ਕਿਉਂਕਿ ਇਹ ਸਮਾਜਿਕ ਤਰੱਕੀ ਦਾ ਰਾਹ ਰੋਕਣ ਦਾ ਪਿਛਾਖੜੀ ਰੁਝਾਨ ਹੈ। ਇਸ ਤਰ੍ਹਾਂ ਧੌਂਸਬਾਜ਼ੀ ਨਾਲ ਕਿਸੇ ਲੇਖਕ ਦੀ ਵਕਤੀ ਜ਼ੁਬਾਨਬੰਦੀ ਤਾਂ ਕੀਤੀ ਜਾ ਸਕਦੀ ਹੈ ਪਰ ਇਹ ਤਰੀਕਾ ਕਦੇ ਵੀ ਸਮਾਜ ਵਿਚ ਸਹੀ ਵਿਚਾਰਾਂ ਨੂੰ ਸਥਾਪਤ ਕਰਨ ਦਾ ਸਾਧਨ ਨਹੀਂ ਹੋ ਸਕਦਾ। ਧੌਂਸਬਾਜ਼ੀ ਤਾਕਤਾਂ ਦੀ ਹਮੇਸ਼ਾ ਹਾਰ ਹੁੰਦੀ ਆਈ ਹੈ ਅਤੇ ਹਮੇਸ਼ਾ ਤਰਕਸ਼ੀਲਪਸੰਦ ਵਿਚਾਰ ਹੀ ਸਮਾਜ ਦੀ ਤਰੱਕੀ ਦਾ ਸਾਧਨ ਬਣਦੇ ਰਹੇ ਹਨ, ਇਤਿਹਾਸ ਵਿਚ ਇਹ ਵਾਰ-ਵਾਰ ਸਾਬਤ ਹੋ ਚੁੱਕਾ ਹੈ।

ਉਹਨਾਂ ਕਿਹਾ ਕਿ ਧਾਰਾ 144, ਧਾਰਾ 295-ਏ, ਧਾਰਾ 124-ਏ (ਰਾਜਧ੍ਰੋਹ), ਧਾਰਾ 121 (ਰਾਜ ਵਿਰੁੱਧ ਜੰਗ ਛੇੜਨ) ਆਦਿ ਐਸੀਆਂ ਸੰਵਿਧਾਨਕ ਧਾਰਾਵਾਂ ਹਨ ਜੋ ਨਾਗਰਿਕਾਂ ਦੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਇਕੱਠੇ ਹੋਕੇ ਆਪਣੇ ਹਿਤਾਂ ਲਈ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਦਾ ਸਾਧਨ ਹਨ। ਲੋਟੂ ਹਾਕਮ ਜਮਾਤਾਂ ਅਤੇ ਹੋਰ ਸਥਾਪਤੀ ਪੱਖੀ ਤਾਕਤਾਂ ਵਲੋਂ ਇਹਨਾਂ ਦੀ ਲਗਾਤਾਰ ਥੋਕ ਪੈਮਾਨੇ 'ਤੇ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸਦੀ ਤਾਜ਼ਾ ਮਿਸਾਲ ਸੁਰਜੀਤ ਗੱਗ ਉਪਰ ਦਰਜ ਨਵਾਂ ਪਰਚਾ ਹੈ ਜਿਸ ਵਿਚ ਦੋ ਸਾਲ ਪਹਿਲਾਂ ਲਿਖੇ ਇਕ ਲੇਖ ਨੂੰ ਅਧਾਰ ਬਣਾ ਲਿਆ ਗਿਆ। ਇਸ ਵਾਰ ਬਹਾਨਾ ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਹੈ। ਪੰਜਾਬ ਇੰਟੈਲੀਜੈਂਸ ਦੇ ਏ ਆਈ ਜੀ ਦੀ ਸ਼ਿਕਾਇਤ ਦੇ ਅਧਾਰ 'ਤੇ ਡੀ ਐਸ ਪੀ ਸ਼੍ਰੀ ਆਨੰਦਪੁਰ ਸਾਹਿਬ ਦੀ ਪੜਤਾਲ ਦੇ ਹਵਾਲੇ ਨਾਲ ਕੇਸ ਦਰਜ ਕੀਤਾ ਗਿਆ ਹੈ ਜਿਸ ਤੋਂ ਇਸ ਪਿੱਛੇ ਲੁਕੀ ਮਨਸ਼ਾ ਸਪਸ਼ਟ ਦੇਖੀ ਜਾ ਸਕਦੀ ਹੈ।

ਉਹਨਾਂ ਸਮੂਹ ਲੋਕਪੱਖੀ ਜਮਹੂਰੀ ਤਾਕਤਾਂ ਅਤੇ ਲੇਖਕ ਸਭਾਵਾਂ ਨੂੰ ਸੁਰਜੀਤ ਗੱਗ ਉੱਪਰ ਮਾਮਲੇ ਨੂੰ ਲੇਖਕ ਦੀ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲੇ ਦੇ ਤੌਰ 'ਤੇ ਗੰਭੀਰਤਾ ਨਾਲ ਲੈਂਦੇ ਹੋਏ ਇਸ ਰੁਝਾਨ ਦਾ ਡੱਟਕੇ ਵਿਰੋਧ ਕਰਨ ਦੀ ਅਪੀਲ ਕੀਤੀ ਹੈ। ਨਾਲ ਹੀ ਇਹ ਮੰਗ ਵੀ ਜ਼ੋਰਦਾਰ ਰੂਪ ਵਿਚ ਕੀਤੀ ਜਾਣੀ ਚਾਹੀਦੀ ਹੈ ਕਿ ਸੁਰਜੀਤ ਗੱਗ ਖ਼ਿਲਾਫ਼ ਦਰਜ ਕੀਤਾ ਪਰਚਾ ਤੁਰੰਤ ਰੱਦ ਕੀਤਾ ਜਾਵੇ ਦਫ਼ਾ 295-ਏ, ਦਫ਼ਾ 144, ਧਾਰਾ 124-ਏ, ਧਾਰਾ 121 ਅਤੇ ਤਾਨਾਸ਼ਾਹ ਸੁਭਾਅ ਵਾਲੀਆਂ ਧਾਰਾਵਾਂ ਸੰਵਿਧਾਨ ਵਿੱਚੋਂ ਪੂਰੀ ਤਰ੍ਹਾਂ ਖ਼ਤਮ ਕੀਤੀਆਂ ਜਾਣ ਜੋ ਨਾਗਰਿਕਾਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕਾਂ ਦਾ ਘਾਣ ਕਰਦੀਆਂ ਹਨ।

# ਤਾਨਾਸ਼ਾਹੀ ਦੇ ਦੋ ਵੱਡੇ ਹਥਿਆਰ-ਈ.ਵੀ.ਐਮ. ਅਤੇ ਸਕੀਮ ਅਧਾਰ



**ਮਲਕੀਤ ਸਿੰਘ**
**ਐਬਸਫੋਰਡ ਬੀ. ਸੀ.**



4 ਜਨਵਰੀ 2017 ਦਿਨ ਵੀਰਵਾਰ ਨੂੰ ਟ੍ਰਿਬਿਊਨ ਅੰਗਰੇਜ਼ੀ ਚੰਡੀਗੜ੍ਹ, ਅਖ਼ਬਾਰ ਨੇ, ਅਧਾਰ ਡਾਟਾ ਲੀਕ ਬਾਰੇ ਇਕ ਵਿਸਥਾਰਤ ਖੋਜ ਭਰੀ ਖ਼ਬਰ ਆਪਣੇ ਮੁੱਖ ਪੰਨੇ ਤੇ ਪ੍ਰਕਾਸ਼ਤ ਕੀਤੀ। ਖ਼ਬਰ ਨੌਜਵਾਨ ਦਲੇਰ ਕੁੜੀ ਅਰਚਨਾ ਖੈਹਰਾ ( ਜਲੰਧਰ ) ਦੀ ਖੋਜ ਤੇ ਅਧਾਰਤ ਸੀ। ਇਸ ਖ਼ਬਰ ਨੇ ਦਿੱਲੀ ਕੇਂਦਰ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ ਖ਼ਬਰ ਨੇ ਧੁਰ ਦੱਖਣ ਕੇਰਲਾ, ਤਾਮਿਲਨਾਡ ਤੋਂ ਲੈ ਕੇ ਜੰਮੂ ਕਸ਼ਮੀਰ ਤੱਕ ਅਵਾਮ ਦੇ ਸਾਹ ਸੂਤ ਲਏ। ਸੱਭ ਨੂੰ ਫਿਕਰ ਪੈ ਗਿਆ ਕਿ ਸਰਕਾਰ ਵੱਲੋਂ ਧੱਕੇ ਨਾਲ ਲਿਆ ਗਿਆ ਉਹਨਾਂ ਦਾ ਬਾਇਉ-ਡਾਟਾ ਚੋਰੀ ਹੋ ਕੇ ਉਹਨਾਂ ਨਾਲ ਕੋਈ ਵੀ ਭਾਣਾ ਵਾਪਰ ਸਕਦਾ ਹੈ। ਦੇਸ਼ ਦਾ ਅਵਾਮ ਅਜੇ ਤੱਕ ਨੋਟਬੰਦੀ ਦੀ ਆਫ਼ਤ ਝੱਲਦਾ ਅਤੇ ਵਪਾਰੀ ਵਰਗ ਜੀ. ਐਸ.ਟੀ. ਦੀ ਦੂਹਰੀ ਮਾਰ ਦਾ ਝੰਬਿਆ ਅਜੇ ਸੁਰਤ ਸਿਰ ਹੋ ਹੀ ਰਿਹਾ ਸੀ ਕਿ ਅਸਮਾਨੋ ਡਿੱਗੀ ਬਿਜਲੀ ਵਾਂਗ ਡਾਟਾ ਲੀਕ ਖ਼ਬਰ ਨੇ ਖਲਬਲੀ ਮਚਾ ਦਿੱਤੀ। ਮੈਂ ਉਸ ਦਿਨ ਲੁਧਿਆਣੇ ਦੀ ਇਕ ਬਹੁਤ ਵੱਡੀ ਹੋਲ ਸੇਲ ਮਾਰਕੀਟ ਜਵਾਹਰ ਨਗਰ ਕੈਂਪ ਵਿੱਚ ਸੀ। ਕੀ ਵਪਾਰੀ ਤੇ ਕੀ ਗ੍ਰਾਹਕ ਸੱਭ ਦੇ ਸੱਭ ਠੱਗੇ ਠੱਗੇ ਮਹਿਸੂਸ ਕਰ ਰਹੇ ਸਨ। ਕਈ ਕਹਿ ਰਹੇ ਸਨ ਕਿ ਮੋਦੀ ਸਰਕਾਰ ਨੇ ਪਹਿਲਾਂ ਉਹਨਾਂ ਦੀਆਂ ਜੇਬਾਂ ਕਟੀਆਂ ਅਤੇ ਹੁਣ ਉਹਨਾਂ ਦੇ ਤੰਨੋ ਕਪੜੇ ਉਤਾਰ ਕੇ ਉਹਨਾਂ ਨੂੰ ਚੌਂਕਾਂ ਵਿਚ ਅਲਫ਼ ਨੰਗਿਆਂ ਕਰ ਦਿੱਤਾ ਹੈ।

**ਖ਼ਬਰ ਦਾ ਸੰਦਰਭ :** ਅਧਾਰ ਸਕੀਮ ਸੰਨ 2009 ਵਿਚ ਕਾਂਗਰਸੀ ਸਰਕਾਰ ਨੇ, ਇਕ ਕਾਰਜਕਾਰੀ ਹੁਕਮ ਰਾਹੀਂ ਹੋਂਦ ਵਿਚ ਲਿਆਂਦੀ ਸੀ। ਇਸ ਦੇ ਉਦੇਸ਼ ਬਾਰੇ ਆਖਿਆ ਜਾਂਦਾ ਸੀ ਕਿ ਸਰਕਾਰੀ ਸਬਸਿਡੀਆਂ ਦਾ ਅਤੇ ਹੋਰ ਸਰਕਾਰੀ ਸਕੀਮਾਂ ਦਾ ਲਾਭ ਨਿਹੱਕੇ ਲੋਕ ਲੈ ਜਾਂਦੇ ਹਨ ਅਤੇ ਅਸਲੀ ਹੱਕਦਾਰ ਵਾਂਝੇ ਰਹਿ ਜਾਂਦੇ ਹਨ। ਦੂਜਾ ਇਹ ਕਿ ਟੈਕਸ ਦੀ ਚੋਰੀ ਹੁੰਦੀ ਹੈ ਅਤੇ ਬਲੈਕ ਮਨੀ ਇੰਡੀਆਂ ਦੀ ਇਕਾਨਮੀ ਦੇ ਬਰਾਬਰ ਭਿੜਦੀ ਹੈ। ਸ਼ੁਰੂਆਤ 2009 ਤੋਂ ਲੈ ਕੇ 2016 ਤੱਕ ਅਧਾਰ ਸਕੀਮ ਦਾ ਕੋਈ ਕਾਨੂੰਨੀ ਅਧਾਰ ਨਹੀਂ ਸੀ। 2016 ਵਿੱਚ ਮੋਦੀ ਸਰਕਾਰ ਨੇ ਲੋਕਸਭਾ ਵਿਚ, ਟਾਰਗੈਟਿਡ ਡਿਲਿਵਰੀ ਆਫ ਫਾਇਨਾਨਸ਼ੀਅਲ ਅਤੇ ਅਦਰ ਸਬਸਿਡੀਜ਼ ਬਿੱਲ ਪੇਸ਼ ਕਰ ਦਿੱਤਾ।ਕਿਉਂਕਿ ਕਈ ਵਿਰੋਧੀ ਪਾਰਟੀਆਂ ਇਸ ਬਿੱਲ ਦਾ ਵਿਰੋਧ ਕਰਦੀਆਂ ਸਨ ਅਤੇ ਇਸ ਦੇ ਰਾਜ ਸਭਾ ਵੱਲੋਂ ਨਾਮੰਨਜ਼ੂਰ ਕਰਨ ਦਾ ਖਤਰਾ ਸੀ ਇਸ ਕਰਕੇ ਇਸ ਨੂੰ ਮਨੀ ਬਿੱਲ ਵੱਜੋਂ ਪੇਸ਼ ਕੀਤਾ ਗਿਆ। ਇਸ ਤਰਾਂ ਇਸ ਨੂੰ ਪਾਰਲੀਮੈਂਟ ਦੇ ਉਪਰਲੇ ਸਦਨ ਰਾਜਸਭਾ ਦੀ ਮੰਨਜ਼ੂਰੀ ਦੀ ਲੋੜ ਹੀ ਨਹੀਂ ਸੀ। ਸੋ ਬਿੱਲ ਪਾਸ ਹੋ ਕੇ ਕਾਨੂੰਨ ਬਣ ਗਿਆ। ਸੈਂਕੜੇ ਆਰਥਿਕਤਾ ਨਾਲ ਜੁੜੇ ਲੋਕਾਂ ਵਲੋਂ ਇਸ ਨੂੰ ਕਾਲਾ ਕਾਨੂੰਨ ਗਰਦਾਨਿਆ ਜਾ ਰਿਹਾ ਹੈ ਅਤੇ ਬਹੁਤ ਲੋਕਾਂ ਨੇ ਕਾਨੂੰਨ ਖਿਲਾਫ਼ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਦਾਇਰ ਕਰਵਾਈਆਂ ਹੋਈਆਂ ਹਨ। ਇਹਨਾਂ ਪਟੀਸ਼ਨਾਂ ਤੇ ਸੁਣਵਾਈ ਚੀਫ਼ ਜਸਟਿਸ ਆਫ ਇੰਡੀਆ ਦੀਪਕ ਮਿਸ਼ਰਾ ਸਮੇਤ ਇਕ ਸੰਵਿਧਾਂਨਕ ਬੈਂਚ ਕਰ ਰਿਹਾ ਹੈ। ਇਹ ਉਹੀ ਦੀਪਕ ਮਿਸ਼ਰਾ ਹੈ ਜਿਸ ਬਾਰੇ ਇਸ ਤੋਂ ਸੀਨੀਆਰਟੀ ਵਿੱਚ ਅਗਲੇ ਚਾਰ ਜੱਜਾਂ ਨੇ ਦੁਨੀਆਂ ਭਰ ਦੀਆਂ ਊਝਾਂ ਸ਼ਰੇਆਮ ਪ੍ਰੈਸ ਕਾਨਫਰੰਸ਼ ਵਿੱਚ ਲਾਈਆਂ ਹਨ। ਲੋਕ ਸੋਚਦੇ ਹਨ, ਇਹ ਸਰਕਾਰੀ ਹੱਥਠੋਕਾ ਚੀਫ਼ ਜਸਟਿਸ ਉਹਨਾਂ ਨੂੰ ਕੀ ਇਨਸਾਫ਼ ਦੇਵੇਗਾ ? ਖ਼ੈਰ ਅਧਾਰ ਸਕੀਮ ਇਸ ਵੇਲੇ ਕੋਈ ਸਰਕਾਰੀ ਕਾਰਜਕਾਰੀ ਹੁਕਮ ਨਹੀਂ ਸਗੋਂ ਲੋਕਾਂ ਸਿਰ ਮੜਿਆ ਪਾਰਲੀਮੈਂਟ ਵੱਲੋਂ ਪਾਸ ਕੀਤਾ ਕਾਨੂੰਨ ਹੈ। ਸਾਡਾ ਦੇਸ਼ ਕੋਈ ਰਾਜਸ਼ਾਹੀ ਰਾਜ ਨਹੀਂ ਸਗੋਂ ਇਕ ਰੀਪਬਲਿਕ ਹੈ। ਦੇਸ਼ ਦਾ ਸੰਵਿਧਾਨ ਸੰਘਆਤਮਕ, ਬਹੁ-ਸੱਭਿਆਚਾਰਕ, ਬਹੁ ਭਾਸ਼ਾਈ ਅਤੇ ਬਹੁ-ਧਰਮੀ ਹੈ। ਸੰਵਿਧਾਨ ਵਿਚ ਅਵਾਮ ਦੇ ਕੁੱਝ ਮੁੱਢਲੇ ਅਧਿਕਾਰ ਦਰਜ ਹਨ ਜਿਹੜੇ ਕਿਸੇ ਵੀ ਨਾਗਰਕ ਤੋਂ ਖੋਹੇ ਨਹੀਂ ਜਾ ਸਕਦੇ ਜਿਵੇਂ ਆਪਣੇ ਵਿਚਾਰ ਪ੍ਰਗਟ ਕਰਨ, ਆਪਣਾ ਧਰਮ ਮੰਨਣ, ਆਪਣੇ ਜੀਵਨ ਦੀ ਸੁਰੱਖਿਆ ਆਦਿ, ਇਹਨਾਂ ਵਿਚੋਂ ਸੱਭ ਤੋਂ ਅਹਿਮ ਨਿੱਜਤਾ (ਪ੍ਰਾਈਵੇਸੀ) ਦਾ ਅਧਿਕਾਰ ਹੈ। ਇਹ ਕਾਲਾ ਕਾਨੂੰਨ ਇਸ ਨਿੱਜਤਾ ਦੇ ਅਧਿਕਾਰ ਉੱਪਰ ਡੂੰਘੀ ਸੱਟ ਮਾਰਦਾ ਹੈ।

ਹਰ ਨਾਗਰਿਕ ਨੇ ਆਪਣੀਆਂ ਦੱਸਾਂ ਉਂਗਲਾਂ ਦੇ ਨਿਸ਼ਾਨ, ਆਪਣੇ ਚਿਹਰੇ, ਆਪਣੀਆਂ ਅੱਖਾਂ ਦੀਆਂ ਪੁਤਲੀਆਂ ਦਾ ਰੰਗ ਬਣਤਰ, ਆਪਣਾ ਨਾਂ ਜਨਮ ਮਿਤੀ, ਜਨਮ ਸਥਾਨ, ਮਾਤਾ-ਪਿਤਾ ਦਾ ਨਾਂ, ਮੋਬਾਇਲ ਨੰਬਰ, ਆਪਣਾ ਬੈਂਕ ਖਾਤਾ, ਆਪਣਾ ਪਾਸਪੋਰਟ ਆਦਿ ਗੱਲ ਕੀ ਆਪਣਾ ਪੂਰਾ ਹੁਲੀਆ ਸਰਕਾਰ ਕੋਲ ਦਰਜ ਕਰਵਾਇਆ ਹੈ। ਅੰਗਰੇਜਾਂ ਵੇਲੇ ਪਿੰਡਾਂ ਦੇ ਬਦਮਾਸ਼ਾਂ ਅਤੇ ਚੋਰ ਡਕੈਤਾਂ ਦਾ ਅਜਿਹਾ ਵੇਰਵਾ ਠਾਣਿਆਂ ਦੇ ਇਕ ਰਜਿਸਟਰ ਵਿੱਚ ਲਿਖਿਆ ਜਾਂਦਾ ਸੀ। ਉਸ ਰਜਿਸਟਰ ਦਾ ਨੰਬਰ ਦਸ ਹੁੰਦਾ ਸੀ। ਇਸ ਕਰਕੇ ਪਿੰਡਾਂ ਦੇ ਲੋਕ ਬਦਮਾਸ਼ਾਂ ਨੂੰ ਦਸ ਨੰਬਰੀ ਆਖਦੇ ਸਨ। ਅੱਜ ਦੀ ਮੋਦੀ ਸਰਕਾਰ ਨੇ ਦੇਸ਼ ਦੀ ਸਮੁੱਚੀ ਆਬਾਦੀ ਨੂੰ ਦਸ ਨੰਬਰੀ ਦਾ ਦਰਜਾ ਦੇ ਦਿੱਤਾ ਹੈ। ਤੁਸੀਂ ਕਿਤੇ ਵੀ ਜਾਵੋ ਆਪਣਾ ਆਧਾਰ ਨੰਬਰ ਦਿਓ ਤਾਂ ਗੱਲ ਹੋਵੇਗੀ। ਟ੍ਰੇਨ ਦੀ ਟਿਕਟ ਵਾਸਤੇ, ਹਵਾਈ ਜ਼ਹਾਜ ਦੇ ਸਫ਼ਰ ਵਾਸਤੇ, ਹੋਟਲ ਦੀ ਬੁਕਿੰਗ ਵਾਸਤੇ, ਜ਼ਿੰਮੀਦਾਰਾਂ ਵਾਸਤੇ ਕੀਟਨਾਸ਼ਕ ਦਵਾਈ ਅਤੇ ਖਾਦ ਆਦਿ ਖਰੀਦਣ ਵਾਸਤੇ ਵੀ, ਜ਼ਮੀਨਾਂ ਪਲਾਟਾਂ ਦੀ ਖਰੀਦ- ਵੇਚ ਵਾਸਤੇ ਵੀ ਆਧਾਰ ਨੰਬਰ ਜ਼ਰੂਰੀ ਕਰ ਦਿੱਤਾ ਗਿਆ ਹੈ। ਗੱਲ ਕੀ ਚੌਵੀ ਘੰਟੇ ਸਰਕਾਰ ਵੱਲੋਂ ਤੁਹਾਡੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ ਅਤੇ ਇਹ ਵੇਰਵੇ ਸਰਕਾਰ ਕੋਲ ਮਹਿਫੂਜ਼ ਵੀ ਨਹੀਂ ਹਨ। ਕੋਈ ਵੀ ਐਰਾ-ਗੈਰਾ ਤੁਹਾਡੇ ਉਹ ਵੇਰਵੇ 500 ਰੁ: ਵਿੱਚ ਜਿਵੇਂ ਟ੍ਰਿਬਿਊਨ ਦੀ ਖ਼ਬਰ ਨੇ ਨਸ਼ਰ ਕੀਤਾ ਹੈ, ਖ਼ਰੀਦ ਸਕਦਾ ਹੈ।

ਇਸ ਤਰ੍ਹਾਂ ਤੁਹਾਡੀ ਪ੍ਰਾਈਵੇਸੀ ਤੇ ਇਹ ਇੱਕ ਵੱਡਾ ਹਮਲਾ ਹੈ ਅਤੇ ਇਹ ਸੰਵਿਧਾਨ ਵਿੱਚ ਦਰਜ ਤੁਹਾਡੇ ਮੁੱਢਲੇ ਜਮਹੂਰੀ ਅਧਿਕਾਰਾਂ ਦਾ ਘਾਣ ਹੈ। ਸਾਡੇ ਸੰਵਿਧਾਨ ਦੀ ਖ਼ਾਸੀਅਤ ਇਹ ਹੈ ਕਿ ਇਸ ਦੀ ਜੋ ਆਧਾਰਸ਼ਿਲਾ (ਬੇਸਿਕ ਸਟੱਰਕਚਰ) ਹੈ ਉਸ ਨਾਲ ਕੋਈ ਵੀ ਛੇੜਖਾਨੀ ਨਹੀਂ ਕਰ ਸਕਦਾ। ਪਾਰਲੀਮੈਂਟ ਵੀ ਉਸ ਵਿੱਚ ਰੱਦੋਬਦਲ ਨਹੀਂ ਕਰ ਸਕਦੀ ਅਤੇ ਨਿਆਂ-ਪਾਲਿਕਾ(ਜੁਡੀਸਰੀ) ਦਾ ਵੀ ਕੋਈ ਲੇਵਲ ਉਸ ਵਿੱਚ ਹੇਰ-ਫੇਰ ਨਹੀਂ ਕਰ ਸਕਦਾ। ਇਸ ਤਰ੍ਹਾਂ ਦਾ ਇੱਕ ਅਹਿਮ ਫ਼ੈਸਲਾ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਕੁੱਝ ਸਾਲ ਪਹਿਲਾਂ ਇੱਕ ਕੇਸ ਵਿੱਚ ਕੀਤਾ ਜਾ ਚੁੱਕਾ ਹੈ ਅਤੇ ਸੰਵਿਧਾਨ ਦੀ ਉਸ ਆਧਾਰਸ਼ਿਲਾ ਵਿੱਚ ਨਾਗਰਿਕਾਂ ਦੇ ਮੁੱਢਲੇ ਜਮਹੂਰੀ ਅਧਿਕਾਰ ਸਮੇਤ ਪ੍ਰਾਈਵੇਸੀ ਦਾ ਅਧਿਕਾਰ ਅਹਿਮ ਸਥਾਨ ਰੱਖਦਾ ਹੈ।

ਅਜੋਕੀਆਂ ਸਥਿਤੀਆਂ ਵਿੱਚ ਜਦੋਂ ਦੀਪਕ ਮਿਸ਼ਰੇ ਵਰਗੇ ਆਮ ਲੋਕਾਂ ਵੱਲੋਂ ਗਰਦਾਨੇ ਜਾਂਦੇ ਹੱਥਠੋਕੇ ਜੱਜ ਕੋਰਟਾਂ ਵਿੱਚ ਸ਼ੁਸ਼ੋਭਤ ਹਨ ਤਾਂ ਨਾਗਰਿਕਾਂ ਵਿੱਚ ਡਰ ਬੈਠ ਗਿਆ ਹੈ ਕਿ ਸੰਵਿਧਾਨ ਦੀ ਆਧਾਰਸ਼ਿਲਾ ਵਿੱਚ ਵੀ ਛੇੜਖਾਨੀ ਸੰਭਵ ਹੈ। ਅੱਜ ਦੀ ਫਾਸੀਵਾਦੀ ਸਰਕਾਰ ਦਾ ਕੋਈ ਨਾ ਕੋਈ ਮੰਤਰੀ ਆਏ ਦਿਨ ਦੇਸ਼ ਦੇ ਵੀਹ-ਕਰੋੜ ਮੁਸਲਮਾਨਾਂ ਨੂੰ ਦੇਸ਼ ਛੱਡ ਜਾਣ ਦੀਆਂ ਧਮਕੀਆਂ ਦਿੰਦਾ ਰਹਿੰਦਾ ਹੈ। ਉਹਨਾਂ ਵੱਲੋਂ ਘੱਟ ਗਿਣਤੀਆਂ ਦੀ ਹੋਂਦ ਹੀ ਖਾਰਜ ਕੀਤੀ ਜਾ ਰਹੀ ਹੈ। ਗਊ ਰੱਖਿਆ ਦੇ ਨਾਂ ਹੇਠ ਘੱਟ ਗਿਣਤੀ ਕਾਰੋਬਾਰੀਆਂ ਅਤੇ ਡੰਗਰਾਂ ਦੇ ਵਪਾਰੀਆਂ ਨੂੰ ਭਾਜਪਾ ਦੇ ਲੱਠਮਾਰਾਂ ਵੱਲੋਂ ਦਿਨ-ਦੀਵੀਂ ਮਾਰਿਆ ਜਾ ਰਿਹਾ ਹੈ। ਗਊ ਮਾਸ ਦੇ ਸ਼ੱਕ ਦੀ ਆੜ ਵਿੱਚ ਲੋਕਾਂ ਨੂੰ ਰਸੋਈਆਂ ਵਿੱਚੋਂ ਖਿੱਚ ਕੇ ਕਤਲ ਕੀਤਾ ਜਾ ਰਿਹਾ ਹੈ। ਵਿਰੋਧ ਵਿੱਚ ਆਵਾਜ਼ ਉਠਾਉਣ ਵਾਲਿਆ ਨੂੰ ਦੇਸ਼ ਧ੍ਰੋਹੀ ਆਖਿਆ ਜਾ ਰਿਹਾ ਹੈ।ਸਿਤਮ ਜ਼ਰੀਫ਼ੀ ਇਹ ਹੈ ਕਿ ਗਊ ਮਾਸ ਦੀ ਐਕਸਪੋਰਟ ਕਰਨ ਵਿੱਚ ਭਾਰਤ ਦਾ ਬਰਾਜ਼ੀਲ ਤੋਂ ਬਾਅਦ ਦੂਜਾ ਨੰਬਰ ਹੈ ਅਤੇ ਇਸ ਵਪਾਰ ਵਿੱਚ ਭਾਜਪਾ ਦਾ ਇੱਕ ਯੂ.ਪੀ. ਤੋਂ ਮੈਂਬਰ ਦੇਸ਼ ਦਾ ਸਭ ਤੋਂ ਵੱਡਾ ਐਕਸਪੋਰਟਰ ਹੈ।

ਖ਼ੈਰ, ਮੁੜ ਕੇ ਅਧਾਰ ਬਾਰੇ ਖ਼ਬਰ ਨਾਲ ਸਬੰਧਿਤ ਖ਼ਬਰ ਇਸ ਤਰ੍ਹਾਂ ਹੈ। ਭਾਰਤ ਸਰਕਾਰ ਨੇ ਅੱਜ ਤੋਂ ਪੰਜ ਕੁ ਸਾਲ ਪਹਿਲਾਂ ਦੇਸ਼ ਭਰ ਵਿਚੋਂ ਤਿੰਨ ਲੱਖ ਦੇ ਕਰੀਬ ਨੌਜਵਾਨ ਮੁੰਡੇ ਕੁੜੀਆਂ ਨੂੰ ਅਧਾਰ ਕਾਰਡ ਬਣਾਉਣ ਵਾਸਤੇ ਨਿਯੁਕਤ ਕਰ ਦਿੱਤਾ ਕਿਉਂਕਿ ਸਰਕਾਰੀ ਟੀਚਾ ਲਿਖਿਆ ਗਿਆ ਸੀ ਕਿ ਹਰ ਇੱਕ ਨੂੰ ਇਸ ਸਕੀਮ ਨਾਲ ਜੋੜਨਾ ਹੈ। ਇਨ੍ਹਾਂ ਆਈ. ਟੀ. ਸਿੱਖਿਅਤ ਨੌਜਵਾਨਾਂ ਤੋਂ ਖ਼ਬਰਾਂ ਵਿੱਚ ਆਇਆ ਹੈ ਕਿ ਮੋਟੀਆਂ ਰਕਮਾਂ ਵੀ ਉਡਾਈ ਅਥਾਰਟੀ ਅਧਕਾਰੀਆਂ ਨੇ ਲਈਆਂ। ਇਹ ਲੋਕ 2016 ਤੱਕ ਤਾਂ ਇਹ ਸਰਕਾਰੀ ਕੰਮ ਕਰਦੇ ਰਹੇ ਪਰ 2016 ਵਿੱਚ ਆ ਕੇ ਸਰਕਾਰ ਨੇ ਇਹ ਕੰਮ ਇਹਨਾਂ ਤੋਂ ਖੋਹ ਕੇ ਡਾਕਖ਼ਾਨਿਆਂ ਅਤੇ ਕੁਝ ਚੋਣਵੀਆਂ ਬੈਂਕਾ ਅਤੇ ਸੁਵਿਧਾ ਕੇਂਦਰਾਂ ਨੂੰ ਸੌਂਪ ਦਿੱਤਾ ਅਤੇ ਇਹਨਾਂ ਨੂੰ ਬੇਕਾਰ ਕਰ ਦਿੱਤਾ। ਇਹਨਾਂ ਬੇਕਾਰਾਂ ਵਿਚ ਜਲੰਧਰ ਦਾ 32 ਸਾਲਾਂ ਗੱਭਰੂ ਭਾਰਤ ਭੂਸ਼ਨ ਗੁਪਤਾ ਵੀ ਸੀ। ਉਸ ਨੂੰ ਦਸੰਬਰ 2016 ਦੇ ਅਖੀਰਲੇ ਦਿਨਾਂ ਵਿਚ ਵੱਟਸਐਪ ਤੇ ਮੈਸ਼ਜ ਆਇਆ ਕਿ 500 ਰੁਪੈ: ਅਦਾ ਕਰਕੇ ਉਹ ਲੋਕਾਂ ਦੇ ਚੋਰੀ ਛਿਪੇ ਅਧਾਰ ਬਣਾਉਣ ਦਾ ਅਤੇ ਸੋਧਣ ਕੰਮ ਕਰ ਸਕਦਾ ਹੈ। ਸੱਚਾ ਦੇਸ਼ ਭਗਤ ਗੁਪਤਾ ਫਿਕਰਮੰਦ ਹੋ ਗਿਆ ਕਿ ਇਸ ਤਰਾਂ ਦੇਸ਼ ਭਰ ਵਿਚਲੇ ਅਵਾਮ ਦਾ ਇਹ ਡਾਟਾ ਤਾਂ ਕੋਈ ਵੀ ਕਿਸੇ ਨੂੰ ਵੀ ਵੇਚ ਸਕਦਾ ਹੈ। ਦੇਸ਼-ਵਿਦੇਸ਼ ਦੇ ਵੱਡੇ ਵਪਾਰਕ ਘਰਾਣੇ ਅਤੇ ਕੁੱਲ ਦੁਨੀਆਂ ਦੇ ਖ਼ੁਫ਼ੀਆ ਤੰਤਰ ਅਤੇ ਅਪਰਾਧਿਕ ਅੱਤਵਾਦੀ ਸੰਗਠਨ ਇਸ ਡਾਟੇ ਦੇ ਖ਼ਰੀਦਦਾਰ ਹਨ, ਜ਼ਰਾ ਸੋਚੋ ਸਾਰੇ ਫ਼ੌਜ਼ੀ,ਨੇਵੀ ਅਤੇ ਏਅਰ ਫੋਰਸ ਅਫ਼ਸਰਾਂ ਆਿਸ਼,ਿਫਸ਼ ਅਤੇ ਰਾਜਾਂ ਦੇ ਅਧਿਕਾਰੀਆਂ ਅਤੇ ਐਮ. ਐਲ. ਏ., ਐਮ. ਪੀਜ਼., ਦੇ ਵੇਰਵੇ ਚੋਰੀ ਕੀਤੇ ਜਾ ਸਕਦੇ ਹਨ ਉਸਨੇ ਅਧਾਰ ਅਥਾਰਟੀ ਨੂੰ ਸੂਚਿਤ ਕੀਤਾ।ਪਰ ਆਧਾਰ ਅਧਿਕਾਰੀਆਂ ਨੇ ਉਸਦੀ ਸੂਚਨਾ ਨੂੰ ਅਣਗੌਲਿਆ ਕਰ ਦਿੱਤਾ ਤਾਂ ਉਸਨੂੰ ਸ਼ੱਕ ਹੋਇਆ ਕਿ ਇਸ ਗੈਰ ਕਾਨੂੰਨੀ ਕਾਰਵਾਈ ਵਿੱਚ ਅਧਾਰ ਅਧਿਕਾਰੀ ਵੀ ਲਿਪਤ ਹੋ ਸਕਦੇ ਹਨ, ਜੋ ਦੇਸ਼ ਲਈ ਵੱਡਾ ਖ਼ਤਰਾ ਹੈ। ਸੋਚ ਕੇ ਉਸਨੇ ਟ੍ਰਿਬਿਊਨ ਅਖਬਾਰ ਦੀ ਪੱਤਰਕਾਰ ਅਰਚਨਾ ਖਹਿਰਾ ਨਾਲ ਗੱਲ ਕੀਤੀ। ਜਿਸਨੇ ਖੋਜ-ਪੜਤਾਲ ਕਰਕੇ ਸਾਰੀ ਸਾਜ਼ਿਸ ਨੂੰ ਸਾਰੇ ਆਲਮ ਅੱਗੇ ਨੰਗਿਆਂ ਕਰ ਦਿੱਤਾ। ਬੱਸ ਫਿਰ ਕੀ ਸੀ, ਸਮਝੋ ਤਾਰਾਂ ਖੜਕ ਗਈਆਂ ਅਧਾਰ ਅਥਾਰਟੀ ਸਮੇਤ, ਭੰਡ ਮਦਾਰੀ ਮੀਡੀਏ ਨੇ, ਭਾਰਤ ਭੂਸ਼ਨ ਗੁਪਤਾ, ਅਰਚਨਾ ਖਹਿਰਾ ਸਮੇਤ ਟ੍ਰਿਬਿਊਨ ਵਿਰੁੱਧ ਤੋਂ ਹੱਲਾ ਮਚਾ ਦਿੱਤਾ। ਅਰਚਨਾ ਖਹਿਰਾ ਖ਼ਿਲਾਫ਼ ਦਿੱਲੀ ਦੇ ਇਕ ਠਾਣੇ ਵਿਚ ਇੱਕ ਐਫ਼. ਆਈ. ਆਰ. ਦਰਜ ਕਰਵਾ ਦਿੱਤੀ। ਜਲੰਧਰ ਪੁਲਿਸ ਵੱਲੋਂ ਸੱਚੇ ਦੇਸ਼ ਭਗਤ ਗੁਪਤੇ ਨੂੰ ਜਲੀਲ ਕਰਨਾ ਸ਼ੁਰੂ ਕਰ ਦਿੱਤਾ ਗਿਆ। ਭਾਜਪਾ ਆਗੂਆਂ ਵੱਲੋਂ ਕਈ ਤਰ੍ਹਾਂ ਦੀਆਂ ਤੁਹਮਤਾਂ ਦੀ ਬੌਛਾੜ ਹੋਣ ਲੱਗ ਪਈ।

ਇੱਕ ਗੱਲ ਬੜੀ ਸਾਫ਼ ਹੈ ਕਿ ਅਧਾਰ ਸਕੀਮ ਨੇ ਭਾਰਤ ਦੀਆਂ ਰਾਜ ਕਰਦੀਆਂ ਤਾਕਤਾਂ ਦਾ ਚਿਹਰਾ ਬੇ ਪਰਦ ਕਰ ਦਿੱਤਾ ਹੈ। ਦੇਸ਼ ਨੂੰ ਉਹ ਪੁਲਿਸ ਰਾਜ ਵਿੱਚ ਬਦਲਣਾ ਚਾਹੁੰਦੇ ਹਨ। ਆਧਾਰ ਸਿਸਟਮ ਸੁਪਰ ਸਰਵਾਇਲੈਂਸ ਸਿਸਟਮ ਵਿੱਚ ਬਦਲ ਗਿਆ ਹੈ।ਇਹ ਇੱਕ ਅਜਿਹਾ ਜਾਸੂਸੀ ਦਾ ਤੰਤਰ ਹੋ ਗਿਆ ਹੈ ਜਿਹੜਾ ਹਰ ਸ਼ਹਿਰੀ ਦੀ ਹਰ ਹਰਕਤ ਨੋਟ ਕਰ ਰਿਹਾ ਹੈ।

ਦੁਨੀਆਂ ਦਾ ਇੱਕੋ ਇੱਕ ਹੋਰ ਦੇਸ਼ ਹੈ ਅਮਰੀਕਾ ਜਿਸਨੇ 9/11 ਦੀ ਆੜ ਵਿੱਚ ਹੋਮ ਲੈਂਡ ਸਕਿਊਰਟੀ ਕਾਨੂੰਨ ਪਾਸ ਕਰਕੇ ਆਪਣੇ ਨਾਗਰਿਕਾਂ ਅਤੇ ਅਮਰੀਕਾ ਆਉਣ-ਜਾਣ ਵਾਲੇ ਵਿਅਕਤੀਆ ਦੇ ਇਸ ਤਰ੍ਹਾਂ ਦੇ ਵੇਰਵੇ ਇਕੱਠੇ ਕਰਨੇ ਸ਼ੁਰੂ ਕੀਤੇ, ਏਅਰ ਪੋਰਟਾਂ ਦੇ ਇੰਮੀਗ੍ਰੇਸ਼ਨ ਕਾਊਂਟਰਾਂ ਤੇ ਉਗਲਾਂ ਦੇ ਨਿਸ਼ਾਨ, ਅੱਖਾਂ ਦੀ ਪੁਤਲੀਆਂ ਦੇ ਵੇਰਵੇ ਇੱਕਠੇ ਕੀਤੇ ਜਾ ਰਹੇ ਹਨ।ਪਰ ਅਮਰੀਕਾ ਦਾ ਇਹ ਸਿਸਟਮ ਵੀ ਬੁਰੀ ਤਰ੍ਹਾਂ ਅਸਫ਼ਲ ਆਖਿਆ ਜਾ ਰਿਹਾ ਹੈ। ਅਮਰੀਕਾ ਵਿੱਚ 16 ਖ਼ੁਫ਼ੀਆ ਏਜੰਸੀਆਂ ਹਨ ਉਹਨਾਂ ਦੇ ਮਾਹਰ ਵਿਸ਼ਲੇਸ਼ਕਾਂ ਨੇ, ਉਬਾਮੇ ਦੀ ਪ੍ਰਧਾਨਗੀ ਦੇ ਅਖੀਰਲੇ ਸਾਲ 2016 ਵਿੱਚ ਇੱਕ ਰਿਪੋਰਟ ਵਿੱਚ ਆਖਿਆ ਹੈ ਕਿ ਇਹ ਡਾਟਾ ਮਾਊਂਟ ਐਵਰਸਟ ਵਾਂਗ ਵੱਡਾ ਪਹਾੜ ਹੈ, ਕਿ ਇਸ ਵਿੱਚ ਕੋਈ ਵੀ ਲੋੜ੍ਹੀਂਦੀ ਗੱਲ ਲੱਭਣੀ ਅਸੰਭਵ ਹੈ ਅਤੇ ਇਸ ਨਾਲ ਅਮਰੀਕਾ ਦੀ ਸਕਿਊਰਟੀ ਵਿੱਚ ਕੋਈ ਗੁਣਾਤਮਕ ਵਾਧਾ ਨਹੀਂ ਹੋਇਆ। ਰਚਨਾ ਖਹਿਰਾ ਦੀ ਖੋਜਬੀਨੀ ਵਾਲੀ ਰਿਪੋਰਟ ਅਤੇ ਟ੍ਰਿਬਿਊਨ ਅਖ਼ਬਾਰ ਦੇ ਮੁੱਖ ਸੰਪਾਦਕ ਹਰੀਸ਼ ਖਰੇ ਨੂੰ ਸਲਾਮ ਕਰਨਾ ਬਣਦਾ ਹੈ, ਜਿਹਨਾਂ ਨੇ ਅਧਿਕਾਰਤ ਰੂਪ ਵਿੱਚ ਅਧਾਰ ਸਾਜਿਸ਼ ਨੂੰ ਅਤੇ ਇਸ ਵਿਚਲੀਆਂ ਖਾਮੀਆਂ ਨੂੰ ਬੇ ਪਰਦ ਕੀਤਾ ਹੈ। ਇਸ ਖ਼ਬਰ ਤੋਂ ਬਾਅਦ ਪ੍ਰਿੰਟ ਮੀਡੀਆ ਵਿੱਚ ਤਹਿਲਕਾ ਮੱਚ ਗਿਆ ਹੈ। ਮਦਰਾਸ ਦੇ ਹਿੰਦੂ ਅਖ਼ਬਾਰ, ਹਿੰਦੋਸਤਾਨ ਟਾਈਮਜ਼ ਆਦਿ ਅਖ਼ਬਾਰਾਂ ਵਿੱਚ ਵੀ ਰੋਜ਼ਾਨਾ ਵੱਡੀਆਂ ਰਿਪੋਰਟਾਂ ਅਤੇ ਉਪੀਨੀਅਨ ਆਰਟੀਕਲ ਛਪ ਰਹੇ ਹਨ। ਸਾਰੇ ਇਹੀ ਆਖ ਰਹੇ ਹਨ ਕਿ ਆਧਾਰ ਸਕੀਮ ਵੱਡਾ ਫਰਾਡ ਹੈ। ਕੇਂਦਰੀ ਨੁਕਤਾ ਇਹ ਹੈ ਕਿ ਜੇ ਤੁਹਾਡੇ ਕੋਲ ਆਧਾਰ ਨੰਬਰ ਨਹੀਂ ਹੈ ਤਾਂ ਸਮਝੋ ਤੁਸੀਂ ਸਰਕਾਰ ਵਾਸਤੇ ਮੋਇਆਂ ਵਿੱਚ ਸ਼ਾਮਲ ਹੋ ਅਤੇ ਤੁਹਾਡੇ ਬੈਂਕ ਖਾਤੇ ਫੋਨ, ਜ਼ਮੀਨ ਅਤੇ ਘਰ, ਮਕਾਨ ਆਦਿ ਉੱਪਰ ਸਰਕਾਰ ਅਧਿਕਾਰ ਆਦਿ ਜਮਾ ਸਕਦੀ ਹੈ।

17, ਜਨਵਰੀ, 2017 ਤੋਂ ਸੁਪਰੀਮ ਕੋਰਟ ਦੇ 5 ਮੈਂਬਰੀ ਬੈਂਚ ਸਾਹਮਣੇ, ਜਿਸ ਬੈਂਚ ਦਾ ਮੁੱਖੀ ਮਿਸ਼ਰਾ ਚੀਫ਼ ਜਸਟਿਸ ਹੈ, 28 ਪਟੀਸ਼ਨਾਂ ਉਪਰ ਹਰ ਰੋਜ਼ ਸੁਣਵਾਈ ਚਲ ਰਹੀ ਹੈ। ਪਟੀਸ਼ਨਰਾਂ ਵਿੱਚ ਇੱਕ ਰਿਟਾਇਰਡ ਹਾਈ ਕੋਰਟ ਦਾ ਜੱਜ ਕੇ.ਐਸ.ਪੁਤਾਸਵਾਮੀ ਅਤੇ ਹੋਰ ਕਾਨੂੰਨਸਾਜ਼ੀ ਨਾਲ ਸਬੰਧਿਤ ਮਹਾਨ ਲੋਕ ਅਤੇ ਚਿੰਤਕ ਹਨ ਰੋਜ਼ ਦੀ ਸੁਣਵਾਈ ਇਉਂ ਲੱਗਦੀ ਹੈ ਕਿ ਕੋਈ ਡਰਾਮਾ ਖੇਡਿਆ ਜਾ ਰਿਹਾ ਹੈ। ਬੈਂਚ ਵੱਲੋਂ ਜੋ ਸਵਾਲ ਕੀਤੇ ਜਾ ਰਹੇ ਹਨ ਅਤੇ ਮੋੜਵੀਆਂ ਟਿੱਪਣੀਆਂ ਕੀਤੀਆ ਜਾ ਰਹੀਆਂ ਹਨ, ਕੋਈ ਸ਼ੁਭ ਸੰਕੇਤ ਨਹੀਂ ਦੇ ਰਹੀਆਂ। ਲੱਗਦਾ ਇਉਂ ਹੈ ਕਿ ਇਹਨਾਂ ਫਾਸੀਵਾਦੀ ਨੀਤੀਆਂ ਉੱਪਰ ਸਰਕਾਰ ਨੇ ਸੁਪਰੀਮ ਕੋਰਟ ਦੀ ਮੋਹਰ ਲਵਾ ਹੀ ਲੈਣੀ ਹੈ ਅਤੇ ਇਹ ਭਾਰਤ ਦੀ ਲੋਕ ਸ਼ਕਤੀ ਜਿਸ ਵਿੱਚ ਮੈਨੂੰ ਪੂਰਾ ਵਿਸ਼ਵਾਸ ਹੈ, ਉਸ ਵਾਸਤੇ ਇੱਕ ਵੱਡੀ ਚਣੌਤੀ ਸਾਬਤ ਹੋਵੇਗੀ। ਸੁਪਰੀਮ ਕੋਰਟ ਦੇ ਚਾਰ ਦਲੇਰ ਜੱਜਾਂ ਨੇ ਇਸਦਾ ਸੰਕੇਤ ਦੇ ਦਿੱਤਾ ਹੈ।

## ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਖੁੱਲ੍ਹਾਂ ਦੇਣ ਦਾ ਵਿਰੋਧ

ਇਨਕਲਾਬੀ ਕੇਂਦਰ (ਪੰਜਾਬ) ਦੇ ਸੂਬਾ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਇੱਕ ਪ੍ਰੈਸ ਬਿਆਨ ਵਿੱਚ ਕੇਂਦਰ ਸਰਕਾਰ ਵੱਲੋਂ ਇਕਹਿਰੇ ਪਰਚੂਨ ਬ੍ਰਾਂਡ, ਰੀਅਲ ਇਸਟੇਟ, ਮੈਡੀਕਲ ਯੰਤਰਾਂ 'ਚ ਬਿਨਾਂ ਸਰਕਾਰੀ ਪ੍ਰਵਾਨਗੀ ਸੌ ਪ੍ਰਤੀਸ਼ਤ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਖੁੱਲ੍ਹ ਦੇਣ ਅਤੇ ਏਅਰ ਇੰਡੀਆ 'ਚ 49 ਪ੍ਰਤੀਸ਼ਤ ਅਤੇ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਰਾਂ (ਐਫਆਈਆਈ) ਅਤੇ ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਰਾਂ (ਐਫਪੀਆਈ) ਨੂੰ ਸ਼ੇਅਰ ਬਾਜ਼ਾਰ ਦੀ ਬਜਾਏ ਬਿਜਲ਼ੀ ਘਰਾਂ ਵਿੱਚ ਪੂੰਜੀ ਲਾਉਣ ਦੀ ਇਜਾਜ਼ਤ ਦੇਣ ਦੀ ਸਖ਼ਤ ਸਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਯੂਪੀਏ ਸਰਕਾਰ ਵਾਂਗ ਮੋਦੀ ਦੀ ਐਨਡੀਏ ਸਰਕਾਰ ਵੀ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ 'ਤੇ ਚੱਲ ਕੇ ਭਾਰਤ ਨੂੰ ਸਾਮਰਾਜੀ ਦੇਸ਼ਾਂ ਅਤੇ ਵਿਸ਼ੇਸ਼ ਕਰਕੇ ਅਮਰੀਕਾ ਨੂੰ ਵਿਦੇਸ਼ੀ ਪੂੰਜੀ ਨਿਵੇਸ਼ ਦੀਆਂ ਖੁੱਲ੍ਹਾਂ ਦੇ ਕੇ ਭਾਰਤੀ ਮੰਡੀ ਨੂੰ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰ ਰਹੀ ਹੈ। ਇਨ੍ਹਾਂ ਨੀਤੀਆਂ ਕਾਰਨ ਭਾਰਤ ਦੇ ਮਜ਼ਦੂਰਾਂ ਦੇ ਹੱਕਾਂ ਨੂੰ ਕਿਰਤ ਕਾਨੂੰਨਾਂ ਮਾਲਕਾਂ ਦੇ ਸੁਪਰ ਮੁਨਾਫੇ ਹਿੱਤ ਸੋਧਾਂ ਰਾਹੀਂ ਕੁਚਲਕੇ ਉਨ੍ਹਾਂ ਦੀਆਂ ਉਜਰਤਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਖੇਤੀ ਸੈਕਟਰ ਨੂੰ ਦੇਸੀ ਵਿਦੇਸ਼ੀ ਕੰਪਨੀਆਂ ਚੂੰਡ ਰਹੀਆਂ ਹਨ। ਸਨਅਤ ਅਤੇ ਖੇਤੀ ਵਿਚਕਾਰ ਅਣਸਾਵੀਆਂ ਸ਼ਰਤਾਂ ਕਾਰਨ ਖੇਤੀ ਲਾਗਤਾਂ ਵੱਧ ਰਹੀਆਂ ਹਨ। ਉਨ੍ਹਾਂ ਦੀਆਂ ਫ਼ਸਲਾਂ ਦੀਆਂ ਕੀਮਤਾਂ ਘੱਟ ਰੱਖੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਫ਼ਸਲਾਂ ਮੰਡੀ ਵਿੱਚ ਰੁਲ ਰਹੀਆਂ ਹਨ। ਕਿਸਾਨ ਕਰਜ਼ਈ ਹੋਣ ਕਰਕੇ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਹੈ। ਨਵ-ਉਦਾਰਵਾਦੀ ਨੀਤੀਆਂ ਰਾਹੀਂ ਹੋ ਰਹੇ ਵਿਦੇਸ਼ੀ ਪੂੰਜੀ ਨਿਵੇਸ਼ ਨਾਲ ਰੁਜ਼ਗਾਰ ਰਹਿਤ ਵਿਕਾਸ ਹੋ ਰਿਹਾ ਹੈ ਅਤੇ ਵੱਡੀ ਪੱਧਰ 'ਤੇ ਨੌਜਵਾਨ ਬੇਰੁਜ਼ਗਾਰ ਹਨ, ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਪੱਕੇ ਮੁਲਾਜ਼ਮਾਂ ਦੀ ਭਰਤੀ ਬੰਦ ਹੈ। ਪੱਕੇ ਮੁਲਾਜ਼ਮ ਅਤੇ ਮਜ਼ਦੂਰ ਰੱਖਣ ਦੀ ਬਜਾਏ ਠੇਕੇਦਾਰੀ ਪ੍ਰਬੰਧ ਨਾਲ ਮੁਲਾਜ਼ਮਾਂ ਅਤੇ ਮਜ਼ਦੂਰਾਂ ਨੂੰ ਘੱਟ ਤਨਖਾਹਾਂ ਅਤੇ ਘੱਟ ਉਜਰਤਾਂ ਦੇ ਕੇ ਉਨ੍ਹਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ ਤੇ ਉਹ ਅਸੁਰੱਖਿਅਤ ਹਾਲਤ 'ਚ ਦਿਨ ਕਟੀ ਕਰਨ ਲਈ ਮਜਬੂਰ ਹਨ। ਇਨ੍ਹਾਂ ਪੂੰਜੀਵਾਦੀ ਅਤੇ ਨਵ-ਉਦਾਰਵਾਦੀ ਨੀਤੀਆਂ ਕਾਰਨ ਇੱਕ ਪਾਸੇ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ, ਦੂਜੇ ਪਾਸੇ 'ਅੱਛੇ ਦਿਨ ਲਿਆਉਣ ਵਾਲੇ' ਮੋਦੀ ਦੇ ਖਾਸ-ਮ-ਖਾਸ ਅਡਾਨੀ ਦੀ ਸੰਪਤੀ ਦਾ 2017 ਵਿੱਚ 125 ਪ੍ਰਤੀਸ਼ਤ, ਰਿਲਾਇੰਸ ਇੰਡਸਰੀਜ਼ ਦੇ ਮੁਕੇਸ ਅੰਬਾਨੀ ਦੀ ਸੰਪਤੀ ਦਾ 80 ਪ੍ਰਤੀਸ਼ਤ ਅਤੇ ਜੇਫ ਬੇਜਾਸ ਦੀ ਸੰਪਤੀ ਦਾ 52 ਪ੍ਰਤੀਸ਼ਤ ਵਾਧਾ ਹੋਇਆ ਹੈ। ਇਨਕਲਾਬੀ ਕੇਂਦਰ (ਪੰਜਾਬ) ਦੇ ਇਨ੍ਹਾਂ ਦੋਵਾਂ ਆਗੂਆਂ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਕਾਂਗਰਸ ਸਰਕਾਰ ਦੀਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਹੀ ਅੱਗੇ ਵਧਾ ਕੇ ਦੇਸ਼ ਨੂੰ ਸੰਕਟ ਦੀ ਡੂੰਘੀ ਖਾਈ ਵਿੱਚ ਸੁੱਟ ਦਿੱਤਾ ਹੈ। ਮੋਦੀ ਨੇ 'ਮੇਕ ਇਨ ਇੰਡੀਆ', 'ਡਿਜ਼ੀਟਲ ਇੰਡੀਆ' ਅਤੇ 'ਸਕਿਲ ਇੰਡੀਆ' ਦੇ ਨਾਅਰੇ ਲਾ ਕੇ ਵਿਦੇਸ਼ੀ ਨਿਵੇਸ਼ ਲਈ ਸਾਮਰਾਜੀ ਦੇਸ਼ਾਂ ਦੇ ਚੱਕਰ ਲਾ ਕੇ ਵੀ ਦੇਖ ਲਏ। ਉਸ ਨੇ ਭਾਰਤ ਦੇ ਮੱਧ ਵਰਗ ਦੀਆਂ ਜੇਬਾਂ ਵਿੱਚੋਂ ਪੈਸੇ ਕੱਢਣ ਲਈ 'ਨੋਟਬੰਦੀ' ਅਤੇ 'ਜੀਐਸਟੀ' ਵੀ ਲਾ ਕੇ ਦੇਖ ਲਿਆ ਪਰ ਮੋਦੀ ਦੇ ਇਨ੍ਹਾਂ ਲੋਕ ਵਿਰੋਧੀ ਕਦਮਾਂ ਨੇ ਸੰਕਟ ਨੂੰ ਹੋਰ ਵਧਾ ਦਿੱਤਾ ਹੈ। ਇਸ ਮਹੀਨੇ ਦੇ ਅਖੀਰ ਵਿੱਚ ਅਮੀਰ ਦੇਸ਼ਾਂ ਦੀ ਕਲੱਬ ਦੀ 'ਦੇਵਸ' ਵਿੱਚ ਮੀਟਿੰਗ ਹੋ ਰਹੀ ਹੈ। ਹੁਣ ਮੋਦੀ ਸਾਮਰਾਜੀ ਦੇਸ਼ਾਂ ਤੋਂ ਸ਼ਾਬਾਸ਼ ਲੈਣ ਲਈ 'ਸਿੱਧੇ ਸਾਮਰਾਜੀ ਨਿਵੇਸ਼' ਲਈ ਭਾਰਤ ਦੇ ਦਰਵਾਜ਼ੇ ਖੋਲ੍ਹ ਕੇ ਦੇਵਸ ਪਹੁੰਚ ਰਿਹਾ ਹੈ। ਆਗੂਆਂ ਨੇ ਅਖੀਰ ਵਿੱਚ ਦੁਹਰਾਇਆ ਕਿ ਇਸ 'ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼' ਨਾਲ ਭਾਰਤੀ ਲੋਕਾਂ ਦੀ ਲੁੱਟ ਹੋਰ ਵਧੇਗੀ, ਭਾਰਤ ਦਾ ਸੰਕਟ ਹੋਰ ਵਧੇਗਾ। ਉਨ੍ਹਾਂ ਨੇ ਲੋਕਾਂ ਨੂੰ ਮੋਦੀ ਦੇ ਇਸ ਲੋਕ ਵਿਰੋਧੀ ਕਦਮ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ।

**ਕੰਵਲਜੀਤ ਖੰਨਾ 94170-67344**

# ਸਰਕਾਰੀ ਥਰਮਲ ਪਲਾਂਟ ਬਠਿੰਡਾ ਬੰਦ ਕਰਨ ਦੇ ਮਸਲੇ ਉੱਪਰ ਜਮਹੂਰੀ ਅਧਿਕਾਰ ਸਭਾ ਦੀ ਰਿਪੋਰਟ

ਸੂਝਵਾਨ ਲੋਕੋ,

ਪੰਜਾਬ ਸਰਕਾਰ ਦੀ ਕੈਬਨਿਟ ਦੇ ਇੱਕ ਫੈਸਲੇ ਮੁਤਾਬਕ ਇੱਕ ਜਨਵਰੀ 2018 ਤੋਂ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਮੁਕੰਮਲ ਤੌਰ 'ਤੇ ਅਤੇ ਸਰਕਾਰੀ ਥਰਮਲ ਪਲਾਂਟ ਰੋਪੜ ਦੇ ਦੋ ਯੂਨਿਟ ਪੱਕੇ ਤੌਰ 'ਤੇ ਬੰਦ ਕੀਤੇ ਜਾ ਰਹੇ ਹਨ। ਸਰਕਾਰ ਦੇ ਇਸ ਫੈਸਲੇ ਵਿਰੁੱਧ ਮੁਲਾਜ਼ਮਾਂ ਅਤੇ ਲੋਕਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਸਰਕਾਰ ਦੀ ਦਲੀਲ ਹੈ ਕਿ ਥਰਮਲ ਪਲਾਂਟ 47 ਸਾਲ ਪੁਰਾਣਾ ਹੋ ਚੁੱਕਿਆ ਹੈ। ਇਸ ਤੋਂ ਪੈਦਾ ਹੁੰਦੀ ਬਿਜਲੀ 11.50 ਰੁਪਏ ਯੂਨਿਟ ਪੈਂਦੀ ਹੈ। ਜਿਸ ਕਰਕੇ ਤੇਰਾਂ ਸੌ ਕਰੋੜ ਰੁਪਏ ਮਹੀਨਾਵਾਰ ਘਾਟਾ ਝੱਲਣਾ ਪੈ ਰਿਹਾ ਹੈ। ਸਰਕਾਰ ਦੀ ਉਪਰੋਕਤ ਦਲੀਲ ਕਿਵੇਂ ਗੁੰਮਰਾਹਕੁੰਨ ਹੈ ਅਤੇ ਜਨਤਕ ਖੇਤਰ ਦੇ ਥਰਮਲ ਪਲਾਂਟਾਂ ਨੂੰ ਚਲਦਾ ਰੱਖਣਾ ਕਿਉਂ ਜ਼ਰੂਰੀ ਹੈ? ਇਸ ਬਾਰੇ ਜਮਹੂਰੀ ਅਧਿਕਾਰ ਸਭਾ ਤੁਹਾਨੂੰ ਸੰਖੇਪ ਜਾਣਕਾਰੀ ਦੇਣਾ ਚਾਹੁੰਦੀ ਹੈ।

ਥਰਮਲ ਪਲਾਂਟ ਬਠਿੰਡਾ ਦਾ ਨੀਂਹ ਪੱਥਰ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵੱਲੋਂ 1969 ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਂ ਹੇਠ 2300 ਏਕੜ ਜ਼ਮੀਨ ਹਾਸਲ ਕਰਕੇ ਰੱਖਿਆ ਗਿਆ ਸੀ। ਥਰਮਲ ਪਲਾਂਟ ਦਾ ਪਹਿਲਾ ਯੂਨਿਟ 115 ਕਰੋੜ ਰੁਪਏ ਦੀ ਲਾਗਤ ਨਾਲ਼ (1969-74), ਦੂਜਾ ਯੂਨਿਟ ਸਤੰਬਰ 1975, ਤੀਜਾ ਯੂਨਿਟ 1978 ਤੇ ਚੌਥਾ ਯੂਨਿਟ 1979 ਵਿੱਚ ਸਥਾਪਿਤ ਕੀਤਾ ਗਿਆ। ਪਹਿਲੇ ਦੋ ਯੂਨਿਟਾਂ ਦੀ ਸਮਰੱਥਾ 110 ਮੈਗਾਵਾਟ ਪ੍ਰਤੀ ਯੂਨਿਟ ਅਤੇ ਅਗਲੇ ਦੋ ਯੂਨਿਟਾਂ ਦੀ ਸਮਰੱਥਾ 120 ਮੈਗਾਵਾਟ ਪ੍ਰਤੀ ਯੂਨਿਟ ਮਿੱਥੀ ਗਈ। ਚਾਰੇ ਯੂਨਿਟਾਂ ਦੀ ਕੁੱਲ ਸਮਰੱਥਾ ਚਾਰ ਸੌ ਸੱਠ ਮੈਗਾਵਾਟ ਬਣਦੀ ਹੈ। ਸਰਕਾਰੀ ਥਰਮਲ ਸੂਬੇ ਲਈ ਸਸਤੀ ਬਿਜਲੀ ਪੈਦਾ ਕਰਨ ਲਈ ਲਾਏ ਗਏ ਸਨ। ਪਰ ਨਿੱਜੀਕਰਨ ਤਹਿਤ ਪਹਿਲਾਂ ਤਾਂ ਇਸ ਨੂੰ ਪਾਵਰ ਕਾਰਪੋਰੇਸ਼ਨ ਦੇ ਅਧੀਨ ਲਿਆਂਦਾ ਗਿਆ। ਜਿਸ ਕਰਕੇ ਬਿਜਲੀ ਦੀਆਂ ਕੀਮਤਾਂ ਵਧੀਆਂ ਸਨ। ਹੁਣ ਥਰਮਲ ਪਲਾਂਟ ਮੁਕੰਮਲ ਤੌਰ 'ਤੇ ਬੰਦ ਹੋ ਜਾਣ ਨਾਲ਼ ਸੂਬਾ ਪੂਰੀ ਤਰਾਂ ਨਿੱਜੀ ਥਰਮਲ ਪਲਾਂਟਾਂ ਤੋਂ ਖਰੀਦੀ ਜਾ ਸਕਣ ਵਾਲ਼ੀ ਮਹਿੰਗੀ ਬਿਜਲੀ 'ਤੇ ਨਿਰਭਰ ਹੋ ਜਾਵੇਗਾ। ਬਠਿੰਡਾ ਥਰਮਲ ਪਲਾਂਟ ਨੂੰ ਪੂਰੀ ਸਮਰੱਥਾ ਨਾਲ਼ ਚਲਾਇਆ ਜਾਵੇ ਤਾਂ ਇਸ ਤੋਂ ਪੈਦਾ ਬਿਜਲੀ ਦੀ ਕੀਮਤ ਸਾਢੇ ਚਾਰ ਰੁਪਏ ਯੂਨਿਟ ਬਣਦੀ ਹੈ ਅਤੇ ਅੱਗੇ ਇਹ ਬਿਜਲੀ ਪੰਜ ਰੁਪਏ ਯੂਨਿਟ ਸਪਲਾਈ ਕੀਤੀ ਜਾ ਸਕਦੀ ਹੈ। ਇਸ ਸਬੰਧੀ ਇੰਜੀਨੀਅਰਜ ਤੇ ਮੁਲਾਜ਼ਮਾਂ ਦਾ ਪੱਖ ਜਾਣਿਆ ਗਿਆ। ਉਨਾਂ ਮੁਤਾਬਕ 715 ਕਰੋੜ ਰੁਪਏ ਖਰਚ ਕੇ ਥਰਮਲ ਦੇ ਚਾਰੇ ਯੂਨਿਟਾਂ ਦਾ ਨਵੀਨੀਕਰਨ ਕੀਤਾ ਗਿਆ ਸੀ, 2004-07 ਵਿੱਚ ਯੂਨਿਟ ਨੰਬਰ ਇੱਕ ਅਤੇ ਦੋ (208 ਕਰੋੜ ਰੁਪਏ ਵਿੱਚ), 2010-14 ਵਿੱਚ ਯੂਨਿਟ ਨੰਬਰ ਤਿੰਨ ਅਤੇ ਚਾਰ (507 ਕਰੋੜ ਰੁਪਏ ਵਿੱਚ)। ਉਦੋਂ ਇਨਾਂ ਦੀਆਂ ਟਰਬਾਇਨਾ ਅਤੇ ਬਾਇਲਰ ਨਵੀਂ ਤਕਨੀਕ ਦੇ ਲਾਏ ਗਏ ਸਨ ਜਿਸ ਨਾਲ਼ ਇਸ ਦੀ ਮਿਆਦ ਪੰਦਰਾਂ ਤੋਂ ਵੀਹ ਸਾਲ ਤੱਕ ਵਧ ਗਈ ਹੈ। ਥਰਮਲ ਹੁਣ ਪ੍ਰਦੂਸ਼ਣ ਦੇ ਪੂਰੀ ਤਰਾਂ ਪਾਲਣਾ ਕਰ ਰਿਹਾ ਹੈ। ਕੇਂਦਰੀ ਬਿਜਲੀ ਅਥਾਰਟੀ ਨੂੰ ਪੇਸ਼ ਕੀਤੇ ਇੱਕ ਪੱਤਰ ਵਿੱਚ ਪੰਜਾਬ ਸਰਕਾਰ ਨੇ 7.95 ਰੁਪਏ ਪ੍ਰਤੀ ਯੂਨਿਟ ਪੈਦਾ ਕਰਨ ਨੂੰ ਕਿਹਾ ਸੀ। ਹਾਲਾਂਕਿ ਇਹ ਵੀ ਠੀਕ ਨਹੀਂ ਹੈ ਜੇ ਚਾਰਾਂ ਯੂਨਿਟਾਂ ਵਿੱਚੋਂ ਸਿਰਫ਼ ਇੱਕ ਯੂਨਿਟ ਨੂੰ ਚਲਾਉਣਾ ਹੈ ਅਤੇ ਉਹ ਵੀ ਘੱਟ ਲੋਡ 'ਤੇ ਤਾਂ ਪੱਕਾ ਖਰਚਾ (ਤਨਖਾਹਾਂ ਆਦਿ) ਪਾਕੇ ਬਿਜਲੀ ਮਹਿੰਗੀ ਪੈਣੀ ਹੀ ਹੈ, ਤੇ ਉਹ ਵੀ ਸਰਕਾਰ ਜਾਣ ਬੁਝ ਕੇ ਅਜਿਹਾ ਕਰਦੀ ਹੈ ਤਾਂ ਕਿ ਸਰਕਾਰੀ ਥਰਮਲ ਨੂੰ ਬਦਨਾਮ ਕਰਨ ਦਾ ਕੋਈ ਨਾ ਕੋਈ ਬਹਾਨਾ ਘੜਿਆ ਜਾ ਸਕੇ। ਉਹ ਤਾਂ ਸਰਕਾਰੀ ਥਰਮਲ ਦਾ ਮੁੱਲ ਘਾਟਾ ਵੀ ਗਿਣਦੇ ਹਨ ਅਤੇ ਕਾਰਪੋਰੇਟ ਖਰਚੇ ਵੀ ਵਿੱਚ ਪਾ ਦਿੰਦੇ ਹਨ। ਇਸ ਤਰਾਂ ਤੁੱਥ-ਮੁੱਥ ਕਰਕੇ ਬਿਜਲੀ ਮਹਿੰਗੀ ਦਿਖਾ ਦਿੰਦੇ ਹਨ। ਜਦੋਂ ਕਿ ਸੋਲਰ ਪਲਾਂਟਾਂ ਤੋਂ 18 ਰੁਪਏ ਪ੍ਰਤੀ ਯੂਨਿਟ ਪਹਿਲਾਂ ਹੀ ਖਰੀਦ ਰਹੇ ਹਨ। ਅਤੇ ਨਿੱਜੀ ਥਰਮਲ ਪਲਾਂਟਾਂ ਨੂੰ ਬਿਨਾਂ ਚੱਲੇ ਕਰੋੜਾਂ ਰੁਪਏ ਦੇ ਕਪੈਸਿਟੀ ਚਾਰਜ ਪਾ ਦਿੰਦੇ ਹਨ। ਸਰਕਾਰ ਨੇ ਨਿੱਜੀ ਥਰਮਲਾਂ ਨੂੰ ਅਨੇਕਾਂ ਰਿਆਇਤਾਂ ਤੇ ਛੋਟਾ ਦੇ ਕੇ ਸਬਸਿਡੀਆਂ ਸਮੇਤ ਸਥਾਪਿਤ ਕਰਵਾਇਆ ਹੈ। ਜੇ ਪ੍ਰਾਈਵੇਟ ਥਰਮਲ ਪਲਾਂਟਾਂ ਤੋਂ ਸਰਕਾਰ ਬਿਜਲੀ ਨਹੀਂ ਵੀ ਖਰੀਦ ਕਰਦੀ ਤਾਂ ਵੀ ਤਹਿਸ਼ੁਦਾ ਅਦਾਇਗੀ ਕਰਨੀ ਹੀ ਪੈਂਦੀ ਹੈ। ਨਿੱਜੀ ਥਰਮਲ ਪਲਾਂਟਾਂ ਨਾਲ਼ ਇਹ ਵੀ ਸਮਝੌਤਾ ਕੀਤਾ ਗਿਆ ਹੈ ਕਿ ਸੱਤਰ ਤੋਂ ਨੱਬੇ ਫੀਸਦੀ ਬਿਜਲੀ ਹਰ ਸਾਲ ਖ਼ਰੀਦੀ ਜਾਵੇਗੀ। ਹਕੀਕਤਾਂ ਤੋਂ ਟੁੱਟੇ ਇਸ ਵਾਅਦੇ ਕਾਰਨ ਹੁਣ ਬਿਜਲੀ ਦੀ ਸਰਕਾਰੀ ਪੈਦਾਵਾਰ ਬੰਦ ਕਰ ਕੇ ਮਹਿੰਗੇ ਭਾਅ ਪ੍ਰਾਈਵੇਟ ਥਰਮਲਾਂ ਤੋਂ ਰੋਜ਼ਾਨਾ ਬਿਜਲੀ ਖਰੀਦੀ ਜਾ ਰਹੀ ਹੈ। ਜਿਵੇਂ ਕਿ ਰਾਜਪੁਰਾ ਤੋਂ 1400 ਮੈਗਾਵਾਟ, ਤਲਵੰਡੀ ਤੋਂ 1300 ਮੈਗਾਵਾਟ, ਗੋਇੰਦਵਾਲ ਤੋਂ 300 ਮੈਗਾਵਾਟ ਬਿਜਲੀ ਸਲਾਨਾ ਖਰੀਦੀ ਜਾ ਰਹੀ ਹੈ। ਤੇ ਬਿਜਲੀ ਜੇ ਨਹੀਂ ਵੀ ਖਰੀਦੀ ਜਾਂਦੀ ਤਾਂ ਵੀ ਸਰਕਾਰ ਨੂੰ ਪੱਚੀ ਸੌ ਕਰੋੜ ਰੁਪਏ ਸਾਲਾਨਾ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਦੇਣੇ ਪੈਂਦੇ ਹਨ। ਪੰਜਾਬ ਤੋਂ ਬਾਹਰੋਂ ਵੀ ਮਹਿੰਗੀ ਬਿਜਲੀ ਖਰੀਦੀ ਜਾ ਰਹੀ ਹੈ। ਸਰਕਾਰ ਨੇ ਪਿਛਲੇ ਸਾਲ ਪੰਦਰਾਂ ਹਜ਼ਾਰ ਕਰੋੜ ਰੁਪਏ ਤੇ ਇਸ ਸਾਲ 17000 ਕਰੋੜ ਦੀ ਬਿਜਲੀ ਪ੍ਰਾਈਵੇਟ ਥਰਮਲਾਂ ਤੋਂ ਖਰੀਦੀ ਹੈ। ਖਪਤਕਾਰਾਂ ਬਿਜਲੀ ਅੱਜ-ਕੱਲ ਸੱਤ ਰੁਪਏ ਯੂਨਿਟ ਮਿਲ਼ਦੀ ਹੈ। ਸਰਕਾਰ ਦੀ ਤੇਰਾਂ ਸੌ ਕਰੋੜ ਰੁਪਏ ਦੇ ਘਾਟੇ ਵਾਲ਼ੀ ਦਲੀਲ ਕੋਰਾ ਝੂਠ ਹੈ। ਥਰਮਲਾਂ ਦਾ ਵੱਡਾ ਖਰਚਾ ਕੋਲੇ ਦਾ ਹੁੰਦਾ ਹੈ ਜੇ ਬਠਿੰਡੇ ਦੇ ਇਹ ਚਾਰ ਯੂਨਿਟ ਪੂਰੀ ਸਮਰੱਥਾ 'ਤੇ ਚਲਾਏ ਜਾਣ ਤਾਂ ਹਰ ਮਹੀਨੇ ਵੱਧ ਤੋਂ ਵੱਧ ਇੱਕ ਸੌ ਵੀਹ ਕਰੋੜ ਰੁਪਏ ਦਾ ਕੋਲਾ ਬਲ਼ਦਾ ਹੈ। ਜੇ ਮੁਲਾਜ਼ਮਾਂ ਦੀ ਵੀ ਤਨਖਾਹ ਵਿੱਚ ਪਾ ਦੇਈਏ ਤਾਂ ਵੀ ਖਰਚਾ ਵੱਧ ਨਹੀਂ ਆਉਂਦਾ। ਪਲਾਂਟ ਇੱਕ 110 ਲੱਖ ਯੂਨਿਟ ਰੋਜ਼ਾਨਾ ਬਿਜਲੀ ਰੋਜ਼ਾਨਾ ਪੈਦਾ ਕਰ ਸਕਦਾ ਹੈ। ਮਹੀਨੇ ਦੀ 3300 ਲੱਖ ਯੂਨਿਟ ਪੈਦਾ ਕਰ ਕਰੇਗਾ। ਸਰਕਾਰ ਜੇ ਪੰਜ ਰੁਪਏ ਪ੍ਰਤੀ ਯੂਨਿਟ ਵੀ ਬਿਜਲੀ ਖਰੀਦੇ ਤਾਂ ਵੀ ਇਹ 165 ਕਰੋੜ ਦੀ ਹੀ ਬਣੀ। ਘਾਟਾ ਫਿਰ ਕਿੱਥੇ ਹੈ?

ਥਰਮਲ ਦੇ ਨਵੀਨੀਕਰਨ ਤੋਂ ਬਾਅਦ ਹੁਣ ਇਹ ਪੁਰਾਣਾ ਵੀ ਨਹੀਂ ਕਿਹਾ ਜਾ ਸਕਦਾ ਬਲਕਿ ਇਸ ਦੀ ਮਿਆਦ ਅਜੇ ਵੀ 2024 ਤੱਕ ਚੱਲਣ ਵਾਲ਼ੀ ਹੈ। ਸੈਂਟਰਲ ਇਲੈਕਟ੍ਰੀਸਿਟੀ ਅਥਾਰਿਟੀ (ਸੀਈਏ) ਦੇ ਹੁਕਮਾਂ ਦਾ ਬਹਾਨਾ ਬਣਾ ਕੇ ਸਰਕਾਰ ਥਰਮਲ ਬੰਦ ਕਰਨ ਦੀ ਥੋਥੀ ਦਲੀਲ ਦੇ ਰਹੀ ਹੈ। ਸਰਕਾਰੀ ਬਿਜਲੀ ਕਰਵਾਈ ਤਾਂ ਪੱਖੋਂ ਵੀ ਕਿਤੇ ਵਧੀਆ ਹੈ। ਪ੍ਰਾਈਵੇਟ ਪਲਾਂਟਾਂ ਦੀ ਬਿਜਲੀ ਦਾ ਪਾਵਰ ਫੈਕਟਰ ਨਿਰਧਾਰਤ ਪੈਮਾਨੇ ਤੋਂ ਕਿਤੇ ਘੱਟ ਹੈ। ਸਰਕਾਰ ਸੈਂਟਰਲ ਇਲੈਕਟ੍ਰੀਸਿਟੀ ਅਥਾਰਿਟੀ ਦਾ ਹਵਾਲਾ ਦਿੰਦੀ ਹੈ ਕਿ ਅਸੀਂ ਸਰਕਾਰੀ ਥਰਮਲ ਬਠਿੰਡਾ ਪੂਰਾ ਅਤੇ ਰੋਪੜ ਦੇ ਦੋ ਯੂਨਿਟ ਪੱਕੇ ਤੌਰ 'ਤੇ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਬੰਦ ਕਰ ਰਹੇ ਹਾਂ ਇਸ ਬਾਰੇ ਸਰਕਾਰ ਜਿਸ ਰਿਪੋਰਟ ਦਾ ਹਵਾਲਾ ਦਿੰਦੀ ਹੈ ਉਹ ਵੀ ਸੀਈਏ ਦੀ ਹੀ ਹੈ। ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਜਿਹੜੇ ਥਰਮਲ ਸੌ ਮੈਗਾਵਾਟ ਤੋਂ ਘੱਟ ਸਮਰੱਥਾ ਵਾਲ਼ੇ ਹਨ ਫਿਰ ਉਹ ਹੀ ਬੰਦ ਕਰਦੇ ਹਨ। ਅਤੇ ਉਹ ਵੀ ਹੇਠ ਲਿਖੀਆਂ ਸ਼ਰਤਾਂ ਮੁਤਾਬਕ ਕਰਨੇ ਹਨ (1) ਜਿਨਾਂ ਥਰਮਲ ਪਲਾਂਟਾਂ ਦਾ ਨਵੀਨੀਕਰਨ ਨਹੀਂ ਹੋਇਆ। (2) ਜਿੰਨਾ ਵਿੱਚ ਰੀ-ਹੀਟ ਸਿਸਟਮ ਨਹੀਂ ਲੱਗੇ, ਮਤਲਬ ਜਿੱਥੇ ਟਰਬਾਈਨ 'ਚ ਭਾਵ ਵਰਤਣ ਤੋਂ ਬਾਅਦ ਉਸ ਨੂੰ ਦੁਬਾਰਾ ਗਰਮ ਕਰਕੇ ਸਰਕਟ ਵਿੱਚ ਪਾ ਲਿਆ ਜਾਂਦਾ ਹੈ। (3) ਫਿਰ ਵੀ ਸ਼ਰਤ ਇਹ ਹੈ ਕਿ ਹੈ ਜਿੰਨੀ ਸਮਰੱਥਾ ਦਾ ਥਰਮਲ ਬੰਦ ਕਰਨਾ ਹੈ ਓਨੀ ਹੀ ਸਮਰਥਾ ਦਾ ਨਵਾਂ ਵੀ ਲਾਉਣਾ ਹੈ। ਬਠਿੰਡਾ ਥਰਮਲ ਸਬੰਧੀ ਇਨਾਂ ਵਿੱਚੋਂ ਇੱਕ ਵੀ ਸ਼ਰਤ ਲਾਗੂ ਨਹੀਂ ਹੁੰਦੀ। (1) ਚਾਰੇ ਯੂਨਿਟ ਇੱਕ ਸੌ ਮੈਗਾਵਾਟ ਤੋਂ ਵੱਧ ਸਮਰੱਥਾ ਦੇ ਹਨ। (2) ਨਵੀਨੀਕਰਨ 'ਤੇ ਸੱਤ ਸੌ ਪੰਦਰਾਂ ਕਰੋੜ ਰੁਪਏ ਖਰਚੇ ਗਏ ਹਨ। (3) ਰੀ-ਹੀਟ ਸਿਸਟਮ ਲੱਗਾ ਹੋਇਆ ਹੈ। (4) ਨਵੇਂ ਪਲਾਂਟ ਲਾਏ ਹੀ ਨਹੀਂ ਗਏ ਹਨ। ਜਿਹੜਾ ਸੱਤ ਸੌ ਪੰਦਰਾਂ ਕਰੋੜ ਰੁਪਇਆ ਲਾਇਆ ਗਿਆ ਹੈ ਉਹ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੀਆਂ ਹਦਾਇਤਾਂ ਅਨੁਸਾਰ ਹੀ ਲਾਇਆ ਗਿਆ ਹੈ। ਬਿਜਲੀ ਅਥਾਰਟੀ ਪੱਤਰ ਲਿਖਦੀ ਰਹੀ ਹੈ ਕਿ ਪਲਾਂਟ ਦਾ ਜਲਦੀ ਨਵੀਨੀਕਰਨ ਕਰੋ। ਕਿਉਂਕਿ ਕੌਮੀ ਨੁਕਸਾਨ ਹੋ ਰਿਹਾ ਹੈ। ਨਵੀਨੀਕਰਨ ਹੋਣ ਨਾਲ਼ ਪਲਾਂਟ ਦੀ ਲਾਈਫ ਵੀ 2020 ਤੋਂ 2029 ਤੱਕ ਵਧ ਗਈ ਹੈ।

ਉਪਰੋਕਤ ਵਰਣਨ ਕੀਤੇ ਗਏ ਤੱਥਾਂ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਸਰਕਾਰੀ ਦਲੀਲਾਂ ਰਾਹੀਂ ਕੁਫ਼ਰ ਤੋਲਿਆ ਜਾ ਰਿਹਾ ਹੈ। ਸਰਕਾਰ ਮਾਹਰਾਂ ਦੀ ਕਮੇਟੀ ਦੀਆਂ ਦਲੀਲਾਂ ਵੀ ਨਹੀਂ ਮੰਨ ਰਹੀ ਸਗੋਂ ਸਿਆਸੀ ਲੋਕਾਂ/ਮੰਤਰੀਆਂ ਦੀ ਕਮੇਟੀ ਬਣਾ ਕੇ ਉੱਥੋਂ ਫੈਸਲੇ ਕਰਵਾ ਰਹੀ ਹੈ ਜਿਨਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਬਿਜਲੀ ਪੈਦਾ ਕਿ ਕਿਵੇਂ ਹੁੰਦੀ ਹੈ? ਬਿਜਲੀ ਮੁਲਾਜ਼ਮਾਂ ਦੇ ਰੁਜ਼ਗਾਰ ਦੇ ਹੱਕਾਂ 'ਤੇ ਛਾਪਾ ਮਾਰਿਆ ਜਾ ਰਿਹਾ ਹੈ। ਜਨਤਕ ਖੇਤਰ ਦੇ ਥਰਮਲ ਪਲਾਂਟਾਂ ਵਿੱਚ ਹਜ਼ਾਰਾਂ ਵਰਕਰ ਪੱਕੇ ਅਤੇ ਸੈਂਕੜੇ ਵਰਕਰ ਠੇਕੇ 'ਤੇ ਲੱਗੇ ਹੋਏ ਹਨ। ਬਹੁਤ ਲੋਕਾਂ ਨੂੰ ਇੱਥੇ ਰੁਜ਼ਗਾਰ ਮਿਲ਼ਿਆ ਹੋਇਆ ਹੈ। ਕਿਸੇ ਸਮੇਂ ਥਰਮਲ ਪਲਾਂਟ ਬਠਿੰਡਾ ਅੰਦਰ 3,500 ਤੋਂ ਵੀ ਵੱਧ ਪੱਕੇ ਮੁਲਾਜ਼ਮ ਲੱਗੇ ਹੋਏ ਸਨ। ਜਿਨਾਂ ਦੀ ਹੁਣ ਗਿਣਤੀ 1200 ਹੈ (ਜਦ ਕਿ 800 ਠੇਕੇ 'ਤੇ ਰੱਖੇ ਹੋਏ ਹਨ)। ਉੱਥੋਂ ਪੱਕੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਸਕੇਲ ਮੁਤਾਬਕ ਤਨਖਾਹ ਮਿਲ਼ਦੀ ਸੀ ਅਤੇ ਬਿਜਲੀ ਪੈਦਾ ਕਰਨ ਦੀ ਸਰਗਰਮੀ ਵਿੱਚ ਹਿੱਸਾ ਲੈਣ ਕਰਕੇ ਹੱਲਾਸ਼ੇਰੀ ਦੇਣ ਲਈ ਜਨਰੇਸ਼ਨ ਭੱਤਾ ਵੀ ਮਿਲ਼ਦਾ ਸੀ। ਨਿੱਜੀਕਰਨ ਦੀ ਨੀਤੀ ਤਹਿਤ ਪੱਕੇ ਦੀ ਥਾਂ ਠੇਕੇ 'ਤੇ ਭਰਤੀ ਕਰਨੀ ਸ਼ੁਰੂ ਕਰ ਦਿੱਤੀ ਗਈ। ਹੁਣ ਜਦੋਂ 1 ਜਨਵਰੀ 2018 ਤੋਂ ਬਠਿੰਡਾ ਥਰਮਲ ਪੱਕੇ ਤੌਰ 'ਤੇ ਬੰਦ ਹੋਣ ਜਾ ਰਿਹਾ ਹੈ ਤਾਂ ਇਹ 2,000 ਮੁਲਾਜ਼ਮਾਂ ਦਾ ਰੁਜ਼ਗਾਰ ਖਤਰੇ ਵਿੱਚ ਪੈ ਗਿਆ ਹੈ। ਐਵੇਂ ਇਨਾਂ ਨੂੰ ਹੋਰ ਥਾਈਂ ਅਡਜਸਟ ਕਰਨ ਜਾਂ ਵਿਹਲੇ ਬੈਠਣ ਨੂੰ ਤਨਖਾਹ ਦੇਣ ਦਾ ਲਾਲਚ ਦਿੱਤਾ ਜਾ ਰਿਹਾ ਹੈ। ਜਨਰੇਸ਼ਨ ਭੱਤਾ ਕਈ ਸਾਲ ਪਹਿਲਾਂ ਹੀ ਬੰਦ ਕੀਤਾ ਜਾ ਚੁੱਕਿਆ ਹੈ। ਠੇਕੇ 'ਤੇ ਰੱਖੇ ਅੱਠ ਸੌ ਮੁਲਾਜ਼ਮਾਂ ਨੂੰ ਨਿਗੂਣੀ ਤਨਖਾਹ ਹੀ ਦਿੱਤੀ ਜਾਂਦੀ ਹੈ। ਇਸ ਤਰਾਂ ਜਿੱਥੇ ਕਿਰਤ ਦੀ ਲੁੱਟ ਹੁੰਦੀ ਹੈ ਉੱਥੇ ਹੁਣ ਬੇਰੁਜ਼ਗਾਰੀ ਦੀ ਤਲਵਾਰ ਵੀ ਲਟਕਾ ਦਿੱਤੀ ਗਈ ਹੈ।

ਤਿੰਨ ਸਰਕਾਰੀ ਥਰਮਲਾਂ ਦੀ ਕੁੱਲ ਸਮਰੱਥਾ 2010 ਮੈਗਾਵਾਟ ਹੈ। ਬਠਿੰਡਾ ਥਰਮਲ ਪਲਾਂਟ ਦੀ ਸਮਰੱਥਾ 460 ਮੈਗਾਵਾਟ ਹੈ। ਜਿਸਦਾ ਸਰਕਾਰ ਦਾ ਤੈਅਸ਼ੁਦਾ ਚਾਰਜ 85 ਕਰੋੜ ਬਣਦਾ ਹੈ, ਜਦ ਕਿ 460 ਮੈਗਾਵਾਟ ਪ੍ਰਾਈਵੇਟ ਬਿਜਲੀ ਦਾ ਖਰਚਾ 245 ਕਰੋੜ ਰੁਪਏ ਬਣਦਾ ਹੈ। ਉਂਝ ਵੀ ਪ੍ਰਾਈਵੇਟ ਥਰਮਲਾਂ ਨੂੰ 2500 ਕਰੋੜ ਰੁਪਏ ਸਲਾਨਾ ਬਿਜਲੀ ਲਏ ਬਿਨਾਂ ਵੀ ਦੇਣੇ ਪੈ ਰਹੇ ਹਨ। ਸਰਕਾਰੀ ਥਰਮਲ ਪਲਾਂਟਾਂ ਦੀ ਬਿਜਲੀ ਗੁਣਵਤਾ ਪੱਖੋਂ ਕਿਤੇ ਵਧੀਆ ਹੈ। ਪ੍ਰਾਈਵੇਟ ਪਲਾਂਟਾਂ ਦੀ ਬਿਜਲੀ ਦਾ ਪਾਵਰ ਫੈਕਟਰ ਨਿਰਧਾਰਤ ਪੈਮਾਨੇ (0.88) ਤੋਂ ਕਿਤੇ ਘੱਟ (0.8) ਹੈ ਜਦਕਿ ਸਰਕਾਰੀ ਥਰਮਲ ਦੀ ਬਿਜਲੀ ਦਾ ਪਾਵਰ ਫੈਕਟਰ (0.9) ਵਧੀਆ ਕੁਆਲਿਟੀ ਦਾ ਹੈ। ਮਾੜੀ ਕੁਆਲਟੀ ਦੀ ਬਿਜਲੀ ਖਪਤ ਵਧਾਉਂਦੀ ਹੈ ਅਤੇ ਘਰੇਲੂ ਤੇ ਉਦਯੋਗਿਕ ਉਪਕਰਨਾਂ ਦੀ ਉਮਰ ਘਟਾਉਣ ਦਾ ਕੰਮ ਕਰਦੀ ਹੈ। ਕਹਿਣ ਦਾ ਭਾਵ ਸਰਕਾਰੀ ਥਰਮਲ ਪ੍ਰਾਈਵੇਟਾਂ ਦੇ ਮੁਕਾਬਲੇ ਕਿਸੇ ਤਰਾਂ ਵੀ ਊਣੇ ਨਹੀਂ ਹਨ।

**ਸਰਕਾਰੀ ਜਾਇਦਾਦਾਂ ਦੀ ਲੁੱਟ ਕਿਵੇਂ?**

ਸਰਕਾਰੀ ਜਾਇਦਾਦਾਂ ਅਤੇ ਉਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਨਿੱਜੀ ਕਾਰੋਬਾਰੀਆਂ ਨੂੰ ਦਿੱਤੀ ਜਾ ਰਹੀ ਹੈ। ਇਨਾਂ ਸਰਕਾਰੀ ਖੇਤਰ ਦੇ ਥਰਮਲ ਪਲਾਂਟਾਂ ਦੀ ਉਸਾਰੀ ਲਈ ਹਜ਼ਾਰਾਂ ਏਕੜ ਜ਼ਮੀਨ ਸਸਤੇ ਭਾਅ ਕਿਸਾਨਾਂ ਤੋਂ ਹਾਸਲ ਕੀਤੀ ਗਈ ਸੀ। ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਲਗਭਗ 2300 ਏਕੜ ਜ਼ਮੀਨ 'ਤੇ ਉੱਸਰਿਆ ਹੋਇਆ ਹੈ। ਸਰਕਾਰੀ ਥਰਮਲ ਬੰਦ ਕਰਕੇ ਇਹ ਜ਼ਮੀਨ ਕੌਡੀਆਂ ਦੇ ਭਾਅ ਆਪਣੇ ਚਹੇਤਿਆਂ ਨੂੰ ਸਰਕਾਰ ਵੇਚਣਾ ਚਾਹੁੰਦੀ ਹੈ। ਪਿਛਲੇ ਸਮੇਂ ਦੌਰਾਨ ਵੀ ਅਨੇਕਾਂ ਸਰਕਾਰੀ ਅਦਾਰਿਆਂ ਦੀ ਜ਼ਮੀਨ ਪਹਿਲਾਂ ਵੀ ਨਿੱਜੀ ਕਾਰੋਬਾਰੀਆਂ ਨੂੰ ਸੌਂਪੀ ਜਾ ਚੁੱਕੀ ਹੈ। ਇਕੱਲੇ ਬਠਿੰਡੇ ਅੰਦਰ ਹੀ ਵਿਕੀ ਜ਼ਮੀਨ ਦਾ ਜੇ ਵੇਰਵਾ ਲੈਣਾ ਹੋਵੇ ਤਾਂ ਸ਼ਹਿਰ ਦੀ ਨਹਿਰੀ ਕਲੋਨੀ (19 ਵਿੱਘੇ ਤੇ 3 ਵਿਸਵੇ) ਪੰਦਰਾਂ ਕਰੋੜ ਨੂੰ ਵੇਚ ਦਿੱਤੀ ਗਈ ਹੈ। ਕਿਸੇ ਨਿੱਜੀ ਕੰਪਨੀ ਨੇ ਲਈ ਹੈ। ਪੁਰਾਣਾ ਹਸਪਤਾਲ (186 ਕਰੋੜਾਂ ਰੁਪਏ ਵਿੱਚ ਵੇਚਿਆ ਗਿਆ ਹੈ। ਸਹਿਰ ਵਿੱਚ ਹੀ ਸੌ ਫੁੱਟੀ ਰੋਡ ਨੂੰ 80 ਕਰੋੜ ਰੁਪਏ ਵਿੱਚ ਵੇਚਿਆ ਗਿਆ ਹੈ। ਇੱਥੋਂ ਦੇ ਸਿਵਲ ਸਟੇਸ਼ਨ ਦਾ ਮੁੱਲ 11 ਕਰੋੜ ਅਤੇ ਧੋਬੀ ਬਜ਼ਾਰ ਦੇ ਪਟਵਾਰਖਾਨੇ ਦਾ ਮੁੱਲ 1 ਕਰੋੜ ਪਿਆ ਹੈ। 31 ਏਕੜ 'ਚ ਬਣੀ ਜੇਲ ਪੁੱਡਾ ਨੇ ਰਿਹਾਇਸ਼ੀ ਪਲਾਟਾਂ ਦੀ ਸਕੀਮ ਵਿੱਚ ਬਦਲ ਦਿੱਤੀ ਹੈ। ਇਸ ਤੋਂ ਇਲਾਵਾ ਪੰਜਾਬ ਸਪਿਨਿੰਗ ਮਿੱਲ, ਤਹਿਸੀਲ ਕੰਪਲੈਕਸ ਅਤੇ ਬਲਿਊ ਫੋਕਸ ਰਿਜ਼ਾਰਟ ਵੀ ਵੇਚੇ ਜਾ ਚੁੱਕੇ ਹਨ। ਲੋਕਾਂ ਤੋਂ ਟੈਕਸਾਂ ਰਾਹੀਂ ਪੈਸੇ ਵਸੂਲ ਕੇ ਉਸਾਰੇ ਜਨਤਕ ਖੇਤਰ ਦੇ ਅਦਾਰੇ ਤੇ ਉਨਾਂ ਦੀ ਜ਼ਮੀਨ ਲੋਕਾਂ ਦੀ ਮਾਲਕੀ ਹੈ ਕਿਸੇ ਨੂੰ ਵੀ ਕਿਸੇ ਵੀ ਤਰਾਂ ਨਿੱਜੀ ਮਾਲਕੀ ਵਾਲ਼ੇ ਕਾਰਪੋਰੇਟ ਘਰਾਣੇ ਨੂੰ ਕੌਡੀਆਂ ਦੇ ਭਾਅ ਦੇਣਾ ਕਿਸੇ ਤਰਾਂ ਵੀ ਜਾਇਜ਼ ਤਾਂ ਨਹੀਂ ਕਿਹਾ ਜਾ ਸਕਦਾ। ਪੰਜਾਬ ਸਰਕਾਰ ਨੇ ਥਰਮਲ ਦੀ ਜਾਇਦਾਦ 'ਤੇ ਅੱਖ ਰੱਖ ਲਈ ਹੈ। ਉਹ ਸਰਕਾਰੀ ਜਾਇਦਾਦ ਵੇਚ ਕੇ ਆਪਣੀ 'ਗਰੀਬੀ' ਦੂਰ ਕਰਨਾ ਚਾਹੁੰਦੀ ਹੈ। ਅਹਿਮ ਸਰਕਾਰੀ ਸੂਤਰਾਂ ਨੇ ਦੱਸਿਆ ਹੈ ਕਿ ਪਹਿਲੇ ਪੜਾਅ 'ਚ ਥਰਮਲ ਕਾਲੋਨੀ ਦੀ ਜ਼ਮੀਨ ਦੀ ਮਾਲਕੀ ਤਬਦੀਲ ਕਰਨ ਪਿੱਛੋਂ ਇਸ ਦੀ ਵਿੱਕਰੀ ਕੀਤੀ ਜਾਵੇਗੀ। ਸਰਕਾਰ ਬਠਿੰਡਾ ਗੋਨਿਆਣਾ ਰੋਡ ਦੇ ਨਾਲ਼ ਥਰਮਲ ਦੀ ਚਾਰਦਵਾਰੀ ਦੇ ਅੰਦਰ ਦੀ ਥਾਂ ਵਪਾਰਕ ਮਕਸਦਾਂ ਲਈ ਵੀ ਵਰਤ ਲਵੇਗੀ। ਜੇ ਸਰਕਾਰ ਦੀ ਇਹ ਯੋਜਨਾ ਸਿਰੇ ਚੜਦੀ ਹੈ ਤਾਂ ਥਰਮਲ ਦੀ ਹਰੀ ਪੱਟੀ ਸਮੇਤ ਸਟੇਡੀਅਮ ਵਾਲ਼ੀ ਜਗਾ ਇਸ ਦੀ ਮਾਰ ਹੇਠ ਆ ਸਕਦੀ ਹੈ। ਥਰਮਲ ਕਾਲੋਨੀ ਵਿੱਚ ਕਰੀਬ ਚਾਲ਼ੀ ਏਕੜ ਦਾ ਹਰਿਆਵਲ ਜ਼ੋਨ ਹੈ। ਪਾਵਰਕੌਮ ਨੇ ਪਹਿਲਾਂ ਵੀ ਥਾਣਾ ਥਰਮਲ ਲਈ ਜਗਾ ਦੇ ਰੱਖੀ ਹੈ। ਪਾਵਰਕੌਮ ਨੇ ਝੀਲਾਂ ਤੇ ਪੰਜ ਤਰਾਂ ਹੋਟਲ ਲਈ ਵੀ ਪੰਜਾਹ ਏਕੜ ਦੇ ਕਰੀਬ ਖਾਲੀ ਥਾਂ ਦੇਣੀ ਮੰਨ ਲਈ ਹੈ। ਥਰਮਲ ਦੀ ਕੀਮਤੀ ਜ਼ਮੀਨ ਲੋਕਾਂ ਦੀ ਜਾਇਦਾਦ ਹੈ। ਜਿਸ ਦੀ ਕਿਸੇ ਦੇ ਨਾਂ ਮਾਲਕੀ ਤਬਦੀਲ ਕਰਨੀ ਲੋਕਾਂ ਨਾਲ਼ ਸਰਾਸਰ ਧੱਕਾ ਹੈ।

ਸਰਕਾਰੀ ਥਰਮਲਾਂ ਨੂੰ ਬੰਦ ਕਰਨ ਦਾ ਫੈਸਲਾ ਵੀ ਸਰਕਾਰ ਦੀ ਉਸ ਹਕੂਮਤੀ ਨੀਤੀ ਦਾ ਹਿੱਸਾ ਹੈ ਜਿਸ ਤਹਿਤ ਵੱਖ-ਵੱਖ ਸਰਕਾਰਾਂ ਵੱਲੋਂ ਲਗਾਤਾਰ ਸਰਕਾਰੀ ਅਦਾਰਿਆਂ ਨੂੰ ਫੰਡਾਂ ਦੀ ਘਾਟ ਦਾ ਬਹਾਨਾ ਬਣਾ ਕੇ ਉਨ੍ਹਾਂ ਦੀ ਨਿੱਘਰੀ ਹਾਲਤ ਦੀ ਤਸਵੀਰ ਪੇਸ਼ ਕੀਤੀ ਜਾਂਦੀ ਹੈ ਅਤੇ ਫਿਰ ਇਸ ਹਾਲਤ ਨੂੰ ਸੁਧਾਰਨ ਦੇ ਬਹਾਨੇ ਨਿੱਜੀ ਕਾਰੋਬਾਰੀਆਂ ਨੂੰ ਮੁਨਾਫਾ ਕਮਾਉਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਹੈ। ਹਜ਼ਾਰਾਂ ਹੀ ਖੇਤਰਾਂ ਅੰਦਰ ਸਰਕਾਰੀ ਜ਼ਿੰਮੇਵਾਰੀ ਦੇ ਖਾਤਮੇ ਤੇ ਪ੍ਰਾਈਵੇਟ ਲੁੱਟ ਦੀਆਂ ਮਿਸਾਲਾਂ ਲੋਕ ਆਪਣੇ ਹੱਡੀਂ ਹੰਢਾ ਰਹੇ ਹਨ। ਲੋਕਾਂ ਦੀ ਸਨਮਾਨਜਨਕ ਜ਼ਿੰਦਗੀ ਜਿਉਣ ਦੇ ਅਧਿਕਾਰ 'ਤੇ ਅਸਰ ਪਾਉਣ ਵਾਲ਼ੇ ਅਨੇਕਾਂ ਫੈਸਲੇ ਸਾਡੀ 'ਦੁਨੀਆਂ ਦੀ ਸਭ ਤੋਂ ਵੱਡੀ ਵਿੱਚ ਜਹੂਰੀਅਤ' ਕਹੇ ਜਾਣ ਵਾਲ਼ੇ ਦੇਸ਼ ਭਾਰਤ ਵਿੱਚ ਰੋਜ਼ਾਨਾ ਲਏ ਜਾਂਦੇ ਹਨ। ਥਰਮਲ ਬੰਦ ਹੋਣ ਦੇ ਫੈਸਲੇ ਨਾਲ਼ ਹਜ਼ਾਰਾਂ ਲੋਕਾਂ ਦੇ ਰੁਜ਼ਗਾਰ ਦਾ ਸੋਮਾ ਸਦਾ ਲਈ ਖਤਮ ਹੋ ਜਾਵੇਗਾ। ਜਮਹੂਰੀ ਅਧਿਕਾਰ ਸਭਾ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ ਰੁਜ਼ਗਾਰ ਦੇ ਬੁਨਿਆਦੀ ਹੱਕ ਦੀ ਰਾਖੀ ਲਈ ਅੱਗੇ ਆਉਣ। ਸਸਤੀਆਂ ਸਰਕਾਰੀ ਸਹੂਲਤਾਂ ਲੈਣਾ ਲੋਕਾਂ ਦਾ ਮੁੱਢਲਾ ਅਤੇ ਜਮਹੂਰੀ ਹੱਕ ਹੈ। ਸਰਕਾਰੀ ਥਰਮਲਾਂ ਨੂੰ ਬਚਾਉਣ ਲਈ ਸੰਘਰਸ਼ ਕਰਦੇ ਬਿਜਲੀ ਕਾਮਿਆਂ ਦਾ ਸਾਥ ਨਿਭਾਉਣ ਲਈ ਵੀ ਜਮਹੂਰੀ ਅਧਿਕਾਰ ਸਭਾ ਲੋਕਾਂ ਨੂੰ ਸੱਦਾ ਦਿੰਦੀ ਹੈ। ਜਮਹੂਰੀ ਅਧਿਕਾਰ ਸਭਾ ਇਹ ਵੀ ਮੰਗ ਕਰਦੀ ਹੈ ਕਿ ਸਰਕਾਰੀ ਥਰਮਲ ਪਲਾਂਟਾਂ ਨੂੰ ਬੰਦ ਕਰਨ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ। ਲੋਕਾਂ ਨੂੰ ਪੱਕੇ ਰੁਜ਼ਗਾਰ ਦੀ ਗਰੰਟੀ ਦਿੱਤੀ ਜਾਵੇ ਤੇ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ। ਨਿੱਜੀ ਥਰਮਲਾਂ ਨਾਲ਼ ਕੀਤੇ ਨੁਕਸਾਨਦਾਇਕ ਸਮਝੌਤੇ ਰੱਦ ਕੀਤੇ ਜਾਣ। ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਦਾ ਵਿਰੋਧ ਕਰਨਾ ਲੋਕਾਂ ਦਾ ਮੁੱਢਲਾ ਹੱਕ ਹੈ।

**ਜਮਹੂਰੀ ਅਧਿਕਾਰ ਸਭਾ,**
**ਜ਼ਿਲਾ ਇਕਾਈ ਬਠਿੰਡਾ ਵੱਲੋਂ ਜਾਰੀ ਰਿਪੋਰਟ**
**ਲਲਕਾਰ 'ਚੋਂ ਧੰਨਵਾਦ ਸਹਿਤ**

## ਪ੍ਰੋ.ਜੀ.ਐਨ. ਸਾਈਂ ਬਾਬਾ ਦਾ ਆਪਣੀ ਮਾਂ ਦੇ ਨਾਂ ਖਤ



ਅੰਡਾ ਸੈੱਲ ਕੇਂਦਰੀ ਜੇਲ੍ਹ ਨਾਗਪੁਰ

ਹਕੀਕੀ ਲੋਕਤੰਤਰ ਅਤੇ ਜਮਾਤੀ ਸੰਘਰਸ਼ ਦਾ ਤਕਾਜ਼ਾ ਇਹ ਬਣਦਾ ਹੈ ਕਿ ਇੱਕੀਵੀਂ ਸਦੀ ਦੇ ਸੱਚੇ ਲੋਕ-ਨਾਇਕ ਤੇ ਭਾਰਤ ਦੇ ਸਰਵ-ਸ਼੍ਰੇਸ਼ਠ ਸਪੂਤਾਂ 'ਚੋਂ ਇਕ, ਪ੍ਰੋਫੈਸਰ ਜੀ.ਐਨ.ਸਾਈਬਾਬਾ ਜੇਲ੍ਹ ਵਿੱਚ ਨਹੀਂ ਹੋਣੇ ਚਾਹੀਦੇ ਸਨ। ਕ੍ਰਿਪਾ ਕਰਕੇ, ਉਨ੍ਹਾਂ ਨੂੰ ਰਿਹਾਅ ਕਰਨ ਦੇ ਹੱਕ ਵਿੱਚ ਉੱਠਦੀਆਂ ਅਵਾਜ਼ਾਂ ਦਾ ਸਾਥ ਦਿਉ। ਪੇਸ਼ ਹੈ,ਉਨ੍ਹਾਂ ਵਲੋਂ ਨਾਗਪੁਰ ਜੇਲ੍ਹ ਦੇ ਅੰਡਾ ਸੈਲ ਵਿਚੋਂ ਆਪਣੀ ਮਾਂ ਦੇ ਨਾਂ ਲਿਖੀ ਇੱਕ ਖ਼ਤ-ਨੁਮ੍ਹਾ ਕਵਿਤਾ।

ਤੂੰ ਰੋਈਂ ਨਾ ਮਾਂ
ਜਦੋਂ ਤੂੰ ਮੈਨੂੰ ਮਿਲਣ ਆਵੇਂ, ਮਾਂ
ਮੈਨੂੰ ਦੇਖ ਕੇ ਰੋਈਂ ਨਾ
ਮੈਂ ਤੇਰਾ ਚਿਹਰਾ ਨਹੀਂ ਦੇਖ ਸਕਿਆ
ਫਾਈਬਰ-ਗਲਾਸ ਵਾਲੀ ਖਿੜਕੀ ਵਿਚੋਂ
ਜੇਕਰ ਤੂੰ ਦੇਖ ਸਕਦੀ
ਮੇਰਾ ਅਪਾਹਜ ਸਰੀਰ
ਤੈਨੂੰ ਸੱਚੀਂ ਯਕੀਨ ਹੋ ਜਾਣਾ ਸੀ
ਕਿ ਮੈਂ ਅਜੇ ਵੀ ਜ਼ਿੰਦਾ ਹਾਂ
ਮਾਂ, ਰੋਈਂ ਨਾ
ਮੇਰੀ ਘਰੋਂ ਗ਼ੈਰ-ਮੌਜੂਦਗੀ ਨੂੰ ਲੈ ਕੇ
ਜਦੋਂ ਮੈਂ ਘਰੇ ਹਾਜ਼ਰ ਹੁੰਦਾ ਸੀ
ਅਤੇ ਖੁੱਲ੍ਹੀ ਦੁਨੀਆਂ ਵਿੱਚ ਵੀ
ਮੇਰੇ ਕਈ ਦੋਸਤ ਸਨ
ਤੇ ਜਦੋਂ ਹੁਣ ਮੈਨੂੰ ਬੰਦ ਕਰ ਦਿਤਾ ਗਿਆ ਹੈ'
ਇਸ ਜੇਲ੍ਹ ਦੇ ਅੰਡਾ ਸੈਲ ਵਿੱਚ
ਹੋਰ ਬਹੁਤ ਸਾਰੇ ਲੋਕ
ਬਣ ਗਏ ਹਨ ਮੇਰੇ ਦੋਸਤ
ਪੂਰੀ ਦੁਨੀਆਂ ਵਿੱਚ
ਮਾਂ, ਨਿਰਾਸ਼ ਨਾ ਹੋ
ਮੇਰੀ ਨਿੱਘਰਦੀ ਸਿਹਤ ਨੂੰ ਦੇਖ ਕੇ
ਜਦੋਂ ਤੇਰੇ ਕੋਲ ਨਹੀਂ ਹੁੰਦਾ ਸੀ
ਮੇਰੇ ਲਈ, ਦੁੱਧ ਦਾ ਇਕ ਗਲਾਸ ਵੀ
ਤਾਂ ਮੇਰੇ ਬਚਪਨ ਵਿੱਚ
ਤੂੰ ਮੈਨੂੰ ਰਜਾਇਆ
ਆਪਣੇ ਸ਼ਬਦਾਂ ਨਾਲ
ਤਾਕਤ ਤੇ ਹੌਸਲੇ ਨਾਲ ਭਰੇ ਹੋਏ
ਪੀੜ ਤੇ ਸੰਤਾਪ ਭਰੇ ਇਨ੍ਹਾਂ ਪਲਾਂ ਵਿੱਚ
ਮੈਂ ਅਜੇ ਵੀ ਬਹੁਤ ਮਜ਼ਬੂਤ ਹਾਂ
ਤੇਰੀ ਖੁਆਈ ਉਸ ਖੁਰਾਕ ਕਾਰਨ
ਮਾਂ, ਉਮੀਦ ਦਾ ਪੱਲਾ ਨਾ ਛੱਡੀਂ
ਅਹਿਸਾਸ ਹੋ ਗਿਆ ਹੈ ਮੈਨੂੰ
ਕਿ ਕੈਦ ਮੌਤ ਨਹੀਂ ਹੁੰਦੀ
ਮੇਰਾ ਪੁਨਰ-ਜਨਮ ਹੈ ਇਹ
ਮੈਂ ਫਿਰ ਘਰ ਪਰਤਾਂਗਾ
ਅਤੇ ਤੇਰੀ ਗੋਦੀ ਵਿੱਚ ਵੀ
ਜਿਸ ਨੇ ਪਾਲਿਆ ਹੈ ਮੈਨੂੰ
ਪੂਰੀ ਉਮੀਦ ਤੇ ਹੌਸਲੇ ਨਾਲ
ਮਾਂ, ਫਿਕਰ ਨਾ ਕਰੀਂ
ਮੇਰੀ ਆਜ਼ਾਦੀ ਨੂੰ ਲੈ ਕੇ
ਦੱਸੀਂ ਸਾਰੇ ਸੰਸਾਰ ਨੂੰ
ਕਿ ਮੇਰੀ ਆਜ਼ਾਦੀ ਦਾ ਵਿਗੋਚਾ
ਦਿਲਾਏਗਾ ਲੱਖਾਂ-ਕਰੋੜਾਂ ਨੂੰ ਆਜ਼ਾਦੀ
ਅਤੇ ਹਰ ਸ਼ਖ਼ਸ, ਜੋ ਨਿੱਤਰਦਾ ਹੈ
ਮੇਰੇ ਨਾਲ ਖੜਨ ਲਈ
ਖੜਦਾ ਹੈ ਧਰਤੀ ਦੇ ਲਤਾੜਿਆਂ ਦੇ ਨਾਲ
ਉਨ੍ਹਾਂ ਦੀ ਆਜ਼ਾਦੀ ਨਾਲ ਹੀ
ਜੁੜੀ ਹੋਈ ਹੈ ਮੇਰੀ ਆਜ਼ਾਦੀ

ਅਨੁਵਾਦ: ਹਰਚਰਨ ਚਹਿਲ, ਇਕਬਾਲਜੀਤ

# For all the people traveling to IGI International Airport



Every year a lot of people from all around the world visit their families and friends in India. A lot of foreign tourists also make India their prime vacation destination. A lot of these travelers use IGI International Airport, New Delhi for travelling in and out of India. For all these people traveling to IGI International Airport, kindly beware of the Airtel PCO's there. Airport employees are the first persons these people meet in India, hence these employees are virtually the "face of the nation". However, this "face of the nation" is giving a pretty ugly look and hence damaging the image of the whole nation in general; as these travelers witness corruption right after landing at the Airport. Here is the complete story:

A Canadian resident visited India from 24/12/2017 to 08/01/2018. On the morning of 24/12/2017, this Canadian resident was at the Airtel PCO at Terminal 3 of IGI International Airport and made a call to his wife in Canada. Surprisingly, the Airtel PCO attendant was not charging according to the machine bill but shamelessly asked this Canadian customer to pay at the rate of Rs 25 per minute for ISD calls and Rs 5 per minute for local and STD calls. The attendant also carried an unauthorized and illegal Airtel rate sheet to prove her point. The customer was asked to pay Rs 550 when he called his wife for 22 minutes in Canada whereas the bill was only Rs 175. Thus the money asked was more than triple the bill. When the customer asked for the receipt, the attendant called her boss to deal with the situation. The boss reluctantly agreed to accept Rs 175 as he was unable to provide a receipt for Rs 550. To this the customer made a formal complaint vide complaint no. C-6999 with the Airport Authorities and formally brought the whole episode to their notice. On January 05, 2018, reference to complaint no. C-6999, the customer received an email which stated that the services of the concerned staff were terminated resulting from his complaint. The email also explained that the Airport Authorities have asked the operators to brief all their staff members to be more cautious and transparent in all transactions. However, the email didn't mention any action against the contractor/operator.

When the same Canadian customer went back to the airport on the 8th of January, 2018, to catch his flight back to Toronto, the customer was shocked to see that same thing was still happening there and the loot didn't stop. This time, a different person was looting people at the same PCO. The customer complained again vide complaint no. C-7034. Surprisingly, with reference to complaint no. C-7034, a response from Airport Authorities came on his email on January 12, 2018 stating that the Airport Authorities want to apprise him that the actual charges for the calls to Canada are Rs 25 per minute. Now this is totally self contradictory to the statement they made earlier while terminating the concerned staff on January 5th. Now if we go with their second statement that the actual rate is Rs 25 per minute for Canada, then the following questions arise:

Why does the bill not show the rate of Rs 25 per minute? And why does the printed bill prints an arbitrary amount?

Assuming the second statement to be true, the Airport Authorities explained that the rate is Rs 25 per minute, which means the said customer didn't pay the right amount of Rs 550 and has just paid the fraction of the total amount i.e. Rs 175 and he still owes Rs 375 to the Airtel PCO and the staff rightly asked for Rs 550. If this assumption is true, then why were the services of the concerned staff terminated ? and why hasn't the customer been told so far to pay the remainder of the money to the Airtel PCO ? Well, this is not a small issue of charging Rs 375 extra (Rs 550 - Rs 175=Rs 375). Supposedly if there are 10 customers like this Canadian customer per hour using the PCO service and making similar ISD calls, as a rough estimate the operator/contractor is making at least Rs 2 lac per day per PCO just by charging more than three times the bills (unaccounted money only). In case there are 10 PCOs at the Airport, the amount becomes at least Rs 20 lac per day. Which means Rs 73 crore per year (365 times Rs 20 lac) and if the contract is 10 years old, the amount is Rs 730 crore (10 times Rs 73 crore). So this is a big scam. The customer was ready to pay the whole bill, and has the right to ask for a receipt. Nobody should pay the bogus amount given by the PCO attendants. Anything that's not shown on the bill is unaccounted money. The contractors are most likely not paying taxes for the amount they charge above the machine generated bills and are making a fortune on behalf of the pockets of innocent travelers.

**- Amarjog Johal**

# Revolurionary Marxist Party Of India RMPI




Revolurionary Marxist Party Of India RMPI, today organised a ProtestMarch against the partial attitude of CJI and in favour of the issues raised by the four senior judges of SupremeCourtOfIndia , at Jalandhar (Punjab) .The procession started from Desh Bhagat Memorial Jalandhar, marched through all the main streets of the city . Comrade Mangat Ram Pasla, Comrade Harkamwal Singh, Comrade Gurnam Daud led the Protest March. All the leaders blamed that CJI is acting upon the instructions of central Govt rather than applying the course of law and justice. They said that the Central Govt,s statement regarding not intervention in the situation is totally fraud, because the situation is being deteriorated due to illegal and immoral intervention of Modi Regime in the matters of hon'ble Supreme Court. The Modi Govt intervened in the matter to save Mr Amit Shah , BJP National President from the punishment for the heinous crimes, he committed at different times. The RMPI leaders called upon the people of the nation to understand the anti justice moves of central Govt and launch struggles against these moves.

# Planning for progress: Minimum wage increase is a correction long overdue



**Erika Shaker**

The recent minimum wage increase in Ontario has underscored business sector fear-mongering and mainstream media's misreporting of the projected economic impacts.

But, interestingly, the increase has received significant public support, according to a survey from Forum Research. And while one would expect those currently earning below $15/hr to be enthusiastic, "what is surprising is that support for the move is spread across all income groups. A lot of people are in favour, even though they themselves aren't affected" (emphasis added).

It's an odd and divisive assertion — that only low-wage workers are positively impacted by a higher minimum wage, when we know that society as a whole benefits economically and socially from a reduction in income inequality. But setting that aside for a moment…

How often are low-income workers expected to hear it's not a higher minimum wage they need; rather, society must create "incentives" to encourage them to "pursue actions that will lift them out of low income, such as working hard, demonstrating initiative and enterprise, and obtaining a good education"? It's apparently all about doing one's homework, making sacrifices, and planning ahead, according to any number of financial literacy-related articles.

Consider how the increase is framed in so much of the media coverage — not to mention by a certain business association that depends heavily on low-wage employment. Reckless. Sudden. Too much/soon/fast (or any combination therein). But what's truly surprising is that so many businesses didn't seem to see it coming, even after a two-year $15 minimum wage campaign in Ontario. After all, increases have been studied, debated and implemented in several American states, Britain, and Australia (to name a few), not to mention Alberta. All this strikes me as something that might be considered "market research" or simply "planning ahead" for a business concerned with its bottom line.

So while this is certainly a significant change, Ontario businesses had time to rethink their decision to pursue a low-wage business plan in the broader socio-economic and political context (the Changing Workplaces Review was initiated back in February 2015 "to consider issues brought about in part by the growth of precarious employment"), seven months to adjust to being compliant with the legislation (if the mere desire to treat their workers well wasn't strong enough), and another year before $15/hr kicks in.

As a number of businesses made clear, the planned increase was something they were able to — and did — prepare for: "You make choices. I don't have a Sea-Doo. I'd rather give my cooks a raise," said one Ottawa-based restaurant owner. The "recovery shouldn't be on the backs of workers. It should be a shared responsibility", explained another. After all, "We're not changing economics here, we're just catching up". In other words, this is about doing one's homework (much the same way those living in poverty are told to "make smarter decisions"), and the decent — and, turns out, workplace-friendly — thing.

And that's the other point. The increase to the minimum wage shouldn't be seen as a shock, but rather a long-fought-for correction…which suggests that those businesses arguing loudest had perhaps become too comfortable counting on an outdated business model whose profit margins depended on low-wage employees. The much-publicized decision by a few ("rogue", according to Head Office) Tim Hortons franchises to find ways to gouge their workers betrays a somewhat Dickensian nostalgia for a time when the highest costs of doing business were borne by the worker — not the cutting-edge, forward-looking business acumen that we're often told tax breaks will encourage.

There's no question the changes businesses will have to make for the $14 and then $15/hr minimum wage — as well as ensuring that new workplace standards are met — will require some rejigging and adjustment on the part of owners (much as workers living in poverty are often told to rejig their household expenses — with far fewer resources). This is particularly the case if they had been relying on the previous lower standards as an integral part of their business plan.

Of course, for those businesses that had been paying their workers well all along, and reading the political signs and the economic indicators, the change will be much less abrupt. After all, progress is shocking only when we've resisted or postponed it.

Rather than retreating to last-minute "we have no choice-ism," businesses have just shy of a full year to prepare for stage 2 of the increase. The public is on-side. So, in the spirit of financial planning, good asset management, and projected returns on investment, let's get to work.

Erika Shaker is Director of Education and Outreach with the CCPA. Follow her on Twitter @ErikaShaker.

# [illegible]



Sh. Rakesh Kumar presently working as Senior Section Engineer (Works)/Land & Heritage in Divisional Railway Manager Office, Firozpur.

Rakesh told that this book is a practical book, how Indian railways manage its valuable asset land and earn crores from it.

Railway land is the biggest asset of Indians Railways 458589 hectares out of which approx.46409 hectares in vacant from where it can earn crores of rupees monthly by proper commercial utilization of it.

High level safety review committee & Expert group for modernization of Indian Railway already suggests that railway may earn crores from Land by its commercial uses.

This helps railway to tackle with encroachments with effective way. This is practical reference guide for field staff how to manage railway land, who deals with land daily. This will also helpful for companies who wants to establish their projects in railway land on lease bases/PPE basis.

Rakesh Kumar is known for his honesty in the Railways He thwarted numbers of attempts of private parties and land mafia grabbing the railway land in Firozpur Division.

He was awarded highest award of India Railways (MR Award) Ministry of Railway National Award for outstanding work for protecting the Railway land during the year 2009.He has also won highest award of Indian Railways 'Ministry of Railway National Award for English essay Competition (Second Prize) for the year 2010''. He also got Ministry of Railway National Award "Lal Bhadhur Sashtry" (First Prize) for the year 2016 for his technical book . He also got Group GM Award, Principal chief Engineering Award ,Divisional Railway Manager Award for year 2002.2008,2009 and 2012.He also got number of cash awards.

Baba Farid Society Faridkot Awarded "Baba Farid Award for Honesty of the year 2011" to Sh. Rakesh Kumar being most honest man. The includes Rs 50,000,citation, Doshala, Siropa.

Rakesh already wrote nine books seven on revolutionaries Udham Singh,Bhagat Singh secret hq,Gadhar Lehar etc.and two technical books. On this occation Sr DEN(C) Sh Dinesh Kumar and ADRM, J K Mittal, Jarnail Singh and other railway officersand staff are present.

# Nearly 200 Million Are Modern Slaves or Child Laborers in Human Rights

- Trévon Austin -

child-labor

According to a report by the United Nation's International Labour Organization, nearly 200 million people are victims of modern slavery or child labor around the globe. In 2016, 40.3 million men, women and children were victims of modern slavery. Nearly one in ten children, or 151.6 million people, are victims of child labor.

The report defines "modern slavery" as "the various forms of coercion prohibited in international instruments on human rights and labour standards." This definition includes slavery, state-imposed forced labor, forced marriage, and human trafficking. One in four victims of forced labor are children, and 71 percent of total victims are female.

On any given day in 2016, approximately 16 million individuals were forced to work in the private sector. More than half of this labor involves the domestic, construction and manufacturing sectors. On average, victims are held for 20.5 months before escaping or being released.

The study also reports that 4.8 million people are victims of forced sexual exploitation. On average, victims are held for 23.4 months before escaping or being freed. The vast majority are women and girls, and children represent more than 20 percent of the victims.

By region, Africa has the highest rate of modern slavery, with 7.6 per 1,000 people. The rate is 6.1 per 1,000 people in Asia and the Pacific; 3.9 per 1,000 in Europe and Central Asia; 3.3 per 1,000 in the Arab states; and 1.9 per 1,000 in the Americas. Countries that are or have been recently ravaged by war experience higher levels of exploitation.

The ILO does not include in its definition of child labor those working in legal forms of employment. The definition used in the study includes work that is hazardous, demands too many hours, often deprives children of play and education, and puts their well being at risk. Despite the definition's limited scope, the study still gives a picture of the staggering level of child labor around the globe.



According to the study, slightly less than half of children in child labor (72.5 million) are performing hazardous work that places their health, safety or moral development at risk. Over 19 million children between the ages of 5 and 11; over 16.3 million between 12 and 14; and 37 million between 15 and 17 are involved in hazardous work. The hours children are forced to work are also horrendous. Approximately 63.3 percent of children between 15 and 17 that are engaged in child labor are forced to work 43 hours or more per week.

Nearly a third of children involved in child labor are outside of the education system. Those who do attend school tend to perform more poorly than their nonworking peers. The time and energy spent working interferes with the ability to benefit fully from classroom hours and impedes study time outside the classroom.

As with modern slavery, a significant proportion of child labor is located in countries afflicted by conflict and disaster. Approximately 17 percent of children in war-torn countries are involved in child labor, nearly double the global average.

The countries included in the report as being affected by armed conflict include Afghanistan, the Central African Republic, Colombia, Iraq, Mali, Nigeria, the Philippines, South Sudan, Ukraine, Yemen and the Democratic Republic of the Congo. Other countries, including Syria and Libya, are not included as estimates were not available.

In Africa, one in five children is involved in child labor, making it the region where child labor is most concentrated, followed by Asia and the Pacific. However, child labor is not limited to low-income regions. In fact, over half of affected children live in lower middle- and upper middle-income countries, and 1.3 percent of children in high-income countries are child laborers.

While the percentage of children involved in child labor has fallen slightly from 2012 globally, it has actually increased in Sub-Saharan Africa.

The epidemic of slavery and child labor is one aspect of capitalist exploitation. The International Labour Organization estimates that $150 billion in profits are generated in the private sector each year from forced labor.

The issue is exacerbated in countries that are victims to neocolonial exploitation and imperialist conquest. A video released by CNN this week showed youth being auctioned off as farm laborers in Libya, a country devastated by the US-backed war launched by the Obama administration.

A 2016 investigation by Amnesty International revealed that children as young as seven are working in perilous conditions in the Democratic Republic of the Congo to mine cobalt that ends up in smartphones, cars and computers sold to millions across the world. The mines supply corporations such as Apple, Microsoft and Vodafone.

The United Nations and leaders of industrialized countries have only taken modest measures to tackle the issues of modern slavery and child labor. This epidemic is not a question of laws and reforms, but a consequence of capitalism.

Originally published in WSWS.org

# SAMATAMOOLAK MAHILA SANGATHAN and JAN SANGHARSH MANCH HARYANA

Men and women raising voice in Gohana , Haryana against complete failure of Haryana government in providing safety and security to our daughters.

Two minor school girls in Jhansa ( Kurukshetra ) and Urlana ( Panipat ) gang raped , their genitalia torn apart and they were murdered.

Protest demonstration was



organised by SAMATAMOOLAK MAHILA SANGATHAN and JAN SANGHARSH MANCH HARYANA. Effigy of Haryana government was burnt at Shaheed Bhagat Singh square.



ਸੁਰਜੀਤ ਸਿੰਘ ਢਿੱਲੋਂ
0175-2214547

# ਨਸ਼ੀਲੇ ਪਦਾਰਥ ਅਤੇ ਮਾਨਸਿਕ ਵਿਕਾਰ

ਦਿਮਾਗ਼ ਨੂੰ ਲੱਗੀ ਰੋਗ-ਉਪਜਾਊ ਲਾਗ ਕਾਰਨ ਹੀ ਮਨ ਉਖੜਿਆ-ਉਧੜਿਆ ਅਨੁਭਵ ਨਹੀਂ ਕਰਦਾ, ਇਸ ਦੇ ਅੰਦਰੋਂ ਰਿਸਦੇ ਰਹਿਣ ਵਾਲੇ ਸੰਚਾਲਕ ਰਸਾਂ ਦੇ ਘੱਟ ਜਾਂ ਵੱਧ ਹੋਣ ਕਾਰਨ ਵੀ ਮਨ ਦੀ ਸਥਿਤੀ 'ਚ ਫ਼ਰਕ ਆ ਜਾਂਦਾ ਹੈ। ਮਨ ਦੇ ਵਧੀਆ ਰਉਂ ਨੂੰ ਬਣਾਈ ਰੱਖਣ ਯੋਗ ਸੰਚਾਲਕ ਰਸ ਸਿਰੋਟੋਨਿਨ ਹੈ ਜਿਸ ਦੀ ਘਾਟ ਕਾਰਨ ਮਨ ਨੂੰ ਡੋਬ ਪੈਣ ਲੱਗਦੇ ਹਨ। ਦੂਜਾ ਸੰਚਾਲਕ ਰਸ ਆਕਸੀਟਾਸਿਨ ਹੈ ਜੋ ਸਨੇਹਮਈ ਰਿਸ਼ਤਿਆਂ ਨੂੰ ਬਣਾਈ ਰੱਖਣ ਵਾਲੇ ਵਤੀਰੇ ਨੂੰ ਉਤੇਜਿਤ ਕਰਨ ਦੀ ਭੂਮਿਕਾ ਨਿਭਾਉਂਦਾ ਹੈ। ਦਿਮਾਗ਼ ਅੰਦਰ ਇਹ ਰਸ ਉਤੇਜਨਾਵਾਂ ਦਾ ਸੰਚਾਲਨ ਕਰਨ ਲਈ ਰਿਸਦੇ ਹਨ ਅਤੇ ਇਹ ਕਾਰਜ ਨਿਪਟ ਜਾਣ 'ਤੇ ਇਹ ਮੁੜ ਸੈੱਲਾਂ ਅੰਦਰ ਸੋਖ ਲਏ ਜਾਂਦੇ ਹਨ।

ਦਿਮਾਗ਼ ਦੇ ਭਿੰਨ ਭਿੰਨ ਖੇਤਰ ਭਿੰਨ ਭਿੰਨ ਕਿਰਿਆਵਾਂ ਨਿਭਾਉਣ ਯੋਗ ਹਨ, ਜਿਹੜੇ ਇੱਕ ਦੂਜੇ ਤੋਂ ਸੁਤੰਤਰ, ਆਪੋ-ਆਪਣੇ ਆਹਰ ਲੱਗੇ ਰਹਿੰਦੇ ਹਨ। ਦਿਮਾਗ਼ ਦੇ ਇੱਕ ਖੇਤਰ ਦੀ ਸਰਗਰਮੀ ਜਦੋਂ ਦੂਜੇ ਖੇਤਰ ਦੇ ਮੇਚ ਨਹੀਂ ਆ ਰਹੀ ਹੁੰਦੀ ਤਾਂ ਵਿਅਕਤੀ ਦੋ ਚਿੱਤ ਹੋਇਆ, ਨਿਰਣਾ ਲੈਣ 'ਚ ਹਿਚਕਚਾਉਣ ਲੱਗਦਾ ਹੈ। ਚੇਤਨਾ, ਦਿਮਾਗ਼ ਦੇ ਕਿਸੇ ਇੱਕ ਖੇਤਰ ਦੀ ਉਪਜ ਨਹੀਂ; ਇਹ ਸਰਗਰਮ ਹੋਏ ਕਈ ਖੇਤਰਾਂ ਦੀ ਮਿਲੀ-ਜੁਲੀ ਉਪਜ ਹੈ। ਇਹੋ ਸਥਿਤੀ ਹਉਮੈ ਦੀ, ਭਾਵ ਸਾਡੇ ਆਪਣੇ-ਆਪ ਬਾਰੇ ਅਨੁਭਵ ਦੀ ਵੀ ਹੈ ਜਿਸ ਕਾਰਨ ਇੱਕ ਵਿਅਕਤੀ ਆਪਣੇ-ਆਪ 'ਚ ਡੁੱਬਿਆ ਆਪਣੇ ਹੀ ਰਚੇ ਸੰਸਾਰ 'ਚ ਵਿਚਰ ਰਿਹਾ ਹੁੰਦਾ ਹੈ।

ਦਿਮਾਗ਼ ਦੇ ਮੱਧ 'ਚ ਸਥਿਤ ਖੇਤਰ ਐਮਗਡਿਲਾ ਦਾ ਸਬੰਧ ਭਾਵਨਾਵਾਂ ਨਾਲ ਹੈ ਅਤੇ ਇੱਥੋਂ ਡਰ ਵੀ ਪੁੰਗਰਦਾ ਹੈ। ਨਸ਼ਿਆਂ ਦਾ ਸਬੰਧ ਦਿਮਾਗ਼ ਦੇ ਹੋਰਨਾਂ ਖੇਤਰਾਂ ਨਾਲੋਂ ਇਸੇ ਖੇਤਰ ਨਾਲ ਵੱਧ ਹੈ। ਵਿਅਕਤੀ ਦੇ ਮਨ ਅਤੇ ਵਤੀਰੇ ਨੂੰ ਭਿੰਨ ਭਿੰਨ ਨਸ਼ੇ ਭਿੰਨ ਭਿੰਨ ਪ੍ਰਕਾਰ ਪ੍ਰਭਾਵਿਤ ਕਰਦੇ ਹਨ। ਕੁਝ ਨਸ਼ੇ ਵਿਅਕਤੀ ਨੂੰ ਅਜਿਹਾ ਕੁਝ ਕਰਨ ਲਈ ਉਕਸਾਉਂਦੇ ਰਹਿੰਦੇ ਹਨ ਜਿਨ੍ਹਾਂ ਦੀ ਨਾ ਸਦਾਚਾਰ ਆਗਿਆ ਦਿੰਦਾ ਹੈ ਅਤੇ ਨਾ ਸਭਿਆਚਾਰ। ਵਧੇਰੇ ਨਸ਼ੇ ਭਾਵਨਾਤਮਿਕ ਉਲਾਰ ਦਾ ਕਾਰਨ ਬਣ ਕੇ ਵਿਅਕਤੀ ਨੂੰ ਅਜਿਹੇ ਸੰਸਾਰ 'ਚ ਧੱਕ ਦਿੰਦੇ ਹਨ ਜਿਹੜਾ ਅਸਲ ਵਿੱਚ ਤਾਂ ਹੁੰਦਾ ਨਹੀਂ ਸਗੋਂ ਨਿਰੋਲ ਵਿਅਕਤੀਗਤ ਕਲਪਨਾ ਦੀ ਉਪਜ ਹੁੰਦਾ ਹੈ। ਨਸ਼ੇ ਦਾ ਮਨ ਉਪਰ ਪੈ ਰਿਹਾ ਪ੍ਰਭਾਵ ਆਰਜ਼ੀ ਹੁੰਦਾ ਹੈ ਜਿਹੜਾ ਨਸ਼ੇ ਦੇ ਖ਼ਰਚ ਹੁੰਦਿਆਂ ਹੀ ਵਿਦਾ ਹੋ ਜਾਂਦਾ ਹੈ। ਇਹੋ ਨਹੀਂ, ਇਹ ਪਿੱਛੇ ਅਜਿਹਾ ਅਹਿਸਾਸ ਛੱਡ ਜਾਂਦਾ ਹੈ ਜਿਸ ਕਾਰਨ ਮਨ ਕੁਝ ਸਮੇਂ ਲਈ ਮਿਧਿਆ ਕੁਮਲਾਇਆ ਮਹਿਸੂਸ ਕਰਦਾ ਰਹਿੰਦਾ ਹੈ। ਦਿਮਾਗ਼ ਦਾ ਜਿਹੜਾ ਖੇਤਰ ਵਿਅਕਤੀ ਨੂੰ ਆਨੰਦ ਦਾ ਅਨੁਭਵ ਕਰਵਾਉਂਦਾ ਹੈ, ਉਸੇ 'ਚੋਂ ਨਸ਼ੀਲੇ ਪਦਾਰਥਾਂ ਦੀ ਨਿਰਵਿਘਨ ਵਰਤੋਂ ਕਰਦੇ ਰਹਿਣ ਦੀ ਲਲ੍ਹਕ ਵੀ ਪੁੰਗਰਦੀ ਰਹਿੰਦੀ ਹੈ।

ਮਨ ਦੇ ਰਉਂ ਨੂੰ ਟਿਕਾਣੇ ਅਤੇ ਇਸ ਨੂੰ ਚੜ੍ਹਦੀ ਕਲਾ 'ਚ ਰੱਖਣ ਲਈ ਨਰਮ ਨਸ਼ੀਲੇ ਪਦਾਰਥਾਂ ਦੀ ਸੰਜਮੀ ਵਰਤੋਂ ਪੁਰਾਤਨ ਸਮਿਆਂ ਤੋਂ ਕੀਤੀ ਜਾਂਦੀ ਰਹੀ ਹੈ। ਮਨੋਵਿਕਾਰਾਂ ਦੇ ਇਲਾਜ ਲਈ ਵੀ ਅੱਜਕੱਲ੍ਹ ਅਜਿਹੇ ਪਦਾਰਥ ਖੋਜ ਅਧੀਨ ਹਨ। ਦਵਾਈ ਵਜੋਂ ਇਹ ਕਿੱਥੋਂ ਤਕ ਉਪਯੋਗੀ ਸਿੱਧ ਹੋ ਸਕਦੇ ਹਨ, ਇਸ ਨਜ਼ਰੀਏ ਨਾਲ ਬਹੁਤੇ ਸਹਿਮਤ ਨਹੀਂ। ਪਰ ਇਸ ਨਜ਼ਰੀਏ ਦਾ ਪੱਖ ਪੂਰਨ ਵਾਲਿਆਂ ਦਾ ਵਿਚਾਰ ਹੈ ਕਿ ਮਨੋਵਿਕਾਰਾਂ ਦੇ ਇਲਾਜ ਲਈ ਤਜਵੀਜ਼ ਕੀਤੇ ਜਾ ਰਹੇ ਦਵਾ-ਦਾਰੂ ਵੀ ਤਾਂ ਨਸ਼ੀਲੇ ਪਦਾਰਥਾਂ ਵਾਂਗ ਹੀ ਦਿਮਾਗ਼ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਜਿਨ੍ਹਾਂ ਦੀ ਉਨ੍ਹਾਂ ਵਾਂਗ ਹੀ ਆਦਤ ਪੈ ਜਾਣ ਦੀ ਵੀ ਸੰਭਾਵਨਾ ਹੈ ਅਤੇ ਜਿਨ੍ਹਾਂ ਦੇ ਵਾਧੂ ਭੈੜੇ ਪ੍ਰਭਾਵ ਵੀ ਇਲਾਜ ਅਧੀਨ ਵਿਅਕਤੀ ਝੱਲ ਰਹੇ ਹਨ। ਫਿਰ ਕਿਉਂ ਨਾ ਨਰਮ ਸੁਭਾਅ ਵਾਲੇ ਨਸ਼ੀਲੇ ਪਦਾਰਥਾਂ ਨੂੰ ਦਵਾਈਆਂ ਵਜੋਂ ਪਰਖ ਲਿਆ ਜਾਵੇ?

ਦਰਅਸਲ, ਮਨ ਦਾ ਸਦਾ ਚੜ੍ਹਦੀ ਕਲਾ 'ਚ ਵਿਚਰਨਾ ਸੰਭਵ ਨਹੀਂ। ਦਿਮਾਗ਼ 'ਚ ਹਰ ਸਮੇਂ ਕੁਝ ਨਾ ਕੁਝ ਚਲਦਾ ਰਹਿੰਦਾ ਹੈ ਜਿਹੜਾ ਸੁਖਾਵਾਂ ਵੀ ਹੁੰਦਾ ਹੈ ਅਤੇ ਅਣਸੁਖਾਵਾਂ ਵੀ। ਅਜਿਹੇ ਉਤਾਰ-ਚੜ੍ਹਾਅ ਦਾ ਹੁੰਗਾਰਾ ਭਰਦਾ ਹੋਇਆ ਮਨ ਟਹਿਕਦਾ ਅਤੇ ਮੁਰਝਾਉਂਦਾ ਰਹਿੰਦਾ ਹੈ। ਬਿਖਰਦੀਆਂ ਸਿਮਟਦੀਆਂ ਰਹਿੰਦੀਆਂ ਦਿਮਾਗ਼ ਅੰਦਰਲੀਆਂ ਪ੍ਰਸਥਿਤੀਆਂ ਕਾਰਨ ਵੀ ਮਨ ਦੀ ਵਿਵਸਥਾ ਇਕਸਾਰ ਬਣੀ ਨਹੀਂ ਰਹਿ ਸਕਦੀ। ਜਿਵੇਂ ਮਨ ਦਾ ਉਦਾਸ ਹੋਣਾ ਸੁਭਾਵਿਕ ਹੈ, ਉਵੇਂ ਹੀ ਮਨ ਦੀ ਉਦਾਸੀ ਦਾ ਢੈਲਾ ਪੈਣਾ ਵੀ ਸੁਭਾਵਿਕ ਹੈ। ਮਨ ਉਦਾਸ ਹੋਣ 'ਤੇ ਸਾਨੂੰ ਹੋਰ ਕੁਝ ਨਹੀਂ ਸੁੱਝਦਾ ਅਤੇ ਲੱਗਣ ਲੱਗਦਾ ਹੈ ਕਿ ਅਜਿਹੀ ਜ਼ਿਆਦਤੀ ਸਿਰਫ਼ ਸਾਡੇ ਨਾਲ ਹੋ ਰਹੀ ਹੈ। ਪਰ ਇਹ ਹਕੀਕਤ ਨਹੀਂ। ਹਰ ਵਿਅਕਤੀ ਉਦਾਸੀਆਂ 'ਚ ਭੁੱਜਣ ਯੋਗ ਹੈ ਸਗੋਂ ਕਈ ਤਾਂ ਸਾਡੇ ਨਾਲੋਂ ਵੀ ਵੱਧ ਉਦਾਸੀਆਂ ਦਾ ਸ਼ਿਕਾਰ ਬਣ ਰਹੇ ਹਨ। ਇਸ ਸਬੰਧੀ ਸਾਡੇ ਆਪਸ ਵਿਚਲੇ ਅੰਤਰ ਵਿਅਕਤੀਗਤ ਪੱਧਰ 'ਤੇ ਨਿਰਾਸ਼ਾਜਨਕ ਅਵਸਥਾ ਨਾਲ ਭੁਗਤਣ ਦੇ ਹਨ। ਸਿਆਣੇ ਵਿਅਕਤੀ ਹਰ ਹਾਲ ਮਾਨਸਿਕ ਸੰਤੁਲਨ ਡੋਲਣ ਨਹੀਂ ਦਿੰਦੇ ਅਤੇ ਜਿਹੜੇ ਅਣਸੁਖਾਵੇਂ ਅਨੁਭਵ ਨਾਲ ਨਿਪਟਣ 'ਚ ਸਫਲ ਨਹੀਂ ਹੁੰਦੇ, ਉਨ੍ਹਾਂ ਦੀ ਪਰੇਸ਼ਾਨੀ ਉਨ੍ਹਾਂ ਦੇ ਚਿਹਰੇ 'ਤੇ ਝਲਕਦੀ ਦੇਖੀ ਜਾ ਸਕਦੀ ਹੈ। ਪਰ ਦੁਨੀਆਂ ਵਿੱਚ ਸੂਝਵਾਨ ਸਿਆਣੇ ਵਿਅਕਤੀ ਟਾਵੇਂ ਹਨ ਜਦੋਂਕਿ ਅਯੋਗ ਅਵਸਥਾ ਨਾਲ ਨਾ ਨਿਭ ਸਕਣ ਯੋਗ ਵਿਅਕਤੀ ਆਮ ਹਨ।

ਸਦਮਿਆਂ ਕਾਰਨ ਝੁੰਜਲਾਏ ਮਨ ਉਦਾਸ ਰਹਿੰਦੇ ਹਨ ਜਿਨ੍ਹਾਂ ਨੂੰ ਆਪਣੀ ਉਦਾਸੀ ਦਾ ਕਾਰਨ ਵੀ ਸਮਝ ਨਹੀਂ ਆਉਂਦਾ। ਅਜਿਹਾ ਇਸ ਲਈ ਹੈ, ਕਿਉਂਕਿ ਸਰੀਰ ਨਾਲ ਜੋ ਕੁਝ ਵਾਪਰ ਰਿਹਾ ਹੈ, ਉਸ ਨੂੰ ਤਾਂ ਮਨ ਅਨੁਭਵ ਕਰਨ ਯੋਗ ਹੈ, ਪਰ ਖ਼ੁਦ ਮਨ ਨਾਲ ਜੋ ਵਾਪਰ ਰਿਹਾ ਹੈ, ਉਸ ਦੀ ਇਸ ਨੂੰ ਸਮਝ ਨਹੀਂ ਪੈਂਦੀ। ਮਨ ਅਜਿਹੇ ਦਿਮਾਗ਼ ਦਾ ਪਰਛਾਵਾਂ ਹੈ ਜਿਸ ਵਿੱਚ ਅਰਬਾਂ ਸੈੱਲ ਹਨ, ਜਿਹੜੇ ਆਪਸ 'ਚ ਇੱਕ ਦੂਜੇ ਦੇ ਸੰਪਰਕ ਵਿੱਚ ਵੀ ਹਨ। ਦਿਮਾਗ਼ ਦੇ ਸੈੱਲਾਂ 'ਚੋਂ ਲਗਰਾਂ ਦਾ ਫੁਟਾਰਾ ਲਗਾਤਾਰ ਹੁੰਦਾ ਰਹਿੰਦਾ ਹੈ ਜਿਹੜੇ ਹੋਰਨਾਂ ਸੈੱਲਾਂ ਨਾਲ ਸੰਪਰਕ ਵੀ ਜੀਵਨ ਭਰ ਅਟੇਰਦੇ ਰਹਿੰਦੇ ਹਨ। ਫਿਰ ਇਨ੍ਹਾਂ ਸੈੱਲਾਂ 'ਚ ਬਿਜਲਈ ਸੁਭਾਅ ਵਾਲੀਆਂ ਤਰੰਗਾਂ ਭਾਵ ਉਤੇਜਨਾਵਾਂ ਵੀ ਐਧਰੋਂ-ਓਧਰ ਅਤੇ ਓਧਰੋਂ-ਐਧਰ ਲਗਾਤਾਰ ਘੁੰਮਦੀਆਂ ਰਹਿੰਦੀਆਂ ਹਨ। ਉਤੇਜਨਾਵਾਂ ਦਾ ਸੈੱਲਾਂ ਵਿੱਚ ਸੰਚਾਰ ਵਿਸ਼ੇਸ਼ ਪ੍ਰਕਾਰ ਦੇ ਰਸਾਂ ਦੀ ਸਾਲਸੀ ਬਿਨਾਂ ਸੰਭਵ ਨਹੀਂ। ਇਨ੍ਹਾਂ ਸਾਲਸੀ ਸੰਚਾਲਕ ਰਸਾਂ ਦੀ ਵੰਨਗੀ ਅਤੇ ਇਨ੍ਹਾਂ ਦੀ ਹੋਂਦ ਜਾਂ ਅਣਹੋਂਦ ਉਪਰ ਮਨ ਦੇ ਰਉਂ ਵੀ ਨਿਰਭਰ ਹਨ। ਆਨੰਦ ਦੇ ਅਨੁਭਵ ਲਈ ਵੀ ਇਹੋ ਜ਼ਿੰਮੇਵਾਰ ਹਨ ਅਤੇ ਦਿਲਗੀਰੀ ਡੋਬ ਲਈ ਵੀ। ਮੋਹ ਭਰੀ ਨੇੜਤਾ ਦਾ ਅਨੁਭਵ ਕਰ ਰਹੇ ਵਿਅਕਤੀ ਅਤੇ ਸਫਲਤਾ ਪੂਰਬਕ ਹੱਥਲੇ ਕਾਰਜ ਨੂੰ ਨਿਪਟਾ ਚੁੱਕੇ ਵਿਅਕਤੀ ਨੂੰ ਇਨ੍ਹਾਂ 'ਚੋਂ ਕੁਝ ਵਿਸ਼ੇਸ਼ ਰਸਾਂ ਦੇ ਦਿਮਾਗ਼ ਵਿੱਚ ਰਿਸਣ ਕਾਰਨ ਹੀ ਖ਼ੁਸ਼ੀ ਦਾ ਅਨੁਭਵ ਹੁੰਦਾ ਹੈ। ਮੁੜ੍ਹਕਾ ਵਗਾਊ ਮੁਸ਼ੱਕਤ ਜਾਂ ਕਸਰਤ ਕਰਨ ਉਪਰੰਤ ਵੀ ਜੇ ਸੰਤੁਸ਼ਟੀ ਦਾ ਅਨੁਭਵ ਹੋਣ ਲੱਗਦਾ ਹੈ ਤਾਂ ਅਜਿਹੇ ਰਸਾਂ ਦੇ ਦਿਮਾਗ਼ ਅੰਦਰ ਰਿਸਣ ਕਾਰਨ। ਦਿਮਾਗ਼ ਅੰਦਰ ਰਿਸੇ ਇਨ੍ਹਾਂ ਰਸਾਂ ਦੇ ਸੈੱਲਾਂ ਅੰਦਰ ਮੁੜ ਸੋਖੇ ਜਾਣ ਕਾਰਨ ਮਨ ਦਾ ਰਉਂ ਲੰਮੇ ਸਮੇਂ ਤਕ ਬਣਿਆ ਨਹੀਂ ਰਹਿੰਦਾ; ਇਸ ਦਾ ਪਤਨ ਹੋਣਾ ਹੀ ਹੁੰਦਾ ਹੈ। ਰਿਸੇ ਰਸਾਂ ਦਾ ਮੁੜ ਸੈੱਲਾਂ ਅੰਦਰ ਸਮੋਇਆ ਜਾਣਾ ਇਸ ਲਈ ਲਾਜ਼ਮੀ ਹੈ ਤਾਂ ਕਿ ਵੱਖਰੀਆਂ ਉਤੇਜਨਾਵਾਂ ਦੇ ਸੰਚਾਰ ਲਈ ਦੂਜੇ ਰਸ ਦਿਮਾਗ਼ ਅੰਦਰ ਰਿਸ ਸਕਣ।

ਨਸ਼ੀਲੇ ਪਦਾਰਥ ਵੀ ਦਿਮਾਗ਼ ਅੰਦਰ ਸੰਚਾਲਕ ਰਸਾਂ ਦੇ ਰਿਸਣ ਜਾਂ ਲੋੜੀਂਦੇ ਰਸਾਂ ਦੇ ਨਾ ਰਿਸਣ ਨੂੰ ਪ੍ਰਭਾਵਿਤ ਕਰਦੇ ਹਨ। ਇਸੇ ਕਾਰਨ ਇਨ੍ਹਾਂ ਨੂੰ ਮਨੋਵਿਕਾਰਾਂ ਦੇ ਇਲਾਜ ਲਈ ਅਜ਼ਮਾਇਆ ਜਾ ਰਿਹਾ ਹੈ। 1970 ਤਕ ਅਮਰੀਕਾ ਵਿਖੇ ਲੈਸਰਜਕ ਤੇਜ਼ਾਬੀ ਅੰਸ਼, ਐੱਲਐੱਸਡੀ ਦੀ ਸ਼ਾਇਜ਼ੋਫਰੀਨਿਆ ਅਤੇ ਹੋਰਨਾਂ ਮਾਨਸਿਕ ਖਿੰਨਤਾਵਾਂ ਦੇ ਇਲਾਜ ਲਈ ਵਰਤੋਂ ਕੀਤੀ ਜਾਂਦੀ ਰਹੀ। ਇਸ ਨਸ਼ੀਲੇ ਪਦਾਰਥ ਦੀ ਵਰਤੋਂ ਕਰਦੇ ਮਾਨਸਿਕ ਰੋਗੀਆਂ ਦੇ ਵਹਿਮਾਂ-ਭਰਮਾਂ ਦੁਆਰਾ ਭੁਚਲਾਏ ਰਹਿਣ ਦੇ ਸੰਕੇਤ ਮਿਲਣ ਮਗਰੋਂ ਇਸ ਦੀ ਵਰਤੋਂ ਰੋਕ ਦਿੱਤੀ ਗਈ। ਇਸੇ ਤਰ੍ਹਾਂ ਐੱਸਐੱਸਆਰਆਈ ਦੇ ਸੰਕੇਤਕ ਨਾਲ ਜਾਣੀ ਜਾਂਦੀ ਦਵਾਈ ਨਾਲ ਹੋਇਆ। ਧਾਰਨਾ ਇਹ ਸੀ ਕਿ ਸੰਚਾਲਕ ਰਸ ਸਿਰੋਟੋਨਿਨ ਦੀ ਦਿਮਾਗ਼ ਵਿੱਚ ਘਾਟ ਕਾਰਨ ਮਨ ਨੂੰ ਡੋਬ ਪੈਣ ਲੱਗਦੇ ਹਨ। ਇਹ ਦਵਾਈ ਰਿਸੇ ਇਸ ਰਸ ਦੇ ਮੁੜ ਸੈੱਲਾਂ ਅੰਦਰ ਸਮੋਏ ਜਾਣ 'ਚ ਅੜਿੱਕਾ ਬਣ ਰਹੀ ਸੀ। ਮਨ ਦੇ ਰਉਂ ਨੂੰ ਟਿਕਾਣੇ ਰੱਖਣ ਦੇ ਨਜ਼ਰੀਏ ਨਾਲ ਐੱਸਐੱਸਆਰਆਈ ਦਾ ਉਪਯੋਗ ਹੋਣ ਲੱਗਿਆ। ਪਰ ਦੇਖਿਆ ਗਿਆ ਕਿ ਇਸ ਦੇ ਅਣਚਾਹੇ ਪ੍ਰਭਾਵ ਮਨ ਉਪਰ ਪੈ ਰਹੇ ਸਨ। ਇਹ ਕੁਦਰਤੀ ਵਾਪਰ ਰਹੀ ਪ੍ਰਕਿਰਿਆ ਦੇ ਰਾਹ 'ਚ ਰੁਕਾਵਟ ਸਿੱਧ ਹੋ ਰਹੀ ਸੀ। ਸੋ ਇਹ ਦਵਾਈ ਵੀ ਵਰਤੋਂ ਅਧੀਨ ਨਹੀਂ ਸੀ ਰਹੀ।

ਫਿਰ ਵੀ ਮਾਨਸਿਕ ਵਿਕਾਰਾਂ ਦੇ ਇਲਾਜ ਲਈ ਅਜਿਹੇ ਨਸ਼ੀਲੇ ਪਦਾਰਥਾਂ ਦੀ ਖੋਜ ਜਾਰੀ ਰਹੀ ਜਿਨ੍ਹਾਂ ਦੇ ਵਾਧੂ ਬੁਰੇ ਪ੍ਰਭਾਵ ਮਾਮੂਲੀ ਹੱਦ ਤਕ ਪੈਣ ਦੀ ਸੰਭਾਵਨਾ ਸੀ। ਵੀਹ ਕੁ ਵਰ੍ਹਿਆਂ ਦੀ ਘਾਲਣਾ ਉਪਰੰਤ ਅਜਿਹਾ ਇੱਕ ਪਦਾਰਥ ਮਿਲਿਆ ਜਿਹੜਾ ਦਿਮਾਗ਼ ਅੰਦਰ ਸਿਰੋਟੋਨਿਨ ਦੇ ਰਿਸਣ 'ਚ ਵਾਧਾ ਕਰਨ ਯੋਗ ਸੀ ਅਤੇ ਇਸ ਦੇ ਸੈੱਲਾਂ ਅੰਦਰ ਮੁੜ ਸੋਖੇ ਜਾਣ ਵਿੱਚ ਰੁਕਾਵਟ ਵੀ ਨਹੀਂ ਸੀ ਬਣ ਰਿਹਾ। ਉਲਝਵੇਂ ਵਿਗਿਆਨਕ ਨਾਮ ਵਾਲੇ ਇਸ ਪਦਾਰਥ ਨੂੰ ਐੱਮਡੀਐੱਮਏ ਵਜੋਂ ਜਾਣਿਆ ਜਾ ਰਿਹਾ ਹੈ ਜਿਹੜਾ ਮਾਨਸਿਕ ਤਣਾਓ ਨੂੰ ਦੂਰ ਕਰਨ ਲਈ ਅੱਜਕੱਲ੍ਹ ਅਜ਼ਮਾਇਸ਼ ਅਧੀਨ ਹੈ। ਇਹ ਪਦਾਰਥ ਆਕਸੀਟਾਸਿਨ ਦੇ ਦਿਮਾਗ਼ ਵਿੱਚ ਰਿਸਣ ਲਈ ਵੀ ਉਪਯੋਗੀ ਸਿੱਧ ਹੋ ਰਿਹਾ ਹੈ ਜਿਸ ਦੇ ਫਲਸਰੂਪ ਵਿਅਕਤੀ ਦੀ ਸਹਿਚਾਰਕ ਪ੍ਰਵਿਰਤੀ ਟੁੰਬੀ ਜਾਂਦੀ ਹੈ ਅਤੇ ਉਸ ਲਈ ਹੋਰਨਾਂ 'ਚ ਵਿਸ਼ਵਾਸ ਕਰਨਾ ਸੁਖਾਲਾ ਹੋ ਜਾਂਦਾ ਹੈ। ਇਸ ਪਦਾਰਥ ਦਾ ਅਜ਼ਮਾਇਸ਼ੀ ਉਪਯੋਗ ਕਰ ਰਹੇ ਵਿਅਕਤੀ ਚਿੰਤਾਵਾਂ ਤੋਂ ਮੁਕਤ ਤਾਂ ਹੋਏ ਹੀ, ਪਰ ਨਾਲ ਹੀ ਉਨ੍ਹਾਂ ਨੂੰ ਭੈੜੇ ਸੁਪਨਿਆਂ ਤੋਂ ਵੀ ਨਿਜਾਤ ਮਿਲ ਗਈ। ਇੱਕ ਹੋਰ ਮੂਡ ਸੁਧਾਰਕ ਨਸ਼ੀਲਾ ਪਦਾਰਥ ਸਾਇਲੋਸਾਇਬਿਨ ਵੀ ਖੋਜ ਅਧੀਨ ਹੈ। ਜਿਸ ਵਿਸ਼ੇਸ਼ ਕਿਸਮ ਦੀ ਖੁੰਬ 'ਚ ਇਹ ਪਦਾਰਥ ਮਿਲਦਾ ਹੈ, ਉਸ ਦੀ ਕਾਸ਼ਤ ਉਪਰ ਰੋਕ ਹੈ। ਇਸ ਪਦਾਰਥ ਦੇ ਪ੍ਰਭਾਵ ਅਧੀਨ ਵਿਅਕਤੀ ਸੁਖਦਾਇਕ ਅਲੌਕਿਕਤਾ ਦਾ ਅਨੁਭਵ ਕਰਦਿਆਂ ਆਪਣੇ ਆਪ ਨੂੰ ਭੁਲਾ ਛੱਡਦਾ ਹੈ ਅਤੇ ਉਸ ਨੂੰ ਹੀਣ-ਭਾਵਨਾ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ। ਅਜਿਹੀ ਅਵਸਥਾ 'ਚ ਵਿਚਰਦਿਆਂ ਵਿਅਕਤੀ ਨੂੰ ਹੋਰਨਾਂ ਨਾਲ ਮਿਲਣਾ-ਜੁਲਣਾ ਵੀ ਚੰਗਾ ਲੱਗਣ ਲੱਗਦਾ ਹੈ।



ਪਲ ਪਲ ਢਲਦੇ ਰਹਿਣ ਯੋਗ ਸਰੀਰ ਦਾ ਇੱਕੋ-ਇੱਕ ਅੰਗ ਦਿਮਾਗ਼ ਹੈ ਜਿਹੜਾ ਸੰਵੇਦਨਾਵਾਂ ਦਾ ਹੁੰਗਾਰਾ ਭਰਦਾ ਹੋਇਆ ਸੰਜਮ ਸਿਰ ਬਦਲਦਾ ਰਹਿੰਦਾ ਹੈ। ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਅਧੀਨ ਅਜਿਹੇ ਢਲਣ ਯੋਗ ਦਿਮਾਗ਼ ਦਾ ਸਥਿਰ ਰਹਿ ਸਕਣਾ ਕਿਵੇਂ ਸੰਭਵ ਹੋ ਸਕਦਾ ਹੈ? ਨਸ਼ੇ ਅਧੀਨ ਦਿਮਾਗ਼ ਅੰਦਰ ਆ ਰਹੀ ਅਸਥਿਰਤਾ ਆਰਜ਼ੀ ਹੁੰਦੀ ਹੈ, ਪਰ ਜਦ ਇਹ ਵਿਦਾ ਹੁੰਦੀ ਹੈ ਅਣਚਾਹਿਆ ਅਣਸੁਖਾਵਾਂ ਅਨੁਭਵ ਪਿੱਛੇ ਛੱਡ ਜਾਂਦੀ ਹੈ। ਦਿਮਾਗ਼ ਦੇ ਐਮਗਡਿਲਾ ਖੇਤਰ ਦਾ ਸਿੱਧਾ ਸਬੰਧ ਭਾਵਨਾਵਾਂ ਨਾਲ ਹੈ ਅਤੇ ਨਸ਼ੀਲੇ ਪਦਾਰਥਾਂ ਤੋਂ ਦਿਮਾਗ਼ ਦਾ ਇਹ ਖੇਤਰ ਵਿਸ਼ੇਸ਼ ਪ੍ਰਭਾਵਿਤ ਹੋਣ ਯੋਗ ਹੈ। ਦਿਮਾਗ਼ ਦੇ ਇਸ ਖੇਤਰ 'ਚ ਨਸ਼ੇ ਅਧੀਨ ਪਰਿਵਤਰਨਾਂ ਦੇ ਭੁਚਾਲ ਆ ਜਾਂਦੇ ਹਨ। ਕਿਸੇ ਵੀ ਪ੍ਰਕਾਰ ਉਤੇਜਿਤ ਹੋਈਆਂ ਭਾਵਨਾਵਾਂ ਜੀਵਨ ਵਿੱਚ ਰਸ ਘੋਲ ਦਿੰਦੀਆਂ ਹਨ ਜਦੋਂਕਿ ਭਾਵਨਾਤਮਿਕ ਫਿੱਕ ਕਾਰਨ ਮਨ ਉਪਰਾਮਤਾ ਵੱਲ ਨੂੰ ਝੁਕ ਜਾਂਦਾ ਹੈ। ਇਸੇ ਕਾਰਨ ਨਸ਼ਿਆਂ ਦਾ ਸੇਵਨ ਆਮ ਹੁੰਦਾ ਜਾ ਰਿਹਾ ਹੈ ਅਤੇ ਇਸ ਸੋਚ ਅਧੀਨ ਵੀ ਕਿ ਦੁਨੀਆਂ ਵਿੱਚ ਵਿਚਰਦਿਆਂ ਦੁਨੀਆਂ ਤੋਂ ਉਪਰਾਮ ਹੋਣ ਦੇ ਕੀ ਅਰਥ?

ਨਸ਼ੇ ਭਾਵੇਂ ਭਾਵਨਾਵਾਂ ਲਈ ਉਤੇਜਿਤ ਸਿੱਧ ਹੋ ਰਹੇ ਹੋਣ ਅਤੇ ਭਾਵੇਂ ਮਾਨਸਿਕ ਸੰਤੁਲਨ ਦੀ ਮੁੜ ਸਥਾਪਨਾ ਦਾ ਸਾਧਨ, ਫਿਰ ਵੀ ਇਨ੍ਹਾਂ ਦੁਆਰਾ ਉਪਜਾਈ ਅਵਸਥਾ ਆਰਜ਼ੀ ਹੁੰਦੀ ਹੈ ਜਿਸ ਕਾਰਨ ਇਨ੍ਹਾਂ ਦਾ ਸੇਵਨ ਕਰ ਰਿਹਾ ਵਿਅਕਤੀ ਇਨ੍ਹਾਂ ਦੀ ਲਗਾਤਾਰ ਵਰਤੋਂ ਕਰਨ ਦਾ ਆਦੀ ਹੋ ਜਾਂਦਾ ਹੈ। ਨਸ਼ੀਲੇ ਪਦਾਰਥਾਂ ਪ੍ਰਤੀ ਅਜਿਹਾ ਵਿਹਾਰ ਕਿਸੇ ਹਾਲ ਵੀ ਸਵੀਕਾਰ ਨਹੀਂ ਹੋਣਾ ਚਾਹੀਦਾ, ਦਵਾਈ ਵਜੋਂ ਵੀ ਨਹੀਂ। ਆਕਾਸ਼ੀਂ ਉੱਡ ਕੇ ਮੁੜ ਹੇਠ ਡਿੱਗਣ ਨਾਲੋਂ ਧਰਤੀ ਉਪਰ ਵਿਚਰਦੇ ਰਹਿਣਾ ਹੀ ਭਲਾ। ਬਕੌਲ ਸ਼ਾਇਰ:

**ਦੇਤੇ ਹੈਂ ਜੰਨਤ ਹਯਾਤ-ਏ ਦਹਰ ਕੇ ਬਦਲੇ,**
**ਨਸ਼ਾ ਬ-ਅੰਦਾਜ਼ਾ, ਖ਼ੁਮਾਰ ਨਹੀਂ ਹੈ।**

# ਫਾਸ਼ਿਸਟ ਧਿਰਾਂ ਦੇ ਟਾਕਰੇ ਲਈ, ਜਮਾਤੀ ਲੜਾਈ ਦੇਣ ਵਾਲੀ ਨਵੀਂ ਕਮਿਊਨਿਸਟ ਪਾਰਟੀ ਦੀ ਲੋੜ

ਅੱਜ ਦੇਸ ਵਿੱਚ ਸਾਡੀਆਂ ਕਮਿਊਨਿਸਟ ਧਿਰਾਂ, ਕਿਸੇ ਗਿਣਤੀ ਵਿਚ ਨਹੀਂ ਰਹੀਆਂ, ਕਿਉਂਕਿ ਉਹ ਜਮਾਤੀ ਲੜਾਈ (ਪਾਰਲੀਮੈਂਟਰੀ) ਛੱਡਕੇ, ਲੰਮੇ ਸਮੇ ਤੋਂ ਜਮਾਤੀ ਭਿਆਲੀ ਦੀ ਪਟੜੀ ਚੜ੍ਹ ਚੁੱਕੀਆਂ ਹਨ। ਜਿਸ ਕਰਕੇ ਮਿਹਨਤਕਸ਼ ਜਨਤਾ ਨੂੰ ਉਹਨਾਂ ਉਪਰ ਵਿਸ਼ਵਾਸ਼ ਨਹੀਂ ਰਿਹਾ। ਇਸੇ ਕਰਕੇ ਲੋਕਸਭਾ ਅਤੇ ਵਿਧਾਨ ਸਭਾਵਾਂ ਵਿਚ ਉਨਾਂ ਦੀ ਗਿਣਤੀ ਨਾਮ ਮਾਤਰ ਰਹਿ ਗਈ ਹੈ ਅਤੇ ਫਾਸ਼ਿਸਟ ਤਾਕਤਾਂ ਦੇਸ ਉਪਰ ਮਕੰਮਲ ਕਬਜੇ ਵਲ ਵੱਧ ਰਹੀਆਂ ਹਨ। ਇਹਨਾਂ ਦੇ ਟਾਕਰੇ ਲਈ ਜਮਾਤੀ ਟੱਕਰ ਦੇਣ ਵਾਲੀ ਨਵੀਂ ਕਮਿਊਨਿਸਟ ਪਾਰਟੀ ਦੀ ਅਣ ਸਰਦੀ ਲੋੜ ਹੈ, ਤਾਂ ਜੋ ਫਾਸ਼ਿਸਟ ਤਾਕਤਾਂ ਦਾ ਮੁਕਾਬਲਾ ਕੀਤਾ ਜਾ ਸਕੇ। ਪਾਰਟੀ ਦੀ ਲੀਡਰਸ਼ਿਪ ਸਿਰਫ ਮੇਹਨਤੀ ਤੇ ਗਰੀਬ ਜਨਤਾ ਵਿਚੋਂ ਹੋਵੇ ਅਤੇ ਬਿਨਾ ਜਿੱਤ ਹਾਰ ਦੀ ਪ੍ਰਭਾਵ ਕੀਤੇ, ਹਰ ਮੋਰਚੇ ਉਤੇ ਜਮਾਤੀ ਟੱਕਰ ਦਿਤੀ ਜਾਵੇ। ਜਿਸ ਦੀ ਮੈਂਬਰਸ਼ਿਪ ਕੇਵਲ ਮਿਹਨਤਕਸ਼ ਜਨਤਾ ਵਿਚੋਂ ਹੀ ਕੀਤੀ ਜਾਵੇ, ਸਰਦੇ ਪੁਜਦੇ ਲੋਕਾਂ ਨੂੰ ਪਾਰਟੀ ਦੇ ਮੈਂਬਰ ਨਾਂ ਬਣਾਇਆ ਜਾਵੇ ਤਾਂ ਹੀ ਅਸੀਂ ਫਾਸ਼ਿਸਟ ਤਾਕਤਾਂ ਦਾ ਮੁਕਾਬਲਾ ਕਰ ਸਕਦੇ ਹਾਂ। ਜਦ ਵੀ ਕਿਸੇ ਧਿਰ ਨੇ ਮਿਹਨਤੀ ਲੋਕਾਂ ਦੀ ਗੱਲ ਹੀ ਕੀਤੀ ਤਾਂ ਲੋਕਾਂ ਨੇ ਉਸ ਨੂੰ ਹਥਾਂ ਉਪਰ ਚੁਕਿਆ ਅਤੇ ਉਸ ਨੂੰ ਰਾਜਨੀਤੀ ਦੀਆਂ ਪੌੜੀਆਂ ਚੜਾ ਕੇ ਤਾਕਤ ਬਖਸ਼ੀ, ਪਰ ਉਹ ਤਾਕਤ ਮਿਲਦਿਆਂ ਹੀ ਲੋਕਾਂ ਨੂੰ ਭੁਲ ਜਾਂਦੇ ਰਹੇ। ਜਿਸ ਦੀ ਮਿਸਾਲ ਹਨ, 1977 ਵਿਚ ਬਣੀ ਜਨਤਾ ਪਾਰਟੀ, ਅਤੇ ਉਸ ਤੋਂ ਬਾਅਦ ਬਹੁਜਨ ਸਮਾਜ ਪਾਰਟੀ, ਅਤੇ ਆਮ ਆਦਮੀ ਪਾਰਟੀ ਦਾ ਉਭਾਰ ਅਤੇ ਨਿਘਾਰ। ਜਦੋਂ ਉਹਨਾਂ ਲੋਕਾਂ ਦੀ ਗੱਲ ਕੀਤੀ ਤਾਂ ਲੋਕਾਂ ਉਹਨਾਂ ਨੂੰ ਤਾਕਤ ਬਖਸ਼ੀ, ਜੱਦ ਉਨਾਂ ਤਾਕਤ ਵਿਚ ਆ ਕੇ ਧੰਨੀਆਂ ਨਾਲ ਹੱਥ ਮਿਲਾਏ ਤਾਂ ਲੋਕਾਂ ਉਨਾਂ ਤੋਂ ਅਪਣੇ ਹੱਥ ਪਿਛੇ ਖਿੱਚ ਲਏ। ਸੀਪੀਐਮ ਨੂੰ ਲਗਾਤਾਰ 30 ਸਾਲ ਪੱਛਮੀ ਬੰਗਾਲ ਵਿਚ ਲੋਕਾਂ ਨੇ ਤਾਕਤ ਬਖਸ਼ੀ। ਪਾਰਟੀ ਦੀ ਸਰਕਾਰ ਨੇ ਟਾਟਿਆਂ ਨੂੰ ਨੈਨੋਂ ਕਾਰ ਦੇ ਕਾਰਖਾਨੇ ਲਈ ਨੰਦੀ ਗਰਾਂਮ ਵਿਚ ਜਮੀਨ ਦੇਣ ਲਈ, ਕਈ ਪਿੰਡ ਖਾਲੀ ਕਰਵਾਉਣ ਲਈ ਲੋਕਾਂ ਤੇ ਗੋਲੀਆਂ ਚਲਾਈਆਂ ਤੇ ਸਿਰੇ ਦੀ ਜਮਾਤੀ ਭਿਆਲੀ ਦਾ ਨੰਗਾ ਨਾਚ ਕੀਤਾ। ਲੋਕਾਂ ਨੇ ਡੱਟ ਕੇ ਉਸ ਦਾ ਵਿਰੋਧ ਕੀਤਾ, ਲੋਕਾਂ ਦੀ ਹਿਮਾਇਤ ਸਿਰਫ ਤਿਰਮੂਲ ਕਾਂਗਰਸ ਦੀ ਆਗੂ, ਮੰਮਤਾ ਬੈਨਰਜੀ ਨੇ ਕੀਤੀ। ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੰਗਾਲ ਦੀ ਜਨਤਾ ਨੇ ਰਾਜ ਦੀ ਵਾਗਡੋਰ ਮੰਮਤਾ ਜੀ ਨੂੰ ਸੌਂਪ ਦਿੱਤੀ, ਤੇ ਟਾਟੇ ਦੇ ਹਿਮਾਇਤੀਆਂ ਨੂੰ ਜਮਾਤੀ ਭਿਆਲੀ ਦੀ ਐਸੀ ਸਜਾ ਦਿਤੀ ਕਿ ਉਹ ਉਸ ਤੋਂ ਅਗਲੀਆਂ ਚੋਣਾਂ ਵੀ ਹਾਰ ਗਏ। ਦੇਸ ਦੀ 70 ਕ੍ਰੋੜ ਜਨਤਾ ਨੂੰ ਸਿਰਫ ਕੁੱਲੀ, ਗੁੱਲੀ ਅਤੇ ਜੁਲੀ ਦੇ ਫਿਕਰਾਂ ਵਿਚ ਜਿੰਦਗੀ ਗੁਜਾਰਨੀ ਪੈ ਰਹੀ ਹੈ, 40 ਕ੍ਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਦੂਜੇ ਪਾਸੇ ਧੰਨੀ ਲੋਕ 125 ਕਮਰਿਆਂ ਵਾਲੀਆਂ ਆਲੀਸ਼ਾਨ ਬਿਲਡਿੰਗਾਂ ਬਣਾਕੇ, ਦੁਨੀਆਂ ਭਰ ਵਿਚੋਂ ਇੱਕ ਨੰਬਰ ਦੇ ਅਮੀਰ ਹੋਣ ਦਾ ਵਿਖਾਵਾ ਕਰ ਰਹੇ ਹਨ। ਸਰਕਾਰਾਂ ਨੇ ਮੇਹਨਤੀ ਲੋਕਾਂ ਦੀ ਲੁੱਟ ਹੋਰ ਤਿੱਖੀ ਕਰ ਦਿਤੀ ਹੈ। ਉਹਨਾਂ ਨੂੰ ਸਿਰਫ ਚੋਣਾਂ ਵੇਲੇ ਸਬਜਬਾਗ ਵਿਖਾਏ ਜਾਂਦੇ ਹਨ, ਤੇ ਚੋਣਾਂ ਤੋਂ ਬਾਅਦ ਆਖ ਦਿਤਾ ਜਾਂਦਾ ਹੈ, ਇਹ ਤਾਂ ਚੋਣ ਜੁਮਲੇ ਸਨ। ਮੇਹਨਤੀ ਜਨਤਾ ਵਿਚ ਜਮਾਤੀ ਸੋਚ ਹੈ, ਪਰ ਜਮਾਤੀ ਪਾਰਟੀ ਦੀ ਲੋੜ ਹੈ, ਜੱਦ ਵੀ ਚੋਣਾਂ ਵਿਚ ਟੱਕਰ ਅਮੀਰ ਗਰੀਬ ਵਿਚ ਹੋਵੇ ਤਾਂ ਜਿੱਤ ਹਮੇਸ਼ਾ ਗਰੀਬ ਦੀ ਹੁੰਦੀ ਹੈ। ਕੁਝ ਉਧਾਰਨਾਂ ਪੇਸ਼ ਹਨ= ਫਰੀਦਕੋਟ ਪਾਰਲੀਮੈਂਟ ਸੀਟ ਉਪਰ ਅਕਾਲੀ ਪਾਰਟੀ ਵਲੋਂ ਸੁਖਬੀਰ ਬਾਦਲ ਧੰਨ ਦੀ ਕੰਮੀ ਨਹੀ, ਬਾਪ ਮੁੱਖ-ਮੰਤਰੀ। ਕਾਂਗਰਸ ਵਲੋਂ ਕਿਰਨ ਬਰਾੜ ਬੇਟੀ, ਹਰਚਰਨ ਬਰਾੜ ਧੰਨ ਦੀ ਕਮੀ ਨਹੀ। ਇਕ ਅਜਾਦ ਉਮੀਦਵਾਰ ਸਧਾਰਨ ਕਿਸਾਨ ਪ੍ਰੀਵਾਰ ਵਿਚੋਂ ਖੜਾ ਹੋ ਗਿਆ, ਲੋਕ ਆਖਣ ਧੰਨੀਆਂ ਦੇ ਭੇੜ ਵਿੱਚ ਜਗਮੀਤ ਬਰਾੜ ਦਾ ਕੀ ਬਣੂ ਐਂਵੇਂ ਫਸ ਗਿਆ। ਜਦ ਚੋਣ ਨਤੀਜਾ ਆਇਆ ਤਾਂ ਦੋਵਾਂ ਸਰਦਾਰਾਂ ਦੇ ਧੀ ਅਤੇ ਪੁੱਤਰ ਹਾਰ ਗਏ ਅਤੇ ਲੋਕਾਂ ਨੇ ਜਗਮੀਤ ਬਰਾੜ ਨੂੰ ਮੈਂਬਰ ਲੋਕਸਭਾ ਬਣਾ ਕੇ ਦਿੱਲੀ ਭੇਜ ਦਿਤਾ, ਇਹ ਲੋਕਾਂ ਦਾ ਜਮਾਤੀ ਨਿਰਨਾ ਸੀ। ਨੰਬਰ 2 = ਮੁੱਕਤਸਰ ਵਿਧਾਨਸਭਾ ਸੀਟ= ਅਕਾਲੀ ਦਲ ਵਲੋਂ ਭਾਈ ਕੁਕੂ ,(ਪੂਰਾ ਨਾਂ ਪਤਾ ਨਹੀਂ) ਵੱਡਾ ਧੰਨਵਾਨ, ਤੇ ਕਾਂਗਰਸ ਵਲੋਂ ਹਰਚਰਨ ਬਰਾੜ। ਤੀਸਰਾ ਇਕ ਅਜਾਦ ਉਮੀਦਵਾਰ ਪੇਂਡੂ ਕਿਸਾਨ, ਪਿੰਡ ਮਰਾੜਾਂ ਦਾ ਸਰਪੰਚ (ਪੂਰਾ ਨਾਂ ਪਤਾ ਨਹੀਂ) ਉਸ ਨੂੰ ਮਰਾੜ ਹੀ ਆਖਦੇ ਹਨ, ਖੱੜਾ ਹੋ ਗਿਆ। ਲੋਕ ਆਖਣ ਮਰਾੜ ਐਵੇਂ ਖੜਾ ਹੋ ਗਿਆ ਏਹਦਾ ਸਰਦਾਰਾਂ ਨਾਲ ਕੀ ਮੁਕਾਬਲਾ ਹੈ, ਪਰ ਜਦ ਨਤੀਜਾ ਆਇਆ ਤਾਂ ਦੋਵੇਂ ਸਰਦਾਰ ਹੋ ਗਏ ਚਿੱਤ ਤੇ ਮਰਾੜ ਗਿਆ ਜਿੱਤ। ਮੇਰੇ ਪਿੰਡ ਬਰਗਾੜੀ ਪੰਚਾਇਤ ਸੰਮਤੀ ਦੀ ਚੋਣ, ਅੱਠ ਪਿੰਡਾਂ ਦਾ ਜੋਨ, ਅਕਾਲੀ ਦਲ ਵਲੋਂ ਇਕ ਧੰਨੀ ਸਰਦਾਰ, ਕਾਂਗਰਸ ਵਲੋਂ ਵੀ ਚੰਗੇ ਪੈਸੇ ਵਾਲਾ ਨੌਂਜਵਾਨ ਖੜਾ ਕੀਤਾ, ਇਕ ਅਜਾਦ ਉਮੀਦਵਾਰ ਬਿਲਕੁਲ ਗਰੀਬ ਘਰ ਦਾ ਨੌਂਜਵਾਨ ਖੱੜਾ ਹੋ ਗਿਆ। ਉਹ ਪੰਡਤ ਬਰਾਦਰੀ ਵਿਚੋਂ ਸੀ, ਉਹਨਾਂ ਦੀਆਂ ਤਿੰਨ ਕੁ ਸੌ ਵੋਟਾਂ ਪਿੰਡ ਵਿਚ ਸਨ, ਸਾਰੇ ਆਖਣ ਇਹ ਪੰਡਤ ਐਵੇਂ ਪੰਗੇ ਲੈਂਦਾ ਇਹਨੂੰ ਕੀਹਨੇ ਵੋਟ ਪਾਉਣੀ ਐਂ। ਗਰੀਬ ਘਰਾਂ ਦੇ ਪੰਦਰਾਂ-ਵੀਹ ਨੌਂਜਵਾਨ ਉਹਦੇ ਨਾਲ ਤੁਰ ਪਏ, ਉਹਨਾਂ ਅਠਾਂ ਪਿੰਡਾਂ ਵਿਚ ਸਈਕਲਾਂ ਤੇ ਜਾ ਕੇ ਵੋਟਾਂ ਮੰਗੀਆਂ। ਕਾਂਗਰਸੀ ਤੇ ਅਕਾਲੀਆਂ ਨੇ ਖੂਬ ਜੀਪਾਂ ਘੁਮਾਈਆਂ, ਜਦ ਨਤੀਜਾ ਆਇਆ ਤਾਂ ਗਰੀਬ ਅਜਾਦ ਉਮੀਦਵਾਰ ਜਿੱਤ ਗਿਆ। ਉਸ ਨੇ ਦੋਵਾਂ ਉਮੀਦਵਾਰਾਂ ਦੀਆਂ ਸਾਂਜੀਆਂ ਵੋਟਾਂ ਨਾਲੋਂ ਵੀ 175 ਵੋਟਾਂ ਜਿਆਦਾ ਲੈ ਕੇ ਜਿੱਤ ਹਾਸਲ ਕੀਤੀ, ਇਹ ਹੈ ਲੋਕਾਂ ਦੀ ਜਮਾਤੀ ਚੇਤਨਾ ਦਾ ਨਤੀਜਾ। ਲੋਕ ਜਮਾਤੀ ਚੇਤਨਾ ਨੂੰ ਨਹੀਂ ਭੁਲੇ, ਇਹ ਤਾਂ ਸਾਡੀਆਂ ਕਮਿਉਨਿਸਟ ਧਿਰਾਂ ਹਨ, ਜੋ ਲੋਕਾਂ ਨੂੰ ਭੁਲ ਕੇ ਧੰਨੀਆਂ ਨਾਲ ਸਾਂਝ ਪਾ ਕੇ, ਅਪਣੇ ਖਾਤਮੇ ਦੇ ਰਾਹ ਪੈ ਗਈਆਂ।

**ਕਾਮਰੇਡ ਗੁਰਮੇਲ ਬਰਗਾੜੀ ਬਰੈਂਪਟਨ ਕੈਨੇਡਾ**
ਫੋਨ : 416 845 7534

ਪਰਦੇ ਦੀਆਂ ਪਰਤਾਂ-9

# ਸ਼ਬਦਾਂ ਤੋਂ ਦ੍ਰਿਸ਼-ਲੜੀ ਬਣਨ ਦਾ ਬਿਖੜਾ ਪੈਂਡਾ

## ਕਿਤਾਬਾਂ ਤੇ ਆਧਾਰਿਤ ਹਿੰਦੀ ਸਿਨੇਮਾ (ਭਾਗ-ਪਹਿਲਾ)



ਕੁਲਦੀਪ ਕੌਰ
98554-04330


ਸਿਨੇਮਾ ਅਤੇ ਸਾਹਿਤ ਦਾ ਆਪਸੀ ਰਿਸ਼ਤਾ ਬਹੁਪਰਤੀ ਤੇ ਗੁੰਝਲਦਾਰ ਹੈ। ਕਿਸੇ ਸਾਹਿਤਕ ਕਿਰਤ ਨੂੰ ਦ੍ਰਿਸ਼ਾਂਵਲੀ ਵਿੱਚ ਬਦਲਣ ਦੀ ਪ੍ਰਕ੍ਰਿਆ ਜਿੱਥੇ ਸੂਖਮ ਦ੍ਰਿਸ਼ਟੀ ਦੀ ਮੰਗ ਕਰਦੀ ਹੈ ਉੱਥੇ ਜਿਸ ਸੰਦਰਭ ਵਿੱਚ ਉਹ ਲਿਖਤ ਰਚੀ ਹੋਈ ਹੈ, ਉਸ ਦੀ ਮੂਲਤਾ ਅਤੇ ਅਰਥਾਂ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਣ ਦਾ ਮਸਲਾ ਵੀ ਦਰਪੇਸ਼ ਆਉਂਦਾ ਹੈ। ਇਸ ਸਬੰਧ ਵਿੱਚ ਫਿਲਮ ਚਿੰਤਕ ਐਂਡਰਿਊ ਬੈਂਨਜ਼, ਬੇਲਾ ਬਾਲਜ਼ਾਕ ਅਤੇ ਜਾਰਜ ਬਲਿਊਸਟੋਨ ਦੇ ਵਿਚਾਰ ਧਿਆਨ ਦੀ ਮੰਗ ਕਰਦੇ ਹਨ ਬੇਲਾ ਬਾਲਜ਼ਾਕ ਆਪਣੀ ਇੱਕ ਲ਼ਿਖਤ, 'ਥਿਊਰੀ ਆਫ ਦੀ ਫਿਲਮ:ਕਰੈਕਟਰ ਐਂਡ ਗਰੋਥ ਆਫ ਏ ਨਿਊ ਆਰਟ' ਵਿੱਚ ਲਿਖਦੇ ਹਨ ਕਿ ਕਿਸੇ ਫਿਲਮ ਦੀ ਪਟਕਥਾ ਆਪਣੇ-ਆਪ ਵਿੱਚ ਇੱਕ ਵੱਖਰੀ ਸਾਹਿਤਕ ਵਿਧਾ ਹੈ। ਜਦੋਂ ਕਿਸੇ ਨਾਵਲ ਨੂੰ ਫਿਲਮ ਦੇ ਰੂਪ ਵਿੱਚ ਢਾਲਿਆ ਜਾਂਦਾ ਹੈ ਤਾਂ ਨਾਵਲ ਦੀ ਸਮੱਗਰੀ ਕੱਚੇ ਮਾਲ ਦਾ ਕੰਮ ਕਰਦੀ ਹੈ। ਇਸ ਕੱਚੇ ਮਾਲ ਵਿੱਚ ਪਏ ਵਿਚਾਰਾਂ, ਯਥਾਰਥ ਅਤੇ ਕੇਂਦਰੀ ਨੁਕਤਿਆਂ ਨੂੰ ਜਿੰਨੇ ਸੁਚੱਜੇ ਢੰਗ ਨਾਲ ਦ੍ਰਿਸ਼ਾਂ ਦੀ ਲਗਾਤਾਰਤਾ ਰਾਹੀ ਸਜੀਵ ਕੀਤਾ ਜਾ ਸਕੇਗਾ, ਉੱਨਾ ਹੀ ਫਿਲਮ ਨਾਵਲ ਦੀ ਸਾਰਥਿਕਤਾ ਨੂੰ ਬਣਾਈ ਰੱਖੇਗੀ। ਇੱਥੇ ਧਿਆਨ ਰੱਖਣ ਯੋਗ ਨੁਕਤਾ ਇਹ ਹੈ ਕਿ ਨਾਵਲ ਨੂੰ ਫਿਲਮ ਵਿੱਚ ਤਬਦੀਲ ਕਰਣ ਦੀ ਪ੍ਰਕ੍ਰਿਆ ਵਿੱਚ ਤਕਨੀਕ, ਸੁਹਜ ਅਤੇ ਡਿਜ਼ਾਈਨ ਵੀ ਆਪਣੀ ਮਹਤੱਵਪੂਰਣ ਭੂਮਿਕਾ ਅਦਾ ਕਰਦੇ ਹਨ। ਇੱਕ ਹੋਰ ਫਿਲਮ ਚਿੰਤਕ ਐਂਦਰੇ ਬੈਜ਼ਨ ਅਨੁਸਾਰ ਜੇਕਰ ਨਾਵਲ ਵਿੱਚ ਯਥਾਰਥ ਆਪਣੇ ਮੂਰਤ ਰੂਪ ਵਿੱਚ ਪਿਆ ਹੈ ਤਾਂ ਉਸ ਨੂੰ ਦ੍ਰਿਸ਼ਾਵਲੀ ਵਿੱਚ ਤਬਦੀਲ ਕਰਨਾ ਸੌਖਾ ਹੈ ਪਰ ਜੇ ਇਹ ਯਥਾਰਥ ਅਮੂਰਤ ਰੂਪ ਵਿੱਚ ਹੈ (ਖਾਸ ਤੌਰ 'ਤੇ ਮਨੋਵਿਗਿਆਨਕ ਸਰੂਪ ਵਾਲੀ ਅਤੇ ਚੁੱਪ ਦੀ ਭਾਸ਼ਾ) ਤਾਂ ਉਸ ਨੂੰ ਪਰਦੇ ਤੇ ਸਾਕਾਰ ਕਰਨਾ ਇੱਕ ਤਰ੍ਹਾਂ ਨਾਲ ਉਸਦੀ ਨਵੇਂ ਸਿਰਿਉਂ ਰਚਨਾ ਕਰਨਾ ਹੈ।

ਭਾਰਤੀ ਸਿਨੇਮਾ ਵਿੱਚ ਸਮੇਂ-ਸਮੇਂ ਤੇ ਅਜਿਹੀਆਂ ਫਿਲਮਾਂ ਬਣਦੀਆਂ ਰਹੀਆਂ ਹਨ ਜਿਹਨਾਂ ਦੀ ਪਟਕਥਾ ਅਤੇ ਕਹਾਣੀ ਕਿਸੇ ਨਾਵਲ ਜਾਂ ਕਹਾਣੀ ਤੇ ਆਧਾਰਿਤ ਰਹੀ ਹੈ। ਕਵਿਤਾ ਤੇ ਆਧਾਰਿਤ ਸਿਨੇਮਾ ਦਾ ਨਿਰਮਾਣ ਹਾਲੇ ਮੁਮਕਿਨ ਨਹੀਂ ਹੋ ਸਕਿਆ ਭਾਵੇਂ ਸ਼ੇਖਰ ਸੁਮਨ ਨੇ ਫਿਲਮ 'ਨਜ਼ਰ' ਬਣਾਕੇ ਇੱਕ ਨਵੀਂ ਪਿਰਤ ਪਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਜੇਕਰ ਭਾਰਤੀ ਸਿਨੇਮਾ ਵਿੱਚ ਬਣੀਆਂ ਮਹਤੱਵਪੂਰਣ ਫਿਲਮਾਂ ਦੀ ਲਿਸਟ ਬਣਾਉਣੀ ਹੋਵੇ ਤਾਂ ਫਿਲਮ ਨਿਰਦੇਸ਼ਕ ਸੱਤਿਆਜੀਤ ਰੇਅ ਦੀਆਂ ਫਿਲਮਾਂ ਤੋਂ ਬਿਨਾਂ ਇਹ ਲਿਸਟ ਅਧੂਰੀ ਹੋਵੇਗੀ। ਉਹਨਾਂ ਦੀਆਂ ਜ਼ਿਆਦਾਤਰ ਫਿਲਮਾਂ ਨਾਵਲਾਂ ਅਤੇ ਕਹਾਣੀਆਂ ਤੇ ਹੀ ਆਧਾਰਿਤ ਸਨ। ਉਹਨਾਂ ਦੁਆਰਾ ਨਿਰਦੇਸ਼ਤ ਫਿਲਮ 'ਸਦਗਤੀ' ਮੁਨਸ਼ੀ ਪ੍ਰੇਮ




ਚੰਦ ਦੇ ਇਸੇ ਨਾਮ ਦੇ ਨਾਵਲ ਤੇ ਆਧਾਰਿਤ ਸੀ ਅਤੇ ਇਸ ਦਾ ਨਿਰਮਾਣ ਦੂਰਦਰਸ਼ਨ ਨੇ ਕੀਤਾ ਸੀ। ਮੁਨਸ਼ੀ ਪ੍ਰੇਮ ਚੰਦ ਦੀ ਇਹ ਕਹਾਣੀ ਉੱਚ-ਜਾਤ ਦੀ ਹੈਂਕੜੀ ਨਾਲ ਭਰੇ ਇੱਕ ਅਜਿਹੇ ਬ੍ਰਾਹਮਣ ਦੀ ਕਹਾਣੀ ਹੈ ਜਿਹੜਾ ਆਪਣੀ ਹੱਠਧਰਮੀ ਨਾਲ ਇੱਕ ਗਰੀਬ ਮਜ਼ਦੂਰ ਦੀ ਜਾਨ ਲੈ ਲੈਂਦਾ ਹੈ। ਜ਼ਾਤ ਦੀ ਗੈਰ=ਮਾਨਵੀ ਕੁਪ੍ਰਥਾ ਤੇ ਵਿਅੰਗ ਕਰਦੀ ਇਹ ਫਿਲਮ ਉਮਪੁਰੀ, ਸਮਿਤਾ ਪਾਟਿਲ ਅਤੇ ਮੋਹਨ ਅਗਾਸੇ ਦੀ ਇੱਕ ਯਾਦਗਾਰੀ ਫਿਲਮ ਹੈ। ਫਿਲਮ ਦੀ ਕਹਾਣੀ ਅਨੁਸਾਰ ਇੱਕ ਮਜ਼ਦੂਰ ਆਪਣੀ ਕੁੜੀ ਦੇ ਵਿਆਹ ਲਈ ਬ੍ਰਾਹਮਣ ਤੋਂ ਲਾਵਾਂ ਦਾ ਸਮਾਂ ਮੰਗਣ ਜਾਂਦਾ ਹੈ ਤਾਂ ਬ੍ਰਾਹਮਣ ਉਸ ਭੁੱਖੇ ਤੇ ਕੰਮਜ਼ੋਰ ਮਜ਼ਦੂਰ ਤੋਂ ਉਦੋਂ ਤੱਕ ਕੰਮ ਕਰਵਾਉਂਦਾ ਹੈ ਜਦ ਤੱਕ ਉਸਦੀ ਮੌਤ ਨਹੀਂ ਹੋ ਜਾਂਦੀ। ਇਸ ਤੋਂ ਬਾਅਦ ਦੀ ਤਰਾਸਦੀ ਹੋਰ ਵੀ ਭਿਆਨਕ ਹੈ। ਉਸ ਮਜ਼ਦੂਰ ਦੀ ਲਾਸ਼ ਨਾਲ ਬ੍ਰਾਹਮਣਾਂ ਦਾ ਪਾਣੀ ਲਈ ਖੂਹ ਤੱਕ ਜਾਣ ਵਾਲ ਰਾਸਤਾ ਬੰਦ ਹੋ ਜਾਂਦਾ ਹੈ। ਹੁਣ ਬ੍ਰਾਹਮਣ ਦੇ ਸਾਹਮਣੇ ਇਹ ਦਵੰਦ ਪੈਂਦਾ ਹੁੰਦਾ ਹੈ ਕਿ ਉਹ ਉਸ ਅਛੂਤ ਮਜ਼ਦੂਰ ਦੀ ਲਾਸ਼ ਨੂੰ ਹੱਥ ਕਿਵੇਂ ਲਾਵੇ? ਉਸ ਨੂੰ ਪਤਾ ਹੈ ਕਿ ਜੇਕਰ ਸਵੇਰੇ ਸਾਰੇ ਪਿੰਡ ਨੇ ਇਹ ਲਾਸ਼ ਦੇਖੀ ਤਾਂ ਉਸ ਤੇ ਸਵਾਲ ਉੱਠ ਸਕਦੇ ਹਨ। ਇਸ ਲਈ ਉਸ ਰਾਤ ਨੂੰ ਚੋਰੀ ਛਿੱਪੇ ਦੁਖੀ ਦੀ ਲਾਸ਼ ਨੂੰ ਇੱਕ ਉਜਾੜ ਜਗਹ ਤੇ ਸੁੱਟ ਦਿੰਦਾ ਹੈ। ਇਸ ਤਰ੍ਹਾਂ ਇਹ ਫਿਲਮ ਤੇ ਕਹਾਣੀ ਉੱਚ-ਧਰਮ ਅਤੇ ਉੱਚ- ਜਾਤ ਦੀ ਆੜ ਹੇਠ ਅਨੈਤਿਕਤਾ ਅਤੇ ਹਿੰਸਾਤਮਕ ਵਰਤਾਰਿਆਂ ਦੀ ਜ਼ਾਮਣੀ ਭਰਦੀ ਹੈ। ਫਿਲਮ ਵਿੱਚ ਦੁਖੀ ਦੇ ਰੂਪ ਵਿੱਚ ਉਮਪੁਰੀ ਦੀ ਅਦਾਕਾਰੀ ਆਪਣੀ ਮਿਸਾਲ ਆਪ ਹੈ।

ਸੱਤਿਆਜੀਤ ਰੇਅ ਦੁਆਰਾ ਹੀ ਨਿਰਦੇਸ਼ਤ ਫਿਲਮ 'ਸ਼ਤਰੰਜ਼ ਕੇ ਖਿਲਾੜੀ' ਵੀ ਮੁਨਸ਼ੀ ਪ੍ਰੇਮ ਚੰਦ ਦੁਆਰਾ ਲਿਖੀ ਇਸੇ ਨਾਮ ਦੀ ਕਹਾਣੀ ਤੇ ਆਧਾਰਿਤ ਹੈ। ਇਸ ਫਿਲਮ ਦੀ ਕਹਾਣੀ ਬਹੁਤ ਸਧਾਰਣ ਹੁੰਦਿਆਂ ਵੀ ਅਸਾਧਾਰਣ ਹੈ। ਫਿਲਮ ਦੀ





ਕਹਾਣੀ ਦਾ ਸਮਾਂ ਅੰਗਰੇਜ਼ਾਂ ਦੇ ਭਾਰਤ ਉੱਪਰ ਕਾਬਿਜ਼ ਹੋਣ ਦਾ ਹੈ। ਫਿਲਮ ਬਹੁਤ ਸੂਖਮ ਤਰੀਕੇ ਨਾਲ ਅੰਗਰੇਜ਼ਾਂ ਦੇ ਭਾਰਤ ਉੱਪਰ ਕਬਜ਼ੇ ਸਮੇਂ ਸਾਮੰਤਾਂ/ਨਵਾਬਾਂ ਅਤੇ ਰਾਜਿਆਂ ਦੀ ਨਾ-ਅਹਿਲੀਅਤ ਨੂੰ ਪਰਦੇ ਤੇ ਸਾਕਾਰ ਕਰਦੀ ਹੈ। ਮਿਰਜ਼ਾ ਸਾਜਿਦ ਅਲੀ ਅਤੇ ਮਿਰਜ਼ਾ ਰੋਸ਼ਨ ਅਲੀ ਆਪਣੀ ਸ਼ਤਰੰਜ਼ ਦੀ ਖੇਡ ਦੇ ਪਿਆਦੇ ਬਚਾਉਣ ਵਿੱਚ ਇੰਨੇ ਮਗਨ ਹਨ ਕਿ ਉਹਨਾਂ ਨੂੰ ਇਸ ਦਾ ਅਹਿਸਾਸ ਤੱਕ ਨਹੀਂ ਹੁੰਦਾ ਕਿ ਅਸਲੀ ਬਾਜ਼ੀ ਤਾਂ ਅੰਗਰੇਜ਼ਾਂ ਦੇ ਹੱਥ ਜਾ ਚੁੱਕੀ ਹੈ ਅਤੇ ਉਹਨਾਂ ਦੀ ਖੁਦ ਦੀ ਹੋਂਦ ਤੱਕ ਖਤਰੇ ਵਿੱਚ ਹੈ। ਇਹ ਕਹਾਣੀ ਇਸ ਮਿੱਥ ਨੂੰ ਵੀ ਰੱਦ ਕਰਦੀ ਹੈ ਕਿ ਅੰਗਰੇਜ਼ਾਂ ਦੇ ਭਾਰਤ ਉੱਪਰ ਕਾਬਿਜ਼ ਹੋਣ ਤੋਂ ਪਹਿਲਾ 'ਸਭ ਠੀਕ-ਠਾਕ ਸੀ' ਸਗੋਂ ਇਸ ਗੱਲ ਦੀ ਜ਼ਾਮਣੀ ਭਰਦੀ ਹੈ ਕਿ ਉਸ ਸਮੇਂ ਵੀ ਹਾਕਮਾਂ ਦੀ ਨਜ਼ਰ ਵਿੱਚ ਆਪਣੀ ਪਰਜਾ ਲਈ ਭੋਰਾ ਭਰ ਵੀ ਮਮਤਾ ਨਹੀਂ ਸੀ ਬਲਿਕ ਉਹ ਆਪਣੀਆਂ ਤਿਕੜਮਾਂ ਅਤੇ ਖਬਤਾਂ ਵਿੱਚ ਰੁੱਝੇ ਹੋਏ ਸਨ।

ਨਾਵਲਾਂ ਤੇ ਬਣੀਆਂ ਫਿਲਮਾਂ ਦਾ ਜ਼ਿਕਰ ਆਉਂਦਿਆਂ ਹੀ ਫਿਲਮ 'ਦੇਵਦਾਸ' ਦੀ ਪਾਰੋ ਸੁੱਤੇ-ਸਿੱਧ ਹੀ ਯਾਦ ਆਉਂਦੀ





ਹੈ। ਪਾਰੋ ਦਾ ਕਿਰਦਾਰ ਭਾਰਤੀ ਸਾਹਿਤ ਅਤੇ ਸਿਨੇਮਾ ਦਾ ਸ਼ਾਇਦ ਸਭ ਤੋਂ ਉੱਲਝਿਆ ਹੋਇਆ ਕਿਰਦਾਰ ਹੈ। ਦਿਲਚਸਪ ਤੱਥ ਇਹ ਹੈ ਕਿ ਸਿਰਫ ਸਤਾਰਾਂ ਸਾਲ ਦੀ ਉਮਰ ਵਿੱਚ ਸ਼ਰਤ ਚੰਦਰ ਚੈਟਰਜੀ ਦੁਆਰਾ ਲਿਖੇ ਇਸ ਨਾਵਲ ਵਿੱਚ 'ਪਿਆਰ' ਦੇ ਅਣਸੁਲਝੇ ਰਹੱਸਾਂ ਉਤੇ ਵਿਸੰਗਤੀਆਂ ਨੂੰ ਇੰਨੇ ਖੂਬਸੂਰਤ ਤਰੀਕੇ ਨਾਲ ਗੁੱਥਿਆ ਗਿਆ ਹੈ ਕਿ ਹੁਣ ਤੱਕ ਸ਼ਬਦ 'ਦੇਵਦਾਸ' ਨਾਲ ਭਾਰਤੀਆਂ ਦਾ ਪਿਆਰ-ਨਫਰਤ ਵਾਲਾ ਰਿਸ਼ਤਾ ਬਾਦਸਤੂਰ ਬਣਿਆ ਹੋਇਆ ਹੈ। ਇਸ ਨਾਵਲ ਨੂੰ ਸਭ ਤੋਂ ਪਹਿਲਾ ਸੰਨ 1928 ਵਿੱਚ ਨਿਰਦੇਸ਼ਕ ਨਰੇਸ਼ ਮਿਸ਼ਰਾ ਨੇ ਫਿਲਮੀ ਰੂਪ ਦਿੱਤਾ। ਇਹ ਫਿਲਮ ਮੂਕ ਸੀ। 1935 ਵਿੱਚ ਨਿਊ ਥੀਏਟਰ ਕਲਕੱਤੇ ਵਾਲਿਆਂ ਨੇ ਇਸ ਨੂੰ ਹਿੰਦੀ ਅਤੇ ਬੰਗਾਲੀ ਦੋਵਾਂ ਭਾਸ਼ਾਵਾਂ ਵਿੱਚ ਬਣਾਕੇ ਰਿਲ਼ੀਜ਼ ਕੀਤਾ ਦੋਵਾਂ ਫਿਲਮਾਂ ਨੂੰ ਪੀ.ਸੀ ਬਰੂਆਂ ਨੇ ਨਿਰਦੇਸ਼ਿਤ ਕੀਤਾ। ਇਸ ਵਿੱਚ ਨਾਇਕ ਦੇ ਤੌਰ ਤੇ ਕੁੰਦਨ ਲਾਲ ਸਹਿਗਲ ਨੂੰ ਲਿਆ ਗਿਆ ਜੋ ਕਿ ਉਸ ਸਮੇਂ ਤੱਕ ਇੱਕ ਅਣਗੌਲਿਆ ਚਿਹਰਾ ਸੀ ਅਤੇ ਇੱਕ ਕੋਠੇ ਉੱਤੇ ਤਬਲਾ ਵਜਾਕੇ ਗੁਜ਼ਾਰਾ ਕਰਦੇ ਸਨ। ਇਹਨਾਂ ਦੋਵਾਂ ਫਿਲਮਾਂ ਵਿੱਚ ਕੈਮਰਾਮੈਨ ਬਿਮਲ ਰਾਏ ਸਨ ਜਿਹਨਾਂ ਦੇ ਜ਼ਿਹਨ ਵਿੱਚ ਇਹ ਕਹਾਣੀ 1955 ਤੱਕ ਚੱਲਦੀ ਰਹੀ ਤੇ ਉਹਨਾਂ ਨੇ ਸੁਚਿੱਤਰਾ ਸੇਨ ਅਤੇ ਦਲੀਪ ਕੁਮਾਰ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਦੇਵਦਾਸ' ਸੰਨ 1955 ਵਿੱਚ ਨਿਰਦੇਸ਼ਤ ਕੀਤੀ। ਸੰਨ 2002 ਵਿੱਚ ਸੰਜੇ ਲੀਲਾ ਭੰਸਾਲੀ ਨੇ ਇੱਕ ਹੋਰ 'ਦੇਵਦਾਸ' ਦਾ ਨਿਰਮਾਣ ਕੀਤਾ ਜਿਸ ਵਿੱਚ ਮੁੱਖ ਭੂਮਿਕਾਵਾਂ ਸ਼ਾਹਰੁੱਖ ਖਾਨ, ਐਸ਼ਵਰਿਆ ਰਾਏ ਅਤੇ ਮਾਧੁਰੀ ਦੀਕਸ਼ਤ ਨੇ ਅਦਾ ਕੀਤੀਆਂ




ਸਨ।

ਰੇਖਾ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਉਮਰਾਉ ਜਾਨ' ਦੀ ਪਟਕਥਾ ਵੀ ਇੱਕ ਨਾਵਲ 'ਉਮਰਾਉ ਜਾਨ ਅਦਾ' ਤੇ ਆਧਾਰਿਤ ਸੀ ਜਿਸ ਦੇ ਲੇਖਕ ਮਿਰਜ਼ਾ ਹਾਦੀ ਰੁਸਵਾ ਸਨ। ਕੁਝ ਦੰਦ-ਕਥਾਵਾਂ ਮੁਤਾਬਿਕ ਇਸ ਦੀ ਅਸਲ ਲੇਖਕਾ ਖੁਦ ਉਮਰਾਉ ਜਾਨ ਸੀ ਜੋ ਇੱਕ ਪੇਸ਼ਾਵਰ ਵੇਸਵਾ ਸੀ। ਨਾਵਲ ਅਤੇ ਫਿਲਮ ਦੀ ਕਹਾਣੀ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ ਅਤੇ ਯਥਾਰਥਵਾਦੀ ਮਾਹੌਲ ਨੂੰ ਨਿਰਦੇਸ਼ਕ ਮੁੱਜ਼ਫਰ ਅਲੀ ਨੇ ਜਿਉਂ ਦਾ ਤਿਉਂ ਫਿਲਮ ਵਿੱਚ ਜਿਉਂਦਾ ਕਰ ਦਿੱਤਾ ਹੈ। ਇੱਕ ਨਿੱਕੀ ਬੱਚੀ ਦੇ ਅਗਵਾ ਹੋਣ ਤੋਂ ਲਖਨਊ ਦੀ ਪ੍ਰਸਿੱਧ ਨਾਚੀ ਬਣਨ ਤੋਂ ਉਸ ਦੇ 'ਸਾਮਰਾਜ' ਦੇ ਉੱਜੜ ਜਾਣ ਨੂੰ ਫਿਲਮ ਬਾਖੂਬੀ ਬਿਆਨ ਕਰਦੀ ਹੈ। ਇਸ ਫਿਲਮ ਦਾ ਸੰਗੀਤ ਆਪਣੀਆਂ ਕਾਲਜਈ ਧੁਨਾਂ ਕਾਰਣ ਹਮੇਸ਼ਾ ਲਈ ਅਮਰ ਹੈ। 2006 ਵਿੱਚ ਨਿਰਦੇਸ਼ਕ ਜੇ.ਪੀ.ਦੱਤਾ ਨੇ ਐਸ਼ਵਰਿਆ ਰਾਏ ਅਤੇ ਅਭਿਸ਼ੇਕ ਬੱਚਨ ਨੂੰ ਮੁੱਖ ਭੂਮਿਕਾਵਾਂ ਵਿੱਚ ਲੈਕੇ ਇਸ ਕਹਾਣੀ ਨੂੰ ਦੁਹਰਾਇਆ ਐਪਰ ਇਹ ਫਿਲਮ ਆਪਣਾ ਪ੍ਰਭਾਵ ਛੱਡਣ ਵਿੱਚ ਨਾ-ਕਾਮਯਾਬ ਰਹੀ।

ਭਾਰਤ ਦੀ ਵੰਡ ਤੇ ਲਿਖੇ ਅਨੇਕਾਂ




ਨਾਵਲਾਂ ਅਤੇ ਕਹਾਣੀਆਂ ਵਿੱਚੋਂ ਖੁਸ਼ਵੰਤ ਸਿੰਘ ਦੁਆਰਾ ਲਿੱਖੇ ਨਾਵਲ 'ਏ ਟਰੇਨ ਨੂੰ ਪਾਕਿਸਤਾਨ' ਅਤੇ ਅੰਮ੍ਰਿਤਾ ਪ੍ਰੀਤਮ ਦੁਆਰਾ ਰਚਿਤ 'ਪਿੰਜਰ' ਦਾ ਆਪਣਾ ਖਾਸ ਮੁਕਾਮ ਹੈ। ਨਾਵਲ 'ਏ ਟਰੇਨ ਨੂੰ ਪਾਕਿਸਤਾਨ' ਦੇ ਫਿਲਮੀ ਰੂਪਾਂਤਰਣ ਵਿੱਚ ਪਮੇਲਾ ਰੁੱਕਸ ਨੇ ਬਹੁਤ ਸਾਰੀਆਂ ਤਬਦੀਲੀਆਂ ਵੀ ਕੀਤੀਆ। ਇਹਨਾਂ ਤਬਦੀਲੀਆਂ ਬਾਰੇ ਬਾਅਦ ਵਿੱਚ ਇੱਕ ਇੰਟਰਵਿਊ ਵਿੱਚ ਖੁਸ਼ਵੰਤ ਸਿੰਘ ਨੇ ਕਿਹਾ ਕਿ ਇਹ ਨਿਰਦੇਸ਼ਕ ਦੇ ਨਜ਼ਰੀਏ ਤੋਂ ਜ਼ਰੂਰੀ ਵੀ ਸਨ। ਇਸ ਫਿਲਮ ਦਾ ਕੇਂਦਰੀ ਨੁਕਤਾ ਉਹਨਾਂ ਰੇਲ-ਗੱਡੀਆਂ ਨਾਲ ਜੁੜੀ ਹੋਈ ਦਹਿਸ਼ਤ ਤੇ ਆਧਾਰਿਤ ਹੈ ਜਿਸ ਨੇ ਹਿੰਦੂ-ਸਿੱਖਾਂ-ਮੁਸਲਮਾਨਾਂ ਵਿੱਚ ਆਪਸੀ ਨਫਰਤ ਨੂੰ ਮਣਾਂ-ਮੂੰਹੀ ਹਵਾ ਦਿੱਤੀ। ਕਿਹਾ ਜਾਂਦਾ ਸੀ ਕਿ ਇਹਨਾਂ ਰੇਲ-ਗੱਡੀਆਂ ਵਿੱਚ ਔਰਤਾਂ, ਬੱਚਿਆਂ ਅਤੇ ਮਰਦਾਂ ਦੀਆਂ ਕਈ-ਕਈ ਟੁਕੜਿਆਂ ਵਿੱਚ ਹੋਈਆਂ ਲਾਸ਼ਾਂ ਹੁੰਦੀਆਂ ਸਨ ਤਾਂ ਕਿ ਦੂਜੇ ਧਰਮ ਵਾਲਿਆਂ ਨੂੰ ਢੁਕਵਾਂ ਸਬਕ ਸਿਖਾਇਆ ਜਾ ਸਕੇ। ਅਜਿਹੀ ਹੀ ਇੱਕ ਰੇਲ-ਗੱਡੀ ਜਦੋਂ ਪਿੰਡ ਮਾਣਕ ਮਾਜਰਾ ਪਹੁੰਚਦੀ ਹੈ ਤਾਂ ਪਿੰਡ ਵਾਲਿਆਂ ਦੀ ਜ਼ਿੰਦਗੀ ਦਹਿਸ਼ਤ, ਬੇਭਰੋਸਗੀ ਅਤੇ ਅਫਵਾਹਾਂ ਦੀ ਜ਼ੱਦ ਵਿੱਚ ਆ ਜਾਂਦੀ ਹੈ। ਇਸ ਸਾਰੀ ਕਸ਼ਮਕਸ਼ ਵਿੱਚ ਪਣਪੀ ਅਤੇ ਪਰਵਾਨ ਚੜ੍ਹੀ ਇੱਕ ਪ੍ਰੇਮ-ਕਹਾਣੀ ਨੂੰ ਪਾਮੇਲਾ ਬਹੁਤ ਖੂਬਸੂਰਤੀ ਨਾਲ ਫਿਲਮਾਉਂਦੀ ਹੈ। ਇਹ ਫਿਲਮ ਇੱਕ ਇਤਿਹਾਸਕ ਦਸਤਾਵੇਜ਼ ਦੀ ਤਰ੍ਹਾਂ ਹੈ।

# ਟ੍ਰਿਬਿਊਨ ਅਖ਼ਬਾਰ ਅਤੇ ਪੱਤਰਕਾਰ ਰਚਨਾ ਖਹਿਰਾ ਵਿਰੁੱਧ ਕੇਸ ਦਰਜ ਕਰਨਾ ਪ੍ਰੈਸ ਦੀ ਅਜ਼ਾਦੀ 'ਤੇ ਹਮਲਾ

ਪ੍ਰੈੱਸ ਬਿਆਨ ਜਾਰੀ ਕਰਦਿਆਂ ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਡਾਇਰੈਕਟਰ ਦਵਿੰਦਰ ਤੂਰ, ਮੁੱਖ ਸੰਪਾਦਕ ਹਰਬੰਸ ਸਿੰਘ, ਸਹਿ ਸੰਪਾਦਕ ਮਾਸਟਰ ਭਜਨ ਸਿੰਘ, ਡਾ. ਹਰਦੀਪ ਸਿੰਘ, ਸੁਖਵੀਰ ਗਰੇਵਾਲ ਨੇ ਕੇਂਦਰ ਸਰਕਾਰ ਦੀ ਆਧਾਰ ਅਥਾਰਟੀ ਵੱਲੋਂ ਟ੍ਰਿਬਿਊਨ ਅਖ਼ਬਾਰ ਅਤੇ ਉਸ ਦੀ ਪੱਤਰਕਾਰ ਰਚਨਾ ਖਹਿਰਾ ਦੇ ਖ਼ਿਲਾਫ਼ ਧਾਰਾ 419, 420, 468, 471 ਆਈ. ਪੀ. ਸੀ., ਧਾਰਾ 66 ਆਈ. ਟੀ. ਐਕਟ ਅਤੇ ਧਾਰਾ 36/37 ਆਧਾਰ ਐਕਟ ਤਹਿਤ ਮੁਕੱਦਮਾ ਦਰਜ ਕਰਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਪ੍ਰੈਸ ਬਿਆਨ ਵਿੱਚ ਕਿਹਾ ਗਿਆ ਕਿ ਇਹ ਕਾਰਵਾਈ ਮੀਡੀਆ ਦੀ ਆਜ਼ਾਦੀ ਅਤੇ ਪੱਤਰਕਾਰਾਂ ਦੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਲੋਕਾਂ ਨੂੰ ਸਮਾਜੀ ਸਰੋਕਾਰਾਂ ਬਾਰੇ ਜਾਗਰੂਕ ਅਤੇ ਸੁਚੇਤ ਕਰਨ ਦੇ ਮੀਡੀਆ ਦੇ ਹੱਕ ਉੱਪਰ ਤਾਨਾਸ਼ਾਹ ਹਮਲਾ ਹੈ। ਟ੍ਰਿਬਿਊਨ ਅਖਬਾਰ ਦੀ ਪੱਤਰਕਾਰ ਰਚਨਾ ਖਹਿਰਾ ਵੱਲੋਂ ਆਧਾਰ ਕਾਰਡ ਦੇ ਖ਼ਾਤਿਆਂ ਦੀ ਸੁਰੱਖਿਆ ਦੀ ਪੋਲ ਖੋਹਲਣ ਲਈ ਕੀਤਾ ਸਟਿੰਗ ਅਪ੍ਰੇਸ਼ਨ ਜੁਰਮ ਨਹੀਂ ਸਗੋਂ ਪੱਤਰਕਾਰ ਅਤੇ ਪ੍ਰੈਸ ਦਾ ਮੁੱਢਲਾ ਫ਼ਰਜ਼ ਤੇ ਹੱਕ ਹੈ। ਪੱਤਰਕਾਰ ਵੱਲੋਂ ਮਹਿਜ਼ ਪੰਜ ਸੌ ਰੁਪਏ ਖਰਚ ਕੇ ਚੰਦ ਮਿੰਟਾਂ ਵਿੱਚ ਕਰੋੜਾਂ ਆਧਾਰ ਖ਼ਾਤਿਆਂ ਦੇ ਡੇਟਾ ਤਕ ਪਹੁੰਚ ਕਰ ਲੈਣ ਤੋਂ ਸਪਸ਼ਟ ਹੋ ਗਿਆ ਹੈ ਕਿ ਨਾਗਰਿਕਾਂ ਦੀ ਨਿੱਜਤਾ ਕਿੰਨੀ ਅਸੁਰੱਖਿਅਤ ਹੈ ਅਤੇ ਇਸ ਬਾਰੇ ਕੇਂਦਰ ਸਰਕਾਰ ਦੇ ਦਾਅਵੇ ਕਿੰਨੇ ਝੂਠੇ, ਖੋਖਲੇ ਅਤੇ ਬੇਬੁਨਿਆਦ ਹਨ। ਪੱਤਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਕਿਸੇ ਵੀ ਅਣਅਧਿਕਾਰਤ ਵਿਅਕਤੀ ਵੱਲੋਂ ਇਸ ਡੇਟਾ ਤੱਕ ਪਹੁੰਚ ਕਰਕੇ ਇਸ ਦੀ ਦੁਰਵਰਤੋਂ ਕਰਨ ਦੀ ਕਿੰਨੀ ਵਿਆਪਕ ਗੁੰਜਾਇਸ਼ ਮੌਜੂਦ ਹੈ। ਇਸਦੇ ਬਾਵਜੂਦ, ਆਧਾਰ ਅਥਾਰਿਟੀ ਦੇ ਅਧਿਕਾਰੀ ਅਤੇ ਹੁਕਮਰਾਨ ਆਧਾਰ ਪ੍ਰਣਾਲੀ ਰਾਹੀਂ ਇਕੱਠੀ ਕੀਤੀ ਨਾਗਰਿਕਾਂ ਦੇ ਨਿੱਜੀ ਜੀਵਨ ਦੀ ਮਹੱਤਵਪੂਰਨ ਜਾਣਕਾਰੀ ਅਸੁਰੱਖਿਅਤ ਪ੍ਰਣਾਲੀ ਰਾਹੀਂ ਸੰਗ੍ਰਹਿ ਕਰਨ ਉੱਪਰ ਬਜ਼ਿੱਦ ਹਨ ਜਦਕਿ ਉਹ ਨਾਗਰਿਕਾਂ ਦੀ ਨਿੱਜਤਾ ਦੀ ਰਾਖੀ ਕਰਨ ਚ ਬੁਰੀ ਤਰਾਂ ਨਾਕਾਮ ਰਹੇ ਹਨ। ਆਧਾਰ ਅਥਾਰਟੀ ਅਤੇ ਸਰਕਾਰ ਵਲੋਂ ਇਸ ਸਕੀਮ ਦੀ ਕਮਜ਼ੋਰੀ ਨੂੰ ਸਵੀਕਾਰ ਕਰਦੇ ਹੋਏ ਪੱਤਰਕਾਰ ਅਤੇ ਅਖ਼ਬਾਰ ਦੀ ਤਾਰੀਫ਼ ਕਰਨ ਦੀ ਬਜਾਏ ਬਦਲਾ ਲਊ ਭਾਵਨਾ ਤਹਿਤ ਉਲਟਾ ਉਹਨਾਂ ਦੇ ਖ਼ਿਲਾਫ਼ ਹੀ ਪਰਚਾ ਦਰਜ ਕਰਾਉਣਾ ਨਹਾਇਤ ਤਾਨਾਸ਼ਾਹ ਕਦਮ ਹੈ।

ਮੋਦੀ ਸਰਕਾਰ ਨੇ ਦੇਸ਼ ਦੀ ਸੁਰੱਖਿਆ ਦੇ ਖ਼ਤਰੇ ਦਾ ਹਊਆ ਖੜ੍ਹਾ ਕਰਕੇ ਆਧਾਰ ਸਕੀਮ ਨੂੰ ਆਮ ਨਾਗਰਿਕਾਂ ਦੀ ਜਾਸੂਸੀ ਕਰਨ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਸਕੀਮ ਨੂੰ ਲੋਕਾਂ ਦੀ ਜ਼ਿੰਦਗੀ ਦੇ ਹਰ ਖੇਤਰ, ਜਿਵੇਂ- ਟੈਲੀਫੋਨ , ਬੈਂਕ ਖਾਤੇ , ਰੇਲਵੇ ਅਤੇ ਹਵਾਈ ਸਫ਼ਰ, ਹੋਟਲ ਬੁਕਿੰਗ, ਜਾਇਦਾਦ ਦੀ ਖ਼ਰੀਦੋ ਫ਼ਰੋਖਤ ਅਤੇ ਆਪਸੀ ਲੈਣ ਦੇਣ ਆਦਿ ਮਾਮਲਿਆਂ ਨਾਲ ਜੋੜ ਦਿੱਤਾ ਗਿਆ ਹੈ। ਇਹ ਦਰਅਸਲ ਸ਼ਹਿਰੀਆਂ ਦੀ ਨਿੱਜਤਾ ਉੱਪਰ ਸਰਕਾਰੀ ਡਾਕਾ ਹੈ ਅਤੇ ਨਾਗਰਿਕਾਂ ਦੇ ਸੰਵਿਧਾਨ ਤੇ ਜਮਹੂਰੀ ਹੱਕਾਂ ਦਾ ਘਾਣ ਹੈ।

ਆਗੂਆਂ ਨੇ ਕਿਹਾ ਕਿ ਹੁਕਮਰਾਨਾਂ ਨੂੰ ਹੁਣ ਕੰਧ ਉੱਪਰ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਇਹ ਖ਼ੁਲਾਸਾ ਉਸ ਵਕਤ ਹੋਇਆ ਹੈ ਜਦੋਂ ਸੁਪਰੀਮ ਕੋਰਟ ਵੱਲੋਂ ਸ਼ਹਿਰੀਆਂ ਦੀ ਨਿੱਜਤਾ ਦੀ ਰਾਖੀ ਦੀ ਗਾਰੰਟੀ ਕੀਤੇ ਜਾਣ ਦੇ ਨਜ਼ਰੀਏ ਤੋਂ ਆਧਾਰ ਸਕੀਮ ਦੀ ਨਜ਼ਰਸਾਨੀ ਕੀਤੀ ਜਾ ਰਹੀ ਹੈ। ਇਸੇ ਲਈ ਕੇਂਦਰ ਸਰਕਾਰ ਨੂੰ ਤੌਖਲਾ ਹੈ ਕਿ ਉਸ ਵੱਲੋਂ ਜ਼ੋਸ਼ ਖ਼ਰੋਸ਼ ਨਾਲ ਥੋਪੀ ਆਧਾਰ ਕਾਰਡ ਸਕੀਮ ਦੀਆਂ ਗੰਭੀਰ ਖ਼ਾਮੀਆਂ ਦੇਖਕੇ ਕਿਤੇ ਸੁਪਰੀਮ ਕੋਰਟ ਇਸ ਨੂੰ ਰੱਦ ਨਾ ਕਰ ਦੇਵੇ। ਜਦਕਿ ਹਕੀਕਤ ਦੀ ਮੰਗ ਹੈ ਕਿ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਆਧਾਰ ਕਾਰਡ ਸਕੀਮ ਤੁਰੰਤ ਰੱਦ ਕੀਤੀ ਜਾਵੇ ਅਤੇ ਸਬੰਧਤ ਅਧਿਕਾਰੀਆਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਉਹਨਾਂ ਮੰਗ ਕੀਤੀ ਹੈ ਕਿ ਟ੍ਰਿਬਿਊਨ ਅਖਬਾਰ ਅਤੇ ਉਸ ਦੀ ਪੱਤਰਕਾਰ ਰਚਨਾ ਖਹਿਰਾ ਖ਼ਿਲਾਫ਼ ਦਰਜ ਮੁਕੱਦਮਾ ਤੁਰੰਤ ਰੱਦ ਕੀਤਾ ਜਾਵੇ । ਸਰਕਾਰ ਵੱਲੋਂ ਹਰ ਨਾਗਰਿਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਅਤੇ ਉਹਨਾਂ ਦੀ ਨਿੱਜੀ ਜ਼ਿੰਦਗੀ ਦੀ ਲਗਾਤਾਰ ਜਾਸੂਸੀ ਕਰਨਾ ਜਮਹੂਰੀਅਤ ਦਾ ਨਿਖੇਧ ਹੈ, ਇਹ ਗ਼ੈਰ ਜਮਹੂਰੀ ਅਮਲ ਤੁਰੰਤ ਬੰਦ ਕੀਤਾ ਜਾਵੇ।

# ਸਮਾਂ ਵਿਹਾਅ ਚੁੱਕਿਆ ਹੈ 'ਧਰਮ ਦੀ ਬੇਅਦਬੀ' ਦਾ ਜੁਰਮ



ਮਿੱਤਰ ਸੈਨ ਮੀਤ
98556 31777



ਧਰਮ ਦੀ ਬੇਅਦਬੀ ਦੇ ਜੁਰਮ ਦੇ ਹੋਂਦ ਵਿੱਚ ਆਉਣ ਪਿੱਛੇ ਇੱਕ ਅਜੀਬ ਕਹਾਣੀ ਹੈ। 1927 ਵਿੱਚ ਮਹਾਸ਼ਾ ਰਾਜਪਾਲ ਨਾਂ ਦਾ ਦੇ ਪ੍ਰਕਾਸ਼ਕ ਵੱਲੋਂ ਪੰਡਿਤ ਐੱਮ. ਏ. ਚਮੂਪਤੀ ਜਾਂ ਕ੍ਰਿਸ਼ਨ ਪ੍ਰਸ਼ਾਦ ਪ੍ਰਤਾਬ ਵੱਲੋਂ ਲਿਖਤ 'ਰੰਗੀਲਾ ਰਸੂਲ' ਨਾਂ ਦਾ ਇੱਕ ਕਿਤਾਬਚਾ ਛਾਪਿਆ ਗਿਆ। ਉਸ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀਆਂ ਸ਼ਾਦੀਆਂ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹੋਈਆਂ ਸਨ। ਲਿਖਾਰੀ ਦਾ ਨਾਮ ਜ਼ਾਹਿਰਾ ਤੌਰ 'ਤੇ ਫਰਜ਼ੀ ਸੀ। ਮੁਸਲਿਮ ਸਮਾਜ ਵਿੱਚ ਰੋਸ ਫੈਲਣ 'ਤੇ ਪ੍ਰਕਾਸ਼ਕ ਮਹਾਸ਼ਾ ਰਾਜਪਾਲ ਦੇ ਵਿਰੁੱਧ ਮੁਕੱਦਮਾ ਦਰਜ ਹੋਇਆ। ਲਾਹੌਰ ਹਾਈ ਕੋਰਟ ਵੱਲੋਂ ਇਹ ਤਾਂ ਮੰਨਿਆ ਗਿਆ ਕਿ 'ਰੰਗੀਲਾ ਰਸੂਲ' ਕਿਤਾਬਚੇ ਵਿੱਚ ਛਪੀ ਸਮੱਗਰੀ ਇਤਰਾਜ਼ਯੋਗ ਹੈ, ਪਰ ਹਾਈ ਕੋਰਟ ਨੂੰ ਦੋਸ਼ੀ ਇਸ ਆਧਾਰ 'ਤੇ ਬਰੀ ਕਰਨਾ ਪਿਆ ਕਿ ਇੱਕ ਹੀ ਧਰਮ ਦੇ ਲੋਕਾਂ ਵਿੱਚ ਫੈਲੀ ਨਫ਼ਰਤ ਕਾਰਨ ਲਿਖਤ ਦੇ ਦੋਸ਼ੀ ਨੂੰ ਸਜ਼ਾ ਕਰਨ ਵਾਲਾ ਕੋਈ ਜੁਰਮ ਭਾਰਤੀ ਦੰਡਾਵਲੀ ਵਿੱਚ ਦਰਜ ਨਹੀਂ ਸੀ।

ਇਸ ਤੋਂ ਪਹਿਲਾਂ ਬ੍ਰਿਟਿਸ਼ ਸਰਕਾਰ ਅਜਿਹੇ ਜੁਰਮਾਂ ਲਈ ਇੱਕ ਹੋਰ ਕਾਨੂੰਨ ਦੀ ਵਰਤੋਂ ਕਰਦੀ ਸੀ ਜੋ ਭਾਰਤੀ ਦੰਡਾਵਲੀ ਵਿੱਚ ਸ਼ਾਮਲ ਸੀ (ਧਾਰਾ 155-ਏ)। ਇਸ ਜੁਰਮ ਦੀ ਪਰਿਭਾਸ਼ਾ ਅਨੁਸਾਰ ਜੇ ਕੋਈ ਵਿਅਕਤੀ ਸ਼ਬਦਾਂ ਰਾਹੀਂ 'ਦੋ ਧਰਮਾਂ' ਦੇ ਵੱਖ-ਵੱਖ ਸਮੂਹਾਂ ਵਿੱਚ ਨਫ਼ਰਤ ਜਾਂ ਦੁਸ਼ਮਣੀ ਫੈਲਾਉਣ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਇਸ ਜੁਰਮ ਅਧੀਨ ਸਜ਼ਾ ਹੋ ਸਕਦੀ ਹੈ। ਇਸ ਜੁਰਮ ਦੀ ਮੁੱਢਲੀ ਸ਼ਰਤ ਇਹ ਹੈ ਕਿ ਸ਼ਬਦਾਂ ਰਾਹੀਂ ਦੋ ਧਰਮਾਂ ਵਿੱਚ ਆਪਸੀ ਨਫ਼ਰਤ ਜਾਂ ਦੁਸ਼ਮਣੀ ਪੈਦਾ ਹੁੰਦੀ ਹੋਵੇ ਅਤੇ ਲੋਕਾਂ ਵਿੱਚ ਟਕਰਾਓ ਹੁੰਦਾ ਹੋਵੇ। ਪਰ ਲਿਖਤ ਰਾਹੀਂ ਜੇ ਨਫ਼ਰਤ ਜਾਂ ਦੁਸ਼ਮਣੀ ਕੇਵਲ ਇੱਕ ਧਰਮ ਦੇ ਲੋਕਾਂ ਵਿੱਚ ਹੀ ਫੈਲਦੀ ਹੋਵੇ ਤਾਂ ਪਹਿਲੇ ਕਾਨੂੰਨ ਵਿੱਚ ਲੇਖਕ ਨੂੰ ਸਜ਼ਾ ਦੇਣ ਦੀ ਕੋਈ ਵਿਵਸਥਾ ਨਹੀਂ ਸੀ।

8 ਕਾਪੀ ਇੱਥੇ ਇੱਕ ਹੋਰ ਘਟਨਾ ਵਰਨਣਯੋਗ ਹੈ। ਇੱਕ ਇਲਮ-ਉਦ-ਦੀਨ ਨਾਂ ਦੇ ਮੁਸਲਿਮ ਨੇ, ਦੋਸ਼ੀ ਦੇ ਬਰੀ ਹੋਣ ਕਾਰਨ ਰੋਹ ਵਿੱਚ ਆ ਕੇ, ਮਹਾਸ਼ਾ ਰਾਜਪਾਲ ਦਾ ਅਦਾਲਤ ਵਿੱਚ (ਚਾਕੂ ਮਾਰ ਕੇ) ਕਤਲ ਕਰ ਦਿੱਤਾ। ਅਦਾਲਤ ਵੱਲੋਂ ਉਸ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਮੁਹੰਮਦ ਅਲੀ ਜਿਨਾਹ, ਜੋ ਨਾਮੀ ਵਕੀਲ ਸਨ ਅਤੇ ਜੋ ਤਕਸੀਮ ਬਾਅਦ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ, ਨੇ ਖ਼ੁਦ ਮੁੰਬਈ ਤੋਂ ਲਾਹੌਰ ਆ ਕੇ ਉਸ ਦੀ ਪੈਰਵਾਈ ਕੀਤੀ ਅਤੇ ਉਸ ਦਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ। ਪਰ ਲਾਹੌਰ ਹਾਈ ਕੋਰਟ ਨੇ ਇਲਮ-ਉਦ-ਦੀਨ ਉਰਫ਼ ਈਮ-ਉਦ-ਦੀਨ ਦੀ ਫਾਂਸੀ ਦੀ ਸਜ਼ਾ ਬਹਾਲ ਰੱਖੀ। ਫਾਂਸੀ ਹੋਣ ਬਾਅਦ ਮੁਸਲਿਮ ਸਮਾਜ ਵੱਲੋਂ ਇਲਮ-ਉਦ-ਦੀਨ ਨੂੰ 'ਗਾਜ਼ੀ' ਅਤੇ 'ਸ਼ਹੀਦ' ਦਾ ਦਰਜਾ ਦਿੱਤਾ ਗਿਆ। ਲਾਹੌਰ ਵਿੱਚ ਅੱਜ ਵੀ ਉਸ ਦਾ ਮਕਬਰਾ ਮੌਜੂਦ ਹੈ।

ਇਨ੍ਹਾਂ ਦੋਵਾਂ ਫ਼ੈਸਲਿਆਂ 'ਤੇ ਮੁਸਲਿਮ ਭਾਈਚਾਰੇ ਨੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਕੀਤੇ ਅਤੇ ਅਜਿਹੇ ਜੁਰਮ ਕਰਨ ਵਾਲੇ ਮੁਲਜ਼ਮਾਂ ਨੂੰ ਸਜ਼ਾ ਦੇਣ ਲਈ ਨਵਾਂ ਕਾਨੂੰਨ ਬਣਾਉਣ ਦੀ ਮੰਗ ਕੀਤੀ। 'ਅੰਨ੍ਹਾ ਕੀ ਭਾਲੇ ਦੋ ਅੱਖਾਂ'! ਅੰਗਰੇਜ਼ਾਂ ਨੇ ਤੁਰੰਤ ਇਸ ਮੰਗ ਨੂੰ ਮੰਨ ਕੇ 1927 ਵਿੱਚ ਧਾਰਮਿਕ ਬੇਅਦਬੀ ਵਾਲਾ ਇਹ ਜੁਰਮ ਭਾਰਤੀ ਦੰਡਾਵਲੀ ਵਿੱਚ ਸ਼ਾਮਲ ਕਰ ਦਿੱਤਾ। ਇਸ ਜੁਰਮ ਦੀ ਪਰਿਭਾਸ਼ਾ ਅਤੇ ਸਜ਼ਾ ਭਾਰਤੀ ਦੰਡਾਵਲੀ ਦੀ ਧਾਰਾ 295 -ਏ ਵਿੱਚ ਦਰਜ ਕੀਤੀ। ਪਰਿਭਾਸ਼ਾ ਅਨੁਸਾਰ ਇਸ ਜੁਰਮ ਦੇ ਲਾਗੂ ਹੋਣ ਦੀਆਂ ਸ਼ਰਤਾਂ: (ੳ) ਲਿਖਤ (ਜਾਂ ਭਾਸ਼ਣ), (ਅ) ਜੋ 'ਸੋਚੀ ਸਮਝੀ' ਅਤੇ 'ਦਵੇਸ਼ ਭਾਵਨਾ' ਨਾਲ ਲਿਖੀ ਗਈ ਹੈ। (ੲ) ਅਤੇ ਜੋ ਭਾਰਤ ਵਿੱਚ ਵਸਦੇ ਕਿਸੇ ਸਮੂਹ ਦੇ ਧਰਮ, (ਸ) ਜਾਂ ਧਾਰਮਿਕ ਭਾਵਨਾਵਾਂ (ਆਸਥਾਵਾਂ) ਨੂੰ ਠੇਸ ਪਹੁੰਚਦੀ ਜਾਂ ਪਹੁੰਚਾਉਣ ਦਾ ਯਤਨ ਕਰਦੀ ਹੈ। ਇਸ ਜੁਰਮ ਦੀਆਂ ਉੱਪਰ ਦਰਜ ਚਾਰ ਸ਼ਰਤਾਂ ਵਿੱਚੋਂ ਘੱਟੋ ਘੱਟ ਦੋ ਬਾਰੇ ਵਿਸਥਾਰ ਨਾਲ ਜਾਣਨਾ ਜ਼ਰੂਰੀ ਹੈ। ਪਹਿਲੀ: ਦਵੇਸ਼ ਭਾਵਨਾ ਜਾਂ ਨੀਅਤ ਅਤੇ ਦੂਜੀ: ਠੇਸ 'ਪਹੁੰਚਾਉਣ ਦਾ ਯਤਨ'।

ਦਵੇਸ਼ ਭਾਵਨਾ ਜਾਂ ਨੀਅਤ ਤੋਂ ਭਾਵ: ਲੇਖਕ ਦੀ ਨੀਅਤ ਉਸ ਵੱਲੋਂ ਵਰਤੇ ਗਏ ਸ਼ਬਦਾਂ ਤੋਂ ਜਾਣੀ ਜਾਂਦੀ ਹੈ। ਮਹੱਤਵਪੂਰਨ ਇਹ ਨਹੀਂ ਹੈ ਕਿ ਲਿਖਤ ਵਿੱਚ ਕੀ ਲਿਖਿਆ ਗਿਆ ਸਗੋਂ ਇਹ ਹੈ ਕਿ ਲਿਖਿਆ ਕਿਸ ਤਰ੍ਹਾਂ ਗਿਆ ਹੈ। ਜੇ ਲੇਖਕ ਵੱਲੋਂ ਆਪਣੀ ਲਿਖਤ ਵਿੱਚ ਅਜਿਹੀ ਭਾਸ਼ਾ ਵਰਤੀ ਗਈ ਹੈ ਜਿਸ ਨੂੰ ਪੜ੍ਹ ਕੇ ਸਾਧਾਰਨ ਵਿਅਕਤੀ ਦੇ ਮਨ ਵਿੱਚ ਵੀ ਕਿਸੇ ਧਾਰਮਿਕ ਸਮੂਹ ਪ੍ਰਤੀ ਨਫ਼ਰਤ ਜਾਂ ਦੁਸ਼ਮਣੀ ਦੀ ਭਾਵਨਾ ਪੈਦਾ ਹੁੰਦੀ ਹੋਵੇ ਤਾਂ ਮੰਨਿਆ ਜਾਂਦਾ ਹੈ ਕਿ ਲੇਖਕ ਦੀ ਨੀਅਤ ਧਾਰਮਿਕ ਬੇਅਦਬੀ ਕਰਨ ਦੀ ਹੈ। ਜੇ ਲੇਖਕ ਵੱਲੋਂ ਵਰਤੀ ਗਈ ਭਾਸ਼ਾ ਸੱਭਿਅਕ ਵਿਵਹਾਰ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ, ਹੋਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੋਵੇ ਤਾਂ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਲੇਖਕ ਦੀ ਭਾਵਨਾ ਦਵੇਸ਼ ਹੈ।

ਠੇਸ 'ਪਹੁੰਚਾਉਣ ਦਾ ਯਤਨ' ਤੋਂ ਭਾਵ: ਬ੍ਰਿਟਿਸ਼ ਸਰਕਾਰ ਨੇ ਇਸ ਜੁਰਮ ਦੀ ਪਰਿਭਾਸ਼ਾ ਵਿੱਚ ਇਨ੍ਹਾਂ ਸ਼ਬਦਾਂ ਨੂੰ ਜਾਣ ਬੁੱਝ ਕੇ ਜੋੜਿਆ ਹੋਵੇਗਾ ਤਾਂ ਜੋ ਵੱਧ ਤੋਂ ਵੱਧ ਲੇਖਕਾਂ 'ਤੇ ਇਹ ਜੁਰਮ ਲਾਇਆ ਜਾ ਸਕੇ। ਕਾਨੂੰਨ ਦੀ ਡਿਕਸ਼ਨਰੀ ਵਿੱਚ 'ਯਤਨ' ਸ਼ਬਦ ਦਾ ਘੇਰਾ ਬਹੁਤ ਵਸੀਹ ਹੈ। ਇਸ ਦਾ ਅਰਥ ਇਹ ਹੈ ਕਿ ਲੇਖਕ ਦਾ 'ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਯਤਨ ਵਿੱਚ ਕਾਮਯਾਬ ਹੋਣਾ ਜ਼ਰੂਰੀ ਨਹੀਂ ਹੈ।' ਕੇਵਲ ਯਤਨ ਕਰਨ ਨਾਲ ਹੀ (ਭਾਵ ਲੇਖ,ਕਹਾਣੀ ਜਾਂ ਨਾਵਲ ਲਿਖਣ ਨਾਲ ਹੀ) ਲੇਖਕ ਇਸ ਜੁਰਮ ਦੀ ਜੱਦ ਵਿੱਚ ਆ ਸਕਦਾ ਹੈ। ਇਸ ਕਾਨੂੰਨ ਦੀਆਂ ਅਜਿਹੀਆਂ ਵਿਆਖਿਆਵਾਂ ਦੇ ਆਧਾਰ 'ਤੇ ਹੀ ਸਰਕਾਰ (ਜਾਂ ਪੁਲੀਸ) ਲੇਖਕ ਨੂੰ ਜੇਲ੍ਹ ਵਿੱਚ ਸੁੱਟ ਦਿੰਦੀ ਹੈ ਭਾਵੇਂ ਲਿਖਤ ਤੋਂ ਖ਼ਤਰਾ ਤਾਂ ਕੀ ਉਸ ਨੂੰ ਪੰਜ ਬੰਦਿਆਂ ਨੇ ਵੀ ਨਾ ਪੜ੍ਹਿਆ ਹੋਵੇ।

ਇਸ ਜੁਰਮ ਦੇ ਵਿਰੁੱਧ ਰਾਏ ਰੱਖਣ ਵਾਲੇ ਲੋਕਾਂ ਦਾ ਵਿਚਾਰ ਹੈ ਕਿ ਜੇ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਦਾ ਅਧਿਕਾਰ ਦਿੰਦਾ ਹੈ ਤਾਂ ਨਾਗਰਿਕਾਂ ਨੂੰ ਆਪਣੇ ਧਰਮ ਦੀਆਂ ਬੁਰਾਈਆਂ ਨੂੰ ਭੰਡਣ ਦਾ ਅਧਿਕਾਰ ਵੀ ਹੋਣਾ ਚਾਹੀਦਾ ਹੈ। ਇੱਕ ਤਰਕ ਇਹ ਵੀ ਹੈ ਕਿ ਧਰਮ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ। ਧਰਮ ਦੀਆਂ ਸਾਰਥਿਕ ਧਾਰਨਾਵਾਂ ਅਤੇ ਮਾਨਤਾਵਾਂ ਨੂੰ ਸੁਰਜੀਤ ਕਰਨ ਲਈ ਇਸ ਖੇਤਰ ਵਿੱਚ ਲਗਾਤਾਰ ਗੰਭੀਰ ਖੋਜ ਅਤੇ ਸਾਰਥਿਕ ਵਾਦ-ਵਿਵਾਦ ਹੋਣਾ ਚਾਹੀਦਾ ਹੈ। ਅਜਿਹੀ ਖੋਜ ਵਿੱਚ ਲੱਗੇ ਵਿਦਵਾਨਾਂ ਅਤੇ ਇਤਿਹਾਸਕਾਰਾਂ ਦੇ ਕੰਮ ਨੂੰ ਠੱਲ੍ਹ ਪਾਉਣ ਲਈ ਇਸ ਜੁਰਮ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।

ਬਹੁਤੇ ਮੁਕੱਦਮੇ ਲੇਖਕਾਂ, ਚਿੱਤਰਕਾਰਾਂ, ਫ਼ਿਲਮ ਨਿਰਦੇਸ਼ਕਾਂ ਅਤੇ ਕਲਾਕਾਰਾਂ ਖ਼ਿਲਾਫ਼ ਦਰਜ ਹੋਏ ਹਨ। ਆਪਣੇ ਤਰਕ ਦੇ ਸਮਰਥਨ ਵਿੱਚ ਉਹ ਇਸ ਕਾਨੂੰਨ ਦੇ ਸਖ਼ਤ ਹੋਣ ਦੀਆਂ ਹੇਠ ਲਿਖੀਆਂ ਉਦਾਹਰਨਾਂ ਦਿੰਦੇ ਹਨ।

ਕਿਸੇ ਹੋਰ ਵਿਅਕਤੀ ਵੱਲੋਂ ਲਿਖੀ ਕਿਸੇ ਲਿਖਤ ਦੇ ਜਵਾਬ ਵਿੱਚ ਲਿਖੀ ਇਤਰਾਜ਼ਯੋਗ ਲਿਖਤ ਨੂੰ ਜਾਇਜ਼ ਨਹੀਂ ਮੰਨਿਆ ਜਾਂਦਾ। ਉਦਾਹਰਣ ਲਈ ਸ਼ਿਵ ਰਾਮ ਦਾਸ ਉਦਾਸੀ ਕੇਸ (ਸ਼ਿਵ ਰਾਮ ਦਾਸ ਉਦਾਸੀ ਬਨਾਮ ਪੰਜਾਬ ਸਰਕਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਫ਼ੈਸਲੇ ਦੀ ਮਿਤੀ: 05. 04.1954) ਲੈਂਦੇ ਹਾਂ। ਇਸ ਕੇਸ ਵਿੱਚ ਸ਼ਿਵ ਰਾਮ ਦਾਸ ਉਦਾਸੀ ਵੱਲੋਂ ਪਹਿਲਾਂ ਇੱਕ ਪੁਸਤਕ, ਜਿਸ ਦਾ ਨਾਂ 'ਗੁਰਮਤਿ ਦਰਪਣ' ਸੀ, 1937-38 ਵਿੱਚ ਲਿਖੀ। ਇਹ ਪੁਸਤਕ ਹਿੰਦੂ ਦੇਵਤਿਆਂ ਅਤੇ ਸਿੱਖ ਗੁਰੂਆਂ ਬਾਰੇ ਸੀ। ਇਸ ਪੁਸਤਕ ਵਿੱਚ ਦਰਜ ਤੱਥਾਂ ਨੂੰ ਨਕਾਰਦੇ ਹੋਏ ਸ੍ਰੀ ਭਾਗ ਮੱਲ ਉਦਾਸੀ ਵੱਲੋਂ ਇੱਕ ਹੋਰ ਪੁਸਤਕ 'ਗੁਰਮਤਿ ਦਰਸ਼ਨ' ਲਿਖੀ ਗਈ। ਆਪਣੇ ਪਹਿਲੇ ਤਰਕ ਦੇ ਸਮੱਰਥਨ ਅਤੇ ਭਾਗ ਮੱਲ ਉਦਾਸੀ ਦੇ ਤਰਕਾਂ ਦਾ ਜਵਾਬ ਦੇਣ ਲਈ ਸ਼ਿਵ ਰਾਮ ਦਾਸ ਉਦਾਸੀ ਵੱਲੋਂ 1951 ਵਿੱਚ ਇੱਕ ਹੋਰ ਪੁਸਤਕ 'ਗੁਰਮਤਿ ਪ੍ਰਚਾਰ ਸੂਰਜ' ਲਿਖੀ ਗਈ। ਪੰਜਾਬ ਸਰਕਾਰ ਵੱਲੋਂ ਪੁਸਤਕ ਨੂੰ ਇਤਰਾਜ਼ਯੋਗ ਮੰਨਦੇ ਹੋਏ ਇਸਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ। ਸ਼ਿਵ ਰਾਮ ਦਾਸ ਉਦਾਸੀ ਨੇ ਇਸ ਹੁਕਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ। ਹਾਈ ਕੋਰਟ ਦੇ ਤਿੰਨ ਜੱਜਾਂ 'ਤੇ ਆਧਾਰਿਤ ਪੂਰੇ ਬੈਂਚ ਵੱਲੋਂ ਮਾਮਲਾ ਗਹਿਰਾਈ ਨਾਲ ਵਿਚਾਰਨ ਬਾਅਦ ਭਾਵੇਂ ਹੁਕਮ ਨੂੰ ਰੱਦ ਕਰਦੇ ਹੋਏ ਕਿਹਾ ਕਿ ਪੁਸਤਕ ਦੇ ਲੇਖਕ ਵੱਲੋਂ ਜੋ ਲਿਖਿਆ ਗਿਆ ਹੈ, ਉਹ ਅਣਜਾਣਪੁਣੇ ਵਿੱਚ ਲਿਖਿਆ ਗਿਆ। ਟਿੱਪਣੀਆਂ ਵੀ ਇਤਰਾਜ਼ਯੋਗ ਨਹੀਂ ਹਨ। ਪਰ ਨਾਲ ਹੀ ਹਾਈ ਕੋਰਟ ਨੇ ਇੱਕ ਇਹ ਮਹੱਤਵਪੂਰਣ ਸਿਧਾਂਤ ਵੀ ਦਿੱਤਾ ਕਿ 'ਕਿਸੇ ਲਿਖਤ ਦਾ ਲੇਖਕ ਇਸ ਆਧਾਰ 'ਤੇ ਆਪਣੀ ਲਿਖਤ ਵਿੱਚ ਇਤਰਾਜ਼ਯੋਗ ਟਿੱਪਣੀ ਨੂੰ ਜਾਇਜ਼ ਨਹੀਂ ਠਹਿਰਾ ਸਕਦਾ ਕਿ ਉਹ ਟਿੱਪਣੀਆਂ ਕਿਸੇ ਹੋਰ ਲੇਖਕ ਦੀ ਲਿਖਤ ਵਿੱਚ ਉਠਾਏ ਮੁੱਦਿਆਂ ਦੇ ਜਵਾਬ ਵਿੱਚ ਕੀਤੀਆਂ ਗਈਆਂ ਸਨ।'

ਆਪਣੇ ਧਰਮ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਵੀ ਇਸ ਜੁਰਮ ਦੇ ਘੇਰੇ ਵਿੱਚ ਆ ਜਾਂਦਾ ਹੈ।

ਹੋਰ ਲੇਖਕਾਂ ਦੀਆਂ ਲਿਖਤਾਂ ਦੇ ਹਵਾਲੇ ਕਿਸੇ ਧਾਰਮਿਕ ਬੇਅਦਬੀ ਵਾਲੀ ਰਚਨਾ ਦੇ ਲੇਖਕ ਦਾ ਬਚਾਅ ਨਹੀਂ ਕਰ ਸਕਦੇ।

ਉਦਾਹਰਣ ਲਈ ਹੈਨਰੀ ਰੋਡਰਿਗਜ਼ ਕੇਸ (ਸਟੇਟ ਆਫ ਮੈਸੂਰ ਬਨਾਮ ਹੈਨਰੀ ਰੋਡਰਿਗਜ਼, ਕਰਨਾਟਕਾ ਹਾਈ ਕੋਰਟ, ਫ਼ੈਸਲੇ ਦੀ ਮਿਤੀ 11.10.1961) ਲੈਂਦੇ ਹਾਂ। ਇਸ ਕੇਸ ਦਾ ਮੁੱਖ ਦੋਸ਼ੀ ਹੈਨਰੀ ਰੋਡਰਿਗਜ਼ 'ਕਰੂਸੇਡਰ' ਨਾਂ ਦੀ ਪੱਤਰਿਕਾ ਦਾ ਸੰਪਾਦਕ ਸੀ। ਉਹ ਖ਼ੁਦ ਰੋਮਨ ਕੈਥੋਲਿਕ ਸੀ। ਉਸ ਵੱਲੋਂ ਆਪਣੀ ਪੱਤਰਿਕਾ ਵਿੱਚ ਰੋਮਨ ਕੈਥੋਲਿਕ ਧਰਮ ਨਾਲ ਸਬੰਧਿਤ ਕੁਝ ਮਾਨਤਾਵਾਂ ਅਤੇ ਰੀਤੀ-ਰਿਵਾਜਾਂ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ। ਮਾਮਲਾ ਕਰਨਾਟਕ ਹਾਈ ਕੋਰਟ ਵਿੱਚ ਪੁੱਜਾ। ਅਦਾਲਤ ਵਿੱਚ ਰੋਡਰਿਗਜ਼ ਵੱਲੋਂ ਦਲੀਲਾਂ ਦਿੱਤੀਆਂ ਗਈਆਂ ਕਿ (ੳ) ਉਸ ਵੱਲੋਂ ਕੈਥੋਲਿਕ ਧਰਮ ਨਾਲ ਸਬੰਧਿਤ ਅਜਿਹੀਆਂ ਮਾਨਤਾਵਾਂ ਅਤੇ ਰੀਤੀ-ਰਿਵਾਜਾਂ ਦੀ ਆਲੋਚਨਾ ਕੀਤੀ ਗਈ ਹੈ ਜਿਹੜੀਆਂ ਕਿ ਬਾਈਬਲ ਵਿੱਚ ਦਰਜ ਸਿਧਾਂਤਾਂ ਦੇ ਉਲਟ ਹਨ, (ਅ) ਉਹ ਖ਼ੁਦ ਵੀ ਇਸੇ ਧਰਮ ਨਾਲ ਸਬੰਧ ਰੱਖਦਾ ਹੈ, (ੲ) ਉਸ ਨੂੰ ਆਪਣੇ ਧਰਮ ਵਿੱਚ ਸੁਧਾਰ ਕਰਨ ਦਾ ਅਧਿਕਾਰ ਹੈ, (ਸ) ਉਸ ਵੱਲੋਂ ਜਿਨ੍ਹਾਂ ਮਾਨਤਾਵਾਂ ਅਤੇ ਰੀਤੀ-ਰਿਵਾਜਾਂ ਦੀ ਆਲੋਚਨਾ ਕੀਤੀ ਗਈ ਹੈ ਉਨ੍ਹਾਂ ਦੀ ਪਹਿਲਾਂ ਵੀ ਹੋਰ ਲੇਖਕਾਂ ਵੱਲੋਂ ਆਲੋਚਨਾ ਕੀਤੀ ਜਾ ਚੁੱਕੀ ਹੈ। ਅਦਾਲਤ ਵੱਲੋਂ ਉਸ ਦੀ ਕਿਸੇ ਵੀ ਦਲੀਲ ਨੂੰ ਸਹੀ ਨਹੀਂ ਮੰਨਿਆ ਗਿਆ। ਉਸ ਦੀ ਲਿਖਤ ਨੂੰ ਰੋਮਨ ਕੈਥੋਲਿਕ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਮੰਨ ਕੇ ਉਸ ਨੂੰ ਇਸ ਜੁਰਮ ਵਿੱਚ ਸਜ਼ਾ ਦਿੱਤੀ ਗਈ।

ਇਤਰਾਜ਼ਯੋਗ ਟਿੱਪਣੀਆਂ ਨਾਲ ਜੇ ਅਸ਼ਾਂਤੀ ਫੈਲਦੀ ਹੋਵੇ ਤਾਂ ਟਿੱਪਣੀਆਂ ਦਾ ਸੱਚਾ ਹੋਣਾ ਵੀ ਲੇਖਕ ਨੂੰ ਸਜ਼ਾ ਤੋਂ ਨਹੀਂ ਬਚਾ ਸਕਦਾ।

ਇਤਰਾਜ਼ਯੋਗ ਟਿੱਪਣੀਆਂ ਵਾਲੇ ਨੁਕਤੇ ਦੀਆਂ ਉਦਾਹਰਨਾਂ ਲਈ ਦੋ ਮੁਕੱਦਮੇ ਲੈਂਦੇ ਹਾਂ:

**ਸੰਘ ਰਾਜ ਦਮੋਦਰ ਰੂਪਾਵਤ ਕੇਸ:** (ਸਟੇਟ ਆਫ ਮਹਾਰਾਸ਼ਟਰਾ ਬਨਾਮ ਸੰਘ ਰਾਜ ਦਮੋਦਰ ਰੂਪਾਵਤ ਸੁਪਰੀਮ ਕੋਰਟ, ਫ਼ੈਸਲੇ ਦੀ ਮਿਤੀ 09.07.2010): ਇਸ ਕੇਸ ਵਿੱਚ ਪ੍ਰੋ. ਜੇਮਜ਼ ਲੇਨ ਵੱਲੋਂ ਅੰਗਰੇਜ਼ੀ ਵਿੱਚ ਇੱਕ ਪੁਸਤਕ ਲਿਖੀ ਗਈ ਜਿਸ ਦਾ ਨਾਂ Shiva Ji: A Hindu King in Inslamic India' ਸੀ। ਪੁਸਤਕ ਵਿੱਚ ਸ਼ਿਵਾ ਜੀ ਦੇ ਵੰਸ਼ ਅਤੇ ਘਰਾਣੇ ਬਾਰੇ ਟਿਪਣੀ ਕੀਤੀ ਗਈ ਸੀ। ਪੁਸਤਕ ਦੇ ਛਪਣ ਬਾਅਦ ਮਹਾਰਾਸ਼ਟਰ ਵਿੱਚ ਵੱਡੀ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ। ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਮਹਾਰਾਸ਼ਟਰ ਸਰਕਾਰ ਨੇ ਫ਼ੌਜਦਾਰੀ ਜ਼ਾਬਤੇ ਦੀ ਧਾਰਾ 95 ਅਧੀਨ ਪੁਸਤਕ ਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਮਾਮਲਾ ਹਾਈ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ। ਪੁਸਤਕ ਦੇ ਲੇਖਕ ਅਤੇ ਪ੍ਰਕਾਸ਼ਕ ਵੱਲੋਂ ਸੁਪਰੀਮ ਕੋਰਟ ਵਿੱਚ ਹੋਰਾਂ ਦਲੀਲਾਂ ਦੇ ਨਾਲ ਨਾਲ ਇਹ ਦਲੀਲ ਵੀ ਦਿੱਤੀ ਗਈ ਕਿ ਪੁਸਤਕ ਵਿੱਚ ਦਰਜ ਤੱਥ ਸੱਚੇ ਹਨ। ਸੁਪਰੀਮ ਕੋਰਟ ਵੱਲੋਂ ਇਸ ਤਰਕ ਨੂੰ ਨਕਾਰਦੇ ਹੋਏ ਫ਼ੈਸਲਾ ਦਿੱਤਾ ਗਿਆ ਕਿ ਲਿਖਤ ਵਿੱਚ ਤੱਥ ਭਾਵੇਂ ਸੱਚੇ ਹੋਣ ਪਰ ਕਿਉਂਕਿ ਲਿਖਤ ਕਾਰਨ ਲੋਕਾਂ ਵਿੱਚ ਭਾਰੀ ਰੋਸ ਫੈਲਿਆ ਹੈ, ਇਸ ਲਈ ਪੁਸਤਕ ਦੀ ਸਮੱਗਰੀ ਧਾਰਮਿਕ ਬੇਅਦਬੀ ਕਰਦੀ ਹੈ ਅਤੇ ਇਸ ਨੂੰ ਜ਼ਬਤ ਕਰਨਾ ਕਾਨੂੰਨ ਅਨੁਸਾਰ ਠੀਕ ਹੈ।

(ਅ) ਮਾਸਟਰ ਅਮਨਪ੍ਰੀਤ ਸਿੰਘ ਕੇਸ (ਮਾਸਟਰ ਅਮਨਪ੍ਰੀਤ ਸਿੰਘ ਵਗੈਰਾ ਬਨਾਮ ਕੇਂਦਰ ਸਰਕਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਫ਼ੈਸਲੇ ਦੀ ਮਿਤੀ 19.04.1996): ਡਾ. ਵਿਪਨ ਚੰਦਰ ਵੱਲੋਂ ਸੀਬੀਐਸਈ ਬੋਰਡ ਦੀ 12ਵੀਂ ਜਮਾਤ ਲਈ ਇੱਕ ਪਾਠ ਪੁਸਤਕ ਲਿਖੀ ਗਈ ਸੀ ਜਿਸ ਦਾ ਨਾਂ Modern India, A History Book for class XII' ਸੀ। ਇਹ ਪੁਸਤਕ ਐਨ.ਸੀ.ਈ.ਆਰ.ਟੀ. ਵੱਲੋਂ ਪ੍ਰਕਾਸ਼ਤ ਕੀਤੀ ਗਈ ਸੀ। ਪੁਸਤਕ ਦੇ ਇੱਕ ਲੇਖ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸ਼ਾਹ ਜ਼ਫ਼ਰ ਨਾਲ ਸਬੰਧਾਂ ਬਾਰੇ ਇਤਰਾਜ਼ ਯੋਗ ਟਿੱਪਣੀ ਕੀਤੀ ਗਈ। ਪਟੀਸ਼ਨਰ ਅਮਨਪ੍ਰੀਤ ਸਿੰਘ ਜੋ 12ਵੀਂ ਜਮਾਤ ਦਾ ਵਿਦਿਆਰਥੀ ਸੀ ਵੱਲੋਂ, ਇੱਕ ਹੋਰ ਲੇਖਕ ਨਾਲ ਮਿਲ ਕੇ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿਟ ਦਾਇਰ ਕਰਕੇ ਮੰਗ ਕੀਤੀ ਗਈ ਕਿ ਇਸ ਇਤਰਾਜ਼ਯੋਗ ਲੇਖ ਨੂੰ ਪਾਠ ਪੁਸਤਕ ਵਿੱਚੋਂ ਹਟਾਇਆ ਜਾਵੇ ਕਿਉਂਕਿ ਇਸ ਨਾਲ ਉਸ ਦੀਆਂ ਅਤੇ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਕੇਂਦਰ ਸਰਕਾਰ ਵੱਲੋਂ ਲੇਖ ਦੇ ਹੱਕ ਵਿੱਚ ਦਲੀਲ ਦਿੰਦੇ ਹੋਏ ਕਿਹਾ ਗਿਆ ਕਿ ਇਤਰਾਜ਼ਯੋਗ ਟਿੱਪਣੀ ਸੱਚੀ ਹੈ ਜਾਂ ਨਹੀਂ ਇਸ ਬਾਰੇ ਵੱਖ-ਵੱਖ ਵਿਦਵਾਨਾਂ ਅਤੇ ਇਤਿਹਾਸਕਾਰਾਂ ਦੀ ਰਾਏ ਵੱਖਰੀ-ਵੱਖਰੀ ਹੈ। ਦੋ ਅੰਗਰੇਜ਼ ਇਤਿਹਾਸਕਾਰਾਂ ਜੋਸਫ਼ ਦਾਵੇ ਅਤੇ ਵਿਲੀਅਮ ਇਰਵਿਨ ਦੀਆਂ ਪੁਸਤਕਾਂ ਦੇ ਨਾਲ-ਨਾਲ ਕੁਝ ਭਾਰਤੀ ਲੇਖਕਾਂ ਦੀਆਂ ਪੁਸਤਕਾਂ ਦੇ ਹਵਾਲੇ ਦੇ ਕੇ ਲੇਖ ਵਿੱਚ ਦਰਜ ਤੱਥਾਂ ਦੇ ਇਤਿਹਾਸਕ ਤੌਰ 'ਤੇ ਸੱਚ ਹੋਣ ਦੇ ਦਾਅਵੇ ਕੀਤੇ ਗਏ। ਹਾਈ ਕੋਰਟ ਦੀ ਡਿਵੀਜਨ ਬੈਂਚ ਵੱਲੋਂ ਲਿਖਤ ਦਾ ਵਿਸ਼ਲੇਸ਼ਣ ਕਰਨ ਬਾਅਦ ਇਹ ਸਿੱਟਾ ਕੱਢਿਆ ਗਿਆ ਕਿ ਲਿਖਤ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਕੇਂਦਰ ਸਰਕਾਰ ਦੀਆਂ ਦਲੀਲਾਂ ਨੂੰ ਨਕਾਰਦੇ ਹੋਏ ਹਾਈ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਗਈ ਕਿ ਹਾਈ ਕੋਰਟ ਦੇ ਅਧਿਕਾਰ ਖੇਤਰ (ਭਾਵ ਕਿ ਪੰਜਾਬ ਹਰਿਆਣਾ ਅਤੇ ਯੂਟੀ ਚੰਡੀਗੜ੍ਹ ਦੇ ਖੇਤਰ) ਵਿੱਚ ਇਸ ਲਿਖਤ ਨੂੰ ਨਾ ਪੜ੍ਹਾਇਆ ਜਾਵੇ ਅਤੇ ਨਾ ਹੀ ਇਸ ਦੇ ਆਧਾਰ 'ਤੇ ਇਮਤਿਹਾਨ ਵਿੱਚ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛੇ ਜਾਣ।

ਇਹ ਜ਼ਰੂਰੀ ਨਹੀਂ ਹੈ ਕਿ ਲੇਖਕ ਨੇ ਜਿਸ ਧਾਰਮਿਕ ਸਮੂਹ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੋ ਉਸ ਨਾਲ ਉਸ ਦੀ ਦੁਸ਼ਮਣੀ ਜਾਂ ਖੁੰਦਕ ਹੈ।

ਧਾਰਮਿਕ ਵਿਸ਼ਵਾਸ ਜਾਂ ਰੀਤੀ ਰਿਵਾਜ ਜੇ ਅੰਧ-ਵਿਸ਼ਵਾਸ ਵਾਲੇ ਹਨ ਤਾਂ ਵੀ ਉਨ੍ਹਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਵਿਅਕਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਈ ਜਾ ਸਕਦੀ।

ਇਸ ਕਾਨੂੰਨ ਦੇ ਹੱਕ ਵਿੱਚ ਭੁਗਤਣ ਵਾਲੇ ਲੋਕਾਂ ਅਤੇ ਸਰਕਾਰਾਂ ਦੀ ਦਲੀਲ ਹੈ ਕਿ ਭਾਰਤ ਬਹੁ-ਧਰਮਾਂ ਅਤੇ ਬਹੁ-ਸੱਭਿਆਚਾਰਾਂ ਵਾਲਾ ਦੇਸ਼ ਹੈ।

ਕੋਈ ਲਿਖਤ ਧਰਮ ਦੀ ਬੇਅਦਬੀ ਕਰਦੀ ਹੈ ਜਾਂ ਨਹੀਂ ਇਸ ਦਾ ਸਿੱਟਾ ਸਮੁੱਚੀ ਰਚਨਾ ਨੂੰ ਪੜ੍ਹ ਕੇ ਲਾਇਆ ਜਾਂਦਾ ਹੈ। ਇੱਕ ਦੋ ਪੈਰ੍ਹੇ ਜਾਂ ਪੰਨਿਆਂ ਨੂੰ ਸਾਰੀ ਰਚਨਾ ਨਾਲੋਂ ਵੱਖ ਕਰਕੇ ਨਹੀਂ ਪੜ੍ਹਿਆ ਜਾ ਸਕਦਾ।

ਇਹ ਕਹਿਣਾ ਕਾਫ਼ੀ ਨਹੀਂ ਕਿ ਰਚਨਾ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਦੱਸਣਾ ਵੀ ਜ਼ਰੂਰੀ ਹੈ ਕਿ ਠੇਸ ਕਿਸ ਤਰ੍ਹਾਂ ਪਹੁੰਚਾਉਂਦੀ ਅਤੇ ਪਹੁੰਚੀ ਹੈ।

ਧਰਮ, ਕਿਸੇ ਧਾਰਮਿਕ ਮਾਨਤਾ, ਰਸਮੋ-ਰਿਵਾਜ ਜਾਂ ਆਸਥਾ ਦੀ ਨਪੀ-ਤੁਲੀ, ਸੰਤੁਲਿਤ, ਸੱਭਿਅਕ ਅਤੇ ਨਿਰਜਿੱਤ ਭਾਸ਼ਾ ਵਿੱਚ ਕੀਤੀ ਤਰਕਸੰਗਤ ਟਿੱਪਣੀ: ਕਾਨੂੰਨ ਦੀ ਇੱਕ ਹੋਰ ਵਿਵਸਥਾ ਵੀ ਜ਼ਿਕਰਯੋਗ ਹੈ। ਫ਼ੌਜਦਾਰੀ ਜ਼ਾਬਤੇ ਦੀ ਧਾਰਾ 95 ਸਰਕਾਰ ਨੂੰ ਅਜਿਹੀਆਂ ਲਿਖਤਾਂ ਵਾਲੀਆਂ ਪੁਸਤਕਾਂ, ਰਸਾਲਿਆਂ, ਅਤੇ ਅਖ਼ਬਾਰਾਂ ਆਦਿ ਨੂੰ ਜ਼ਬਤ ਕਰਨ ਦਾ ਅਧਿਕਾਰ ਵੀ ਦਿੰਦੀ ਹੈ।

**'ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ' ਦਾ ਅਧਿਕਾਰ ਅਤੇ ਇਹ ਕਾਨੂੰਨ:** ਭਾਰਤੀ ਸੰਵਿਧਾਨ ਆਪਣੇ ਹਰ ਨਾਗਰਿਕ ਨੂੰ 'ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ' ਦਾ ਬੁਨਿਆਦੀ ਅਧਿਕਾਰ ਦਿੰਦਾ ਹੈ। ਦੂਜੇ ਪਾਸੇ, ਇਹ ਕਾਨੂੰਨ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੇ ਮੁੱਢਲੇ ਅਧਿਕਾਰ 'ਤੇ ਬੰਦਿਸ਼ ਲਾਉਂਦਾ ਹੈ। ਕੀ ਇਹ ਕਾਨੂੰਨ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੇ ਮੁੱਢਲੇ ਅਧਿਕਾਰ ਦੀ ਉਲੰਘਣਾ ਕਰਦਾ ਹੈ? ਸੁਪਰੀਮ ਕੋਰਟ ਦੇ ਪੰਜ ਜੱਜਾਂ ਤੇ ਆਧਾਰਿਤ ਸੰਵਿਧਾਨਕ ਬੈਂਚ ਵੱਲੋਂ ਪਹਿਲੀ ਵਾਰ ਇਹ ਪ੍ਰਸ਼ਨ 'ਰਾਮ ਜੀ ਲਾਲ ਮੋਦੀ' (ਰਾਮਜੀ ਲਾਲ ਮੋਦੀ ਬਨਾਮ ਸਟੇਟ ਆਫ ਯੂ.ਪੀ., ਸੁਪਰੀਮ ਕੋਰਟ, ਫ਼ੈਸਲੇ ਦੀ ਮਿਤੀ 05.04.1957) ਵਾਲੇ ਕੇਸ ਵਿੱਚ ਵਿਚਾਰਿਆ ਗਿਆ। ਇਸ ਕੇਸ ਵਿੱਚ ਰਾਮਜੀ ਲਾਲ ਮੋਦੀ 'ਗਉਰਕਸ਼ਕ' ਨਾਂ ਦੇ ਇੱਕ ਮਹੀਨਾਵਾਰ ਪੱਤਰ ਦਾ ਸੰਪਾਦਕ ਸੀ। ਇਸ ਪੱਤਰਿਕਾ ਦਾ ਉਦੇਸ਼ ਗਊ ਰੱਖਿਆ ਦਾ ਪ੍ਰਚਾਰ ਕਰਨਾ ਸੀ। ਨਵੰਬਰ 1950 ਵਿੱਚ ਸੰਪਾਦਕ ਵੱਲੋਂ ਇਸ ਪੱਤਰਿਕਾ ਵਿੱਚ ਇੱਕ ਲੇਖ ਛਾਪਿਆ ਗਿਆ ਜਿਸ ਤੋਂ ਮੁਸਲਮਾਨ ਭਾਈਚਾਰੇ ਵਿੱਚ ਰੋਸ ਫੈਲਿਆ। ਅਗਲੇ ਹੀ ਮਹੀਨੇ ਸਰਕਾਰ ਵੱਲੋਂ ਉਸ ਵਿਰੁੱਧ ਫ਼ੌਜਦਾਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਸੈਸ਼ਨ ਕੋਰਟ ਵੱਲੋਂ ਦੋਸ਼ੀ ਨੂੰ ਇਸ ਜੁਰਮ ਅਧੀਨ

ਸਜ਼ਾ ਕੀਤੀ ਗਈ ਜੋ ਹਾਈ ਕੋਰਟ ਵੱਲੋਂ ਵੀ ਬਹਾਲ ਰੱਖੀ ਗਈ। ਸੁਪਰੀਮ ਕੋਰਟ ਵੱਲੋਂ ਦੋਸ਼ੀ ਨੂੰ ਦੂਜੀ ਅਪੀਲ ਕਰਨ ਦੀ ਇਜਾਜ਼ਤ ਹੀ ਨਹੀਂ ਦਿੱਤੀ ਗਈ। ਅਖੀਰ ਵਿੱਚ ਮੋਦੀ ਨੂੰ ਸਜ਼ਾ ਕੱਟਣੀ ਪਈ। ਨਾਲ ਹੀ ਰਾਮਜੀ ਲਾਲ ਵੱਲੋਂ ਇਸ ਕਾਨੂੰਨ ਨੂੰ 'ਬੋਲਣ ਅਤੇ ਵਿਚਾਰ ਪ੍ਰਗਟ ਕਰਨ' ਦੇ ਮੁੱਢਲੇ ਸੰਵਿਧਨਕ ਅਧਿਕਾਰ ਦੀ ਉਲੰਘਣਾ ਕਰਦੇ ਹੋਣ ਦੇ ਆਧਾਰ 'ਤੇ ਵੱਖਰੀ ਪਟੀਸ਼ਨ ਰਾਹੀਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਫ਼ੈਸਲੇ ਵਿੱਚ ਇਸ ਕਾਨੂੰਨ ਨੂੰ ਸੰਵਿਧਾਨਕ ਮੰਨਦੇ ਹੋਏ ਸੁਪਰੀਮ ਕੋਰਟ ਵੱਲੋਂ ਕਿਹਾ ਗਿਆ ਕਿ ਕਾਨੂੰਨ ਦੀਆਂ ਦੋਵਾਂ ਵਿਵਸਥਾਵਾਂ ਵਿੱਚ ਸੰਤੁਲਨ ਬਣਾ ਕੇ ਰੱਖਣਾ ਜ਼ਰੂਰੀ ਹੈ। ਲੋਕਾਂ ਨੂੰ ਇਸ ਅਧਿਕਾਰ ਰਾਹੀਂ ਨੈਤਿਕਤਾ ਦਾ ਘਾਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸੱਭਿਅਕ ਵਿਵਹਾਰ ਨੂੰ ਯਕੀਨੀ ਬਣਾਉਣ ਲਈ ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਤੇ ਸੰਵਿਧਾਨ ਬੰਦਸ਼ਾਂ ਲਾਉਣ ਦੀ ਇਜਾਜ਼ਤ ਵੀ ਦਿੰਦਾ ਹੈ। ਸੁਪਰੀਮ ਕੋਰਟ ਵੱਲੋਂ ਅੱਗੇ ਤਰਕ ਦਿੱਤਾ ਗਿਆ ਕਿ ਇਹ ਜੁਰਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਵਾਲੇ ਦੋਸ਼ੀਆਂ ਨੂੰ ਸਜ਼ਾ ਦਿੰਦਾ ਹੈ। ਸਜ਼ਾ ਲੋਕਾਂ ਦੇ ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਤੇ ਜਾਇਜ਼ ਬੰਦਸ਼ ਲਾਉਣ ਦਾ ਕੰਮ ਕਰਦੀ ਹੈ। ਨਾਲ ਹੀ ਇਸ ਜੁਰਮ ਦੇ ਅਧਿਕਾਰ ਖੇਤਰ ਨੂੰ ਸੀਮਤ ਕਰਦੇ ਹੋਏ ਸੁਪਰੀਮ ਕੋਰਟ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਅਗਿਆਨਤਾ, ਅਣਜਾਣਪੁਣੇ ਜਾਂ ਅਣਗਹਿਲੀ ਕਾਰਨ ਹੋਈ ਕਿਸੇ ਧਰਮ ਦੀ ਬੇਅਦਬੀ ਜੁਰਮ ਦੀ ਪਰਿਭਾਸ਼ਾ ਵਿੱਚ ਨਹੀਂ ਆਉਂਦੀ।

ਦੇਸ਼ ਦੀ ਉੱਚ ਨਿਆਂ-ਪਾਲਿਕਾ ਦੀ ਫ਼ੈਸਲਿਆਂ ਦੇ ਨਾਲ ਨਾਲ, ਸਮੇਂ ਸਮੇਂ ਅਤੇ ਲੋੜ ਅਨੁਸਾਰ, ਕਾਨੂੰਨ ਦੀ ਲੋਕ ਹਿਤ ਵਿੱਚ ਵਿਆਖਿਆ ਕਰਨ ਦੀ ਸੰਵਿਧਾਨਕ ਜ਼ਿੰਮੇਵਾਰੀ ਵੀ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਆਪਣੀ ਇਸ ਭੂਮਿਕਾ ਨੂੰ ਬਾਖ਼ੂਬੀ ਨਿਭਾਇਆ ਹੈ। ਜਿਵੇਂ ਅਸੀਂ ਉੱਪਰ ਦੇਖਿਆ ਹੈ, ਪਹਿਲਾਂ ਰਾਮਜੀ ਲਾਲ ਮੋਦੀ ਵਾਲੇ ਕੇਸ ਵਿੱਚ ਸੁਪਰੀਮ ਕੋਰਟ ਵੱਲੋਂ ਇਸ ਜੁਰਮ ਦੇ ਅਧਿਕਾਰ ਖੇਤਰ ਨੂੰ ਸੀਮਤ ਕੀਤਾ ਗਿਆ। ਫਿਰ ਰਾਮ ਮਨੋਹਰ ਲੋਹੀਆ ਵਾਲੇ ਕੇਸ ਵਿੱਚ ਇਸ ਜੁਰਮ ਦੇ ਖੰਭ ਹੋਰ ਕੱਟੇ ਗਏ। ਅਗਲੇ ਫ਼ੈਸਲਿਆਂ ਵਿੱਚ ਇਨ੍ਹਾਂ ਸਿਧਾਂਤਾਂ ਨੂੰ ਹੋਰ ਪੱਕਾ ਕੀਤਾ ਗਿਆ ਹੈ। ਨਤੀਜਨ ਭਾਰਤੀ ਦੰਡਾਵਲੀ ਵਿੱਚ ਦਿੱਤੀ ਜੁਰਮ ਦੀ ਪਰਿਭਾਸ਼ਾ ਅਤੇ ਸੁਪਰੀਮ ਕੋਰਟ ਵੱਲੋਂ ਕੀਤੀ ਇਸ ਦੀ ਵਿਆਖਿਆ ਵਿੱਚ ਕਾਫ਼ੀ ਟਕਰਾਅ ਹੈ। ਪਰਿਭਾਸ਼ਾ ਹਰ ਉਸ ਲਿਖਤ, ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਂਦੀ ਹੈ, ਨੂੰ ਜੁਰਮ ਮੰਨਦੀ ਹੈ। ਸੁਪਰੀਮ ਕੋਰਟ ਕੇਵਲ ਉਨ੍ਹਾਂ ਲਿਖਤਾਂ ਨੂੰ ਸਜ਼ਾਯੋਗ ਮੰਨਦੀ ਹੈ ਜਿਹੜੀ 'ਸੋਚੀ ਸਮਝੀ ਅਤੇ ਦਵੇਸ਼ ਭਾਵਨਾ ਨਾਲ, ਕਿਸੇ ਧਾਰਮਿਕ ਸਮੂਹ ਦੀਆਂ ਭਾਵਨਾਵਾਂ ਨੂੰ ਭੜਕਾਉਣ' ਲਈ ਲਿਖੀਆਂ ਹੋਣ। ਪਰਿਭਾਸ਼ਾ ਇਤਰਾਜ਼ਯੋਗ ਲਿਖਤ ਲਈ ਹੀ ਲੇਖਕ ਨੂੰ ਮੁਲਜ਼ਮ ਬਣਾ ਦਿੰਦੀ ਹੈ ਜਦੋਂਕਿ ਸੁਪਰੀਮ ਕੋਰਟ ਲਿਖਤ ਅਤੇ ਕਾਨੂੰਨ ਵਿਵਸਥਾ ਦੇ ਵਿਗੜਨ ਵਿੱਚ ਨੇੜੇ ਦਾ ਅਤੇ ਸਿੱਧਾ ਸਬੰਧ ਹੋਣ ਦੀ ਸ਼ਰਤ ਲਾਉਂਦੀ ਹੈ।

ਚਾਹੀਦਾ ਇਹ ਸੀ ਕਿ ਸੁਪਰੀਮ ਕੋਰਟ ਦੀਆਂ ਵਿਆਖਿਆਵਾਂ ਅਨੁਸਾਰ ਬ੍ਰਿਟਿਸ਼ ਸਾਮਰਾਜੀ ਸਰਕਾਰ ਦੇ ਬਣਾਏ ਇਸ ਕਾਨੂੰਨ ਨੂੰ ਸੋਧ ਦਿੱਤਾ ਜਾਂਦਾ। ਘੱਟੋ ਘੱਟ 'ਪਹੁੰਚਾਉਣ ਦਾ ਯਤਨ' ਸ਼ਬਦਾਂ ਨੂੰ ਹੀ ਜੁਰਮ ਦੀ ਪਰਿਭਾਸ਼ਾ ਵਿੱਚੋਂ ਹਟਾ ਦਿੱਤਾ ਜਾਂਦਾ ਪਰ ਕਿਉਂਕਿ ਆਜ਼ਾਦ ਭਾਰਤ ਦੀਆਂ ਸਰਕਾਰਾਂ ਦੀ ਸੋਚ ਵਿੱਚ ਮੂਲ ਪਰਿਵਰਤਨ ਨਹੀਂ ਆਇਆ, ਇਸ ਲਈ ਜੁਰਮ ਦੀ ਪਰਿਭਾਸ਼ਾ ਨੂੰ ਇੰਨ ਬਿੰਨ ਹੀ ਰੱਖ ਲਿਆ ਗਿਆ ਹੈ। ਉਲਟਾ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਸਿਧਾਂਤਾਂ ਦੀ ਅਣਦੇਖੀ ਕਰ ਕੇ ਮੁਕੱਦਮੇ ਪਰਿਭਾਸ਼ਾ ਅਨੁਸਾਰ ਹੀ ਦਰਜ ਕੀਤੇ ਜਾ ਰਹੇ ਹਨ।

ਵੇਲਾ ਵਿਹਾਅ ਚੁੱਕੇ ਇਸ ਕਾਨੂੰਨ ਦੀ ਮੁੜ ਸਮੀਖਿਆ ਹੋਣੀ ਚਾਹੀਦੀ ਹੈ ਅਤੇ ਜੁਰਮ ਦੀ ਪਰਿਭਾਸ਼ਾ (ਕਾਰਜ ਖੇਤਰ) ਨੂੰ ਸੀਮਤ ਕਰਨਾ ਚਾਹੀਦਾ ਹੈ ਤਾਂ ਜੋ ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਨੂੰ ਸੀਮਤ ਕਰਨ ਵਿੱਚ ਇਹ ਜੁਰਮ ਕੋਈ ਯੋਗਦਾਨ ਨਾ ਪਾ ਸਕੇ।

# ਟ੍ਰਿਬਿਊਨ ਪੱਤਰਕਾਰ ਰਚਨਾ ਖਹਿਰਾ ਦਾ ਸਨਮਾਨ





ਜਲੰਧਰ, (ਮਲਕੀਤ ਸਿੰਘ) : ਕਮਾਰੇਡ ਗੰਧਰਵ ਸੈਨ ਕੋਛੜ ਦੇ 100ਵੇਂ ਜਨਮ ਦਿਨ ਮੌਕੇ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿੱਚ ਇੱਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੀ ਪੱਤਰਕਾਰ ਰਚਨਾ ਖਹਿਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਦੱਸਣਯੋਗ ਹੈ ਕਿ ਆਧਾਰ ਕਾਰਡ ਵਿਚਲੀਆਂ ਖਾਮੀਆਂ ਬਾਰੇ ਟ੍ਰਿਬਿਊਨ ਅਖ਼ਬਾਰ ਵਿੱਚ ਖ਼ਬਰ ਛਪਣ ਤੋਂ ਬਾਅਦ ਪੱਤਰਕਾਰ ਰਚਨਾ ਖਹਿਰਾ ਦਾ ਨਾਂ ਦਲੇਰਾਨਾ ਪੱਤਰਕਾਰੀ ਦੀ ਮੂਹਰਲੀ ਕਤਾਰ ਵਿੱਚ ਆ ਗਿਆ ਸੀ।

ਇਸ ਸਮਾਗਮ ਦੇ ਮੁੱਖ ਮਹਿਮਾਨ ਕਾਮਰੇਡ ਗੰਧਰਵ ਸੈਨ ਕੋਛੜ ਅਤੇ ਉਹਨਾਂ ਦੀ ਬੇਟੀ ਕਾਮਰੇਡ ਸੁਰਿੰਦਰ ਕੌਰ ਵੀ ਹਾਜ਼ਰ ਸਨ।ਕਾਮਰੇਡ ਕੋਛੜ ਨੇ ਰਚਨਾ ਵਰਗੇ ਪੱਤਰਕਾਰਾਂ ਦੀ ਪ੍ਰਸੰਸ਼ਾ ਕਰਦਿਆਂ ਕਿਹਾ ਕਿ ਸਰਕਾਰੀ ਸਿਸਟਮ ਵਿਚਲੀਆਂ ਖਾਮੀਆਂ ਨੂੰ ਪੱਤਰਕਾਰੀ ਰਾਹੀਂ ਉਜਾਗਰ ਕਰਨਾ ਸੌਖਾ ਕੰਮ ਨਹੀਂ।ਰਚਨਾ ਖਹਿਰਾ ਨੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਆਧਾਰ ਕਾਰਡ ਬਾਰੇ ਖਬਰ ਲਈ ਉਸ ਨੂੰ ਭਾਰਤ ਹੀ ਨਹੀਂ ਸਗੋਂ ਪੂਰੇ ਸੰਸਾਰ ਵਿੱਚੋਂ ਬੇਹੱਦ ਸਤਿਕਾਰ ਮਿਲਿਆ ਹੈ।ਰਚਨਾ ਨੇ ਕੈਨੇਡਾ ਦੇ ਅਖਬਾਰ 'ਸਰੋਕਾਰਾਂ ਦੀ ਆਵਾਜ਼', 'ਸੀ.ਪੀ.ਸੀ. ਐਬਟਸਫੋਰਡ ਕਲੱਬ ਕੈਨੇਡਾ, ਸੀ.ਪੀ.ਸੀ. ਦੇ ਅਖ਼ਬਾਰ 'ਪਿਊਪਲ ਵਾਇਸ ਵੈਨਕੂਵਰ' ਕੈਨੇਡਾ ਦਾ ਖਾਸ ਤੌਰ ਤੇ ਜ਼ਿਕਰ ਕਰਦਿਆਂ ਧੰਨਵਾਦ ਕੀਤਾ।ਉਹਨਾਂ ਨੇ ਇਸ ਮੌਕੇ ਟ੍ਰਿਬਿਊਨ ਅਦਾਰੇ ਅਤੇ ਮੁੱਖ ਸੰਪਾਦਕ ਹਰੀਸ਼ ਖਹਿਰੇ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਹਨਾਂ ਇਸ ਮੌਕੇ ਉਸ ਨਾਲ਼ ਧਿਰ ਬਣ ਕੇ ਖੜੇ ਰਹੇ। ਇਸ ਤੋਂ ਪਹਿਲਾਂ ਡਾ.ਪਰਮਿੰਦਰ ਨੇ ਮਾਰਕਸਵਾਦੀ ਲਹਿਰ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਲਹਿਰ ਨੇ ਹਮੇਸ਼ਾ ਹੀ ਲੋਕ ਹਿੱਤਾਂ ਲਈ ਸੰਘਰਸ਼ ਕੀਤਾ ਹੈ। ਉਹਨਾਂ ਨੇ ਇਸ ਲਹਿਰ ਨੂੰ ਉਭਾਰਨ ਲਈ ਮੀਡੀਆ ਦੀ ਭੂਮਿਕਾ ਬਾਰੇ ਚਾਨਣਾ ਪਾਇਆ।ਡਾ. ਭੀਮ ਇੰਦਰ ਨੇ ਆਪਣੇ ਭਾਸ਼ਣ ਵਿੱਚ ਬਹੁਮੁੱਲੇ ਵਿਚਾਰ ਰੱਖੇ।ਕਾਮਰੇਡ ਦਰਸ਼ਨ ਖਟਕੜ ਨੇ ਮੌਜੂਦਾ ਸਰਕਾਰ ਦੇ ਫਾਸ਼ਵਾਦੀ ਫੈਸਲਿਆਂ ਵਿਰੁੱਧ ਲੋਕ ਲਹਿਰ ਉਭਰ ਰਹੀ ਹੈ।ਕਾਮਰੇਡ ਗੁਰਮੀਤ ਅਤੇ ਕਾਮਰੇਡ ਅਜਮੇਰ ਨੇ ਲੋਕਾਂ ਨੂੰ ਜ਼ਮੀਨੀ ਹਾਲਾਤਾਂ ਨੂੰ ਸਮਝ ਕੇ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਕਾਮਰੇਡ ਅਮੋਲਕ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਸਲਾਮ ਜ਼ਿੰਦਗੀ

# ਹਾਰੀ ਹੋਈ ਜ਼ਿੰਦਗੀ ਦਾ ਜੇਤੂ ਜਰਨੈਲ-ਪਿੰਦਰ ਬਾਈ





**ਅਮਨਦੀਪ ਕੌਰ ਹਾਂਸ**

ਬੇਹਿੰਮਤੇ ਨੇ ਜਿਹੜੇ ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ,
ਸੀਨਾ ਪਾੜ ਕੇ ਪੱਥਰਾਂ ਦਾ

ਜਲੰਧਰ-ਕਪੂਰਥਲਾ ਸੜਕ 'ਤੇ ਸੱਜੀ ਵੱਖੀ ਤੇ ਪਿੰਡ ਪੈਂਦਾ ਹੈ ਧਾਰੀਵਾਲ ਦੋਨਾ, ਜੀਹਦੇ ਬੱਸ ਅੱਡੇ ਦੇ ਇਕ ਖੂੰਜੇ 'ਤੇ ਹਾਰੀ ਹੋਈ ਜ਼ਿੰਦਗੀ ਦੀ ਜੇਤੂ ਧੜਕਣ ਸਾਫ ਝਲਕਦੀ ਹੈ, ਰੰਗ ਬਿਰੰਗੇ ਇਸ਼ਤਿਹਾਰੀ ਫਲੈਕਸ, ਅੱਧੋਰਾਣੀ ਤਰਪਾਲ਼ ਦੀ ਛੱਤ ਹੈ, ਟੁੱਟਜੂੰ ਟੁੱਟਜੂੰ ਕਰਦੇ ਬਾਂਸ, ਪਿੱਲਰਾਂ ਵਾਂਗੂੰ ਇਸ ਛੱਤ ਨੂੰ ਥੰਮੀ ਖਲੋਤੇ ਨੇ, ਜਿਵੇਂ ਆਪ ਆ ਕੇ ਰੱਬ ਨੇ ਓਟ ਦਿੱਤੀ ਹੋਵੇ। ਅੰਦਰ ਬੈਡ ਦਾ ਭੁਲੇਖਾ ਪਾਉਂਦੇ ਫੱਟੇ ਅੱਠ ਪਾਵਿਆਂ ਵਰਗੇ ਲੱਕੜ ਦੇ ਮੁੰਨਿਆਂ ਦੇ ਸਿਰ 'ਤੇ ਚਿਣੇ ਨੇ। ਪੁਰਾਣੇ ਕੱਪੜੇ ਬੋਰੀਆਂ ਵਿੱਚ ਪਾ ਪਾ ਕੇ ਪੋਲੇ ਮਖਮਲੀ ਗੱਦਿਆਂ ਦਾ ਭਰਮ ਸਿਰਜਣ ਲਈ ਟਿਕਾਏ ਨੇ, ਦੋ ਚੁੰਨੀਆਂ ਚ ਕੱਪੜੇ ਪਾ ਕੇ ਗੱਠੜੀ ਬੰਨ ਕੇ ਸਿਰਹਾਣੇ ਦਾ ਰੂਪ ਦਿੱਤਾ ਹੈ, ਕਮਾਲ ਦੀ ਕਲਾਕਾਰੀ ਹੈ.. ਜੋ ਹਾਰੀ ਹੋਈ ਜ਼ਿੰਦਗੀ ਵਿੱਚ ਵੀ ਜੇਤੂ ਨਿਸ਼ਾਨ ਉਗਾੜ ਕੇ ਰੱਖਦੀ ਹੈ।

ਇਹ ਇਕ ਘਰ ਹੈ, ਜਿਸ ਦੇ ਅੰਦਰ ਹਾਸਾ ਟੁਣਕਦਾ ਹੈ, 52 ਸਾਲਾ ਪਿੰਦਰ ਸਿੰਘ ਦਾ, 48 ਸਾਲਾ ਬਬਲੀ ਦਾ, 17 ਸਾਲਾ ਸਾਹਿਲ, 14 ਸਾਲਾ ਸਾਗਰ, ਤੇ 13 ਸਾਲਾ ਬੱਚੀ ਕਾਜਲ ਦਾ..

ਜਲੰਧਰ-ਕਪੂਰਥਲਾ ਮੁੱਖ ਸੜਕ ਦੇ ਕਿਨਾਰੇ ਪੀ ਡਬਲਿਊ ਡੀ ਦੀ ਜ਼ਮੀਨ 'ਤੇ ਫਲੈਕਸਾਂ ਤੇ ਫਟੀ ਪੁਰਾਣੀ ਤਰਪਾਲ ਦੀ ਓਟ ਚ ਬਣੇ ਇਸ ਟਿਕਾਣੇ ਨੂੰ ਆਲੇ ਦੁਆਲੇ ਦੇ ਲੋਕ ਪਿੰਦਰ ਬਾਈ ਦਾ ਢਾਬਾ ਕਹਿੰਦੇ ਨੇ।

ਪਿੰਦਰ ਬਾਈ ਦੇ ਧੁਆਂਖੇ ਚਿਹਰੇ 'ਤੇ ਗੁਰਬਤ ਨਾਲ ਉਮਰ ਦੀਆਂ ਲਕੀਰਾਂ ਹੋਰ ਡੂੰਘੀਆਂ ਦਿਸਦੀਆਂ ਨੇ, ਪਰ ਅੰਦਰ ਧਸੀਆਂ ਅੱਖਾਂ ਚ ਜੇਤੂ ਲਿਸ਼ਕ ਹੈ, ਕਿ ਥੁੜਾਂ, ਤੰਗੀਆਂ ਤੁਰਸ਼ੀਆਂ ਸਿਰੜੀ ਲੋਕਾਂ ਨੂੰ ਹਰਾ ਨਹੀਂ ਸਕਦੀਆਂ। ਪਿੰਦਰ ਦੱਸਦਾ ਹੈ ਕਿ ਗੁਰਬਤ ਕਰਕੇ ਸਕੂਲ ਦਾ ਮੂੰਹ ਨਹੀਂ ਦੇਖਿਆ, ਨਿੱਕੇ ਨਿਆਣੇ ਹੁੰਦੇ ਮਾਪਿਆਂ ਨਾਲ ਦਿਹਾੜੀ ਦੱਪਾ ਕਰਨ ਜਾਂਦੇ, ਫੇਰ 16-17 ਸਾਲ ਦੀ ਉਮਰੇ ਨਾਈਪੁਣਾ ਸਿੱਖ ਲਿਆ ਤੇ ਪਿੰਡ ਦੇ ਅੱਡੇ 'ਤੇ ਦੁਕਾਨ ਕਰ ਲਈ, ਆਈ ਚਲਾਈ ਹੁੰਦੀ ਰਹੀ, ਪਹਿਲਾਂ ਭਾਈਚਾਰਾ ਸੀ, ਜੱਟ ਜ਼ਿਮੀਦਾਰ ਊਂਈ ਦੁੱਧ ਲੱਸੀ ਦੇ ਦਿਆ ਕਰਦੇ ਸੀ, ਦਿਨ ਤਿਉਹਾਰ 'ਤੇ ਦਾਣੇ ਵੀ ਦੇ ਦਿੰਦੇ, ਪਰ ਹੁਣ ਤਾਂ ਜਿਵੇਂ ਕੋਈ ਟੂਣਾ ਕਰ ਗਿਆ ਹੋਵੇ, ਹੱਥ ਨੂੰ ਹੱਥ ਨਹੀਂ ਸਿਆਣਦਾ.. ਕੋਈ ਕਿਸੇ ਦੀ ਬਾਤ ਨਹੀਂ ਪੁੱਛਦਾ..।

ਪਿੰਦਰ ਨੇ 15 ਕੁ ਸਾਲ ਨਾਈ ਦੀ ਦੁਕਾਨ ਕੀਤੀ, ਫੇਰ ਵੱਡੇ ਸੈਲੂਨ ਖੁੱਲ ਗਏ ਤਾਂ ਉਸ ਦੀ ਦੁਕਾਨ ਬੰਦ ਹੋ ਗਈ, ਉਸ ਨੇ ਆਂਡਿਆਂ ਦੀ ਰੇਹੜੀ ਲਾ ਲਈ, ਮੁਰਗੇ ਪਾਲ਼ ਲਏ, ਦੋ ਵਕਤ ਦੀ ਰੋਟੀ ਤੁਰ ਪਈ, ਇਸੇ ਹਾਲਾਤ ਚ ਉਸ ਦਾ ਵਿਆਹ ਕਰ ਦਿੱਤਾ ਗਿਆ, ਦੋ ਮੁੰਡੇ ਤੇ ਇਕ ਧੀ ਹੋਈ, ਦੋ ਭਰਾਵਾਂ ਕੋਲ ਦੋ ਮਰਲੇ ਜਗਾ ਹੈ, ਨਿੱਕੇ ਨਿੱਕੇ ਦੋ ਕਮਰੇ ਹਿੱਸੇ ਚ ਆਉਂਦੇ ਨੇ। ਪਿੰਦਰ ਵਾਲੇ ਹਿੱਸੇ ਦੀ ਤਾਂ ਛੱਤ ਵੀ ਡਿੱਗ ਚੁੱਕੀ ਹੈ। ਪਿੰਦਰ ਦੀ ਘਰਵਾਲੀ ਦਾ ਇਸ ਮਹੌਲ ਚ ਦਮ ਘੁਟਦਾ ਸੀ, ਗੁਰਬਤ ਨੂੰ ਝੱਲ ਨਾ ਸਕੀ ਤਾਂ ਅੱਠ ਮਹੀਨਿਆਂ ਦੀ ਧੀ ਤੇ ਦੋ ਤੇ ਚਾਰ ਸਾਲ ਦੇ ਮੁੰਡੇ, ਸਭ ਨੂੰ ਛੱਡ ਕੇ ਕਿਸੇ ਹੋਰ ਨਾਲ ਚਲੀ ਗਈ। ਇਸੇ ਦੌਰਾਨ ਪਿੰਦਰ ਦਾ ਐਕਸੀਡੈਂਟ ਹੋ ਗਿਆ, ਕਿਸੇ ਨੇ ਨਿਆਣਿਆਂ ਦੀ ਬਾਤ ਨਾ ਪੁੱਛੀ, ਪਿੰਦਰ ਦਾ ਹਾਲ ਨਾ ਪੁੱਛਿਆ, ਤਾਂ ਇਲਾਕੇ ਦੇ ਕੁਝ ਈਸਾਈ ਬਣੇ ਭਾਈਚਾਰੇ ਦੇ ਪਰਿਵਾਰਾਂ ਨੇ ਈਸਾਈ ਆਗੂਆਂ ਜ਼ਰੀਏ ਪਿੰਦਰ ਦਾ ਇਲਾਜ ਕਰਵਾਇਆ, ਬੱਚਿਆਂ ਨੂੰ ਇਕ ਵਕਤ ਦੀ ਰੋਟੀ ਦੇ ਜਾਂਦੇ, ਤਾਂ ਇਸੇ ਗਰਜ਼ਾਂ ਦੇ ਭਾਰ ਨੇ ਸ. ਪਿੰਦਰ ਸਿੰਘ ਮਜ਼ਹਬੀ ਸਿੱਖ ਦੇ ਨਾਮ ਨਾਲੋਂ ਸਿੰਘ ਲੁਹਾ ਦਿੱਤਾ ਤੇ ਉਹ ਪਿੰਦਰ ਮਸੀਹ ਬਣ ਗਿਆ। 10 ਕੁ ਸਾਲ ਪਹਿਲਾਂ ਇਕ ਤਲਾਕਸ਼ੁਦਾ ਮਹਿਲਾ ਬਬਲੀ ਨਾਲ ਉਸ ਦਾ ਈਸਾਈ ਭਰਾਵਾਂ ਨੇ ਵਿਆਹ ਕਰਵਾ ਦਿੱਤਾ ਤਾਂ ਨਿਆਣੇ ਸਾਂਭੇ ਗਏ।

ਦੋਵਾਂ ਮੀਆਂ ਬੀਵੀ ਨੇ ਧਾਰੀਵਾਲ ਦੋਨਾ ਪਿੰਡ ਦੇ ਅੱਡੇ 'ਤੇ ਕਰਜ਼ਾ ਚੁੱਕ ਕੇ ਢਾਬਾ ਖੋਲ ਲਿਆ, ਤਰਪਾਲਾਂ ਤੇ ਇਸ਼ਤਿਹਾਰੀ ਫਲੈਕਸਾਂ ਦੀ ਛੱਤ ਪਾ ਲਈ, ਟੁੱਟੇ ਹੋਏ ਕੂੜੇ ਚੋਂ ਫੱਟੇ ਇਕੱਠੇ ਕਰਕੇ ਬੈਡ ਬਣਾਇਆ, ਬੈਂਚ ਬਣਾਏ, ਮੁਰਗਿਆਂ ਲਈ ਖੁੱਡਾ ਬਣਾਇਆ ਤੇ ਪੁਰਾਣੀਆਂ ਕੁਰਸੀਆਂ ਤੇ ਪੁਰਾਣੇ ਭਾਂਡੇ ਕਿਸ਼ਤਾਂ 'ਤੇ ਲੈ ਲਏ, 40 ਕੁ ਹਜ਼ਾਰ ਦਾ ਕਰਜ਼ਾ ਸੀ, ਪਰ ਦੋਵੇਂ ਜੀਅ ਇਕ ਦੂਜੇ ਦੇ ਆਸਰੇ ਨਾਲ ਜ਼ਿੰਦਗੀ ਦਾ ਰੇੜੂ ਰੋੜਨ ਲੱਗੇ, ਬੱਚੇ ਨੇੜੇ ਹੀ ਸਰਕਾਰੀ ਸਕੂਲ ਜਾਂਦੇ ਸਨ। ਗੁਰਬਤ ਦੀਆਂ ਝੀਥਾਂ ਵਿਚਦੀ ਜ਼ਿੰਦਗੀ ਕਦੇ ਕਦੇ ਖੁਸ਼ੀਆਂ ਦਾ ਵਰੋਲਾ ਦੇ ਜਾਂਦੀ.. । ਸਹਿਜਤਾ ਨਾਲ ਸਭ ਕੁਝ ਚੱਲ ਰਿਹਾ ਸੀ ਕਿ ਦੋ ਸਾਲ ਪਹਿਲਾਂ ਕੋਈ ਸ਼ਰਾਰਤੀ ਅਨਸਰ ਇਹ ਢਾਬਾ ਸਾੜ ਗਿਆ, ਪਿੰਦਰ ਬਾਈ ਦੀ ਤਾਂ ਜ਼ਿੰਦਗੀ ਹੀ ਮੱਚ ਕੇ ਕੋਲਾ ਹੋ ਗਈ, ਢਾਬੇ ਨੂੰ ਦੁਬਾਰਾ ਖੜਾ ਕਰਨ ਲਈ ਹੋਰ ਕਰਜ਼ਾ ਲੈਣਾ ਪਿਆ।

ਸਰਕਾਰੀ ਬੈਂਕਾਂ ਬਿਨਾ ਕਿਸੇ ਵੱਡੀ ਜਾਇਦਾਦ ਦੇ ਕਰਜ਼ਾ ਨਹੀਂ ਦਿੰਦੀਆਂ, ਤਾਂ ਗੁਰਬਤ ਮਾਰੇ ਲੋਕ ਅਜਿਹੇ ਸੂਦਖੋਰਾਂ ਦੇ ਦਰ 'ਤੇ ਜਾਣ ਨੂੰ ਮਜਬੂਰ ਹੁੰਦੇ ਨੇ, ਜਿਹਨਾਂ ਦੇ ਲਹੂ ਚੂਸਣੇ ਦੰਦ ਬੜੇ ਵੱਡੇ ਨੇ, ਬਿਨਾ ਕਿਸੇ ਦਸਤਾਵੇਜ਼ ਦੇ 8000 ਰੁਪਏ ਦੇ ਕੇ 10000 ਰੁਪਏ 100 ਦਿਨਾਂ ਵਿੱਚ ਵਸੂਲੇ ਜਾਂਦੇ ਨੇ, ਅਜਿਹੇ ਸੂਦਖੋਰਾਂ ਤੋਂ ਹੀ ਪਿੰਦਰ ਬਾਈ ਨੇ ਕਰਜ਼ਾ ਲਿਆ ਤੇ ਮੁੜ ਕਿਸ਼ਤਾਂ 'ਤੇ ਭਾਂਡੇ, ਕੁਰਸੀਆਂ ਲਏ, ਕੂੜਾ ਫਰੋਲਿਆ, ਲੋਕਾਂ ਵਲੋਂ ਸੁੱਟੇ ਫਟੇ ਪੁਰਾਣੇ ਕੱਪੜੇ ਇਕੱਠੇ ਕੀਤੇ, ਤਿੰਨਾਂ ਬੱਚਿਆਂ ਦਾ ਤੇ ਪਤੀ ਪਤਨੀ ਨੇ ਆਪਣਾ ਤਨ ਢਕਣ ਦਾ ਜੁਗਾੜ ਕੀਤਾ। ਜੁਆਕਾਂ ਨੂੰ ਸਕੂਲੋਂ ਹਟਾ ਲਿਆ ਗਿਆ, ਵਰਦੀ, ਬਸਤੇ, ਕਿਤਾਬਾਂ, ਕਾਪੀਆਂ ਸੜ ਗਈਆਂ ਸਨ।

ਉਦੋਂ ਚੋਣ ਪ੍ਰਚਾਰ ਸ਼ੁਰੂ ਹੋਇਆ ਸੀ, ਕਪੂਰਥਲਾ ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਦੇ ਵੱਡੇ ਵੱਡੇ ਇਸ਼ਤਿਹਾਰ, ਫਲੈਕਸਾਂ ਲੱਗੇ ਸੀ, ਜੋ ਹਵਾ ਨਾਲ ਡਿੱਗ ਪੈਂਦੇ, ਜੁਆਕ ਉਹ ਫਲੈਕਸਾਂ ਧੂਹ ਲਿਆਂਉਂਦੇ ਤੇ ਛੱਤ 'ਤੇ ਪਾ ਲਿਆ ਜਾਂਦਾ। ਇਹ ਇਸ਼ਤਿਹਾਰੀ ਫਲੈਕਸਾਂ ਕਿਸੇ ਦਾ ਕੁਝ ਸਵਾਰਨ ਜਾਂ ਨਾ, ਪਰ ਪਿੰਦਰ ਬਾਈ ਦੇ ਪਰਿਵਾਰ ਨੂੰ ਗਰਮੀ ਸਰਦੀ ਮੀਂਹ ਕਣੀ ਤੋਂ ਜ਼ਰੂਰ ਬਚਾਉਂਦੇ ਨੇ। ਇਹੀ ਫਲੈਕਸਾਂ ਤਾਣ ਕੇ ਇਕ ਪਾਸੇ ਗੁਸਲਖਾਨਾ ਬਣਾਇਆ ਹੈ। ਇਹੀ ਫਲੈਕਸਾਂ ਢਾਬੇ ਦੀਆਂ ਕੰਧਾਂ ਨੇ ਤੇ ਇਹੀ ਛੱਤ ਹੈ, ਗੱਲ ਕੀ ਪਿੰਦਰ ਬਾਈ ਦੇ ਟੱਬਰ ਦੀ ਜ਼ਿੰਦਗੀ ਨੂੰ ਪੂਰੀ ਓਟ ਹੀ ਵੱਖ ਵੱਖ ਲੀਡਰਾਂ ਦੀ ਮਸ਼ਹੂਰੀ ਕਰਦੇ ਤੇ ਫਿਲਮਾਂ ਦੀ ਇਸ਼ਤਿਹਾਰਬਾਜ਼ੀ ਵਾਲੇ ਫਲੈਕਸਾਂ ਨੇ ਦਿੱਤੀ ਹੋਈ ਹੈ। ਗੁਰਬਤ ਨਾਲ ਧੁਆਂਖੀ ਜ਼ਿੰਦਗੀ ਵਿੱਚ ਰੰਗ ਭਰਦੀਆਂ ਨੇ ਇਹ ਫਲੈਕਸਾਂ। ਮੁੱਖ ਸੜਕ ਦਾ ਕਿਨਾਰਾ, ਤੇ ਇਹ ਤਰਪਾਲਾਂ, ਫਲੈਕਸਾਂ ਦੀ ਓਟ ਹੀ ਪਿੰਦਰ ਦੇ ਪਰਿਵਾਰ ਦੀ ਜ਼ਿੰਦਗੀ ਹੈ।

ਪਿੰਦਰ ਦੱਸਦਾ ਹੈ ਕਿ ਜ਼ਿੰਦਗੀ ਦਾ ਰੇੜੂ ਰੋੜਨ ਲਈ ਵੱਡੇ 17 ਸਾਲਾ ਮੁੰਡੇ ਨੂੰ ਨਾਈ ਦੀ ਦੁਕਾਨ ਕਰਵਾ ਦਿੱਤੀ, ਸਾਢੇ ਕੁ 14 ਸਾਲਾ ਸਾਗਰ, ਤੇ 13 ਸਾਲਾ ਕਾਜਲ ਢਾਬੇ 'ਤੇ ਕੰਮ ਕਰਦੇ ਨੇ, ਢਾਬਾ ਕਹਿਣ ਨੂੰ ਢਾਬਾ ਹੈ, ਕੋਈ ਵਿਰਲਾ ਟਾਂਵਾਂ ਚਾਹ ਪੀਣ ਜਾਂ ਕਦੇ ਕਦਾਈਂ ਰੋਟੀ ਖਾਣ ਰੁਕਦਾ ਹੈ, ਪਿੰਦਰ ਦੀ ਘਰਵਾਲੀ ਬਬਲੀ ਕੁਝ ਘਰਾਂ ਚ ਸਾਫ ਸਫਾਈ ਦਾ ਕੰਮ ਕਰਨ ਜਾਂਦੀ ਹੈ, ਢਾਈ ਕੁ ਹਜ਼ਾਰ ਕਮਾ ਲੈਂਦੀ ਹੈ, ਢਾਬੇ ਤੋਂ 1000-1500 ਦੀ ਆਮਦਨ ਹੋ ਜਾਂਦੀ ਹੈ।

ਅੱਜ ਪਿੰਦਰ ਬਾਈ ਦੇ ਸਿਰ ਲੱਖ ਕੁ ਰੁਪਏ ਦਾ ਕਰਜ਼ਾ ਹੈ, ਉਹ ਕਹਿੰਦਾ ਹੈ, ਪਤਾ ਨਹੀਂ ਲੋਕ ਕਰਜ਼ੇ ਕਰਕੇ ਜਾਨ ਕਿਉਂ ਦੇ ਦਿੰਦੇ ਨੇ, ਜਿਉਂਦੀ ਜਾਨ ਲੜੇ ਤਾਂ ਸਹੀ? ਕਿਸੇ ਦਾ ਪੁਰਾਣਾ ਜਮਾ ਈ ਹੰਢਿਆ ਢਿੱਲਾ ਜਿਹਾ ਕੋਟ ਪੈਂਟ ਸੂਤ ਕਰਦਾ ਪਿੰਦਰ ਬਾਈ ਕਰੇੜੇ ਦੰਦਾਂ ਨਾਲ ਹੱਸਦਾ, ਸਮਾਜਕ ਨਾਬਰਾਬਰੀ ਨੂੰ ਦੰਦੀਆਂ ਚਿੜਾਉਂਦਾ ਜਾਪਦਾ ਹੈ।

ਹਾਲ ਹੀ ਵਿੱਚ ਦੀਵਾਲੀ ਵੇਲੇ ਇਕ ਵਾਰ ਫੇਰ ਐਕਸੀਡੈਂਟ ਦਾ ਸ਼ਿਕਾਰ ਹੋ ਚੁੱਕਿਆ ਹੈ, ਲੱਤ 'ਤੇ 15 ਟਾਂਕੇ ਲੱਗੇ, ਪਰ ਉਸੇ ਤਰਾਂ ਕੰਮ ਕਰਦਾ ਰਿਹਾ, ਪਿੰਦਰ ਬਾਈ ਕਹਿੰਦਾ ਮੈਂ ਤਾਂ ਭੈਣ ਜੀ ਸੱਟ ਲੱਗੀ ਤੋਂ ਵੀ ਇਕ ਦਿਨ ਵੀ ਮੰਜੇ 'ਤੇ ਪਿਆ ਨਹੀਂ, ਢਾਬੇ 'ਤੇ ਚਾਹ ਪਾਣੀ, ਰੋਟੀ ਆਦਿ ਦਾ ਕੰਮ ਕਰਦਾ ਰਿਹਾ, ਤਾਂ ਨਿੱਕੇ ਨਿਆਣਿਆਂ ਨੇ ਗੁਰਬਤ ਦਾ ਮਜ਼ਾਕ ਉਡਾਇਆ, ਮੰਜਾ ਤਾਂ ਡੈਡੀ ਹੈ ਵੀ ਨਹੀਂ.. ਪੈਣਾ ਕਿੱਥੇ ਸੀ?

ਬੱਚੇ ਠਹਾਕੇ ਮਾਰ ਕੇ ਹੱਸ ਪਏ, ਬਾਪ ਨਿਮੋਝੂਣਾ ਜਿਹਾ ਹੋ ਗਿਆ .. ਅੰਦਰੋਂ ਉਬਲ਼ੇ ਲਹੂ ਨਾਲ ਮੇਰਾ ਸੰਘ ਘੁੱਟ ਗਿਆ.. ਕੁਝ ਹੋਰ ਪੁੱਛਣ, ਜਾਨਣ ਦੀ ਹਿੰਮਤ ਨਾ ਹੋਈ, ਸਭ ਕੁਝ ਤਾਂ ਸਾਹਮਣੇ ਹੈ..।

ਸਾਢੇ ਕੁ 14 ਸਾਲਾ ਸਾਗਰ ਆਪਣੇ ਆਪ ਵਿੱਚ ਪੂਰੀ ਕਹਾਣੀ ਹੈ, ਢੋਲ ਵਜਾਉਂਦਾ ਵੱਡੇ ਵੱਡੇ ਢੋਲੀਆਂ ਨੂੰ ਮਾਤ ਪਾਉਂਦਾ ਹੈ, ਹਿੱਕ ਦੇ ਜ਼ੋਰ ਪੱਕੇ ਗਾਇਕਾਂ ਵਾਂਗ ਹੇਕ ਲਾਉਂਦਾ ਹੈ, ਪੜਨਾ ਚਾਹੁੰਦਾ ਹੈ, ਅਤੇ ਨਿੱਕੇ ਨਿੱਕੇ ਹੱਥਾਂ ਨਾਲ ਵੱਡੇ ਵੱਡੇ ਪਤੀਲੇ ਮਾਂਜਦੀ ਕਾਜਲ ਮਰ ਰਹੇ ਸੁਪਨਿਆਂ ਨੂੰ ਅੱਥਰੂਆਂ ਪਿੱਛੇ ਤੇ ਅੱਥਰੂਆਂ ਨੂੰ ਟੱਲੀਆਂ ਦੀ ਟੁਣਕਾਰ ਵਰਗੇ ਹਾਸੇ ਪਿੱਛੇ ਛੁਪਾਉਣ ਦੀ ਸਫਲ ਕੋਸ਼ਿਸ਼ ਕਰ ਜਾਂਦੀ ਹੈ। ਦੋਵਾਂ ਨਿਆਂਣਿਆਂ ਨੂੰ ਮਾਰਚ ਮਹੀਨੇ ਦੁਬਾਰਾ ਸਕੂਲ ਦਾਖਲ ਕਰਵਾਉਣ ਦਾ ਵਾਅਦਾ ਕੀਤਾ ਹੈ, ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੀ।

ਠਰੀਆਂ ਰਾਤਾਂ ਨੂੰ ਇਹ ਬੱਚੇ ਸਰਕਾਰੀ ਜ਼ਮੀਨ 'ਤੇ ਸਿਆਸੀ ਪਾਰਟੀਆਂ ਦੀ ਮਸ਼ਹੂਰੀ ਵਾਲੇ ਫਲੈਕਸ ਵਿਛਾ ਕੇ ਬੋਰੀਆਂ ਚ ਕੂੜੇ ਚੋਂ ਇਕੱਠੇ ਕੀਤੇ ਕੱਪੜੇ ਉਪਰ ਤਾਣਦੇ ਨੇ, ਤੇ ਪੋਹ ਦੀ ਠੁਰਕੀ ਨੂੰ ਹਰਾਉਂਦੇ ਨੇ।

ਪਿੰਦਰ ਬਾਈ ਦੇ ਢਾਬੇ ਚ ਗੁਰਬਤ ਨੂੰ ਹਰਾਉਂਦੀ ਜ਼ਿੰਦਗੀ ਨੂੰ ਸਲਾਮ ਕਰਨਾ ਬਣਦਾ ਹੈ।

# ਸ਼ਹੀਦ ਲਾਭ ਸਿੰਘ ਨੂੰ ਸਮਰਪਿਤ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਬਾਰੇ ਸੈਮੀਨਾਰ

**ਸੈਮੀਨਾਰ ਦੌਰਾਨ ਮੰਚ ਤੋਂ ਸੰਬੋਧਨ ਕਰਦੇ ਹੋਏ ਪ੍ਰੋ : ਸੁਖਪਾਲ ਸਿੰਘ**



ਮਾਨਸਾ, (ਰਣਜੀਤ ਲਹਿਰਾ) : 80ਵੀਂਆਂ ਵਿੱਚ ਪੰਜਾਬ ਪੱਧਰ 'ਤੇ ਵਧੇ ਬੱਸ ਕਿਰਾਇਆ ਵਿਰੋਧੀ ਘੋਲ ਵਿੱਚ ਸ਼ਹੀਦ ਹੋਏ ਸਾਥੀ ਲਾਭ ਸਿੰਘ ਦੀ ਯਾਦ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ, ਜਿਸ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਡਾ. ਸੁਖਪਾਲ ਸਿੰਘ ਨੇ ਪੰਜਾਬ ਵਿੱਚ ਹੋ ਰਹੀਆਂ ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਸਬੰਧੀ ਲੋਕਾਂ ਦੀਆਂ ਭਾਵਨਾਵਾਂ ਦੀ ਵਿਗਿਆਨਕ ਢੰਗ ਨਾਲ ਵਿਆਖਿਆ ਕਰਦੇ ਹੋਏ ਹਕੀਕਤ ਨੂੰ ਸਾਹਮਣੇ ਲਿਆਂਦਾ। ਉਨ੍ਹਾਂ ਕਿਹਾ ਕਿ ਕਿਸਾਨ ਅਤੇ ਮਜ਼ਦੂਰ ਨੂੰ ਖੁਦਕੁਸ਼ੀਆਂ ਨੂੰ ਵਿਆਹਾਂ-ਸ਼ਾਦੀਆਂ ਅਤੇ ਭੋਗਾਂ 'ਤੇ ਵੱਧ ਖਰਚ ਕਰਨ ਵਾਲੇ, ਬੇਲੋੜੀ ਮਸ਼ੀਨਰੀ ਖਰੀਦਣ ਵਾਲੇ ਅਤੇ ਨਸ਼ਿਆਂ ਦਾ ਫਾਲਤੂ ਸੇਵਨ ਕਰਨ ਵਾਲੇ ਦੱਸ ਕੇ ਬਦਨਾਮ ਕੀਤਾ ਜਾ ਰਿਹਾ ਹੈ, ਜਦੋਂ ਕਿ ਖੁਦਕੁਸ਼ੀਆਂ ਦੇ ਅਸਲ ਮਾਮਲਿਆਂ ਨੂੰ ਇਕ ਸਾਜ਼ਿਸ਼ ਤਹਿਤ ਲਕੋਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਿਸਾਨਾਂ ਵਿੱਚੋਂ ਖੁਦਕੁਸ਼ੀਆਂ ਕਰਨ ਵਾਲੇ 76 ਪ੍ਰਤੀਸ਼ਤ ਕਿਸਾਨ ਪੰਜ ਏਕੜ ਜ਼ਮੀਨ ਤੋਂ ਘੱਟ ਦੇ ਮਾਲਕ ਹਨ। ਉਨ੍ਹਾਂ ਕਿਹਾ ਕਿ ਖੇਤੀ ਇਸ ਵੇਲੇ ਗੰਭੀਰ ਸੰਕਟ 'ਚੋਂ ਗੁਜ਼ਰਨ ਲੱਗੀ ਹੈ। ਇਸ 'ਤੇ ਨਿਰਭਰ ਹਰ ਕਿਸਮ ਦੇ ਲੋਕ ਗਹਿਰੇ ਆਰਥਿਕ ਸੰਕਟ ਦਾ ਸ਼ਿਕਾਰ ਹੋਣ ਲੱਗੇ ਹਨ ਅਤੇ ਜੇ ਖੇਤੀ ਵੱਲ ਸਹੀ ਰੂਪ ਵਿਚ ਸਰਕਾਰ ਨੇ ਧਿਆਨ ਨਾ ਦਿੱਤਾ ਤਾਂ ਇਸ ਦੇ ਹੋਰ ਗੰਭੀਰ ਸਿੱਟੇ ਨਿੱਕਲਣ ਦੀਆਂ ਸੰਭਾਵਨਾਵਾਂ ਹਨ।

ਉਨ੍ਹਾਂ ਕੇਂਦਰ ਸਰਕਾਰ ਵੱਲੋਂ ਕੰਪਨੀਆਂ ਨੂੰ ਜ਼ਮੀਨ ਦੇ ਕੇ ਕਿਸਾਨਾਂ ਦੀ ਆਰਥਿਕ ਵਿਵਸਥਾ ਸੁਧਾਰਨ ਲਈ, ਜੋ ਰੌਲਾ ਪਾਇਆ ਜਾ ਰਿਹਾ ਹੈ, ਉਸ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਇਸ ਦਾ ਆਰਥਿਕਤਾ 'ਤੇ ਮਾੜਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕੰਪਨੀਆਂ ਨੂੰ ਜ਼ਮੀਨ ਠੇਕੇ 'ਤੇ ਦੇਣ ਦੀ ਥਾਂ ਖੇਤੀ ਵਿੱਚ ਸਰਕਾਰੀ ਨਿਵੇਸ਼ ਕਰਕੇ ਕਿਸਾਨਾਂ ਦੀ ਆਮਦਨ ਵਧਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਇਹ ਸੈਮੀਨਾਰ ਬਾਰੂ ਸਤਵਰਗ, ਰਣਜੀਤ ਲਹਿਰਾ, ਮੁਖਤਿਆਰ ਪੂਲਾ, ਗੁਰਦੀਪ ਸਿੰਘ ਸਰਪੰਚ ਮੱਲਾ ਸਿੰਘ ਵਾਲਾ, ਗੁਰਜੰਟ ਮਾਖਾ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ। ਇਨਕਲਾਬੀ ਲੋਕ ਮੋਰਚਾ ਦੇ ਆਗੂ ਰਤੇਸ਼ ਮਲੋਹਤਰਾ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਕਿਸਾਨਾਂ, ਮਜ਼ਦੂਰਾਂ ਨੂੰ ਖੁਦਕੁਸ਼ੀਆਂ ਦਾ ਰਾਹ ਛੱਡਕੇ ਸੰਘਰਸ਼ ਦਾ ਰਾਹ ਅਪਨਾਉਣ ਦੀ ਅਪੀਲ ਕੀਤੀ। ਸਾਬਕਾ ਵਿਦਿਆਰਥੀ ਆਗੂ ਪ੍ਰੋ. ਅਜੈਬ ਸਿੰਘ ਟਿਵਾਣਾ ਨੇ ਸ਼ਹੀਦ ਲਾਭ ਸਿੰਘ ਸ਼ਹਾਦਤ ਅਤੇ ਬੱਸ ਕਿਰਾਇਆ ਘੋਲ ਦੇ ਸਮੁੱਚੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਸ਼ਹੀਦ ਲਾਭ ਸਿੰਘ ਦੀ ਜੀਵਨ ਸਾਥਨ ਅੰਗਰੇਜ ਕੌਰ ਤੇ ਬੇਟੀ ਰਾਣੀ ਕੌਰ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਤੋਂ ਨਾਜਰ ਸਿੰਘ ਬਾਗੀ ਨੂੰ ਵੀ ਸਨਮਾਨਿਆ ਗਿਆ। ਇਸ ਮੌਕੇ ਦਰਸ਼ਨ ਪਾਲ ਪਟਿਆਲਾ, ਹਰਗਿਆਨ ਸਿੰਘ, ਤਾਰਾ ਚੰਦ ਬਰੇਟਾ, ਬਲਵੰਤ ਸਿੰਘ ਮਹਿਰਾਜ, ਦਰਸ਼ਨ ਸਿੰਘ ਖੋਖਰ, ਮਲਕੀਤ ਸਿੰਘ, ਲੱਖਾ ਸਿੰਘ, ਸੁਖਦੇਵ ਸਿੰਘ ਪਾਂਧੀ ਨੇ ਵੀ ਸੰਬੋਧਨ ਕੀਤਾ।

# ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਥਰਮਲ ਬੰਦ ਕਰਨ ਵਿਰੁੱਧ ਭਾਰੀ ਰੋਸ ਮਾਰਚ



ਲਹਿਰਾਗਾਗਾ, (ਰਣਜੀਤ ਲਹਿਰਾ) : ਅੱਜ ਇੱਥੇ ਸੰਘਰਸ਼ਸ਼ੀਲ ਕਿਸਾਨ-ਮਜ਼ਦੂਰ-ਮੁਲਾਜ਼ਮ ਜਥੇਬੰਦੀਆਂ ਵੱਲੋਂ ਕਾਇਮ ਕੀਤੀ 'ਥਰਮਲ ਬਚਾਓ ਐਕਸ਼ਨ ਕਮੇਟੀ, ਇਲਾਕਾ ਲਹਿਰਾਗਾਗਾ ਦੇ ਸੱਦੇ 'ਤੇ ਸੈਂਕੜੇ ਲੋਕਾਂ ਵੱਲੋਂ ਪੰਜਾਬ ਸਰਕਾਰ ਦੇ ਥਰਮਲਬੰਦੀ ਦੇ ਫੈਸਲੇ ਖਿਲਾਫ਼ ਰੋਸ ਮੁਜਾਹਰਾ ਕੀਤਾ ਗਿਆ ਅਤੇ ਸਰਕਾਰ ਤੋਂ ਪਬਲਿਕ ਸੈਕਟਰ ਦੇ ਬਠਿੰਡਾ ਤੇ ਰੋਪੜ ਦੇ ਥਰਮਲ ਪਲਾਂਟ ਮੁੜ ਚਾਲੂ ਕਰਨ ਦੀ ਜ਼ੋਰਦਾਰ ਮੰਗ ਕੀਤੀ । ਪੂਰੀ ਤਰ੍ਹਾਂ ਸ਼ਾਂਤਮਈ ਤੇ ਬਾਜਾਬਤਾ ਰੋਸ ਮੁਜ਼ਾਹਰੇ ਦੀ ਅਗਵਾਈ ਲੋਕ ਚੇਤਨਾ ਮੰਚ, ਲਹਿਰਾਗਾਗਾ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਬਿਜਲੀ ਮੁਲਾਜ਼ਮ ਏਕਤਾ ਮੰਚ, ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ ਅਤੇ ਪੀ.ਡਬਲਯੂ.ਡੀ.ਫ਼ੀਲਡ ਵਰਕਰਜ਼ ਯੂਨੀਅਨ ਦੇ ਆਗੂਆਂ ਨੇ ਕੀਤੀ।

ਰੋਸ ਮਾਰਚ ਤੋਂ ਪਹਿਲਾਂ ਸ਼ਹੀਦ ਊਧਮ ਸਿੰਘ ਚੌਂਕ ਵਿੱਚ ਕੀਤੀ ਇੱਕ ਭਰਵੀਂ ਰੈਲੀ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਚੋਣਾਂ ਦੌਰਾਨ ਵਾਅਦਾ ਤਾਂ ਕੈਪਟਨ ਅਮਰਿੰਦਰ ਸਿੰਘ ਤੇ ਮਨਪ੍ਰੀਤ ਬਾਦਲ ਨੇ ਅਕਾਲੀ-ਭਾਜਪਾ ਸਰਕਾਰ ਵੱਲੋਂ ਨਿੱਜੀ ਥਰਮਲ ਕੰਪਨੀਆਂ ਨਾਲ ਕੀਤੇ ਸਮਝੌਤਿਆਂ 'ਤੇ ਨਜ਼ਰਸਾਨੀ ਕਰਨ ਅਤੇ ਪਬਲਿਕ ਸੈਕਟਰ ਦੇ ਥਰਮਲ ਬੰਦ ਨਾ ਕਰਨ ਸਮੇਤ ਘਰ-ਘਰ ਰੁਜ਼ਗਾਰ ਦੇਣ ਦਾ ਕੀਤਾ ਸੀ ਪਰ ਫੁਰਮਾਨ ਪਬਲਿਕ ਸੈਕਟਰ ਦੇ ਬਠਿੰਡਾ ਤੇ ਰੋਪੜ ਵਾਲੇ ਥਰਮਲ ਪਹਿਲੀ ਜਨਵਰੀ, 2018 ਤੋਂ ਬੰਦ ਕਰਨ ਦਾ ਜਾਰੀ ਕਰ ਦਿੱਤਾ । ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦਾ ਇਹ ਫੈਸਲਾ ਨਾ ਸਿਰਫ਼ ਥਰਮਲ ਮੁਲਾਜ਼ਮਾਂ ਦੇ ਘਰ ਹਨੇਰ ਪਾਉਣ ਵਾਲਾ ਹੈ ਸਗੋਂ ਪੰਜਾਬ ਦੇ ਸਭ ਵਰਗਾਂ ਦੇ ਹਿੱਤਾ ਲਈ ਘਾਤਕ ਵੀ ਹੈ ।

ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਕੈਪਟਨ ਸਰਕਾਰ ਦੇ ਸਰਕਾਰੀ ਥਰਮਲਾਂ ਦੀ ਬਿਜਲੀ 11.50 ਰੁਪਏ ਯੂਨਿਟ ਪੈਣ, ਮਿਆਦ ਟੱਪਣ ਸਮੇਤ ਸਾਰੇ ਤੱਥ ਝੂਠੇ ਹਨ । ਪਾਵਰਕਾਮ ਦੇ ਇੰਜੀਨੀਅਰਾਂ ਦੀ ਐਸੋਸੀਏਸ਼ਨ ਵੱਲੋਂ ਇਹ ਸਾਰੇ ਝੂਠੇ ਦਾਅਵੇ ਤੱਥਾਂ ਸਹਿਤ ਰੱਦ ਕੀਤੇ ਜਾ ਚੁੱਕੇ ਹਨ ਪਰ ਫਿਰ ਵੀ ਜੇ ਸਰਕਾਰ ਥਰਮਲ ਬੰਦ ਕਰਨ 'ਤੇ ਬੇਜ਼ਿੱਦ ਹੈ ਤਾਂ ਇਸ ਦਾ ਇੱਕੋ ਕਾਰਨ ਹੈ ਕਿ ਪਿਛਲੀ ਸਰਕਾਰ ਵਾਂਗ ਕੈਪਟਨ ਸਰਕਾਰ ਵੀ ਨਿੱਜੀਕਰਨ ਦੀ ਲੋਕ ਵਿਰੋਧੀ ਨੀਤੀ ਜਾਰੀ ਰੱਖ ਕੇ ਨਿੱਜੀ ਥਰਮਲ ਕੰਪਨੀਆਂ, ਜਿਨ੍ਹਾਂ ਨੂੰ ਥਰਮਲ ਖੜ੍ਹੇ ਰੱਖ ਕੇ ਵੀ ਭੁਗਤਾਨ ਕੀਤਾ ਜਾਂਦਾ ਹੈ, ਦਾ ਬਿਜਲੀ ਖੇਤਰ 'ਚ ਏਕਾ ਅਧਿਕਾਰ ਕਾਇਮ ਕਰਵਾਉਣਾ ਚਾਹੁੰਦੀ ਹੈ । ਬੁਲਾਰਿਆਂ ਨੇ ਦਾਅਵਾ ਕੀਤਾ ਕਿ ਅਜਿਹਾ ਹੋਣ ਨਾਲ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਭਵਿੱਖ ਵਿੱਚ ਮਹਿੰਗੀ ਬਿਜਲੀ ਨਾਲ ਆਪਣੀਆਂ ਜੇਬਾਂ ਕਟਵਾਉਣੀਆਂ ਪੈਣਗੀਆਂ ਅਤੇ ਥਰਮਲਬੰਦੀ ਨਾਲ ਬਠਿੰਡਾ ਤੇ ਰੋਪੜ ਸ਼ਹਿਰਾਂ ਸਮੇਤ ਪੰਜਾਬ ਦੇ ਅਰਥਚਾਰੇ ਤੇ ਰੁਜ਼ਗਾਰ ਨੂੰ ਬੁਰੀ ਤਰ੍ਹਾਂ ਢਾਹ ਲੱਗੇਗੀ ।

ਇਸ ਰੋਸ ਮਾਰਚ ਅਤੇ ਰੈਲੀ ਦੀ ਅਗਵਾਈ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ, ਨਾਮਦੇਵ ਸਿੰਘ ਭੁਟਾਲ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂ ਧਰਮਿੰਦਰ ਸਿੰਘ ਪਿਸ਼ੌਰ, ਕਿਸਾਨ ਸਭਾ ਦੇ ਕਾ. ਸਤਵੰਤ ਖੰਡੇਵਾਦ, ਜਮਹੂਰੀ ਕਿਸਾਨ ਸਭਾ ਦੇ ਕਾ. ਭੀਮ ਸਿੰਘ ਆਲਮਪੁਰ, ਬਿਜਲੀ ਮੁਲਾਜ਼ਮ ਮੰਚ ਦੇ ਪੂਰਨ ਸਿੰਘ ਖਾਈ, ਮਹਿੰਦਰ ਸਿੰਘ, ਸੁਰਿੰਦਰ ਮੋਹਨ, ਬਲਵੀਰ ਸਿੰਘ, ਪੈਨਸ਼ਨਰਜ਼ ਐਸੋਸ਼ੀਏਸ਼ਨ ਦੇ ਗੁਰਚਰਨ ਸਿੰਘ, ਸੀਤਾ ਰਾਮ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਲਵਿੰਦਰ ਜਲੂਰ, ਬਲਵੀਰ ਜਲੂਰ, ਖੇਤ ਮਜ਼ਦੂਰ ਯੂਨੀਅਨ ਦੇ ਹਰਭਗਵਾਨ ਮੂਨਕ, ਫੀਲਡ ਵਰਕਰਜ਼ ਯੂਨੀਅਨ ਦੇ ਰਣਜੀਤ ਲਹਿਰਾ ਤੇ ਅਮਰੀਕ ਗੁਰਨੇ ਆਦਿ ਆਗੂਆਂ ਨੇ ਕੀਤੀ ।

ਰੋਸ ਮਾਰਚ ਉਪ੍ਰੰਤ ਐਸ.ਡੀ.ਐਮ.ਲਹਿਰਾ ਰਾਹੀਂ ਪੰਜਾਬ ਸਰਕਾਰ ਨੂੰ ਇੱਕ ਮੰਗ ਪੱਤਰ ਭੇਜਿਆ ਗਿਆ । ਮਾਰਚ ਦੌਰਾਨ ਸਰਕਾਰੀ ਥਰਮਲ ਪਲਾਂਟ ਬੰਦ ਕਰਨ ਦਾ ਫੈਸਲਾ ਵਾਪਸ ਲੈਣ, ਨਿੱਜੀ ਥਰਮਲ ਕੰਪਨੀਆਂ ਨਾਲ ਕੀਤੇ ਸਮਝੌਤੇ ਜੱਗ ਜ਼ਾਹਿਰ ਕਰਨ ਅਤੇ ਨਿੱਜੀ ਥਰਮਲਾਂ ਤੇ ਸੋਲਰ ਕੰਪਨੀਆਂ ਤੋਂ ਮਹਿੰਗੀ ਬਿਜਲੀ ਖਰੀਦਣ ਦੇ ਫੈਸਲੇ ਰੱਦ ਕਰਨ ਦੀ ਮੰਗ ਕਰਦਾ ਇੱਕ ਹੱਥ-ਪਰਚਾ ਵੰਡਿਆ ਗਿਆ। ਇਸ ਮੌਕੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਮੁਆਫ-ਕਰਨ, ਆਧਾਰ ਸੁਰੱਖਿਆ ਖ਼ਤਰਿਆਂ ਨੂੰ ਜੱਗ ਜ਼ਾਹਿਰ ਕਰਨ ਵਾਲੀ ਦਾ ਟ੍ਰਿਬਿਊਨ ਦੀ ਪੱਤਰਕਾਰ ਰਚਨਾ ਖਹਿਰਾ ਤੋਂ ਪੁਲਸ ਕੇਸ ਵਾਪਸ ਲੈਣ, ਭੀਮਾ ਕੋਰੇਗਾਓਂ ਵਿੱਚ ਦਲਿਤਾਂ 'ਤੇ ਹਮਲੇ ਦੇ ਦੋਸ਼ੀ ਸੰਘੀ ਆਗੂਆਂ ਨੂੰ ਗ੍ਰਿਫਤਾਰ ਕਰਨ ਅਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਨੂੰ ਲੱਗੀ ਅੱਗ 'ਤੇ ਕਾਬੂ ਪਾਉਣ ਦੀ ਮੰਗ ਕਰਦੇ ਮਤੇ ਪਾਸ ਕੀਤੇ ਗਏ ।

# ਸਟੇਟ ਬੈਂਕ ਆਫ ਇੰਡੀਆ ਨੂੰ ਰਿਲਾਇੰਸ ਪੇਮੈਂਟ ਬੈਂਕਿੰਗ ਨਾਂ ਦੇ ਅਦਾਰੇ ਨਾਲ ਸਿਰਨਰੜ ਕਰਨ ਦੀਆਂ ਕੋਸਿਸ਼ਾਂ ਦੀ ਜਮਹੂਰੀ ਅਧਿਕਾਰ ਸਭਾ ਵਲੋਂ ਨਿਖੇਧੀ

**ਡਾ ਅਜੀਤਪਾਲ ਸਿੰਘ ਐਮ ਡੀ**

ਜਮਹੂਰੀ ਅਧਿਕਾਰ ਸਭਾ ਬਠਿੰਡਾ ਦੀ ਜ਼ਿਲ੍ਹਾ ਇਕਾਈ ਨੇ ਸਟੇਟ ਬੈਂਕ ਆਫ ਇੰਡੀਆ ਨੂੰ ਰਿਲਾਇੰਸ ਪੇਮੈਂਟ ਬੈਂਕਿੰਗ ਨਾਂ ਦੇ ਅਦਾਰੇ ਨਾਲ ਬਿਨਾਂ ਵਜ੍ਹਾ ਸਿਰ-ਨਰੜ ਕਰਨ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕੀਤੀ ਹੈ। ਪ੍ਰੈੱਸ ਦੇ ਨਾਂ ਸਭਾ ਵੱਲੋਂ ਬਿਆਨ ਜਾਰੀ ਕਰਦਿਆਂ ਪ੍ਰੈੱਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਕਿਹਾ ਕਿ ਐਸਬੀਆਈ ਦੇ ਮਾਮਲੇ ਵਿੱਚ ਇਹ ਕੋਈ ਵੀ ਬਹਾਨਾ ਨਹੀਂ ਹੈ ਕਿ ਇਸ ਦੀਹ ਕਾਰਗੁਜ਼ਾਰੀ ਮਾੜੀ ਹੋਵੇ ਜਾਂ ਇਹ ਅਦਾਰਾ ਘਾਟੇ ਵਿੱਚ ਜਾ ਰਿਹਾ ਹੋਵੇ। ਉਲਟਾ ਇਹ ਮੁਲਕ ਦਾ ਇੱਕੋ ਇੱਕ ਬੈਂਕ ਹੈ ਜਿਸ ਦਾ ਨਾਂ ਦੁਨੀਆਂ ਦੇ ਪੰਜਾਹ ਵੱਡੇ ਬੈਂਕਾ ਦੀ ਸੂਚੀ ਵਿੱਚ ਬੋਲਦਾ ਹੈ ਅਤੇ ਫਾਰਚੂਨ 500 ਵਿੱਚ ਦਰਜ ਹੈ।ਇਸ ਬੈਂਕ ਦੀਆਂ ਮੁਲਕ ਭਰ ਵਿੱਚ 23566 ਸ਼ਾਖਾਵਾ ਹਨ। ਇਹਨਾਂ ਵਿੱਚੋਂ 15037 ਪੇਂਡੂ ਖੇਤਰ ਅਤੇ ਅਰਧ-ਸ਼ਹਿਰੀ ਖੇਤਰ ਵਿੱਚ ਹਨ।ਇਸ ਦੇ 35 ਮੁਲਕਾਂ ਵਿੱਚ ਕੌਮਾਂਤਰੀ ਦਫਤਰ ਕੰਮ ਕਰਦੇ ਹਨ। ਸਤੰਬਰ 2014 ਤਕ ਇਸ ਦੇ ਕੁੱਲ ਸਰਗਰਮ ਗਾਹਕਾ ਦੀ ਗਿਣਤੀ 22 ਕਰੋੜ 50 ਲੱਖ ਸੀ।ਇਸ ਦੇ ਖਾਤੇ ਵਿੱਚ ਜਮ੍ਹਾਂ ਪੂੰਜੀ-ਗਾਹਕਾਂ ਨੂੰ ਜਾਰੀ ਕੀਤੀ ਕੁੱਲ ਪੂੰਜੀ ਅਤੇ ਕੁੱਲ ਅਸਾਸੇ ਕ੍ਰਮਵਾਰ 14,73,785 ਕਰੋੜ,12,09,648 ਕਰੋੜ ਅਤੇ 18,74,332 ਕਰੋੜ ਰੁਪਏ ਬਣਦੇ ਹਨ।ਇਸ ਵੱਲੋਂ ਪਿਛੇ ਜਿਹੇ ਆਪਣੇ ਪੰਜ ਸਹਾਇਕ ਬੈਂਕਾਂ ਨੂੰ ਆਪਣੇ ਵਿੱਚ ਰਲਾਉਣ ਨਾਲ ਇਸ ਨੂੰ ਹੋਰ ਹੁਲਾਰਾ ਤੇ ਬਲ ਮਿਲਿਆ ਹੈ।ਸਭਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਦਾ ਕਹਿਣਾ ਹੈ ਕਿ ਆਪਣੇ ਪੈਰਾਂ ਤੇ ਖੜੇ ਸਫਲਤਾ ਨਾਲ ਕਾਰੋਬਾਰ ਕਰ ਰਹੇ ਅਤੇ ਵੱਧ ਫੁੱਲ ਰਹੇ ਅਜਿਹੇ ਵਿਸ਼ਾਲ ਤਾਣੇਬਾਣੇ ਵਾਲੇ ਬੈਂਕ ਨੂੰ ਰਿਲਾਇੰਸ ਪੇਮੈਂਟ ਬੈਂਕ ਨਾਲ ਭਾਈਵਾਲੀ ਲਈ ਨਾ ਇਸ ਦੇ ਘਾਟੇ ਵਿੱਚ ਜਾਣ ਅਤੇ ਨਾ ਹੀ ਗੈਰ-ਤਸੱਲੀਬਖਸ਼ ਕਾਰਗੁਜ਼ਾਰੀ ਦਾ ਬਹਾਨਾ ਮੌਜੂਦ ਹੈ।ਉਲਟਾ ਇਹ ਜਨਤਕ ਨਿੱਜੀ ਭਾਈਵਾਲੀ(ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ-ਪੀ ਪੀ ਪੀ) ਨਿੱਜੀਕਰਨ ਦੇ ਅਮਲ ਨੂੰ ਅੱਗੇ ਵਧਾਉਣ ਦਾ ਇੱਕ ਅਜਿਹਾ ਰਸਤਾ ਹੈ ਜਿਸ ਰਾਹੀਂ ਕਿਸੇ ਅਦਾਰੇ ਨੂੰ ਸਿੱਧਮ ਸਿੱਧਾ ਨਿੱਜੀ ਹੱਥਾਂ ਚ ਸੌਂਪਣ ਦੀ ਬਜਾਏ ਕਿਸੇ ਕਾਰਪੋਰੇਟ ਅਦਾਰੇ ਨਾਲ ਨੱਥੀ ਕਰ ਦੇਣ ਦਾ ਅਮਲ ਵਿੱਢਿਆ ਜਾਂਦਾ ਹੈ।ਇਸ ਬਹਾਨੇ ਇਸ ਫੱਟੇ ਓਹਲੇ ਇੱਕ ਪਾਸੇ ਨਿੱਜੀ ਕਾਰਪੋਰੇਟ ਅਦਾਰੇ ਨੂੰ ਜਨਤਕ ਅਦਾਰੇ ਦੀ ਜਾਇਦਾਦ ਸੋਮਿਆਂ ਤਾਣੇ ਬਾਣੇ ਤੇ ਮਨੁੱਖੀ ਸ਼ਕਤੀ ਦੀ ਵਰਤੋਂ ਦੀ ਖੁੱਲ੍ਹ ਮਿਲ ਜਾਂਦੀ ਹੈ ਅਤੇ ਦੂਜੇ ਹੱਥ ਜਨਤਕ ਅਦਾਰੇ ਨੂੰ ਖੋਖਲਾ ਕਰਦਿਆਂ ਨਿੱਜੀ ਕਾਰਪੇਟ ਅਦਾਰੇ ਨੂੰ ਵਧਣ-ਫੁਲਣ ਦਾ ਖੁੱਲਾ ਮੌਕਾ ਮਹੱਈਆ ਕੀਤਾ ਜਾਂਦਾ ਹੈ ਇਸੇ ਨੀਤੀ ਤਹਿਤ ਹਕੂਮਤ ਵੱਲੋਂ ਮੁਲਕ ਦੇ ਸਭ ਤੋਂ ਵੱਧ ਸਥਾਪਤ ਬੈਂਕ ਸਟੇਟ ਬੈਂਕ ਆਫ ਇੰਡੀਆ ਨੂੰ ਕਾਰਪੋਰੇਟ ਅੰਬਾਨੀ ਘਰਾਣੇ ਦੀ ਰਿਲਾਇੰਸ ਇੰਡਸਟਰੀਜ਼ ਲਿਮਟਿਡ(ਆਰ ਆਈ ਐੱਲ) ਨੂੰ ਸੌਂਪਣ ਦਾ ਰਾਹ ਫੜਿਆ ਜਾ ਰਿਹਾ ਹੈ।ਇਸ ਐੱਸਬੀਆਈ-ਆਰਆਈਐੱਲ ਰਲੇਂਵੇ ਨੂੰ ਅੰਜਾਮ ਦੇਣ ਲਈ ਕਦਮ ਲਗਭਗ ਦੋ ਸਾਲਾਂ ਤੋਂ ਲਏ ਜਾ ਰਹੇ ਹਨ। ਪਰ ਇਹਨਾਂ ਦੀ ਭਿਣਕ ਨਹੀਂ ਪੈਣ ਦਿੱਤੀ ਗਈ। ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ ਇਸ ਭਾਈਵਾਲੀ ਨੂੰ ਵਸੂਲਣ ਪ੍ਰਵਾਨਗੀ ਦੀ ਮੋਹਰ ਸਤੰਬਰ 2015 ਵਿੱਚ ਲਾ ਦਿੱਤੀ ਗਈ ਸੀ। ਆਰ ਆਈ ਐੱਲ ਵੱਲੋਂ ਲਿਖੇ ਪੱਤਰ ਤੋਂ ਬਾਅਦ ਰਜਿਸਟਰ ਆਫ ਕੰਪਨੀਜ਼ ਵੱਲੋਂ ਦਸ ਨਵੰਬਰ 2016 ਨੂੰ "ਐੱਸਬੀਆਈ-ਆਰ ਆਈ ਐੱਲ ਭਾਈਵਾਲੀ" ਨੂੰ ਰਜਿਸਟਰ ਕਰ ਲਿਆ ਗਿਆ ਸੀ। ਪਹਿਲੀ ਜੁਲਾਈ 2016 ਨੂੰ ਆਰਆਈਐੱਲ ਵੱਲੋਂ ਮੁੰਬਈ ਸਟਾਕ ਸੀ ਅਤੇ ਨੈਸ਼ਨਲ ਸਟਾਕ(ਸ਼ੇਅਰ ਬਾਜ਼ਾਰ) ਨੂੰ ਇਸ ਭਾਈਵਾਲੀ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ ਅਤੇ ਦੱਸਿਆ ਗਿਆ ਸੀ ਕਿ ਇਸ ਭਾਈਵਾਲੀ ਦੇ ਕੁੱਲ ਨਿਵੇਸ਼ ਵਿੱਚ ਰਿਲਾਇੰਸ ਦੀ ਨਿਵੇਸ਼ ਹਿੱਸਾਪੱਤੀ ਸੱਤਰ ਫ਼ੀਸਦੀ ਅਤੇ ਐੱਸਬੀਆਈ ਦੀ ਨਿਵੇਸ਼ ਹਿੱਸਾ-ਪੱਤੀ ਤੀਹ ਫੀਸਦੀ ਹੋਵੇਗੀ। ਪਰ ਇਹ ਸਾਰਾ ਹੀ ਅਮਲ ਗੁਪਤ ਚਲਾਇਆ ਗਿਆ।ਡਾ ਅਜੀਤ ਪਾਲ ਸਿੰਘ ਨੇ ਅੱਗੇ ਕਿਹਾ ਕਿ ਸਰਕਾਰ ਵੱਲੋਂ ਇਸ ਭਾਈਵਾਲੀ ਨੂੰ ਸਹੀ ਜਤਾਉਣ ਲਈ ਇੱਕ ਹੋਰ ਦਲੀਲ ਦਾ ਸਹਾਰਾ ਲਿਆ ਜਾ ਰਿਹਾ ਹੈ ਕਿ ਇਸ ਭਾਈਵਾਲੀ ਦਾ ਮਕਸਦ ਰਿਲਾਇੰਸ ਜਿਓ ਦੀ ਵਿਕਸਤ ਕਰੀਕ ਦੀ ਵਰਤੋਂ ਕਰਦਿਆਂ ਅੱਜ ਤੱਕ ਬੈਂਕਾਂ ਨਾਲ ਜੁੜੇ ਪੇਂਡੂ ਖੇਤਰ ਨੂੰ ਕਲਾਵੇ ਵਿੱਚ ਲਿਆ ਜਾ ਸਕੇਗਾ। ਪਰ ਇਹ ਦਲੀਲ ਵੀ ਸਹੀ ਨਹੀਂ ਹੈ। ਐੱਸਬੀਆਈ ਕੋਲ ਪਹਿਲਾਂ ਹੀ ਭਰਤੀ ਕੀਤੇ ਇੱਕ ਲੱਖ ਪੰਜਾਹ ਹਜ਼ਾਰ ਕਾਰੋਬਾਰ ਪੱਤਰਕਾਰਾਂ ਦੀ ਨੌਫਰੀ ਮੌਜੂਦ ਹੈ। ਇਹ ਪੱਤਰਕਾਰ ਮੁਲਕ ਦੇ ਦੂਰ ਦੁਰਾਡੇ ਦੇ ਪੇਂਡੂ ਖੇਤਰ ਵਿੱਚ ਕੰਮ ਕਰ ਰਹੇ ਹਨ। ਇਸ ਦੇ ਉਲਟ ਰਿਲਾਇੰਸ ਨੂੰ 2012 ਵਿੱਚ ਐਸਬੀਆਈ ਦੇ ਕਾਰਪੋਰੇਟ ਕਾਰੋਬਾਰ ਪੱਤਰਕਾਰ ਵਜੋਂ ਨਿਯੁਕਤ ਕੀਤਾ ਗਿਆ ਸੀ। ਪਰ ਉਸ ਵੱਲੋਂ ਇਸ ਨੂੰ ਮੁਨਾਫ਼ਾ ਬਖ਼ਸ਼ ਕੰਮ ਨਾ ਸਮਝਦਿਆ ਇੱਕ ਵੀ ਕਾਰੋਬਾਰ ਪੱਤਰਕਾਰ ਭਰਤੀ ਨਹੀਂ ਸੀ ਕੀਤਾ ਗਿਆ। ਤਕਨੀਕ ਪੱਖੋਂ ਐੱਸ ਬੀ ਆਈ ਕੋਲ ਇੱਕ ਵਿਸ਼ਾਲ ਤੇ ਵਿਕਸਿਤ ਤਾਣਾਬਾਣਾ ਮੌਜੂਦ ਹੈ,ਜਿਹੜਾ ਸਫਲਤਾ ਨਾਲ ਕੰਮ ਕਰ ਰਿਹਾ ਹੈ ਜਿਵੇਂ ਕਿ ਉਸ ਕੋਲ ਐੱਸਬੀਆਈ-ਬੱਡੀ ਐੱਸਬੀਆਈ-ਮੌਲੀਕੇਸ, ਐੱਸਬੀਆਈ-ਐਲੀਵਿਆ ਅਤੇ ਦੂਸਰੀਆਂ ਮੋਬਾਈਲ ਸਹੂਲਤਾਂ ਦੇ ਨਾਲ ਨਾਲ ਏਟੀਐੱਮਜ਼ ਦਾ ਵਿਸ਼ਾਲ ਤਾਣਾ ਬਾਣਾ ਮੌਜੂਦ ਹੈ। ਜਿਹੜਾ ਗਾਹਕਾਂ ਨੂੰ ਕਿਸੇ ਵੀ ਥਾਂ ਤੇ ਕਿਸੇ ਵੀ ਸਮੇਂ ਤੁਰਤ-ਫੁਰਤ ਸੇਵਾਵਾਂ ਮੁਹਇਆ ਕਰਾਉਣ ਲਈ ਸਮਰੱਥ ਹੈ।ਇਹ ਵੀ ਬਹੁਤ ਮਾੜੀ ਗੱਲ ਹੈ ਕਿ ਐੱਸਬੀਆਈ ਦੀ ਉਸ ਅੰਬਾਨੀ ਕਾਰਪੋਰੇਟ ਘਰਾਣੇ ਨਾਲ ਸਾਂਝ ਪਾਈ ਜਾ ਰਹੀ ਹੈ ਜਿਹੜਾ ਮੁਲਕ ਦੇ ਜਨਤਕ ਬੈਂਕਾਂ ਦਾ ਸਭ ਤੋਂ ਵੱਡਾ ਡਿਫਾਲਟਰ ਹੈ। ਕ੍ਰੈਡਿਟ ਸੁਇਸੇ ਦੀ ਰਿਪੋਰਟ ਮੁਤਾਬਕ ਅਕਤੂਬਰ 2015 ਤੱਕ ਰਿਲਾਇੰਸ ਵੱਲ 1.25 ਲੱਖ ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਸੀ।ਇਸ ਭਾਈਵਾਲੀ ਦਾ ਅਸਲ ਮਕਸਦ ਇਹ ਹੈ ਕਿ ਪੱਲਿਓ ਕੁੱਝ ਵੀ ਖ਼ਰਚੇ ਬਗ਼ੈਰ ਐੱਸ ਬੀ ਆਈ ਦਾ ਇੱਕ ਮਜ਼ਬੂਤ ਤਾਣਾਬਾਣਾ ਰਿਲਾਇੰਸ ਇੰਡਸਟਰੀਜ਼ ਦੇ ਹੱਥ ਲੱਗ ਜਾਵੇਗਾ ਅਤੇ ਐੱਸਬੀਆਈ ਦੇ ਹੱਥੋਂ ਇਹ ਖੁਸ ਜਾਵੇਗਾ।ਐੱਸਬੀਆਈ ਪੇਮੈਂਟ ਬੈਂਕ ਦੀਆਂ ਘੱਟ ਮਾਲੀਆ ਉਪਜਾਊ ਸਰਗਰਮੀਆਂ ਚ ਫਸ ਕੇ ਰਹਿ ਜਾਵੇਗਾ ਅਤੇ ਇਸ ਦੇ ਕਾਰੋਬਾਰ ਪੱਤਰਕਾਰਾਂ ਦਾ ਵਿਸ਼ਾਲ ਤਾਣਾ ਬਾਣਾ ਰਿਲਾਇੰਸ ਗਰੁੱਪ ਦੀਆਂ ਪੈਦਾਵਾਰੀ ਵਸਤਾਂ ਜਿਵੇਂ ਰਿਲਾਇੰਸ ਮਿਉਚਲ ਫੰਡ,ਰਿਲਾਇੰਸ ਜਨਰਲ ਇੰਸ਼ੋਰੈਂਸ ਅਤੇ ਰਿਲਾਇੰਸ ਲਾਈਫ ਇੰਸ਼ਰੈਂਸ ਨੂੰ ਵਧ ਤੋਂ ਵਧ ਲੋਕਾਂ ਨੂੰ ਵੇਚਣ ਦੀ ਸਰਗਰਮੀ ਵਿੱਚ ਘਿਰ ਜਾਵੇਗਾ। ਇਉਂ ਐੱਸਬੀਆਈ ਕੋਲ ਖੁਦ ਇਨ੍ਹਾਂ ਹੀ ਵਸਤਾਂ ਦਾ ਮਾਲਕ ਹੋਣ ਕਰਕੇ ਉਹ ਘੱਟੇਵੰਦੀ ਹਾਲਤ ਵਿੱਚ ਧੱਕਿਆ ਜਾਵੇਗਾ।ਜਮਹੂਰੀ ਅਧਿਕਾਰ ਸਭਾ ਦੇ ਅਹੁਦੇਦਾਰਾਂ ਨੇ ਮੰਗ ਕੀਤੀ ਹੈ ਕਿ ਸਟੇਟ ਬੈਂਕ ਆਫ ਇੰਡੀਆ ਨੂੰ ਰਿਲਾਇੰਸ ਪੇਮੈਂਟ ਬੈਂਕਿੰਗ ਦੇ ਨਾਲ ਭਾਈਵਾਲੀ ਕਰਨ ਵਾਲੇ ਅਮਲ ਨੂੰ ਤੁਰੰਤ ਵਾਪਸ ਲਿਆ ਜਾਵੇ ਤਾਂ ਕਿ ਐੱਸਬੀਆਈ ਦੇ ਨਿੱਜੀਕਰਨ ਦਾ ਅਮਲ ਰੋਕਿਆ ਜਾ ਸਕੇ।


CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

## ਗੁਰਦੁਆਰਿਆਂ ਵਿਚ ਸਰਕਾਰੀ ਨੁਮਾਇੰਦਿਆਂ ਦੇ ਬੋਲਣ ਉੱਪਰ ਪਾਬੰਦੀ ਦਾ ਸਵਾਲ

# ਭਾਰਤੀ ਰਾਜ ਦੇ ਹਮਾਇਤੀਓ ਤੱਥਾਂ ਨੂੰ ਵਿਗਾੜਕੇ ਪੇਸ਼ ਕਰਨਾ ਬੰਦ ਕਰੋ

ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਕੁਝ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਪਿੱਛੇ ਜਿਹੇ ਸਰਕਾਰੀ ਨੁਮਾਇੰਦਿਆਂ ਦੇ ਬੋਲਣ 'ਤੇ ਲਾਈ ਪਾਬੰਦੀ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਸਮੁੱਚੇ ਹਾਲਾਤ ਬਾਰੇ ਸਾਰਥਕ ਟਿੱਪਣੀ ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਕੀਤੀ ਹੈ। ਲੇਖਕ 'ਰੈਡੀਕਲ ਦੇਸੀ' ਪਰਚੇ ਦੇ ਕਰਤਾ-ਧਰਤਾ ਹਨ ਅਤੇ ਅਹਿਮ ਮਸਲਿਆਂ ਬਾਰੇ ਉਹ ਪਹਿਲਾਂ ਵੀ ਬੇਬਾਕ ਟਿੱਪਣੀਆਂ ਕਰਦੇ ਰਹੇ ਹਨ। ਇਸ ਲੇਖ ਵਿਚ ਵੀ ਉਨ੍ਹਾਂ ਅਜਿਹੀਆਂ ਹੀ ਟਿੱਪਣੀਆਂ ਕੀਤੀਆਂ ਹਨ। ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ

ਗੁਰਪ੍ਰੀਤ ਸਿੰਘ
ਅਨੁਵਾਦ: ਬੂਟਾ ਸਿੰਘ

ਉਤਰੀ ਅਮਰੀਕਾ ਦੇ ਬਹੁਤ ਸਾਰੇ ਗੁਰਦੁਆਰਿਆਂ ਵਲੋਂ ਭਾਰਤ ਦੇ ਸਰਕਾਰੀ ਨੁਮਾਇੰਦਿਆਂ ਦੇ ਬੋਲਣ ਉਪਰ ਪਾਬੰਦੀ ਲਾਏ ਜਾਣ ਦੇ ਫ਼ੈਸਲੇ ਨਾਲ ਨਾ ਕੇਵਲ ਭਾਰਤ ਦੀ ਸਥਾਪਤੀ, ਸਗੋਂ ਇਸ ਦੇ ਸਥਾਨਕ ਹਮਾਇਤੀ ਵੀ ਕਾਫ਼ੀ ਔਖੇ ਹਨ। ਅਮਰੀਕਾ ਦੇ 96 ਅਤੇ ਕੈਨੇਡਾ ਦੇ 16 ਗੁਰਦੁਆਰਿਆਂ ਨੇ ਭਾਰਤੀ ਨੁਮਾਇੰਦਿਆਂ ਦੇ ਆਪਣੀ ਹਦੂਦ ਵਿਚ ਜੁੜਨ ਵਾਲੀ ਸੰਗਤ ਨੂੰ ਸੰਬੋਧਨ ਕਰਨ ਉਪਰ ਪਾਬੰਦੀ ਲਾ ਦਿੱਤੀ ਹੈ। ਇਹ ਫ਼ੈਸਲਾ ਪੰਜਾਬ ਵਿਚ ਸਿੱਖ ਕਾਰਕੁਨਾਂ ਨੂੰ ਪੁਲਿਸ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਸੱਜੇ ਪੱਖੀ ਰਾਸ਼ਟਰਵਾਦੀ ਜਥੇਬੰਦੀ- ਭਾਰਤੀ ਜਨਤਾ ਪਾਰਟੀ, ਦੇ ਰਾਜ ਹੇਠ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਉਪਰ ਲਗਾਤਾਰ ਹੋ ਰਹੇ ਹਮਲਿਆਂ ਦੇ ਨਤੀਜੇ ਵਜੋਂ ਲਿਆ ਗਿਆ ਹੈ। ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਸਾਫ਼ ਐਲਾਨ ਕਰ ਦਿੱਤਾ ਹੈ ਕਿ ਸ਼ਰਧਾਲੂ ਦੇ ਤੌਰ 'ਤੇ ਕੋਈ ਵੀ ਗੁਰਦੁਆਰੇ ਵਿਚ ਆ ਸਕਦਾ ਹੈ, ਪਰ ਭਾਰਤੀ ਅਧਿਕਾਰੀਆਂ, ਕੂਟਨੀਤਕਾਂ ਅਤੇ ਚੁਣੇ ਹੋਏ ਸਿਆਸਤਦਾਨਾਂ ਨਾਲ ਖ਼ਾਸ ਸਲੂਕ ਨਹੀਂ ਕੀਤਾ ਜਾਵੇਗਾ। ਫਿਰ ਵੀ ਮੀਡੀਆ ਦੇ ਇਕ ਹਿੱਸੇ ਤੋਂ ਇਲਾਵਾ ਭਾਰਤ ਦੇ ਸੱਜੇ ਪੱਖੀ ਅਤੇ ਚਲਾਕ ਸਿਆਸਤਦਾਨ ਇਸ ਐਲਾਨ ਨੂੰ ਗਰਮਖ਼ਿਆਲੀਆਂ ਦਾ ਕਦਮ ਦੱਸ ਕੇ, ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ, ਜੋ ਉਨ੍ਹਾਂ ਅਨੁਸਾਰ ਸਿੱਖ ਅਕੀਦੇ ਤੋਂ ਉਲਟ ਹੈ ਜਿਸ ਦੇ ਦਰ ਹਰ ਕਿਸੇ ਲਈ ਖੁੱਲ੍ਹੇ ਹਨ।

ਜਿਹੜੀ ਗੱਲ ਇਨ੍ਹਾਂ ਟਿੱਪਣੀਕਾਰਾਂ ਨੇ ਸਹਿਜੇ ਹੀ ਵਿਸਾਰ ਦਿੱਤੀ ਹੈ, ਉਹ ਇਹ ਹੈ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗੁਰਦੁਆਰਿਆਂ ਵਿਚ ਕਿਸੇ ਦੇ ਦਾਖ਼ਲ ਹੋਣ ਉਪਰ ਪਾਬੰਦੀ ਨਹੀਂ ਲਗਾਈ। ਉਨ੍ਹਾਂ ਦੇ ਵਿਰੋਧ ਨੂੰ ਜਾਣ-ਬੁੱਝ ਕੇ, ਸਿੱਖ ਵੱਖਵਾਦ ਦਾ ਝੂਠਾ ਡਰ ਪੈਦਾ ਕਰਨ ਦੀ ਮਨਸ਼ਾ ਨਾਲ ਗ਼ਲਤ ਪੇਸ਼ ਕੀਤਾ ਜਾ ਰਿਹਾ ਹੈ। ਭਾਜਪਾ ਅਤੇ ਅਖੌਤੀ ਧਰਮ ਨਿਰਪੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਨੇ ਗੁਰਦੁਆਰਿਆਂ ਦੇ ਆਗੂਆਂ ਦੀ ਆਲੋਚਨਾ ਕੀਤੀ ਹੈ।

ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਦੋਂ ਤੋਂ (2014 ਵਿਚ) ਭਾਜਪਾ ਭਾਰਤ ਵਿਚ ਸੱਤਾ ਵਿਚ ਆਈ ਹੈ, ਧਾਰਮਿਕ ਘੱਟ ਗਿਣਤੀਆਂ ਉਪਰ ਹਮਲੇ ਵਧੇ ਹਨ। ਇਥੋਂ ਤਕ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਵੀ ਹਿੰਦੂ ਅਤਿਵਾਦ ਦਾ ਖ਼ਤਰਾ ਠੱਲ੍ਹਣ ਵਿਚ ਅਸਫ਼ਲ ਰਹੀ ਹੈ। ਉਲਟਾ, ਭਾਜਪਾ ਦੇ ਵੋਟ ਬੈਂਕ ਨੂੰ ਖ਼ੁਸ਼ ਕਰਨ ਲਈ ਇਹ ਸਿੱਧੇ ਇਲਜ਼ਾਮ ਲਾ ਰਹੀ ਹੈ ਕਿ ਸਿੱਖ ਅਤਿਵਾਦੀ ਪੰਜਾਬ ਸੂਬੇ ਵਿਚ ਗੜਗੜ ਪੈਦਾ ਕਰ ਰਹੇ ਹਨ। ਪਿੱਛੇ ਜਿਹੇ ਪੰਜਾਬ ਪੁਲਿਸ ਨੇ ਇੰਗਲੈਂਡ ਨਿਵਾਸੀ ਜਗਤਾਰ ਸਿੰਘ ਜੌਹਲ ਸਮੇਤ ਕੁਝ ਸਿੱਖ ਕਾਰਕੁਨਾਂ ਨੂੰ ਸੂਬੇ ਵਿਚ ਸੱਜੇ ਪੱਖੀ ਸਿਆਸੀ ਕਾਰਕੁਨਾਂ ਦੇ ਕਤਲਾਂ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ। ਜੌਹਲ ਦੇ ਪਰਿਵਾਰ ਅਤੇ ਉਸ ਦੇ ਹਮਾਇਤੀਆਂ ਦਾ ਇਲਜ਼ਾਮ ਹੈ ਕਿ ਉਸ ਤੋਂ ਝੂਠੇ ਇਕਬਾਲ ਕਰਾਉਣ ਲਈ ਉਸ ਨੂੰ ਤਸੀਹੇ ਦਿੱਤੇ ਜਾ ਰਹੇ ਹਨ। ਜੌਹਲ ਉਨ੍ਹਾਂ ਨੌਜਵਾਨਾਂ ਵਿਚੋਂ ਇਕ ਹੈ ਜੋ 1984 ਦੀਆਂ ਕਾਰਵਾਈਆਂ ਦੇ ਮਾਮਲੇ ਵਿਚ ਨਿਆਂ ਦੀ ਮੁਹਿੰਮ ਚਲਾ ਰਹੇ ਹਨ। ਇਹ ਉਦੋਂ ਦੀ ਗੱਲ ਹੈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਹੀ ਸਿੱਖ ਅੰਗ ਰੱਖਿਅਕਾਂ ਵਲੋਂ ਹੱਤਿਆ ਕਰ ਦੇਣ ਤੋਂ ਬਾਅਦ ਤੱਤਕਾਲੀ ਕਾਂਗਰਸ ਸਰਕਾਰ ਵਲੋਂ ਸਿੱਖ ਵਿਰੋਧੀ ਕਤਲੇਆਮ ਕਰਵਾਇਆ ਗਿਆ ਸੀ। ਜੌਹਲ ਅਤੇ ਉਸ ਵਰਗੇ ਹੋਰ, ਭਾਜਪਾ ਦੀ ਘੱਟ ਗਿਣਤੀਆਂ ਖਿਲਾਫ ਜ਼ਹਿਰੀਲੀ ਬਿਆਨਬਾਜ਼ੀ ਦੇ ਵੀ ਆਲੋਚਕ ਹਨ।

ਹੁਣ ਭਾਰਤ ਅੰਦਰਲੀ ਹਾਲਤ ਨੂੰ ਲੈ ਕੇ ਦੱਖਣੀ ਏਸ਼ੀਆਈ ਪਰਵਾਸੀ ਭਾਈਚਾਰੇ ਵਿਚ ਹਾਹਾਕਾਰ ਮੱਚੀ ਹੋਈ ਹੈ। ਉਹ ਇਹ ਮਹਿਸੂਸ ਕਰ ਰਹੇ ਹਨ ਕਿ ਅਮਰੀਕਾ ਅਤੇ ਕੈਨੇਡਾ ਅੰਦਰ ਭਾਰਤੀ ਸਟੇਟ ਦੇ ਸੂਹੀਏ ਸਿਆਸੀ ਕਾਰਕੁਨਾਂ ਦੀ ਜਾਸੂਸੀ ਕਰ ਰਹੇ ਹਨ। ਅਸਹਿਮਤੀ ਦੀ ਕਿਸੇ ਵੀ ਆਵਾਜ਼ ਨੂੰ ਕੁਚਲਣ ਲਈ ਉਹ ਪਰਦੇਸ ਵਿਚ ਰਹਿ ਰਹੇ ਲੋਕਾਂ ਦੀਆਂ ਕਾਲੀਆਂ ਸੂਚੀਆਂ ਬਣਾਉਂਦੇ ਹਨ ਅਤੇ ਅਕਸਰ ਹੀ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ।

ਭਾਰਤੀ ਸਿਆਸਤਦਾਨਾਂ ਵਲੋਂ ਕਾਰਕੁਨਾਂ ਨੂੰ ਵੱਖਵਾਦੀ ਅਤੇ ਅਤਿਵਾਦੀ ਵਜੋਂ ਪੇਸ਼ ਕਰ ਕੇ ਉਨ੍ਹਾਂ ਖ਼ਿਲਾਫ਼ ਦੁਸ਼ਟ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਅਤੇ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਦਾ ਅਕਸ ਵਿਗਾੜਨ ਦੀ ਹੱਦ ਤਕ ਚਲੇ ਗਏ। ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਇਨ੍ਹਾਂ ਸਿਆਸਤਦਾਨਾਂ ਉਪਰ ਪੰਜਾਬ ਵਿਚ ਭੰਨਤੋੜ ਦੀਆਂ ਕਾਰਵਾਈਆਂ ਕਰਨ ਵਾਲੇ ਅਨਸਰਾਂ ਨੂੰ ਸ਼ਹਿ ਦੇਣ ਦਾ ਇਲਜ਼ਾਮ ਵੀ ਲਾਇਆ। ਸੱਜਣ ਦੇ ਪਿਤਾ ਸਿੱਖ ਕਾਰਕੁਨ ਰਹਿ ਚੁੱਕੇ ਸਨ ਜੋ ਵਰਲਡ ਸਿੱਖ ਆਰਗੇਨਾਈਜੇਸ਼ਨ ਨਾਲ ਜੁੜੇ ਹੋਏ ਸਨ। ਜਗਮੀਤ ਸਿੰਘ ਭਾਰਤ ਵਿਚ 1984 ਵਿਚ ਸਿੱਖ ਭਾਈਚਾਰੇ ਖਿਲਾਫ ਕੀਤੀ ਹਿੰਸਾ ਦਾ ਮੁੱਦਾ ਉਠਾ ਰਹੇ ਹਨ।

ਇਨ੍ਹਾਂ ਹਾਲਾਤ ਵਿਚ ਬਹੁਤ ਸਾਰੇ ਗੁਰਦੁਆਰਿਆਂ ਨੇ ਭਾਈਚਾਰੇ ਦੇ ਮਾਮਲਿਆਂ ਵਿਚ ਭਾਰਤੀ ਸਟੇਟ ਵਲੋਂ ਦਖ਼ਲਅੰਦਾਜ਼ੀ ਕਰਨ ਅਤੇ ਭਾਰਤ ਵਿਚ ਇਸ ਦੇ ਮਾਲਕਾਂ ਵਲੋਂ ਕੀਤੇ ਜਾ ਰਹੇ ਦੇ ਜ਼ੁਲਮਾਂ ਖ਼ਿਲਾਫ਼ ਇਕੱਠੇ ਹੋ ਕੇ ਬਿਆਨ ਦਿੱਤਾ ਹੈ। ਪਹਿਲੀ ਗੱਲ, ਉਨ੍ਹਾਂ ਦੇ ਫ਼ੈਸਲੇ ਨੂੰ ਸਰਸਰੀ ਤੌਰ 'ਤੇ ਵੱਖਵਾਦੀ ਦਾ ਠੱਪਾ ਲਾ ਕੇ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਜੇ ਉਹ ਵੱਖਵਾਦੀ ਹਨ ਵੀ, ਤਾਂ ਵੀ ਜਮਹੂਰੀ ਭਾਵਨਾ ਅਨੁਸਾਰ ਉਨ੍ਹਾਂ ਦਾ ਇਉਂ ਕਰਨਾ ਸਹੀ ਹੈ। ਇਹੀ ਤਾਂ ਭਾਈਚਾਰੇ ਦੇ ਪੁਰਖੇ ਬੀਤੇ ਅਰਸੇ ਵਿਚ ਵੈਨਕੂਵਰ ਵਿਚ ਬਰਤਾਨਵੀ ਸਲਤਨਤ ਖਿਲਾਫ ਕਰਦੇ ਰਹੇ, ਜਦੋਂ ਭਾਰਤ ਬਰਤਾਨੀਆ ਦੇ ਕਬਜ਼ੇ ਹੇਠ ਸੀ। ਉਨ੍ਹਾਂ ਨੇ ਕਿੰਗ ਜਾਰਜ ਪੰਜਵੇਂ ਦੀ ਫੇਰੀ ਦਾ ਵਿਰੋਧ ਕੀਤਾ। ਬਹੁਤ ਸਾਰੇ ਸਾਬਕਾ ਸਿੱਖ ਫ਼ੌਜੀਆਂ ਨੇ ਤਾਂ ਬਸਤੀਵਾਦ ਅਤੇ ਨਸਲਵਾਦ ਦਾ ਮੁਕਾਬਲਾ ਕਰਨ ਦਾ ਫ਼ੈਸਲਾ ਕਰਨ ਤੋਂ ਬਾਅਦ ਸਲਤਨਤ ਨਾਲੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਕਰਦਿਆਂ ਗੁਰਦੁਆਰੇ ਦੇ ਅੰਦਰ ਹੀ ਆਪਣੇ ਤਮਗੇ ਅਤੇ ਸਰਟੀਫਿਕੇਟ ਵੀ ਫੂਕ ਦਿੱਤੇ ਸਨ। ਕੈਨੇਡੀਅਨ ਇਮੀਗ੍ਰੇਸ਼ਨ ਅਫ਼ਸਰ ਵਿਲੀਅਮ ਹਾਪਕਿਨਸਨ ਇਨ੍ਹਾਂ ਕਾਰਕੁਨਾਂ ਦੀ ਉਦੋਂ ਤਕ ਜਾਸੂਸੀ ਕਰਦਾ ਰਿਹਾ, ਜਦੋਂ ਤਕ ਭਾਈ ਮੇਵਾ ਸਿੰਘ ਨੇ ਉਸ ਦਾ ਫਸਤਾ ਨਹੀਂ ਵੱਢ ਦਿੱਤਾ। ਉਹ ਵੈਨਕੂਵਰ ਦੇ ਸਭ ਤੋਂ ਪੁਰਾਣੇ ਗੁਰਦੁਆਰੇ ਦੇ ਬਾਨੀਆਂ ਵਿਚੋਂ ਸਨ। ਦਰਅਸਲ, ਉਹ ਗੁਰਦੁਆਰਾ ਨਸਲਵਾਦ ਅਤੇ ਬਸਤੀਵਾਦ ਖਿਲਾਫ ਸਿਆਸੀ ਸਰਗਰਮੀਆਂ ਨੂੰ ਥਾਂ ਮੁਹੱਈਆ ਕਰਨ ਖ਼ਾਤਰ ਤਾਮੀਰ ਕੀਤਾ ਗਿਆ ਸੀ। ਲਿਹਾਜ਼ਾ, ਇਥੇ ਸਾਡੇ ਗੁਰਦੁਆਰਿਆਂ ਵਲੋਂ ਵਿਰੋਧ ਕੀਤੇ ਜਾਣ ਦਾ ਆਪਣਾ ਇਤਿਹਾਸ ਹੈ। ਹੋਰ ਦ੍ਰਿਸ਼ਟੀ ਤੋਂ ਦੇਖਿਆਂ ਵੀ, ਸਿੱਖ ਅਕੀਦੇ ਦੇ ਬਾਨੀ ਗੁਰੂ ਨਾਨਕ ਨੇ ਮੁਗਲ ਸਲਤਨਤ ਵਲੋਂ ਕੀਤੇ ਜਾ ਰਹੇ ਰਾਜਕੀ ਜ਼ੁਲਮਾਂ ਦੀ ਨਿੰਦਾ ਕੀਤੀ ਸੀ।

ਆਖ਼ਰੀ ਗੱਲ, ਜਿਹੜੇ ਲੋਕ ਇਸ ਫ਼ੈਸਲੇ ਦੀ ਆਲੋਚਨਾ ਕਰ ਰਹੇ ਹਨ, ਉਹ ਗੁਰਦੁਆਰਿਆਂ ਵਲੋਂ ਭਾਰਤੀ ਅਧਿਕਾਰੀਆਂ ਨਾਲ ਖ਼ਾਸ ਸਲੂਕ ਕੀਤੇ ਜਾਣ ਤੋਂ ਨਾਂਹ ਕਰਨ ਦੇ ਚੁਣਵੇਂ ਮਾਮਲਿਆਂ ਨੂੰ ਹੀ ਉਠਾ ਰਹੇ ਹਨ। ਪਿਛਲੇ ਸਾਲ, ਜਦੋਂ ਮਸ਼ਹੂਰ ਭਾਰਤੀ ਪੱਤਰਕਾਰ ਰਾਣਾ ਅਯੂਬ ਵੈਨਕੂਵਰ ਆਈ ਸੀ ਤਾਂ ਸਭ ਤੋਂ ਪੁਰਾਣੀ ਸਿੱਖ ਸੰਸਥਾ, ਜਿਸ ਨੂੰ ਭਾਰਤ ਪੱਖੀ ਨਰਮਪੰਥੀ ਸਿੱਖ ਆਗੂ ਚਲਾ ਰਹੇ ਹਨ, ਨੇ ਇਹ ਦਲੀਲ ਦੇ ਕੇ ਕਿ ਰਾਣਾ ਦਾ 'ਵਿਵਾਦਪੂਰਨ ਪਿਛੋਕੜ' ਹੈ, ਉਸ ਨੂੰ ਸੰਗਤ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਆਪਣੀ ਬਹੁਤ ਹੀ ਮਕਬੂਲ ਹੋਈ ਕਿਤਾਬ 'ਗੁਜਰਾਤ ਫ਼ਾਈਲਜ਼' ਵਿਚ ਰਾਣਾ ਅਯੂਬ ਨੇ ਗੁਜਰਾਤ ਵਿਚ ਭਾਜਪਾ ਵਲੋਂ ਮੁਸਲਮਾਨਾਂ ਖਿਲਾਫ ਕੀਤੀ ਹਿੰਸਾ ਦਾ ਪਰਦਾਫਾਸ਼ ਕੀਤਾ ਹੈ। ਇਹ ਉਹੀ ਗੁਰਦੁਆਰਾ ਹੈ ਜਿਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਪਿਛੋਕੜ ਵਿਵਾਦਪੂਰਨ ਹੋਣ ਦੇ ਬਾਵਜੂਦ 2015 ਵਿਚ ਉਸ ਦਾ ਗੱਜ-ਵੱਜ ਕੇ ਸਵਾਗਤ ਕੀਤਾ ਗਿਆ। ਮੋਦੀ 2002 ਵਿਚ ਗੁਜਰਾਤ ਦਾ ਮੁੱਖ ਮੰਤਰੀ ਸੀ ਜਦੋਂ ਭਾਜਪਾ ਵਲੋਂ ਉਸ ਸੂਬੇ ਵਿਚ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ ਗਿਆ।

ਉਦੋਂ ਇਹ ਲੋਕ ਕਿਥੇ ਸਨ, ਜੋ ਹੁਣ ਇਹ ਪ੍ਰਚਾਰ ਰਹੇ ਹਨ ਕਿ ਗੁਰਦੁਆਰਿਆਂ ਵਿਚ ਭਾਰਤੀ ਅਧਿਕਾਰੀਆਂ ਨੂੰ ਵੜਨ ਨਾ ਦੇਣ ਦਾ ਮਤਾ ਸਿੱਖੀ ਸਿਧਾਂਤਾਂ ਦੇ ਖ਼ਿਲਾਫ਼ ਹੈ? ਕੀ ਵੈਨਕੂਵਰ ਵਾਲੇ ਸਿੱਖ ਗੁਰਦੁਆਰੇ ਦੀ ਰਾਣਾ ਅਯੂਬ ਨੂੰ ਇਜਾਜ਼ਤ ਨਾ ਦੇਣ ਦੀ ਕਾਰਵਾਈ ਜਾਇਜ਼ ਸੀ? ਕੀ ਉਹ ਫ਼ੈਸਲਾ ਸਿੱਖ ਫ਼ਿਤਰਤ ਦੇ ਖ਼ਿਲਾਫ਼ ਨਹੀਂ ਸੀ? ਇਸ ਖ਼ਾਸ ਗੁਰਦੁਆਰੇ ਦੇ ਅਧਿਕਾਰੀਆਂ ਨੇ ਕਿਉਂਕਿ, ਭਾਰਤ ਸਰਕਾਰ ਦਾ ਪੱਖ ਲੈਣ ਦਾ ਰਾਹ ਚੁਣਿਆ, ਇਸੇ ਲਈ ਅਯੂਬ ਨੂੰ ਸੰਬੋਧਨ ਕਰਨ ਤੋਂ ਰੋਕਣਾ ਭਾਈਚਾਰੇ ਦੇ ਇਨ੍ਹਾਂ ਤਮਾਮ ਆਪੇ ਸਜੇ ਰਾਖਿਆਂ ਨੂੰ ਸਵੀਕਾਰ ਹੋ ਗਿਆ?

ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਕ ਨਰਮਪੰਥੀ ਸਿੱਖ ਆਗੂ ਨੇ ਇਕ ਵਾਰ ਟੀ ਵੀ ਉਪਰ ਐਲਾਨ ਕੀਤਾ ਸੀ ਕਿ ਵੈਨਕੂਵਰ ਤੋਂ ਸਿੱਖ ਧਨਾਢ ਰਿਪੂਦਮਨ ਸਿੰਘ ਮਲਿਕ ਅਤੇ ਕੈਮਲੂਪਸ ਤੋਂ ਮਿਲ ਵਰਕਰ ਅਜੈਬ ਸਿੰਘ ਬਾਗੜੀ, ਜਿਨ੍ਹਾਂ ਨੂੰ 2005 ਵਿਚ ਏਅਰ ਇੰਡੀਆ ਮਾਮਲੇ ਵਿਚੋਂ ਬਰੀ ਕਰ ਦਿੱਤਾ ਗਿਆ ਸੀ, ਦਾ ਇਨ੍ਹਾਂ ਗੁਰਦੁਆਰਿਆਂ ਵਿਚ ਸਵਾਗਤ ਨਹੀਂ ਕੀਤਾ ਜਾਵੇਗਾ। 1985 ਵਿਚ ਏਅਰ ਇੰਡੀਆ ਬੰਬ ਕਾਂਡ ਵਿਚ 331 ਲੋਕ ਮਾਰੇ ਗਏ ਸਨ। ਇਲਜ਼ਾਮ ਇਹ ਲਗਾਇਆ ਗਿਆ ਸੀ ਕਿ ਇਹ ਸਿੱਖ ਅਤਿਵਾਦੀਆਂ ਦੀ ਕਾਰਵਾਈ ਸੀ ਜੋ 1984 ਦੀਆਂ ਘਟਨਾਵਾਂ ਦਾ ਬਦਲਾ ਲੈਣਾ ਚਾਹੁੰਦੇ ਸਨ। ਜਿਹੜੇ ਲੋਕ ਹੁਣ ਇਨ੍ਹਾਂ ਗੁਰਦੁਆਰਿਆਂ ਵਲੋਂ ਭਾਰਤੀ ਸਟੇਟ ਖਿਲਾਫ ਕੀਤੇ ਫ਼ੈਸਲੇ ਵਿਰੁੱਧ ਬਹੁਤ ਹੋ-ਹੱਲਾ ਮਚਾ ਰਹੇ ਹਨ, ਉਨ੍ਹਾਂ ਨੂੰ ਦੂਜਿਆਂ ਉਪਰ ਚਿੱਕੜ ਸੁੱਟਣ ਤੋਂ ਪਹਿਲਾਂ ਆਪਣੇ ਅੰਦਰ ਝਾਤ ਜ਼ਰੂਰ ਮਾਰਨੀ ਚਾਹੀਦੀ ਹੈ।

ਹੁਣ ਵੇਲਾ ਹੈ ਕਿ ਭਾਰਤ ਵਿਚ ਕੀਤੇ ਜਾ ਰਹੇ ਰਾਜਕੀ ਜਬਰ ਖਿਲਾਫ ਆਵਾਜ਼ ਉਠਾਈ ਜਾਵੇ ਜਿਥੇ ਸੱਜੇ ਪੱਖੀ ਰਾਸ਼ਟਰਵਾਦੀ ਸਟੇਟ ਹੇਠ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਹੈ। ਸਾਨੂੰ ਫ਼ਤਵੇ ਸੁਣਾਉਣ ਦੀ ਬਜਾਏ ਇਨ੍ਹਾਂ ਗੁਰਦੁਆਰਿਆਂ ਦੇ ਫ਼ੈਸਲੇ ਨੂੰ ਉਸ ਦੇ ਸਹੀ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਜ਼ਰੂਰਤ ਹੈ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਗੁਰਦੁਆਰਿਆਂ ਦੀ ਸਿਆਸਤ ਨਾਲ ਸਹਿਮਤ ਹੋਇਆ ਜਾਵੇ, ਲੇਕਿਨ ਉਨ੍ਹਾਂ ਦੀ ਕਾਰਵਾਈ ਨੂੰ ਉਸ ਦੇ ਖ਼ਿਲਾਫ਼ ਆਲਮੀ ਰਾਇ ਲਾਮਬੰਦ ਕਰਨ ਦੇ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਅੰਦਰ ਵਾਪਰ ਰਿਹਾ ਹੈ।

ਸਾਨੂੰ ਤਾਂ ਸਗੋਂ ਇਨ੍ਹਾਂ ਗੁਰਦੁਆਰਿਆਂ ਤੋਂ ਇਹ ਉਮੀਦ ਕਰਨੀ ਚਾਹੀਦੀ ਹੈ ਕਿ ਇਹ ਇਕ ਕਦਮ ਹੋਰ ਅੱਗੇ ਤੁਰਨ। ਮੂਲਵਾਸੀ ਭਾਈਚਾਰਿਆਂ ਖਿਲਾਫ ਜੋ ਢਾਂਚਾਗਤ ਹਿੰਸਾ ਕੀਤੀ ਜਾ ਰਹੀ ਹੈ, ਇਜ਼ਰਾਈਲ ਵਲੋਂ ਫ਼ਲਸਤੀਨੀ ਸਰਜ਼ਮੀਨ ਉਪਰ ਕਬਜ਼ਾ ਬਣਾਈ ਰੱਖਣ ਪ੍ਰਤੀ ਇਨ੍ਹਾਂ ਦਾ ਜੋ ਨਰਮਗੋਸ਼ਾ ਹੈ ਅਤੇ ਉਤਰੀ ਅਮਰੀਕਾ ਵਿਚ ਗੋਰੀ ਨਸਲ ਦੇ ਸਰਵੋਤਮ ਹੋਣ ਦਾ ਜੋ ਰੁਝਾਨ ਜ਼ੋਰ ਫੜ ਰਿਹਾ ਹੈ, ਉਸ ਨੂੰ ਲੈ ਕੇ ਇਹ ਅਮਰੀਕਾ ਅਤੇ ਕੈਨੇਡਾ ਦੇ ਸਰਕਾਰੀ ਨੁਮਾਇੰਦਿਆਂ ਨੂੰ ਚੁਣੌਤੀ ਦੇਣਾ ਸ਼ੁਰੂ ਕਰਨ।

## ਟ੍ਰਿਬਿਊਨ ਅਖ਼ਬਾਰ ਅਤੇ ਪੱਤਰਕਾਰ ਰਚਨਾ ਖਹਿਰਾ ਵਿਰੁੱਧ ਦਰਜ ਪਰਚਾ ਸਰਕਾਰ ਦੀ ਗੈਰ ਜਮਹੂਰੀ ਅਤੇ ਬਦਲਾ ਲਊ ਕਾਰਵਾਈ : ਜਮਹੂਰੀ ਅਧਿਕਾਰ ਸਭਾ

ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ ਅਤੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਨੇ ਕੇਂਦਰ ਸਰਕਾਰ ਦੀ ਅਧਾਰ ਅਥਾਰਟੀ ਵੱਲੋਂ ਟ੍ਰਿਬਿਊਨ ਅਖ਼ਬਾਰ ਅਤੇ ਉਸ ਦੀ ਪੱਤਰਕਾਰ ਰਚਨਾ ਖਹਿਰਾ ਦੇ ਖ਼ਿਲਾਫ਼ ਧਾਰਾ 419, 420, 468, 471 ਆਈ ਪੀ ਸੀ, ਧਾਰਾ 66 ਆਈ ਟੀ ਐਕਟ ਅਤੇ ਧਾਰਾ 36/37 ਆਧਾਰ ਐਕਟ ਤਹਿਤ ਮੁਕੱਦਮਾ ਦਰਜ ਕਰਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਹ ਕਾਰਵਾਈ ਮੀਡੀਆ ਦੀ ਆਜ਼ਾਦੀ ਅਤੇ ਪੱਤਰਕਾਰਾਂ ਦੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਲੋਕਾਂ ਨੂੰ ਸਮਾਜੀ ਸਰੋਕਾਰਾਂ ਬਾਰੇ ਜਾਗਰੂਕ ਅਤੇ ਸੁਚੇਤ ਕਰਨ ਦੇ ਮੀਡੀਆ ਦੇ ਹੱਕ ਉੱਪਰ ਤਾਨਾਸ਼ਾਹ ਹਮਲਾ ਹੈ। ਟ੍ਰਿਬਿਊਨ ਅਖਬਾਰ ਦੀ ਪੱਤਰਕਾਰ ਰਚਨਾ ਖਹਿਰਾ ਵੱਲੋਂ ਅਧਾਰ ਕਾਰਡ ਦੇ ਖ਼ਾਤਿਆਂ ਦੀ ਸੁਰੱਖਿਆ ਦੀ ਪੋਲ ਖੋਹਲਣ ਲਈ ਕੀਤਾ ਸਟਿੰਗ ਅਪ੍ਰੇਸ਼ਨ ਜੁਰਮ ਨਹੀਂ ਸਗੋਂ ਪੱਤਰਕਾਰ ਅਤੇ ਸਬੰਧਤ ਅਖ਼ਬਾਰ ਨੇ ਅਜਿਹਾ ਕਰਕੇ ਆਪਣਾ ਫ਼ਰਜ਼ ਨਿਭਾਇਆ ਹੈ। ਪੱਤਰਕਾਰ ਵਲੋਂ ਮਹਿਜ਼ ਪੰਜ ਸੌ ਰੁਪਏ ਖਰਚ ਕੇ ਚੰਦ ਮਿੰਟਾਂ ਵਿਚ ਕਰੋੜਾਂ ਆਧਾਰ ਖ਼ਾਤਿਆਂ ਦੇ ਡੇਟਾ ਤਕ ਪਹੁੰਚ ਕਰ ਲੈਣ ਤੋਂ ਸਪਸ਼ਟ ਹੋ ਗਿਆ ਹੈ ਕਿ ਨਾਗਰਿਕਾਂ ਦੀ ਨਿੱਜਤਾ ਕਿੰਨੀ ਅਸੁਰੱਖਿਅਤ ਹੈ ਅਤੇ ਇਸ ਬਾਰੇ ਕੇਂਦਰ ਸਰਕਾਰ ਦੇ ਦਾਅਵੇ ਪੂਰੀ ਤਰ੍ਹਾਂ ਝੂਠੇ, ਖੋਖਲੇ ਅਤੇ ਬੇਬੁਨਿਆਦ ਹਨ। ਪੱਤਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਕਿਸੇ ਵੀ ਅਣਅਧਿਕਾਰਤ ਵਿਅਕਤੀ ਵੱਲੋਂ ਇਸ ਡੇਟਾ ਤੱਕ ਪਹੁੰਚ ਕਰਕੇ ਇਸ ਦੀ ਦੁਰਵਰਤੋਂ ਕਰਨ ਦੀ ਕਿੰਨੀ ਵਿਆਪਕ ਗੁੰਜਾਇਸ਼ ਮੌਜੂਦ ਹੈ। ਇਸ ਸਟਿੰਗ ਨੇ ਜਾਗਰੂਕ ਇਨਸਾਫ਼ਪਸੰਦ ਲੋਕਾਂ ਦੇ ਖ਼ਦਸ਼ਿਆਂ ਨੂੰ ਸਹੀ ਸਾਬਤ ਕੀਤਾ ਹੈ ਕਿ ਇਸ ਤਰੀਕੇ ਨਾਲ ਜੁਟਾਕੇ ਜੋ ਡੇਟਾ ਨਿੱਜੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਉਹ ਦੁਰਵਰਤੋਂ ਕੀਤੇ ਜਾਣ ਤੋਂ ਬਿਲਕੁਲ ਸੁਰੱਖਿਅਤ ਨਹੀਂ। ਇਸਦੇ ਬਾਵਜੂਦ, ਅਧਾਰ ਅਥਾਰਿਟੀ ਦੇ ਅਧਿਕਾਰੀ ਅਤੇ ਹੁਕਮਰਾਨ ਅਧਾਰ ਪ੍ਰਣਾਲੀ ਰਾਹੀਂ ਇਕੱਠੀ ਕੀਤੀ ਨਾਗਰਿਕਾਂ ਦੇ ਨਿੱਜੀ ਜੀਵਨ ਦੀ ਮਹੱਤਵਪੂਰਨ ਜਾਣਕਾਰੀ ਅਸੁਰੱਖਿਅਤ ਪ੍ਰਣਾਲੀ ਰਾਹੀਂ ਸੰਗ੍ਰਹਿ ਕਰਨ ਉੱਪਰ ਬਜ਼ਿੱਦ ਹਨ ਜਦਕਿ ਉਹ ਨਾਗਰਿਕਾਂ ਦੀ ਨਿੱਜਤਾ ਦੀ ਰਾਖੀ ਕਰਨ ਚ ਬੁਰੀ ਤਰਾਂ ਨਾਕਾਮ ਰਹੇ ਹਨ। ਆਧਾਰ ਅਥਾਰਟੀ ਅਤੇ ਸਰਕਾਰ ਵਲੋਂ ਇਸ ਸਕੀਮ ਦੀ ਕਮਜ਼ੋਰੀ ਨੂੰ ਸਵੀਕਾਰ ਕਰਦੇ ਹੋਏ ਪੱਤਰਕਾਰ ਅਤੇ ਅਖ਼ਬਾਰ ਦੀ ਤਾਰੀਫ਼ ਕਰਨ ਦੀ ਬਜਾਏ ਬਦਲਾ ਲਊ ਭਾਵਨਾ ਤਹਿਤ ਉਲਟਾ ਉਹਨਾਂ ਦੇ ਖ਼ਿਲਾਫ਼ ਹੀ ਪਰਚਾ ਦਰਜ ਕਰਾਉਣਾ ਨਹਾਇਤ ਤਾਨਾਸ਼ਾਹ ਕਦਮ ਹੈ।

ਮੋਦੀ ਸਰਕਾਰ ਨੇ ਦੇਸ਼ ਦੀ ਸੁਰੱਖਿਆ ਦੇ ਖ਼ਤਰੇ ਦਾ ਹਊਆ ਖੜ੍ਹਾ ਕਰਕੇ ਆਧਾਰ ਸਕੀਮ ਨੂੰ ਆਮ ਨਾਗਰਿਕਾਂ ਦੀ ਜਾਸੂਸੀ ਕਰਨ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਸਕੀਮ ਨੂੰ ਲੋਕਾਂ ਦੀ ਜ਼ਿੰਦਗੀ ਦੇ ਹਰ ਖੇਤਰ, ਜਿਵੇਂ- ਟੈਲੀਫੋਨ , ਬੈਂਕ ਖਾਤੇ , ਰੇਲਵੇ ਅਤੇ ਹਵਾਈ ਸਫ਼ਰ, ਹੋਟਲ ਬੁਕਿੰਗ, ਜਾਇਦਾਦ ਦੀ ਖ਼ਰੀਦੋ ਫ਼ਰੋਖਤ ਅਤੇ ਆਪਸੀ ਲੈਣ ਦੇਣ ਆਦਿ ਮਾਮਲਿਆਂ ਨਾਲ ਜੋੜ ਦਿੱਤਾ ਗਿਆ ਹੈ ਅਤੇ ਸ਼ਹਿਰੀਆਂ ਦੀ ਨਿੱਜੀ ਜ਼ਿੰਦਗੀ ਦੇ ਹਰ ਪੱਖ ਦਾ ਡੇਟਾ ਇਕੱਠਾ ਕਰਕੇ ਜਿਸ ਤਰੀਕੇ ਨਾਲ ਨਿੱਜੀ ਕੰਪਨੀਆਂ ਅਤੇ ਹੋਰ ਸਰਵਿਸ ਪ੍ਰੋਵਾਈਡਰਾਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ਹੈ ਇਹ ਦਰ ਅਸਲ ਸ਼ਹਿਰੀਆਂ ਦੀ ਨਿੱਜਤਾ ਉੱਪਰ ਸਰਕਾਰੀ ਡਾਕਾ ਹੈ ਅਤੇ ਨਾਗਰਿਕਾਂ ਦੇ ਸੰਵਿਧਾਨ ਤੇ ਜਮਹੂਰੀ ਹੱਕਾਂ ਦਾ ਘਾਣ ਹੈ।

ਸਭਾ ਦੇ ਆਗੂਆਂ ਨੇ ਕਿਹਾ ਕਿ ਹੁਕਮਰਾਨਾਂ ਨੂੰ ਹੁਣ ਕੰਧ ਉੱਪਰ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਇਹ ਖ਼ੁਲਾਸਾ ਉਸ ਵਕਤ ਹੋਇਆ ਹੈ ਜਦੋਂ ਸੁਪਰੀਮ ਕੋਰਟ ਵੱਲੋਂ ਸ਼ਹਿਰੀਆਂ ਦੀ ਨਿੱਜਤਾ ਦੀ ਰਾਖੀ ਦੀ ਗਾਰੰਟੀ ਕੀਤੇ ਜਾਣ ਦੇ ਨਜ਼ਰੀਏ ਤੋਂ ਆਧਾਰ ਸਕੀਮ ਦੀ ਨਜ਼ਰਸਾਨੀ ਕੀਤੀ ਜਾ ਰਹੀ ਹੈ। ਇਸੇ ਲਈ ਕੇਂਦਰ ਸਰਕਾਰ ਨੂੰ ਤੌਖਲਾ ਹੈ ਕਿ ਉਸ ਵੱਲੋਂ ਜ਼ੋਸ਼ ਖ਼ਰੋਸ਼ ਨਾਲ ਥੋਪੀ ਆਧਾਰ ਕਾਰਡ ਸਕੀਮ ਦੀਆਂ ਗੰਭੀਰ ਖ਼ਾਮੀਆਂ ਦੇਖਕੇ ਕਿਤੇ ਸੁਪਰੀਮ ਕੋਰਟ ਇਸ ਨੂੰ ਰੱਦ ਨਾ ਕਰ ਦੇਵੇ। ਜਦਕਿ ਹਕੀਕਤ ਦੀ ਮੰਗ ਹੈ ਕਿ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਆਧਾਰ ਕਾਰਡ ਸਕੀਮ ਤੁਰੰਤ ਰੱਦ ਕੀਤੀ ਜਾਵੇ ਅਤੇ ਸਬੰਧਤ ਅਧਿਕਾਰੀਆਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਜਮਹੂਰੀ ਅਧਿਕਾਰ ਸਭਾ ਪੰਜਾਬ ਮੰਗ ਕਰਦੀ ਹੈ ਕਿ ਟ੍ਰਿਬਿਊਨ ਅਖਬਾਰ ਅਤੇ ਉਸ ਦੀ ਪੱਤਰਕਾਰ ਰਚਨਾ ਖਹਿਰਾ ਖ਼ਿਲਾਫ਼ ਦਰਜ ਮੁਕੱਦਮਾ ਤੁਰੰਤ ਰੱਦ ਕੀਤਾ ਜਾਵੇ । ਅਧਾਰ ਕਾਰਡ ਲੋਕਾਂ ਤੇ ਜਬਰੀ ਥੋਪਣਾ ਅਤੇ ਇਸ ਦੇ ਘੇਰੇ ਨੂੰ ਜ਼ਿੰਦਗੀ ਦੇ ਹਰ ਖੇਤਰ ਚ ਘੁਸੇੜਨਾ ਬੰਦ ਕੀਤਾ ਜਾਵੇ ਅਤੇ ਲੋਕਾਂ ਦੀ ਨਿੱਜਤਾ ਦੇ ਅਧਿਕਾਰ ਦੀ ਸੁਰੱਖਿਆ ਯਕੀਨੀਂ ਬਣਾਈ ਜਾਵੇ। ਆਧਾਰ ਡਾਟਾ ਦੀ ਦੁਰਵਰਤੋਂ ਰੋਕਣ ਲਈ ਇਸ ਨੂੰ ਪਛਾਣ ਪੱਤਰ ਤੋਂ ਇਲਾਵਾ ਕਿਸੇ ਵੀ ਹੋਰ ਮੰਤਵ ਲਈ ਨਾਂ ਵਰਤਿਆ ਜਾਵੇ। ਸਰਕਾਰ ਵੱਲੋਂ ਹਰ ਨਾਗਰਿਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਅਤੇ ਉਹਨਾਂ ਦੀ ਨਿੱਜੀ ਜ਼ਿੰਦਗੀ ਦੀ ਲਗਾਤਾਰ ਜਾਸੂਸੀ ਕਰਨਾ ਜਮਹੂਰੀਅਤ ਦਾ ਨਿਸ਼ੇਧ ਹੈ, ਇਹ ਗ਼ੈਰਜਮਹੂਰੀ ਅਮਲ ਤੁਰੰਤ ਬੰਦ ਕੀਤਾ ਜਾਵੇ।

# ਛੱਤੀਸਗੜ੍ਹ: ਸਲਵਾ ਜੁਡਮ ਦੌਰਾਨ ਪੁਲਿਸ ਦਾ ਵਹਿਸ਼ੀ ਕਾਰਾ

- ਐਨ. ਕੇ. ਜੀਤ

## 10 ਸਾਲਾਂ ਤੋਂ ਪੜਤਾਲ ਕਰਨ ਤੋਂ ਟਾਲਾ ਵੱਟ ਰਹੀ ਹੈ ਸਰਕਾਰ

ਇਸ ਘਟਨਾ ਦਾ ਮੁੱਢ ਸਾਲ 2007 'ਚ ਬੱਝਿਆ ਹੈ। ਕਾਂਗਰਸੀ ਆਗੂ... ਮਹਿੰਦਰ ਕਰਮਾ ਦੀ ਅਗਵਾਈ 'ਚ ਥਾਪਿਆ ਅਤੇ ਕਰਪੋਰੇਟ ਘਰਾਣਿਆਂ ਦੇ ਪੈਸੇ ਦੇ ਜ਼ੋਰ ਚਲਾਇਆ ਜਾ ਰਿਹਾ ਸਲਵਾ ਜੁਡਮ ਪ੍ਰੋਗਰਾਮ ਪੂਰੇ ਜ਼ੋਰਾਂ 'ਤੇ ਸੀ।

**ਸੁਕਮਾ ਜਿਲ੍ਹੇ ਦੇ ਪਿੰਡਾਂ 'ਤੇ ਕਟਕ**

ਸਾਲ 2007 ਵਿਚ ਸਲਵਾ ਜੁਡਮ ਦੇ ਗੁੰਡੇ, ਛੱਤੀਸਗੜ੍ਹ ਪੁਲਿਸ ਅਤੇ ਕੇਂਦਰ ਸਰਕਾਰ ਦੇ ਨੀਮ ਫੌਜੀ ਬਲਾਂ ਦੀ ਇਕ ਸਾਂਝੀ ਟੁਕੜੀ ਨੇ ਜਾਗਰ ਮੁੰਡਾ ਥਾਣੇ ਅਧੀਨ ਪੈਂਦੇ ਤਿੰਨ ਪਿੰਡਾਂ -ਕੌਂਡਾ ਸਵਾਲੀ, ਕਮਰਗੁਡਾ ਅਤੇ ਕੁਰੇਪਾੜਾ 'ਤੇ ਵਹਿਸ਼ੀ ਚੜਾਈ ਕਰ ਦਿੱਤੀ। ਉਨਾਂ ਦੀ ਮਨਸ਼ਾ ਇਹਨਾਂ ਪਿੰਡਾਂ ਦੇ ਲੋਕਾਂ ਦੀ ਜ਼ਮੀਨ ਜਬਰੀ ਹਥਿਆ ਕੇ ਉਥੇ ਨੀਮ-ਫੌਜੀ ਬਲਾਂ ਦੇ ਕੈਂਪ ਸਥਾਪਤ ਕਰਨੇ ਅਤੇ ਲੋਕਾਂ ਨੂੰ ਉਥੋਂ ਉਜਾੜ ਕੇ ਸਲਵਾ ਜੁਡਮ ਦੇ ਕੈਂਪਾਂ 'ਚ ਭੇਜਣਾ ਸੀ। ਜਦੋਂ ਲੋਕਾਂ ਨੇ ਸਲਵਾ ਜੁਡਮ ਦੇ ਕੈਂਪਾਂ 'ਚ ਜਾਣ ਤੋਂ ਅਤੇ ਆਪਣੀ ਜ਼ਮੀਨ ਨੀਮ-ਫੌਜੀ ਬਲਾਂ ਨੂੰ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਸਲਵਾ ਜੁਡਮ, ਪੁਲਿਸ ਅਤੇ ਕੇਂਦਰੀ ਬਲਾਂ ਨੇ ਇਹਨਾਂ ਪਿੰਡਾਂ ਦੇ ਜਿਆਦਾ ਘਰ ਸਾੜ ਦਿੱਤੇ। ਉਨਾਂ ਦਾ ਅਨਾਜ, ਪਸ਼ੂ-ਡੰਗਰ (ਭੇਡਾਂ, ਬੱਕਰੀਆਂ, ਗਾਵਾਂ, ਮੁਰਗੀਆਂ, ਮੱਝਾਂ ਆਦਿ) ਘਰਾਂ ਦਾ ਕੀਮਤੀ ਸਮਾਨ ਜਿਵੇਂ ਗਹਿਣੇ ਅਤੇ ਨਗਦੀ ਆਦਿ ਲੁੱਟ ਲਏ। ਪਹਿਲੇ ਹੱਲੇ 'ਚ ਕੁਰੇਪਾੜਾ ਪਿੰਡ 'ਚ 40, ਕਮਰਗੜਾ ਪਿੰਡ 'ਚ 45 ਅਤੇ ਕੌਂਡਾ ਸਵੱਲੀ ਪਿੰਡ 'ਚ 40 ਘਰ ਸਾੜ ਕੇ ਸਵਾਹ ਕਰ ਦਿੱਤੇ। ਇਸ ਘਟਨਾ ਤੋਂ ਬਾਦ ਪਿੰਡ ਦੇ ਲੋਕ ਡਰ ਦੇ ਮਾਰੇ ਜੰਗਲਾਂ 'ਚ ਭੱਜ ਗਏ। ਪਰ ਉਹਨਾਂ ਨੇ ਸਲਵਾ ਜੁਡਮ ਦੇ ਕੈਂਪਾਂ 'ਚ ਜਾਣਾ ਪ੍ਰਵਾਨ ਨਹੀਂ ਕੀਤਾ। ਇਸ ਤੋਂ ਖਿਝ ਕੇ ਹਥਿਆਰਬੰਦ ਬਲਾਂ ਨੇ ਅਗਲੇ ਦਿਨਾਂ 'ਚ ਬਾਕੀ ਘਰ ਵੀ ਸਾੜ ਸੁੱਟੇ।

ਸਾਲ 2009-10 ਵਿਚ ਕੁੱਝ ਲੋਕਾਂ ਨੇ ਹੌਲੀ ਹੌਲੀ ਪਿੰਡਾਂ 'ਚ ਵਾਪਸ ਮੁੜਨਾ ਸ਼ੁਰੂ ਕਰ ਦਿੱਤਾ। ਸਲਵਾ ਜੁਡਮ ਨੇ ਆਪਣੀ ਦਹਿਸ਼ਤ ਬਰਕਰਾਰ ਰੱਖਣ ਲਈ ਇਹਨਾਂ ਵਾਪਸ ਪਰਤ ਰਹੇ ਲੋਕਾਂ ਦੇ ਕਤਲ ਕਰਨੇ ਸ਼ੁਰੂ ਕਰ ਦਿਤੇ। ਕੁੱਝ ਲੋਕਾਂ ਨੂੰ ਉਨਾਂ ਦੇ ਘਰਾਂ 'ਚ ਜਬਰੀ ਵੜਕੇ ਮਾਰ ਦਿੱਤਾ ਗਿਆ। ਕੁੱਝ ਹੋਰਾਂ ਨੂੰ ਆਪਣੇ ਕੰਮ ਧੰਦਿਆਂ ਲਈ ਜੰਗਲਾਂ ਜਾਂ ਖੇਤਾਂ ਵਿਚ ਜਾਂਦਿਆਂ ਨੂੰ ਘੇਰ ਕੇ ਜਾਂ ਅਗਵਾ ਕਰਕੇ ਮਾਰ ਦਿਤਾ ਗਿਆ। ਇਹਨਾਂ 'ਚੋਂ ਕੁੱਝ ਦੀਆਂ ਤਾਂ ਲਾਸ਼ਾਂ ਵੀ ਵਾਰਸਾਂ ਨੂੰ ਨਹੀਂ ਦਿੱਤੀਆਂ ਗਈਆਂ। ਥੋੜੇ ਸਮੇਂ 'ਚ ਹੀ 8 ਵਿਅਕਤੀ ਕਤਲ ਕਰ ਦਿੱਤੇ ਗਏ ਜਿਨਾਂ ਦੇ ਨਾਂ ਹਨ-ਮਡਵੀ ਭੀਮਾ, ਬਰਸੇ ਨੰਦਾ, ਬਰਸੇ ਨੰਦੀ, (ਦੋਵੇਂ ਪਤੀ ਪਤਨੀ) ਬਰਸੇ ਸੁਕਲੂ, ਕੁੰਜਮ ਬੋੜਾ, ਸੁਦਮ ਭੀਮਾ ਅਤੇ ਮਿਦਿਅਮ ਐਤੀ। ਇਹਨਾਂ 'ਚੋਂ ਸੁਦਮ ਭੀਮਾ ਨਾਂ ਦੇ ਦੋ ਵਿਅਕਤੀ ਹਨ ਜੋ ਚਾਚੇ ਤਾਏ ਦੇ ਪੁੱਤ ਸਨ। ਦੋਹਾਂ ਦੀ ਉਮਰ 18-21 ਸਾਲ ਸੀ ਅਤੇ ਦੋਹੇਂ ਸੱਜ-ਵਿਆਹੇ ਸਨ। ਉਹ ਪਿੰਡ ਦੇ ਪਟੇਲ ਨਾਲ ਉਸ ਦੇ ਖੇਤਾਂ 'ਚ ਕੰਮ ਕਰ ਰਹੇ ਸਨ ਜਦੋਂ ਸਵੇਰੇ ਸੁਵਖਤੇ ਜਾਗਰ ਗੁੰਡਾ ਥਾਣੇ ਦੀ ਪੁਲਸ ਉਹਨਾਂ ਨੂੰ ਖੇਤਾਂ 'ਚੋਂ ਹੀ ਚੁੱਕ ਕੇ ਲੈ ਗਈ ਬਾਅਦ ਵਿਚ ਉਹਨਾਂ ਨੂੰ ਕਤਲ ਕਰ ਦਿੱਤਾ ਗਿਆ। ਉਹਨਾਂ ਦੀਆਂ ਲਾਸ਼ਾਂ ਵੀ ਪੁਲਸ ਨੇ ਕਿਧਰੇ ਖਪਾ ਦਿੱਤੀਆਂ ਅਤੇ ਵਾਰਸਾਂ ਦੇ ਹਵਾਲੇ ਨਹੀਂ ਕੀਤੀਆਂ।

ਮਿਦੀਅਮ ਐਤੀ ਨਾਂ ਦੀ ਲੜਕੀ ਆਪਣੀ ਇਕ ਸਹੇਲੀ ਨਾਲ ਜੰਗਲ ਵਿਚ ਬਾਂਸ ਦੇ ਨਵੇਂ ਪੁੰਗਰੇ ਟੂਸੇ ਤੋੜਨ ਲਈ ਗਈ ਸੀ ਜਿਨਾਂ ਨੂੰ ਇਹ ਲੋਕ 'ਬਸਤ' ਕਹਿੰਦੇ ਹਨ। ਸਲਵਾ ਜੁਡਮ ਅਤੇ ਪੁਲਸ ਦੀ ਇਕ ਟੋਲੀ ਨੇ ਇਹਨਾਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਮਿਦੀਅਮ ਐਤੀ ਮੌਕੇ 'ਤੇ ਹੀ ਮਾਰੀ ਗਈ। ਪਰ ਉਸ ਦੀ ਸਹੇਲੀ ਭੱਜ ਕੇ ਆਪਣੀ ਜਾਨ ਬਚਾਉਣ 'ਚ ਕਾਮਯਾਬ ਹੋ ਗਈ। ਪਿੰਡ ਦੇ ਲੋਕਾਂ ਅਨੁਸਾਰ ਇਸ ਲੜਕੀ ਨੂੰ ਕਤਲ ਕਰਨ 'ਚ ਸਲਵਾ ਜੁਡਮ ਦੇ ਇਕ ਵਿਸ਼ੇਸ਼ ਪੁਲਸ ਅਫਸਰ ਮਿਦੀਅਮ ਭੀਮਾ ਦਾ ਮੁੱਖ ਰੋਲ ਹੈ। ਇਸ ਲੜਕੀ ਦੀ ਲਾਸ਼ ਵੀ ਪੁਲਸ ਅਤੇ ਸਲਵਾ ਜੁਡਮ ਦੀ ਟੋਲੀ ਹੀ ਚੁੱਕ ਕੇ ਲੈ ਗਈ ਅਤੇ ਵਾਰਸਾਂ ਦੇ ਹਵਾਲੇ ਨਹੀਂ ਕੀਤੀ ਗਈ।

**ਵਹਿਸ਼ਤ ਦੀ ਸ਼ਿਖਰ-ਹੌਲਨਾਕ ਕਤਲ**

ਬਰਸਾ ਨੰਦੇ ਦਾ ਕਤਲ ਵਹਿਸ਼ਤ ਦਾ ਸਿਖਰ ਸੀ। ਘਟਨਾ ਵਾਲੇ ਦਿਨ ਉਹ ਖੇਤ ਨਹੀਂ ਗਿਆ ਅਤੇ ਘਰ ਵਿਚ ਹੀ ਸੀ। ਸਲਵਾ ਜੁਡਮ ਅਤੇ ਪੁਲਸ ਨੇ ਉਹਦੇ ਘਰ ਵਿਚ ਵੜ ਕੇ ਉਸ ਨੂੰ ਘੇਰ ਲਿਆ ਅਤੇ ਘਰ ਦਾ ਦਰਵਾਜਾ ਅੰਦਰੋਂ ਬੰਦ ਕਰ ਲਿਆ। ਉਹਨੂੰ ਗੋਲੀਆਂ ਨਾਲ ਮਾਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਛੈਣੀ ਅਤੇ ਕੁਹਾੜੀ ਨਾਲ ਟੋਟੇ ਟੋਟੇ ਕੀਤਾ ਗਿਆ। ਇਸ ਕਤਲ 'ਚ ਸਲਵਾ ਜੁਡਮ ਦੇ ਤਿੰਨ ਵਿਸ਼ੇਸ਼ ਪੁਲਸ ਅਫਸਰ (ਐਸ ਪੀ ਓਜ਼)- ਮਾਸਾ, ਭੀਮਾ ਅਤੇ ਅੰਡਾ ਦਾ ਮੁੱਖ ਰੋਲ ਸੀ।

**ਸ਼ਿਕਾਇਤ ਕਰਨ 'ਤੇ ਪਤਨੀ ਦਾ ਕਤਲ**

ਇਸ ਘਟਨਾ ਤੋਂ ਕੁੱਝ ਸਮਾਂ ਬਾਦ ਬਰਸੇ ਨੰਦੇ ਦੀ ਪਤਨੀ ਨੇ ਸਾਲ 2013 ਵਿਚ ਕੁੱਝ ਹੋਰ ਲੋਕਾਂ ਨਾਲ ਮਿਲ ਕੇ ਸੁਕਮਾ ਦੇ ਕੁਲੈਕਟਰ ਕੋਲ ਸ਼ਿਕਾਇਤ ਕਰਕੇ ਉਸ ਦੇ ਪਤੀ ਦਾ ਕਤਲ ਕਰਨ ਵਾਲੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਇਸ ਸ਼ਿਕਾਇਤ ਤੋਂ ਚਿੜ ਕੇ ਸਲਵਾ ਜੁਡਮ ਅਤੇ ਪੁਲਸ ਅਧਿਕਾਰੀਆਂ ਨੇ ਉਸ ਨੂੰ ਉਦੋਂ ਕਤਲ ਕਰ ਦਿੱਤਾ ਜਦੋਂ ਉਹ ਜਾਗਰ ਗੁੰਡਾ ਥਾਣੇ ਦੇ ਨੇੜਲੇ ਇਲਾਕੇ 'ਚ ਗਊਆਂ ਚਾਰ ਰਹੀ ਸੀ।

ਮਾਨਵੀ ਭੀਮਾ ਨਾਂ ਦੇ ਇਕ ਵਿਅਕਤੀ ਨੂੰ ਪੁਲਸ ਨੇ ਇਕ ਝੂਠੇ ਕੇਸ ਵਿਚ ਫਸਾ ਕੇ ਵੀਹ ਸਾਲ ਤੱਕ ਜੇਲ 'ਚ ਬੰਦ ਕਰੀ ਰੱਖਿਆ। ਸਾਲ 2009-10 'ਚ ਉਸ ਨੇ ਜੇਲੋਂ ਰਿਹਾ ਹੋ ਕੇ ਪਿੰਡ ਵਿਚ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਇਕ ਦਿਨ ਉਹ ਆਪਣੀ ਪਤਨੀ ਸਮੇਤ ਖੇਤਾਂ 'ਚ ਕੰਮ ਕਰਕੇ ਵਾਪਸ ਮੁੜ ਰਿਹਾ ਸੀ। ਰਾਹ 'ਚ ਸਲਵਾ ਜੁਡਮ ਦੇ 60-70 ਲੋਕਾਂ ਨੇ ਉਹਨਾਂ ਨੂੰ ਘੇਰ ਲਿਆ ਅਤੇ ਗੋਲੀਆਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲਾਬਾਰੀ 'ਚ ਮਾਡਵੀ ਭੀਮਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਉਸ ਦੀ ਪਤਨੀ ਬਚ ਨਿੱਕਲੀ।

ਕੋਰੇਪਾੜਾ ਪਿੰਡ ਦੇ ਬਰਸੇ ਸੁਕਲੂ ਨੂੰ ਇੱਕ ਦਿਨ ਸ਼ਾਮ ਦੇ ਲਗ ਭਗ ਚਾਰ ਵਜੇ ਪੁਲਸ ਅਤੇ ਸਲਵਾ ਜੁਡਮ ਦੇ ਗੁੰਡਿਆਂ ਦੇ ਇੱਕ ਵੱਡੇ ਗਰੋਹ ਨੇ ਘੇਰ ਕੇ ਮਾਰ ਦਿੱਤਾ। ਉਹਨਾਂ ਦਿਨਾਂ ਵਿਚ ਹੀ ਕਰੇਪਾੜਾ ਪਿੰਡ ਦਾ ਕੁੰਜਮ ਬੋੜਾ ਮਹੂਆ ਇਕੱਠਾ ਕਰਨ ਲਈ ਗਿਆ ਤਾਂ ਰਾਹ ਵਿਚ ਉਹ ਸਲਵਾ ਜੁਡਮ ਦੇ ਬਦਨਾਮ ਗੁੰਡਿਆਂ - ਅੰਡਾ, ਭੀਮਾ ਅਤੇ ਮੱਸਾ ਦੀ ਨਜ਼ਰੀਂ ਪੈ ਗਿਆ। ਉਹਨਾਂ ਹੋਰ ਪੁਲਸ ਅਤੇ ਗੁੰਡੇ ਬੁਲਾ ਲਏ ਅਤੇ ਕੁੰਜਮ ਗੋੜਾ ਨੂੰ ਘੇਰ ਕੇ ਉਸ 'ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਉਹ ਥਾਂ 'ਤੇ ਹੀ ਮਾਰਿਆ ਗਿਆ। ਉਸ ਸਮੇਂ ਆਲੇ ਦੁਆਲੇ ਹੋਰ ਵੀ ਬਹੁਤ ਸਾਰੇ ਲੋਕ ਮਹੂਆ ਇਕੱਠਾ ਕਰ ਰਹੇ ਸਨ। ਗੋਲੀਬਾਰੀ ਦੀ ਆਵਾਜ ਸੁਣ ਕੇ ਉਹ ਡਰ ਦੇ ਮਾਰੇ ਜੰਗਲ ਵੱਲ ਭੱਜ ਗਏ।

**ਪੁਲਸ ਦਬਾਅ ਦੇ ਬਾਵਜੂਦ ਸੱਚ ਸਾਹਮਣੇ ਆਇਆ**

ਭਾਵੇਂ ਇਹਨਾਂ ਦਰਿੰਦਗੀ ਭਰੀਆਂ ਘਟਨਾਵਾਂ ਵਾਰੇ ਪੁਲਸ ਅਤੇ ਸਥਾਨਕ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਮੁੱਢ ਤੋਂ ਹੀ ਪਤਾ ਸੀ, ਪ੍ਰੰਤੂ ਉਹਨਾਂ ਨੇ ਇਹਨਾਂ ਨੂੰ ਪੂਰੀ ਤਰਾਂ ਦਬਾ ਦਿੱਤਾ ਅਤੇ ਕੋਈ ਕਾਰਵਾਈ ਨਹੀਂ ਕੀਤੀ। ਜਮਹੂਰੀ ਹੱਕਾਂ ਦੀਆਂ ਕੁੱਝ ਸੰਸਥਾਵਾਂ ਅਤੇ ਹਿਮਾਂਸ਼ੂ ਕੁਮਾਰ ਵਰਗੇ ਇਨਸਾਫ ਪਸੰਦ ਲੋਕਾਂ ਨੇ ਇਹਨਾਂ ਘਟਨਾਵਾਂ ਵਿਰੁੱਧ ਆਵਾਜ ਉਠਾਈ ਅਤੇ ਦੋਸ਼ੀਆਂ ਲਈ ਸਜ਼ਾ ਦੀ ਮੰਗ ਕੀਤੀ, ਪਰ ਪੁਲਸ ਨੇ ਪੀੜਤਾਂ ਵੱਲੋਂ ਕੋਈ ਸ਼ਿਕਾਇਤ ਨਾ ਮਿਲਣ ਦਾ ਬਹਾਨਾ ਲਾ ਕੇ ਮਾਮਲਾ ਠੱਪ ਕਰ ਦਿੱਤਾ। ਆਖਿਰ 6 ਸਾਲ ਬਾਅਦ ਸੰਨ 2013 'ਚ ਜਦੋਂ ਇਹਨਾਂ ਪਿੰਡਾਂ ਦੇ ਲਗਭਗ ਸਾਰੇ ਲੋਕ ਵਾਪਸ ਆਪਣੇ ਪਿੰਡਾਂ 'ਚ ਆ ਵਸੇ ਤਾਂ ਉਨ੍ਹਾਂ ਨੇ ਉਸ ਵੇਲੇ ਦੇ ਸਰਪੰਚ ਦੀ ਅਗਵਾਈ 'ਚ ਸੁਕਮਾ ਜਿਲ੍ਹੇ ਦੇ ਕੁਲੈਕਟਰ ਨੂੰ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਹਨਾਂ ਘਟਨਾਵਾਂ ਬਾਰੇ ਇਕ ਲਿਖਤੀ ਸਾਂਝੀ ਸ਼ਕਾਇਤ ਕੀਤੀ। ਛੱਤੀਸਗੜ੍ਹ ਦੇ ਸ਼ਹਿਰੀ ਅਜਾਦੀਆਂ ਲਈ ਲੋਕ ਸੰਗਠਨ (ਪੀ. ਯੂ. ਸੀ. ਐਲ.) ਦੀ ਜਰਨਲ ਸਕੱਤਰ ਐਡਵੋਕੇਟ ਬੀਬੀ ਸੁਧਾ ਭਾਰਦਵਾਜ ਨੇ ਵੀ ਇਸ ਸ਼ਿਕਾਇਤ ਦੇ ਆਧਾਰ 'ਤੇ ਉਸ ਸਮੇਂ ਹੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੱਤਰ ਲਿਖਿਆ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਛੱਤੀਸਗੜ੍ਹ ਸਰਕਾਰ ਤੋਂ ਰਿਪੋਰਟ ਮੰਗੇ ਜਾਣ 'ਤੇ ਪੁਲਸ ਨੇ ਹੜਬੜੀ 'ਚ ਇਸ ਸਬੰਧੀ ਸਾਲ 2013 ਵਿਚ ਹੀ ਐਫ ਆਈ ਆਰ ਤਾਂ ਦਰਜ ਕਰ ਲਈ ਪਰ ਇਸ ਦੀ ਤਫਤੀਸ਼ ਦਾ ਕੰਮ ਠੰਢੇ ਬਸਤੇ 'ਚ ਪਾ ਦਿੱਤਾ।

**ਲੋਕਾਂ ਨੇ ਪੜਤਾਲੀਆ ਟੀਮ ਨੂੰ ਖੁੱਲ ਕੇ ਜਬਰ-ਜ਼ੁਲਮ ਦੀ ਦਾਸਤਾਂ ਸੁਣਾਈ**

ਛੱਤੀਸਗੜ੍ਹ ਦੀ ਸਰਕਾਰ ਅਤੇ ਪੁਲਿਸ ਵੱਲੋਂ ਕੋਈ ਤਸੱਲੀਬਖਸ਼ ਜਵਾਬ ਨਾ ਮਿਲਣ 'ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਬੀਬੀ ਸੁਧਾ ਭਾਰਦਵਾਜ ਨੂੰ ਹੀ ਇਸ ਮਾਮਲੇ ਦੀ ਪੜਤਾਲ ਕਰਨ ਅਤੇ ਸਬੂਤ ਇਕੱਠੇ ਕਰਨ ਦਾ ਜ਼ੁੰਮਾ ਸੌਂਪ ਦਿੱਤਾ। ਉਸ ਨੇ ਦਿੱਲੀ ਦੀ ਖੋਜਾਰਥੀ ਬੀਬੀ ਜੇ ਕੇ ਵਿਦਿਆ ਅਤੇ ਕਬਾਇਲੀ ਲੋਕਾਂ ਦੇ ਜਮਹੂਰੀ ਹੱਕਾਂ ਦੀ ਅਲੰਬਰਦਾਰ ਬੀਬੀ ਸੋਨੀ ਸ਼ੋਰੀ ਨੂੰ, ਸਬੰਧਤ ਇਲਾਕੇ 'ਚ ਜਾ ਕੇ ਤੱਥ ਇਕੱਠੇ ਕਰਨ ਦੀ ਜ਼ੁੰਮੇਦਾਰੀ ਦਿੱਤੀ। 21 ਅਤੇ 22 ਅਗਸਤ 2017 ਨੂੰ ਇਹ ਟੀਮ ਉਸ ਇਲਾਕੇ ਵਿਚ ਗਈ। ਟੀਮ ਨਾਲ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਲਿੰਗਾਰਾਮ ਕੋਡੱਪੀ ਤੇ ਸ਼ੁਕਲ ਪ੍ਰਸ਼ਾਦ ਅਤੇ ਦੋ ਪੱਤਰਕਾਰ ਸਨ। ਬੀਬੀ ਸੋਨੀ ਸ਼ੋਰੀ ਦਾ ਨਿੱਜੀ ਸੁਰੱਖਿਆ ਅਫਸਰ ਵੀ ਟੀਮ ਦੇ ਨਾਲ ਸੀ। ਪੀੜਤ ਲੋਕਾਂ ਨੇ ਆਪਣੀ ਹੱਡ-ਬੀਤੀ ਵਾਰੇ ਬਿਆਨ ਵੀਡੀਓ ਕਰਵਾਏ। ਟੀਮ ਨੇ ਆਪਣੀ ਤੱਥ ਅਤੇ ਸਬੂਤ ਭਰਪੂਰ ਰਿਪੋਰਟ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਭੇਜ ਦਿੱਤੀ। ਕਮਿਸ਼ਨ ਨੇ ਇਸ ਪੜਤਾਲੀਆ ਰਿਪੋਰਟ ਵਿਚ ਦਰਜ ਤੱਥਾਂ ਅਤੇ ਪੀੜਤਾਂ ਦੇ ਵੀਡੀਓ ਰਿਕਾਰਡ ਕੀਤੇ ਬਿਆਨਾਂ ਦੇ ਆਧਾਰ 'ਤੇ ਛੱਤੀਸਗੜ੍ਹ ਸਰਕਾਰ ਅਤੇ ਪੁਲਸ ਨੂੰ ਝਾੜ ਪਾਉਂਦਿਆਂ ਬੀਤੀ 26 ਅਕਤੂਬਰ ਨੂੰ ਇੱਕ ਪੱਤਰ ਲਿਖ ਕੇ ਉਹਨਾਂ ਦਾ ਪ੍ਰਤੀਕਰਮ ਮੰਗਿਆ ਹੈ। ਕਮਿਸ਼ਨ ਨੇ ਇਹ ਵੀ ਲਿਖਿਆ ਹੈ ਕਿ ਛੱਤੀਸਗੜ੍ਹ ਸਰਕਾਰ ਅਤੇ ਪੁਲਸ ਵੱਲੋਂ ਭੇਜੀ ਰਿਪੋਰਟ ਵਿਚ ਸਾਰੇ ਮਾਮਲੇ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਸਹੀ ਨਹੀਂ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਲਏ ਗਏ ਇਹਨਾਂ ਕਦਮਾਂ ਨਾਲ ਪੀੜਤ ਲੋਕਾਂ ਨੂੰ ਇਨਸਾਫ ਮਿਲ ਸਕੂ ਜਾਂ ਨਾਂ ਇਹ ਇੱਕ ਵੱਖਰਾ ਮਸਲਾ ਹੈ। ਪਰ ਉਪਰੋਕਤ ਘਟਨਾਕ੍ਰਮ ਨੇ ਕਾਂਗਰਸੀਆਂ ਅਤੇ ਭਾਜਪਾਈਆਂ ਵੱਲੋਂ ਮਿਲ ਕੇ ਚਲਾਏ ਜਾ ਰਹੇ ਸਲਵਾ ਜੁਡਮ ਪ੍ਰੋਗਰਾਮ ਦੀ ਜਾਬਰ ਖਸਲਤ ਹੋਰ ਨੰਗੀ ਕਰ ਦਿੱਤੀ ਹੈ। ਚਾਹੇ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਫਿਲਹਾਲ ਇਹ ਪ੍ਰੋਗਰਾਮ ਬੰਦ ਕਰ ਦਿੱਤਾ ਹੈ ਪਰ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਅੱਗਜਨੀ, ਲੁੱਟ-ਖੋਹ, ਬਲਾਤਕਾਰਾਂ, ਕਤਲਾਂ ਅਤੇ ਝੂਠੇ ਕੇਸਾਂ 'ਚ ਫਸਾ ਕੇ ਲੰਮੇ ਸਮੇਂ ਲਈ ਜੇਲਬੰਦੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਜਮਹੂਰੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ ਅਤੇ ਜਮਹੂਰੀ ਹੱਕਾਂ ਦੇ ਰਾਖਿਆਂ ਦੀ ਜੁਬਾਨਬੰਦੀ ਕੀਤੀ ਜਾ ਰਹੀ ਹੈ। (29-12-17)

# ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ

## ਵਿੰਨੀਪੈਗ 'ਚ ਬਹੁ ਕੌਮੀ ਕੰਪਨੀਆਂ ਊਬਰ ਅਤੇ ਲਿਫਟ: ਟੈਕਸੀ ਇੰਡਸਟਰੀ ਨੂੰ ਮਾਂਜਾ

ਪਿਛਲੇ ਦਿਨੀਂ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਦੀ ਮੀਟਿੰਗ ਹੋਈ ਜਿਸ ਵਿਚ ਟੈਕਸੀ ਇੰਡਸਟਰੀ ਅਤੇ ਵਿੰਨੀਪੈਗ ਸ਼ਹਿਰ 'ਤੇ ਊਬਰ ਅਤੇ ਲਿਫਟ ਦੇ ਪੈਣ ਵਾਲੇ ਪ੍ਰਭਾਵਾਂ 'ਤੇ ਚਰਚਾ ਕੀਤੀ ਗਈ। ਭਰਵੀਂ ਚਰਚਾ ਤੋਂ ਬਾਅਦ ਸਭਾ ਵਲੋਂ ਇਹ ਮਹਿਸੂਸ ਕੀਤਾ ਗਿਆ ਕਿ ਸਥਾਨਕ ਸਰਕਾਰ ਵਲੋਂ ਊਬਰ ਦੇ ਟੈਕਸੀ ਇੰਡਸਟਰੀ ਉਪਰ ਪੈਣ ਵਾਲੇ ਮਾੜੇ ਅਸਰ ਨੂੰ ਹਮਦਰਦੀ ਨਾਲ ਵਿਚਾਰਨ ਦੀ ਥਾਂ ਉਸ ਨਾਲ ਧੱਕਾ ਕੀਤਾ ਗਿਆ ਹੈ। ਊਬਰ ਨੂੰ ਹਰ ਹੀਲੇ ਸ਼ਹਿਰ ਵਿਚ ਲਿਆਉਣ ਲਈ ਕਾਹਲ ਕੀਤੀ ਗਈ ਅਤੇ ਕੁਝ ਦਿਨਾਂ ਵਿਚ ਹੀ ਕਾਹਲ ਨਾਲ ਰੂਲ ਅਤੇ ਰੈਗੂਲੇਸ਼ਨ ਵੀ ਬਣਾ ਕੇ ਪਾਸ ਕਰ ਦਿੱਤੇ ਗਏ। ਸਭਾ ਮਹਿਸੂਸ ਕਰਦੀ ਹੈ ਕਿ ਅਜਿਹਾ ਕਰਦਿਆਂ ਸਿਟੀ ਪ੍ਰਸਾਸ਼ਨ ਵਲੋਂ ਟੈਕਸੀ ਇੰਡਸਟਰੀ ਅਤੇ ਦੂਸਰੇ ਸ਼ਹਿਰ ਵਿਚਲੇ ਹਿੱਸੇਦਾਰ (stakeholders) ਗਰੁੱਪਾਂ ਨੂੰ ਭਰੋਸੇ 'ਚ ਲੈਣਾ ਚਾਹੀਦਾ ਸੀ ਜਿਹੜਾ ਕਿ ਨਹੀਂ ਕੀਤਾ ਗਿਆ। ਜਿਸ ਨਾਲ ਊਬਰ ਅਤੇ ਲਿਫਟ ਦੇ ਆਉਣ ਨਾਲ ਵਿੰਨੀਪੈਗ ਸ਼ਹਿਰ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਵਿਚਾਰਨ ਦਾ ਮੌਕਾ ਗਵਾਚ ਗਿਆ।

ਇਸ ਕਾਹਲ ਵਿਚ ਲਏ ਫੈਸਲੇ 'ਚ ਸ਼ਹਿਰ ਪ੍ਰਸਾਸ਼ਨ ਵਲੋਂ ਸਵਾਰੀਆਂ ਅਤੇ ਡਰਾਇਵਰਾਂ ਦੀ ਸੁਰੱਖਿਆ ਵੱਲ ਬਣਦਾ ਧਿਆਨ ਨਹੀਂ ਦਿੱਤਾ ਗਿਆ। ਊਬਰ ਦੀਆਂ ਕਾਰਾਂ 'ਚ ਕੈਮਰਾ ਅਤੇ ਡਰਾਇਵਰ ਸ਼ੀਲਡ ਦਾ ਹੋਣਾ ਜ਼ਰੂਰੀ ਨਹੀਂ ਜਦੋਂ ਕਿ ਟੈਕਸੀਆਂ ਵਿਚ ਇਹ ਦੋਵੇਂ ਚੀਜ਼ਾਂ ਜ਼ਰੂਰੀ ਹਨ। ਇਹ ਦੋਵੇਂ ਵਸਤਾਂ ਵਿੰਨੀਪੈਗ ਦੇ ਪਿਛਲੇ ਤਜ਼ਰਬਿਆਂ ਨੂੰ ਅਧਾਰ ਬਣਾਕੇ ਟੈਕਸੀ ਬੋਰਡ ਵਲੋਂ ਹਰ ਟੈਕਸੀ 'ਚ ਲਵਾਉਣੀਆਂ ਜ਼ਰੂਰੀ ਕੀਤੀਆਂ ਸਨ। ਡਰਾਇਵਰ ਸ਼ੀਲਡ ਦੇ ਟੈਕਸੀ ਡਰਾਇਵਰਾਂ ਦੀ ਮੌਤ ਤੋਂ ਬਾਅਦ ਅਤੇ ਕੈਮਰਾ ਸਵਾਰੀਆਂ ਦੀਆਂ ਡਰਾਇਵਰਾਂ ਖਿਲਾਫ ਸ਼ਕਾਇਤਾਂ ਦੇ ਸਬੂਤ ਲਈ ਹੋਂਦ 'ਚ ਆਏ ਸਨ। ਊਬਰ ਅਤੇ ਲਿਫਟ ਦੀਆਂ ਕਾਰਾਂ ਚ ਸ਼ੀਲਡ ਅਤੇ ਵੀਡੀਉ ਕੈਮਰੇ ਦਾ ਨਾ ਹੋਣਾ ਸਵਾਰੀਆਂ ਦੀ ਸੇਫਟੀ ਵਲੋਂ ਅੱਖਾਂ ਮੀਚਣਾ ਹੈ।

ਟੈਕਸੀ ਇੰਡਸਟਰੀ ਅਤੇ ਊਬਰ ਅਤੇ ਲਿਫਟ ਲਈ ਵੱਖੋ ਵੱਖਰੇ ਰੂਲ ਕਿਉਂ ਹਨ ਜਦੋਂ ਕਿ ਦੋਹਾਂ ਦਾ ਕੰਮ ਇਕੋ ਜਿਹਾ ਹੈ?

ਭਾਵੇਂ ਕਈ ਟੈਕਸੀ ਮਾਲਕਾਂ ਦਾ ਆਪਦੇ ਡਰਾਇਵਰਾਂ ਪ੍ਰਤੀ ਵਰਤਾਉ ਅਤਿ ਨਿੰਦਣਯੋਗ ਹੈ, ਪਰ ਊਬਰ ਅਤੇ ਲਿਫਟ ਦੇ ਆਉਣ ਨਾਲ ਟੈਕਸੀ ਦੀ ਕੀਮਤ ਅਤੇ ਟੈਕਸੀ ਇੰਡਸਟਰੀ ਦੀ ਆਮਦਨ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਪ੍ਰਤੀ ਟੈਕਸੀ ਇੰਡਸਟਰੀ ਦੇ ਫਿਕਰ ਪ੍ਰਤੀ ਸਾਡੀ ਹਮਦਰਦੀ ਹੈ। ਇਹ ਇਸ ਤਰ੍ਹਾਂ ਹੈ ਕਿ ਜਿਵੇਂ ਕਿਸੇ ਦੇ ਘਰ ਦੀ ਕੀਮਤ ਅੱਜ ਪੰਜ ਲੱਖ ਹੈ ਅਤੇ ਕੱਲ੍ਹ ਨੂੰ ਸੂਬੇ ਦੀ ਸਰਕਾਰ ਅਤੇ ਸ਼ਹਿਰ ਦਾ ਪ੍ਰਸਾਸ਼ਨ ਕੋਈ ਅਜਿਹਾ ਕਾਨੂੰਨ ਬਣਾ ਦੇਵੇ ਜਿਸ ਨਾਲ ਉਸ ਘਰ ਦੀ ਕੀਮਤ ਬਹੁਤ ਹੀ ਥੱਲੇ ਡਿੱਗ ਪਵੇ।

ਭਾਵੇਂ ਕਿ ਪ੍ਰਚਾਰਿਆ ਇਹ ਜਾ ਰਿਹਾ ਹੈ ਕਿ ਨਵੀਂ ਟੈਕਨਾਲੋਜੀ ਨੂੰ ਰੋਕਿਆ ਨਹੀਂ ਜਾ ਸਕਦਾ ਇਸ ਲਈ ਊਬਰ ਅਤੇ ਲਿਫਟ ਦਾ ਆਉਣਾ ਲਾਜ਼ਮੀ ਸੀ, ਪਰ ਅਸਲੀਅਤ ਵਿਚ ਟੈਕਸੀ ਇੰਡਸਟਰੀ ਜਿਸ 'ਚ ਜ਼ਿਆਦਾ ਇੰਮੀਗਰੈਂਟ ਕੰਮ ਕਰਦੇ ਹਨ ਦੀ ਲਾਬੀ ਦੇ ਮੁਕਾਬਲੇ ਬਹੁ-ਕੌਮੀ ਕੰਪਨੀਆਂ ਊਬਰ ਅਤੇ ਲਿਫਟ ਦਾ ਸਰਮਾਇਆ, ਰਸੂਖ, ਸਿਆਸੀ ਤਾਕਤ ਅਤੇ ਦਬਾਅ ਜੋ ਕਿ ਬਹੁਤ ਤਾਕਤਵਰ ਸੀ ਦੀ ਹਕੀਕਤ ਨੂੰ ਛੁਪਾਇਆ ਜਾ ਰਿਹਾ ਹੈ।

ਊਬਰ ਅਤੇ ਲਿਫਟ ਆਉਣ ਨਾਲ ਸ਼ਹਿਰ ਦੀ ਪਬਲਿਕ ਟਰਾਂਜਿਟ ਦੀ ਵਰਤੋਂ ਘਟੇਗੀ। ਸੂਬੇ ਦੀ ਸਰਕਾਰ ਵਲੋਂ 50/50 ਖਰਚੇ ਦਾ ਹਿੱਸਾ ਦੇਣ ਵਾਲਾ ਸ਼ਹਿਰ ਨਾਲ ਸਮਝੌਤਾ ਖਤਮ ਕਰਨ ਨਾਲ ਅਤੇ ਊਬਰ ਅਤੇ ਲਿਫਟ ਦੇ ਆਉਣ ਨਾਲ ਪਬਲਿਕ ਟਰਾਂਜਿਟ ਦੀ ਵਰਤੋਂ ਘਟਣ ਨਾਲ; ਪਬਲਿਕ ਟਰਾਂਜਿਟ ਦਾ ਆਰਥਕ ਘਾਟਾ ਵਧੇਗਾ ਅਤੇ ਸਿਟੀ ਪ੍ਰਸਾਸ਼ਨ ਨੂੰ ਭਵਿਖ 'ਚ ਬੱਸਾਂ ਦੇ ਕਿਰਾਏ ਵਧਾਉਣ ਅਤੇ ਬੱਸ ਰੂਟਾਂ ਦੀ ਕਟੌਤੀ ਲਈ ਬਹਾਨਾ ਮਿਲ ਜਾਵੇਗਾ। ਜਿਸ ਨੂੰ ਜ਼ਿਆਦਾ ਸ਼ਹਿਰ ਦੀ ਗਰੀਬ ਵਸੋਂ ਵਰਤਦੀ ਹੈ। ਇਸ ਲਈ ਊਬਰ ਅਤੇ ਲਿਫਟ ਦੇ ਆਉਣ ਨਾਲ ਸ਼ਹਿਰ ਦੀ ਗਰੀਬ ਵਸੋਂ 'ਤੇ ਵੀ ਮਾੜਾ ਅਸਰ ਪਵੇਗਾ।

ਊਬਰ ਅਤੇ ਲਿਫਟ ਦੀਆਂ ਕਾਰਾਂ ਸਾਧਾਰਣ ਡਰਾਇਵਰ ਚਲਾਉਣਗੇ ਜਿਨ੍ਹਾਂ 'ਚ ਪ੍ਰੋਫੈਸ਼ਨਲ ਡਰਾਇਵਰਾਂ ਵਾਲੀ ਤਕਨੀਕ ਅਤੇ ਹੁਸ਼ਿਆਰੀ ਨਹੀਂ ਹੋਵੇਗੀ ਜੋ ਦੁਰਘਟਨਾਵਾਂ 'ਚ ਵਾਧੇ ਦਾ ਕਾਰਨ ਬਣੇਗੀ। ਸ਼ਹਿਰ 'ਚ ਸੜਕਾਂ ਉਪਰ ਕਾਰਾਂ ਦੀ ਗਿਣਤੀ ਵੀ ਵਧੇਗੀ ਜਿਸ ਨਾਲ ਵਾਤਾਵਰਣ ਦੇ ਪ੍ਰਦੂਸ਼ਣ 'ਚ ਵਾਧਾ ਹੋਵੇਗਾ।

ਇਹ ਲਾਜ਼ਮੀ ਹੈ ਕਿ ਊਬਰ ਅਤੇ ਲਿਫਟ ਦੇ ਆਉਣ ਨਾਲ ਵਾਤਾਵਰਣ ਤੇ ਬੁਰਾ ਅਸਰ ਪਵੇਗਾ ਅਤੇ ਸ਼ਹਿਰ ਦੀ ਗਰੀਬ ਵਸੋਂ ਅਤੇ ਟੈਕਸੀ ਇੰਡਸਟਰੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੀਆਂ। ਸਭਾ ਮੰਗ ਕਰਦੀ ਹੈ ਕਿ ਸਿਟੀ ਪ੍ਰਸਾਸ਼ਨ ਇਸ ਵਿਸ਼ੇ ਉਪਰ ਮੁੜ ਵਿਚਾਰ ਕਰੇ ਅਤੇ ਇਸ ਲਾਅ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣ। ਸਿਟੀ ਪ੍ਰਸਾਸ਼ਨ ਸੂਬੇ ਦੀ ਸਰਕਾਰ ਤੋਂ ਮੰਗ ਕਰੇ ਕਿ ਲੰਡਨ (ਇੰਗਲੈਂਡ) ਸ਼ਹਿਰ ਵਾਂਗ ਊਬਰ, ਲਿਫਟ, ਟੈਕਸੀ ਅਤੇ ਹੋਰ ਅਜਿਹੇ ਡਰਾਇਵਰਾਂ ਉਪਰ ਘਟੋ ਘਟ ਤਨਖਾਹ ਦਾ ਰੂਲ ਲਾਗੂ ਕਰਨ ਲਈ ਲੇਬਰ ਲਾਅ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣ। ਜਿਸ ਤਰ੍ਹਾਂ ਸਮੇਂ ਸਮੇਂ ਆਰਥਕ ਮੰਦੀ, ਕੁਦਰਤੀ ਆਫਤਾਂ ਅਤੇ ਟੈਕਨਾਲੋਜੀਕਲ ਮਾਰ ਹੇਠ ਆਈਆਂ ਇੰਡਸਟਰੀਆਂ ਦੀ ਤਿੰਨਾਂ ਸਰਕਾਰਾਂ ਵਲੋਂ ਮੱਦਦ ਕੀਤੀ ਜਾਂਦੀ ਹੈ ਉਸੇ ਤਰਾਂ ਟੈਕਸੀ ਇੰਡਸਟਰੀ ਦੀ ਵੀ ਸਹਾਇਤਾ ਕੀਤੀ ਜਾਵੇ।

ਸਭਾ ਦੀ ਮੀਟਿੰਗ 'ਚ ਹਾਜ਼ਰ ਮੈਂਬਰਾਂ ਜਗਮੋਹਨ ਢੁਡੀਕੇ, ਹਰਨੇਕ ਧਾਲੀਵਾਲ, ਹਰਿੰਦਰ ਗਿੱਲ, ਬੀਰਬਲ ਭਦੌੜ, ਮੁਹਿੰਦਰ ਸਰਾਂ, ਦਰਸ਼ਨ ਭਗਤਾ, ਮੁਖਤਿਆਰ ਸਿੰਘ ਅਤੇ ਮੰਗਤ ਸਿੰਘ ਸਹੋਤਾ ਨੇ ਇਸ ਵਿਚਾਰ ਚਰਚਾ'ਚ ਭਾਗ ਲਿਆ।

**ਵਲੋਂ: ਮੰਗਤ ਸਹੋਤਾ, ਖਜਾਨਚੀ**
**ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ, ਵਿੰਨੀਪੈਗ**

# ਸਿਖ਼ਰਲੀ ਅਦਾਲਤ ਅੰਦਰਲੀਆਂ ਧਾਂਦਲੀਆਂ ਵਿਰੁੱਧ ਆਵਾਜ਼ ਉਠਾਉਣਾ ਸਮੇਂ ਦਾ ਤਕਾਜ਼ਾ : ਜਮਹੂਰੀ ਅਧਿਕਾਰ ਸਭਾ

ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਵਲੋਂ ਦੇਸ਼ ਦੀ ਸਰਵਉੱਚ ਅਦਾਲਤ ਦੇ ਚੀਫ਼



ਜਸਟਿਸ ਦੀ ਕਾਰਜਪ੍ਰਣਾਲੀ ਨਾਲ ਪੈਦਾ ਹੋ ਰਹੇ ਲੋਕਤੰਤਰ ਨੂੰ ਖ਼ਤਰੇ ਬਾਰੇ ਚੇਤਾਵਨੀ ਦੇਣ ਲਈ ਧੰਨਵਾਦ ਕਰਦੇ ਹੋਏ ਇਸ ਨੂੰ ਸਮੇਂ ਦਾ ਤਕਾਜ਼ਾ ਕਰਾਰ ਦਿੱਤਾ ਹੈ। ਚਾਰ ਸਿਖ਼ਰਲੇ ਜੱਜਾਂ ਨੇ ਚੀਫ਼ ਜਸਟਿਸ ਦੀ ਕਾਰਜਪ੍ਰਣਾਲੀ ਉੱਪਰ ਗੰਭੀਰ ਸਵਾਲ ਉਠਾਏ ਹਨ ਤੇ ਸਾਫ਼ ਕਿਹਾ ਹੈ ਕਿ ਸਥਾਪਤ ਕਾਰਜ ਨਿਯਮਾਂ ਨੂੰ ਮਨਮਾਨੇ ਤਰੀਕੇ ਰਾਹੀਂ ਤਬਦੀਲ ਕੀਤਾ ਜਾ ਰਿਹਾ ਹੈ। ਇਸ ਬਾਰੇ ਉਹਨਾਂ ਦੇ ਲਿਖਤੀ ਇਤਰਾਜ਼ ਦੇ ਬਾਵਜੂਦ ਕੰਮਕਾਰ ਦੇ ਇਸ ਤਰੀਕੇ ਵਿਚ ਸੁਧਾਰ ਨਹੀਂ ਕੀਤਾ ਗਿਆ ਸਗੋਂ ਚੀਫ਼ ਜਸਟਿਸ ਮਨਮਾਨੀਆਂ ਉੱਪਰ ਬਜ਼ਿੱਦ ਹਨ। ਇਹਨਾਂ ਸੀਨੀਅਰ ਜੱਜਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਤਰਾਂ ਲੋਕਤੰਤਰ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ। ਸਭਾ ਦਾ ਮੰਨਣਾ ਹੈ ਕਿ ਨਿਆਂ ਪ੍ਰਣਾਲੀ ਦੇ ਸਿਖ਼ਰਲੇ ਪੱਧਰ 'ਤੇ ਚੱਲ ਰਿਹਾ ਪ੍ਰਸ਼ਾਸਨਿਕ ਟਕਰਾਓ ਇਸ ਰਾਜ ਢਾਂਚੇ ਅੰਦਰ ਜਮਹੂਰੀਅਤਪਸੰਦ ਅਤੇ ਗ਼ੈਰਜਮਹੂਰੀ ਤਾਕਤਾਂ ਦਰਮਿਆਨ ਸੰਘਰਸ਼ ਦੀ ਨੁਮਾਇੰਦਗੀ ਕਰਦਾ ਹੈ ਅਤੇ ਇਹ ਕੇਂਦਰੀ ਸੱਤਾ ਉੱਪਰ ਸੰਘ ਪਰਿਵਾਰ ਦੇ ਕਾਬਜ਼ ਹੋਣ ਤੋਂ ਬਾਦ ਜ਼ੋਰ ਫੜ ਚੁੱਕੀਆਂ ਤਾਨਾਸ਼ਾਹ ਤਾਕਤਾਂ ਦੀਆਂ ਮਨਮਾਨੀਆਂ ਦਾ ਸੂਚਕ ਹੈ। ਪਿਛਲੇ ਸਾਲਾਂ ਦੌਰਾਨ ਉੱਭਰੇ ਫਿਰਕੂ ਫੌਸਬਾਜ਼ ਨਿਜ਼ਾਮ ਦੇ ਹਿਤਾਂ ਲਈ ਵੱਖ ਵੱਖ ਅਦਾਰਿਆਂ ਨੂੰ ਬਰਬਾਦ ਕਰਨ ਦੇ ਯਤਨ ਸਪਸ਼ਟ ਦੇਖੇ ਜਾ ਸਕਦੇ ਹਨ। ਇਸੇ ਕੜੀ ਵਿਚ ਉਪਰੋਕਤ ਘਟਨਾਕ੍ਰਮ ਨਿਆਂ ਪ੍ਰਣਾਲੀ ਦੀਆਂ ਪ੍ਰਸ਼ਾਸਨਿਕ ਰਵਾਇਤਾਂ, ਨਿਆਂਇਕ ਸ਼ਿਸ਼ਟਾਚਾਰ ਦੀਆਂ ਧੱਜੀਆਂ ਉਡਾਉਣ ਦੇ ਅਮਲ ਚੋਂ ਪੈਦਾ ਹੋਇਆ ਇਕ ਅਟੱਲ ਸੰਕਟ ਹੈ। ਚਾਰ ਸੀਨੀਅਰ ਜੱਜਾਂ ਨੇ ਸਹੀ ਨੁਕਤਾ ਉਠਾਇਆ ਹੈ ਕਿ ਇਹ ਗ਼ੈਰਜਮਹੂਰੀ ਦਸਤੂਰ ਜਮਹੂਰੀਅਤ ਲਈ ਗੰਭੀਰ ਖ਼ਤਰਾ ਹੈ। ਇਹ ਉਹ ਅਹਿਮ ਸਰੋਕਾਰ ਹੈ ਜਿਸ ਉੱਪਰ ਦੇਸ਼ ਦੇ ਰੌਸ਼ਨਖ਼ਿਆਲ ਬੁੱਧੀਜੀਵੀ, ਜਮਹੂਰੀ ਮੁੱਲਾਂ ਲਈ ਲੜ ਰਹੇ ਲੋਕਪੱਖੀ ਵਕੀਲ ਅਤੇ ਸ਼ਹਿਰੀ ਆਜ਼ਾਦੀਆਂ ਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਜੂਝ ਰਹੇ ਜਾਗਰੂਕ ਹਿੱਸੇ ਲੰਮੇ ਸਮੇਂ ਤੋਂ ਲਗਾਤਾਰ ਜ਼ੋਰ ਦੇ ਰਹੇ ਹਨ। ਕੌੜੀ ਹਕੀਕਤ ਇਹ ਹੈ ਕਿ ਜਮਹੂਰੀਅਤ ਦੀ ਸੱਚੀ ਭਾਵਨਾ ਨੂੰ ਪਹਿਲਾਂ ਹੀ ਬੇਥਾਹ ਖ਼ੋਰਾ ਲਾਇਆ ਜਾ ਚੁੱਕਾ ਹੈ ਅਤੇ ਅਦਾਲਤੀ ਪ੍ਰਣਾਲੀ ਅੰਦਰਲੀ ਪ੍ਰਸ਼ਾਸਨਿਕ ਗੜਬੜ ਨੇ ਇਸ ਵਿਚ ਚੋਖੀ ਨਾਂਹ ਪੱਖੀ ਭੂਮਿਕਾ ਨਿਭਾਈ ਹੈ।

ਹੁਕਮਰਾਨਾਂ ਦੀਆਂ ਆਰਥਕ ਅਤੇ ਸਮਾਜੀ ਪਾੜੇ ਨੂੰ ਜ਼ਰਬਾਂ ਦੇਣ ਵਾਲੀਆਂ ਨੀਤੀਆਂ ਅਤੇ ਨਫ਼ਰਤ ਦੀ ਫੌਸਬਾਜ਼ ਸਿਆਸਤ ਦੇ ਸਤਾਏ ਅਤੇ ਜਾਬਰ ਰਾਜਤੰਤਰ ਦੇ ਦਰੜੇ ਆਮ ਨਾਗਰਿਕਾਂ ਸਾਹਮਣੇ ਨਿਆਂ ਦੀ ਇਕ ਆਖ਼ਰੀ ਉਮੀਦ ਨਿਆਂ ਪ੍ਰਣਾਲੀ ਹੁੰਦੀ ਹੈ। ਜੇ ਨਿਆਂ ਪ੍ਰਣਾਲੀ ਦੇ ਸਿਖ਼ਰਲੇ ਪੱਧਰ 'ਤੇ ਇਸ ਕਦਰ ਪ੍ਰਸ਼ਾਸਨਿਕ ਗੜਬੜ ਹੈ ਤਾਂ ਹਾਈਕੋਰਟਾਂ ਵੀ ਇਸੇ ਤਰ੍ਹਾਂ ਕੰਮ ਕਰਨਗੀਆਂ ਅਤੇ ਨਿਆਂ-ਸ਼ਾਸਤਰ ਅਨੁਸਾਰ ਹੇਠਲੇ ਅਦਾਲਤੀ ਫ਼ੈਸਲਿਆਂ ਦੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਕਰਨ ਅਤੇ ਨਿਆਂ-ਸ਼ਾਸਤਰ ਦੇ ਅਧਾਰ 'ਤੇ ਉੱਪਰਲੀਆਂ ਅਦਾਲਤਾਂ ਵਿਚ ਨਿਆਂ ਹਾਸਲ ਕਰਨ ਦੀ ਕਮਜ਼ੋਰ ਉਮੀਦ ਵੀ ਖ਼ਤਮ ਹੋ ਜਾਵੇਗੀ। ਪਿਛਲੇ ਸਾਲਾਂ ਵਿਚ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ, ਕਾਰਪੋਰੇਟ ਸਰਮਾਏਦਾਰੀ-ਹੁਕਮਰਾਨਾਂ ਅਤੇ ਭ੍ਰਿਸ਼ਟ ਨੌਕਰਸ਼ਾਹੀ ਦੀਆਂ ਬੇਮਿਸਾਲ ਧਾਂਦਲੀਆਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਅਦਾਲਤਾਂ ਵਿਚ ਕਲੀਨਚਿਟਾਂ ਦਿੱਤੇ ਜਾਣ ਦੇ ਫ਼ੈਸਲੇ ਥੋਕ ਰੂਪ ਵਿਚ ਦਿੱਤੇ ਗਏ ਹਨ ਜਦਕਿ ਦੂਜੇ ਪਾਸੇ ਦੱਬੇਕੁਚਲੇ ਲੋਕਾਂ ਦੀ ਜਥੇਬੰਦ ਹੱਕ-ਜਤਾਈ ਦੇ ਹਮਾਇਤੀ ਬੁੱਧੀਜੀਵੀਆਂ, ਲੋਕ ਹਿਤਾਂ ਲਈ ਜੂਝਣ ਵਾਲੇ ਸਿਆਸੀ ਅਤੇ ਜਮਹੂਰੀ ਕਾਰਕੁੰਨਾਂ, ਪੱਤਰਕਾਰਾਂ ਅਤੇ ਆਮ ਲੋਕਾਂ ਨੂੰ ਕੁਚਲਣ ਵਾਲੇ ਖੁੱਲ੍ਹੇਆਮ ਪੱਖਪਾਤੀ ਅਤੇ ਤੁਅੱਸਬੀ ਅਦਾਲਤੀ ਫ਼ੈਸਲੇ ਹਾਲਾਤ ਦੀ ਨਜ਼ਾਕਤ ਦੇ ਪ੍ਰਤੱਖ ਸਬੂਤ ਹਨ। ਜੱਜ ਲੋਇਆ ਦੀ ਸ਼ੱਕੀ ਹਾਲਾਤ ਵਿਚ ਮੌਤ ਨੇ ਬਹੁਤ ਵੱਡਾ ਸਵਾਲ ਖੜ੍ਹਾ ਕੀਤਾ ਸੀ ਕਿ ਜੇ ਨਿਆਂ ਦੇਣ ਵਾਲਾ ਜੱਜ ਵੀ ਸੁਰੱਖਿਅਤ ਨਹੀਂ ਤਾਂ ਤਾਨਾਸ਼ਾਹ ਬਿਰਤੀ ਵਾਲੇ ਧੱਕੜ ਨਿਜ਼ਾਮ ਵਿਚ ਆਮ ਨਾਗਰਿਕ ਦੀ ਬੇਵਸੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ। ਹਾਲੀਆ ਘਟਨਾਕ੍ਰਮ ਨੇ ਪਰਦਾ ਚੁੱਕ ਦਿੱਤਾ ਹੈ ਕਿ ਲੋਇਆ ਮਾਮਲੇ ਵਿਚ ਜਨ ਹਿੱਤ ਪਟੀਸ਼ਨ ਨਾਲ ਸ਼ੁਰੂ ਹੋਏ ਕਾਨੂੰਨੀ ਅਮਲ ਨੂੰ ਕਿਵੇਂ ਰੋਕਿਆ ਜਾ ਰਿਹਾ ਹੈ। ਚਾਹੇ ਅਮਿੱਤ ਸ਼ਾਹ ਨੂੰ ਬਰੀ ਕਰਨ ਲਈ ਰਿਸ਼ਵਤ ਦੀ ਪੇਸ਼ਕਸ਼ ਸੀ ਜਾਂ ਅਧਾਰ ਕਾਰਡ ਬਾਰੇ ਪਹਿਲੇ ਫ਼ੈਸਲੇ ਨੂੰ ਉਲਟਾਉਣ ਲਈ ਚੀਫ਼ ਜਸਟਿਸ ਵਲੋਂ ਨਵੇਂ ਬੈਂਚ ਦੀ ਨਿਯੁਕਤੀ ਸੀ ਜਾਂ ਬਾਬਰੀ ਮਸਜਿਦ ਬਾਰੇ ਸੁਣਵਾਈ ਦਾ ਸਵਾਲ, ਹਰ ਅਹਿਮ ਮਾਮਲੇ ਵਿਚ ਸੱਤਾਧਾਰੀ ਧਿਰ ਦੀਆਂ ਤਰਜ਼ੀਹਾਂ ਅਤੇ ਹਿਤਾਂ ਅਨੁਸਾਰ ਅਦਾਲਤੀ ਮਰਿਯਾਦਾ ਨੂੰ ਤੋੜਿਆ-ਮਰੋੜਿਆ ਜਾ ਰਿਹਾ ਹੈ। ਇਸ ਨਾਜ਼ੁਕ ਮੋੜ ਉੱਪਰ ਜਾਗਰੂਕ ਨਾਗਰਿਕਾਂ ਸਿਰ ਇਹ ਵੱਡੀ ਜ਼ਿੰਮੇਵਾਰੀ ਹੈ ਕਿ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਵਲੋਂ ਅਦਾਲਤੀ ਧਾਂਦਲੀਆਂ ਅਤੇ ਚੀਫ਼ ਜਸਟਿਸ ਦੀਆਂ ਮਨਮਾਨੀਆਂ ਨੂੰ ਚੁਣੌਤੀ ਦੇਣ ਲਈ ਚੁੱਕੇ ਦਰੁਸਤ ਕਦਮ ਦੀ ਹਮਾਇਤ ਵਿਚ ਜ਼ੋਰਦਾਰ ਆਵਾਜ਼ ਉਠਾਈ ਜਾਵੇ, ਅਤੇ ਇਸ ਸਰਵਉੱਚ ਅਦਾਰੇ ਦੇ ਕੰਮ ਨੂੰ ਪਾਰਦਰਸ਼ੀ ਬਣਵਾਉਣ ਲਈ ਆਮ ਲੋਕਾਂ ਨੂੰ ਇਸ ਬਾਰੇ ਸੁਚੇਤ ਕਰਦੇ ਹੋਏ ਵਿਆਪਕ ਲੋਕ ਰਾਇ ਖੜ੍ਹੀ ਕੀਤੀ ਜਾਵੇ ਅਤੇ ਅਗਰ ਚਾਰ ਸੀਨੀਅਰ ਜੱਜਾਂ ਵਲੋਂ ਸੁਝਾਏ ਕਦਮ ਨਹੀ ਉਠਾਏ ਜਾਂਦੇ ਤਾਂ ਮੌਜੂਦਾ ਚੀਫ਼ ਜਸਟਿਸ ਦੀਪਕ ਮਿਸ਼ਰਾ ਨੂੰ ਤੁਰੰਤ ਹਟਾਉਣ ਅਤੇ ਉਸਦੇ ਖ਼ਿਲਾਫ਼ ਮਹਾਂਅਭਿਯੋਗ ਚਲਾਉਣ ਦੀ ਮੰਗ ਕੀਤੀ ਜਾਵੇ।

## ਗੱਗ ਦਾ ਇੱਕ ਹੋਰ ਬੰਬ

ਹਾਂ, ਮੈਂ ਨਕਸਲਵਾਦੀ ਹਾਂ

ਮੈਨੂੰ ਅਨਿਲ ਅੰਬਾਨੀਆਂ...
ਲਕਸ਼ਮੀ ਮਿੱਤਲਾਂ ਦੇ ਸੁਪਨੇ ਆਉਂਦੇ ਹਨ

ਲਾਲਾ ਜਗਤ ਰਾਮ ਦੀ ਹੱਟੀ ਤੋਂ
ਉਧਾਰ ਲਏ ਗਏ ਰਾਸ਼ਨ ਦੇ
ਪੈਸੇ ਨਾ ਮੋੜ ਸਕਣ ਕਾਰਨ
ਮੈਨੂੰ ਪਿੰਡ ਵਗਲ਼ ਕੇ ਲੰਘਣਾ ਪੈਂਦਾ ਹੈ

ਗੁਦਾਮਾਂ ਦੇ ਬਾਹਰ
ਰੁਲ ਰਿਹਾ ਅਨਾਜ
ਤੇ ਗੁਦਾਮਾਂ ਦੇ ਅੰਦਰ
ਸੁਰੱਖਿਅਤ ਸ਼ਰਾਬ ਵਿੱਚੋਂ
ਮੈਨੂੰ ਮੇਰੇ ਬੱਚਿਆਂ ਦਾ ਭਵਿੱਖ ਦਿਸਦਾ ਹੈ

ਖ਼ੂਨ-ਪਸੀਨੇ ਨਾਲ
ਸਿੰਜੀਆਂ ਜ਼ਮੀਨਾਂ ਵਿੱਚੋਂ ਨਿਕਲੇ ਸੋਨੇ ਤੇ
ਮੈਨੂੰ ਲੁਟੇਰਿਆਂ ਦਾ ਪਹਿਰਾ
ਨਜ਼ਰ ਆਉਂਦਾ ਹੈ

ਸੰਭਾਵੀ ਰਾਜੇ ਦੇ ਸਾਲ਼ੇ ਦਾ
ਸ਼ਾਹੀ ਵਿਆਹ
ਜਿਸ ਦੇ ਸਮੁੱਚੇ ਪੰਜਾਬ ਵਿੱਚ
ਕਈ ਦਿਨ ਜਸ਼ਨ ਮਨਾਏ ਜਾਂਦੇ ਰਹੇ

ਤੇ ਕਿਸੇ ਸਮਾਜਸੇਵੀ ਸੰਸਥਾ ਵਲੋਂ ਕੀਤੇ ਗਏ
ਗਰੀਬ ਲੜਕੀਆਂ ਦੇ ਸਮੂਹਿਕ ਵਿਆਹਾਂ ਵਿੱਚ
ਮੈਨੂੰ ਵਿਤਕਰਾ ਨਜ਼ਰ ਆਉਂਦਾ ਏ

ਚਾਂਦੀ ਦਾ ਚੰਮਚ ਮੂੰਹ ਵਿੱਚ ਲੈ ਕੇ ਜਨਮੇ
ਬਾਦਲਾਂ, ਗਾਂਧੀਆਂ, ਚੌਟਾਲਿਆਂ
ਅਤੇ ਭੱਠੇ ਤੇ ਇੱਟਾਂ ਪੱਥ ਰਹੀ
ਨੌਵੇਂ ਮਹੀਨੇ ਦਾ ਸੰਤਾਪ ਭੋਗਦੀ
ਮਜ਼ਦੂਰਨ ਦੇ ਹੱਥਾਂ ਦੀਆਂ ਘਸੀਆਂ ਹੋਈਆਂ
ਲਕੀਰਾਂ ਵਿੱਚ
ਮੈਂ ਸਮਾਨਤਾ ਵੇਖਣ ਦਾ
ਦੋਸ਼ੀ ਗਰਦਾਨਿਆ ਜਾ ਚੁੱਕਾ ਹਾਂ

ਸੰਸਦ ਵਿੱਚ ਮੇਜ਼ ਥਪ-ਥਪਾ ਕੇ
ਅਪਣੀਆਂ ਤਨਖਾਹਾਂ-ਭੱਤੇ ਵਧਾ ਲੈਣ ਵਾਲੇ
ਜਨਸੇਵਕਾਂ ਵਲੋਂ
ਵੰਡੀਆਂ ਜਾਣ ਵਾਲੀਆਂ
ਮੁੱਕੇ ਹੋਣ ਦੀਆਂ ਪੁੜੀਆਂ
ਮੈਨੂੰ ਇਨ੍ਹਾਂ ਸਾਂਸਦਾਂ ਦੀਆਂ
ਘੜੀਆਂ ਨੀਤੀਆਂ ਦਾ
ਗੁਲਾਮ ਹੋਣ ਤੋਂ ਵਰਜਦੀਆਂ ਹਨ

ਸ਼ੇਰਸ਼ਾਹ ਸੂਰੀ ਮਾਰਗ ਤੋੜ ਕੇ
ਰੋਹਨ ਰਾਜਦੀਪ ਦੇ ਨਾਂ ਕਰ ਦੇਣਾ
ਮੈਨੂੰ ਹਜ਼ਮ ਨਹੀਂ ਹੋ ਰਿਹਾ

ਪਵਿੱਤਰ ਪਾਣੀਆਂ ਵਿੱਚ
ਜ਼ਹਿਰਾਂ ਘੋਲਣ ਵਾਲੇ ਅਦਾਰਿਆਂ ਨਾਲ
ਮੇਰੀ ਕੋਈ ਰਿਸ਼ਤੇਦਾਰੀ ਵੀ ਨਹੀਂ ਹੈ

ਮੈਂ ਨਹੀਂ ਚਾਹੁੰਦਾ
ਕਿ ਮੇਰੀ ਮਿਹਨਤ ਤੇ
ਉਹ ਸੁਅਰਗ ਵੇਖਣ
ਜੋ ਲੋਕਾਂ ਨੂੰ ਸਵਰਗ ਦੀ
ਮ੍ਰਿਗ ਤ੍ਰਿਸ਼ਨਾ ਵਿਖਾ ਕੇ
ਨਰਕਾਂ ਵਿੱਚ ਧੱਕਦੇ ਹਨ

ਰੱਬ ਦੇ ਰੰਗਾਂ ਵਿੱਚ ਰੰਗੀਆਂ
ਮੇਰੀਆਂ ਅੱਖਾਂ ਤੋਂ
ਜਾਲ਼ੇ ਉਤਰ ਗਏ ਨੇ
ਹੁਣ ਮੈਨੂੰ ਰੱਬ ਦੇ ਰੰਗਾਂ ਓਹਲੇ
ਕੀਤੇ ਜਾਂਦੇ ਕੁਕਰਮਾਂ ਦੀ
ਫਿਲਾਸਫੀ ਨਜ਼ਰ ਆਉਂਦੀ ਹੈ

ਆਟਾ ਦਾਲਾਂ ਖੋਹ ਕੇ ਵੰਡਣ ਵਾਲੇ
ਚਲਾਕ ਲੂੰਬੜਾਂ ਮੂਹਰੇ
ਸਿਰ ਝੁਕਾਉਣ ਦੀ ਬਜਾਏ
ਮੈਨੂੰ ਸਿਰ ਕਟਾ ਲੈਣਾ ਸੌਖਾ ਜਾਪਦਾ ਹੈ

ਮਹਿਜ਼ ਇੱਕ ਵੋਟ ਹੋਣ ਤੋਂ
ਇਨਕਾਰੀ ਹਾਂ ਮੈਂ

ਭ੍ਰਿਸ਼ਟ ਜਾਪਣ ਲੱਗ ਪਿਆ ਹਾਂ
ਭ੍ਰਿਸ਼ਟਾਚਾਰੀਆਂ ਨੂੰ
ਖਤਰਾ ਹੋ ਗਿਆ ਹਾਂ ਮੈਂ

ਪੈਰ ਪਸਾਰ ਕੇ
ਚਾਦਰ ਲੈਣ ਦਾ ਹਾਮੀ ਹਾਂ ਮੈਂ

ਦੇਸ਼ ਨੂੰ ਖਾ ਜਾਣ ਵਾਲੇ
ਦੇਸ਼ਧ੍ਰੋਹੀਆਂ ਦੀ ਤਾਕਤ
ਨੂੰ ਵੰਗਾਰਨ ਦਾ ਦੋਸ਼ ਹੈ ਮੇਰੇ ਤੇ

ਗੁੰਗਿਆਂ ਦੇ ਸ਼ਹਿਰ ਵਿੱਚ
ਜ਼ੁਬਾਨਾਂ ਵੇਚਣ ਦਾ
ਦੋਸ਼ ਹੈ ਮੇਰੇ ਤੇ

ਮੈਂ ਤਿੰਨ ਡੰਗ ਦੀ ਰੋਟੀ
ਤੇ ਤਿੰਨੇ ਡੰਗ ਚੋਪੜੀ ਦੀ
ਇੱਛਾ ਰੱਖਣ ਵਾਲਾ ਗੁਨਾਹਗਾਰ ਹਾਂ

ਜੇ ਏਸੇ ਨੂੰ ਨਕਸਲਵਾਦ ਕਿਹਾ ਜਾਂਦਾ ਹੈ
ਤਾਂ ਹਾਂ ਮੈਂ ਨਕਸਲਵਾਦੀ ਹਾਂ
ਅੱਤਿਵਾਦੀ ਹਾਂ ਮੈਂ
ਵੱਖਵਾਦੀ ਹਾਂ ਮੈਂ

ਤੁਹਾਡੀ ਭਾਸ਼ਾ ਵਿੱਚ
ਮੈਨੂੰ ਹੋਰ ਪਤਾ ਨਹੀਂ ਕੀ-ਕੀ ਕਿਹਾ ਜਾਂਦਾ ਹੋਵੇਗਾ
ਪਰ ਮੈਂ ਸਥਾਪਤੀ ਦੀ ਅੱਖ ਵਿੱਚ ਰੜਕਣ ਵਾਲਾ
ਛੋਟਾ ਜਿਹਾ ਜੀਵ ਹਾਂ

ਮੈਨੂੰ ਪਤੈ
ਮਸਲਿਆ ਜਾਵਾਂਗਾ

ਉਂਞ ਵੀ
ਜਿਵੇਂ ਤੁਸੀਂ ਚਾਹੁੰਦੇ ਹੋ
ਤੇ ਇੰਞ ਵੀ
ਜਿਵੇਂ ਮੈਂ ਚਿਤਵਦਾ ਹਾਂ

ਕਿਉਂਕਿ ਕੀੜੇ-ਮਕੌੜਿਆਂ ਦੀ
ਕੋਈ ਜੂਨ ਨਹੀਂ ਹੁੰਦੀ

ਇਹ ਮਸਲੇ ਜਾਣ ਲਈ ਹੀ
ਪੈਦਾ ਹੁੰਦੇ ਹਨ

ਪਰ ਕਦੇ-ਕਦੇ ਪੈਰਾਂ ਹੇਠਾਂ
ਸੱਪ ਵੀ ਆ ਜਾਂਦੇ ਨੇ
ਬਿੱਛੂ ਵੀ ਆ ਜਾਂਦੇ ਨੇ
ਕਦੇ-ਕਦੇ ਪੈਰਾਂ ਹੇਠਾਂ..................॥

#ਗੱਗਬਾਣੀ

# *ਇਕ ਖੱਤ ਸੁਰਜੀਤ ਗੱਗ ਦੇ ਨਾਂ...*



ਪਿਆਰੇ ਸੁਰਜੀਤ ਗੱਗ,

ਬਿਨਾ ਸ਼ੱਕ ਤੂੰ ਇਸ ਵੇਲੇ ਦਾ ਬਹੁਤ ਚਰਚਿਤ ਬੰਦਾ ਹੈਂ ਤੇ ਤੇਰੀ ਚਰਚਾ ਸਾਹਿਤਕ ਖੇਤਰਾਂ ਦੇ ਨਾਲ ਗੈਰ ਸਾਹਿਤਕ ਹਲਕਿਆਂ ਵਿਚ ਵੀ ਪੂਰੀ ਹੈ। ਪਰ ਉਮਰ ਵਿਚ ਤੂੰ ਮੇਰੇ ਬੇਟਿਆਂ ਦੇ ਬਰਾਬਰ ਹੈਂ ਇਸ ਲਈ ਤੂੰ ਸੰਬੋਧਨ ਨਾਲ ਸੰਬੋਧਿਤ ਕਰਨਾ ਮੈ ਆਪਣਾ ਹੱਕ ਸਮਝਦਾ ਹਾਂ। ਤੇਰੇ ਕਾਵਿ ਸੰਗ੍ਰਹਿ 'ਗੱਗਬਾਣੀ' ਨੂੰ ਚਾਹੇ ਅਕਾਦਮਿਕ ਖੇਤਰ ਦੀ ਮਾਨਤਾ ਨਹੀਂ ਮਿਲੀ ਪਰ ਲੋਕ ਮਾਨਤਾ ਪੱਖੋਂ ਇਸ ਨੇ ਬਹੁਤ ਉੱਚਾ ਮੁਕਾਮ ਹਾਸਲ ਕਰ ਲਿਆ ਹੈ। ਭਾਵੇਂ ਸਥਾਪਤੀ ਨੂੰ ਸਿੱਧੇ ਤੌਰ 'ਤੇ ਵੰਗਾਰਨ ਦੀ ਜੁਅਰਤ ਕਰਕੇ ਤੂੰ ਲੋਕ ਮਨਾਂ ਵਿਚ ਪੁਸਤਕ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ ਥਾਂ ਬਣਾਉਣੀ ਸ਼ੁਰੂ ਕਰ ਦਿੱਤੀ ਸੀ ਪਰ ਪੁਸਤਕ ਤੇ ਸ਼ੋਸ਼ਲ ਮੀਡੀਆ ਨੇ ਤੈਨੂੰ ਹੋਰ ਵੀ ਹਰਮਨ ਪਿਆਰਾ ਸ਼ਾਇਰ ਬਣਾ ਦਿੱਤਾ। ਜਗਤ ਬਾਬੇ ਨਾਨਕ ਬਾਰੇ ਵਿਵਾਦਿਤ ਕਵਿਤਾ ਲਿਖ ਕੇ ਤੂੰ ਚਰਚਾ ਦੀ ਸਿਖਰ ਨੂੰ ਤਾਂ ਛੂਹ ਲਿਆ ਪਰ ਇਸ ਵਾਰ ਤੇਰੀ ਚਰਚਾ ਵਿਚ ਤੇਰੀ ਪ੍ਰਸ਼ੰਸਾ ਨਾਲੋਂ ਤੇਰੀ ਨਿੰਦਾ ਭਾਰੂ ਸੀ ਤੇ ਤੇਰੇ ਪ੍ਰਸ਼ੰਸਕ ਵੀ ਸੋਚਣ ਲਈ ਮਜਬੂਰ ਹੋ ਗਏ ਕਿ ਕਿਤੇ ਗੱਗ ਉਸ ਰਾਹ 'ਤੇ ਨਹੀਂ ਜਾ ਰਿਹਾ ਜਿਸ ਦਾ ਅੰਤਿਮ ਸਿਰਾ ਤਬਾਹੀ ਹੈ। ਸਥਾਪਤੀ ਤਾਂ ਇਹ ਚਾਹੁੰਦੀ ਹੀ ਕਿ ਤੇਰੇ ਪ੍ਰਸ਼ੰਸਕ ਦੋ ਹਿੱਸਿਆਂ ਵਿਚ ਵੰਡ ਜਾਣ ਤੇ ਉਸਨੂੰ ਮੌਕਾ ਮਿਲ ਗਿਆ। ਤੇਰੇ ਜੇਲ ਜਾਣ ਤੇ ਜਿਨ੍ਹਾਂ ਲੋਕਾਂ ਨੇ ਤੇਰੇ ਲਈ ਹਾਂ ਦਾ ਨਾਹਰਾ ਮਾਰਿਆ ਤੇਰੀ ਗ੍ਰਿਫਤਾਰੀ ਦਾ ਸਵਾਗਤ ਕਰਨ ਵਾਲਿਆਂ ਦੀ ਗਿਣਤੀ ਉਸ ਤੋਂ ਵੱਧ ਸੀ।

ਪਿਆਰੇ ਗੱਗ ਮੈਂ ਲੋਕਾਂ ਵਿਚ ਵਿਚਰਦਾ ਹਾਂ ਤਾਂ ਤੇਰੇ ਬਾਰੇ ਤਿੰਨ ਤਰ੍ਹਾਂ ਦੀ ਰਾਵਾਂ ਸਾਹਮਣੇ ਆਉਂਦੀਆ ਹਨ

1. ਗੱਗ 21ਵੀਂ ਸਦੀ ਦਾ ਮਹਾਨ ਕਵੀ ਤੇ ਮਹਾਨ ਸਾਹਿਤ ਚਿੰਤਕ ਹੈ। ਆਉਣ ਵਾਲਾ ਸਮਾਂ ਉਸਦਾ ਮੁੱਲ ਜ਼ਰੂਰ ਪਾਵੇਗਾ ਤੇ ਸਾਨੂੰ ਉਸਦਾ ਸਾਥ ਖੁੱਲ ਕੇ ਦੇਣਾ ਚਾਹੀਦਾ ਹੈ।

2. ਗੱਗ ਇਸ ਸਮੇਂ ਦਾ ਅਤਬ ਮੂਰਖ ਤੇ ਸਨਕੀ ਬੰਦਾ ਹੈ। ਇਸ ਨਾਲ ਦੁਸ਼ਮਣਾਂ ਵਾਲਾ ਵਿਵਹਾਰ ਕਰਨਾ ਚਾਹੀਦਾ ਹੈ (ਇਹ ਲੋਕ ਤੈਨੂੰ ਹਰ ਤਰ੍ਹਾਂ ਦਾ ਨੁਕਸਾਨ ਪਹੁੰਚਾ ਕੇ ਖ਼ੁਸ਼ ਹਨ)

ਤੈਨੂੰ ਸਿਰੇ ਦਾ ਪਿਆਰ ਕਰਨ ਵਾਲੇ ਤੇ ਸਿਰੇ ਦੀ ਨਫ਼ਰਤ ਕਰਨ ਵਾਲੇ ਲੋਕ ਘੱਟ ਗਿਣਤੀ ਵਿਚ ਹਨ ਬਹੁਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਤੇਰੇ ਬਾਰੇ ਇਸ ਤਰ੍ਹਾਂ ਸੋਚਦੇ ਹਨ।

3. ਗੱਗ ਸਥਾਪਤੀ ਤੇ ਲੋਕ ਹਿੱਤਾਂ ਬਾਰੇ ਬੋਲਣ ਵਾਲਾ ਬੇਬਾਕ ਲੇਖਕ ਹੈ। ਭਵਿੱਖ ਉਸ ਤੋਂ ਵੱਡੇ ਕੰਮ ਲੈ ਸਕਦਾ ਹੈ ਪਰ ਕਈ ਵਾਰ ਉਹ ਚਰਚਾ ਵਿਚ ਰਹਿਣ ਦੀ ਸਨਕ ਅਧੀਨ ਬੇਲੋੜੇ ਮੁੱਦੇ ਛੇੜ ਕੇ ਆਪਣੀ ਪ੍ਰਤਿਭਾ ਦੇ ਵਿਕਾਸ ਵਿਚ ਆਪ ਹੀ ਅੜਿਕਾ ਬਣ ਜਾਂਦਾ ਹੈ। ਤੀਜੀ ਧਿਰ ਤੇਰੀ ਸ਼ੁਭ ਚਿੰਤਕ ਹੋਣ ਦੇ ਨਾਤੇ ਤੈਨੂੰ ਸਥਾਪਤੀ ਨੂੰ ਵੰਗਾਰਨ ਵਾਲੇ ਨਿਧੜਕ ਕਵੀ ਵਜੋਂ ਵੇਖਣਾ ਚਾਹੁੰਦੀ ਹੈ। ਉਸ ਦੀ ਇਹ ਵੀ ਇੱਛਾ ਹੈ ਕਿ ਤੂੰ ਇਕ ਜ਼ਾਬਤੇ ਵਿਚ ਰਹਿ ਕੇ ਹਰ ਤਰ੍ਹਾਂ ਦੇ ਪਾਖੰਡਵਾਦ ਦਾ ਪਾਜ ਉਘੇੜਦਾ ਰਹੇ ਪਰ ਉਸਨੂੰ ਇਹ ਚੰਗਾ ਨਹੀਂ ਲੱਗਦਾ ਕਿ ਧਰਮ ਵਰਗੇ ਸੰਵੇਦਨਸ਼ੀਲ ਵਿਸ਼ੇ 'ਤੇ ਬੇਲੋੜੀਆਂ ਟਿੱਪਣੀਆ ਕਰਕੇ ਉਹਨਾਂ ਦੇ ਮੂਲ ਵਿਸ਼ਵਾਸ਼ਾਂ ਨੂੰ ਠੇਸ ਪਹੁੰਚਾ ਕੇ ਬੇਲੋੜੇ ਵਿਵਾਦਾਂ ਨੂੰ ਜਨਮ ਦੇਵੇ। ਜਿਵੇਂ ਸਾਨੂੰ ਧਰਮ ਵਿਚ ਵਿਸ਼ਵਾਸ਼ ਨਾ ਰੱਖਣ ਦਾ ਹੱਕ ਹੈ ਉਵੇਂ ਹੀ ਉਹਨਾਂ ਨੂੰ ਧਰਮ ਵਿਚ ਵਿਸ਼ਵਾਸ਼ ਰੱਖਣ ਦਾ ਹੱਕ ਹੈ। ਧਾਰਮਿਕ ਖੇਤਰ ਦੇ ਬਹੁਤ ਸਾਰੇ ਲੋਕ ਵੀ ਤੇਰੀਆਂ ਕਵਿਤਾਵਾਂ ਦੇ ਪ੍ਰਸ਼ੰਸਕ ਨੇ। ਆਪਣੇ ਕੱਟੜ ਪ੍ਰਸ਼ੰਸਕਾਂ ਦੇ ਨਾਲ ਤੈਨੂੰ ਤੇਰੀ ਸ਼ੁਭ ਚਿੰਤਕ ਤੀਜੀ ਧਿਰ ਦੀਆਂ ਭਾਵਨਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਜੇ ਤੂੰ ਇਸ ਖਤ ਵਿਚਲੀਆਂ ਗੱਲਾਂ ਨੂੰ ਗੰਭੀਰਤਾ ਨਾਲ ਲਵੇ ਤਾਂ ਮੈਨੂੰ ਯਕੀਨ ਹੈ ਕਿ ਤੇਰੇ ਦੁਸ਼ਮਣ ਅਲੱਗ ਥਲੱਗ ਪੈ ਜਾਣਗੇ ਤੇ ਸਮੇਂ ਦੀਆਂ ਸਰਕਾਰਾਂ ਵੀ ਤੇਰਾ ਵਾਲ ਵਿੰਗਾ ਨਹੀਂ ਕਰ ਸਕਣਗੀਆਂ। ਇਸ ਵੇਲੇ ਤੈਨੂੰ ਲੋੜ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜਣ ਦੀ ਹੈ।

ਬਾਕੀ ਫਿਰ ਜਾਂ ਤੇਰਾ ਜਵਾਬ ਆਉਣ ਤੇ



ਤੇਰਾ ਆਪਣਾ
ਨਿਰੰਜਣ ਬੋਹਾ

ਸਰੀ ਨਿਵਾਸੀ ਪਰਮਿੰਦਰ ਕੌਰ ਸਵੈਚ ਨੇ ਪੰਜਾਬੀ ਰੰਗ-ਮੰਚ, ਕਵਿਤਾ ਅਤੇ ਵਾਰਤਿਕ ਸਿਰਜਣਾ ਤੋਂ ਇਲਾਵਾ ਲੋਕ ਹੱਕਾਂ ਹਿੱਤਾਂ ਲਈ ਲੜਨ ਕਰਕੇ ਬਹੁਤ ਸਤਿਕਾਰ ਖੱਟਿਆ ਹੈ। ਉਹਨਾਂ ਦਾ ਜਨਮ ਪ੍ਰਸਿੱਧ ਪਿੰਡ ਈਸੜੂ (ਲੁਧਿਆਣਾ) ਵਿੱਚ ਹੋਇਆ। ਪਰਮਿੰਦਰ ਸਵੈਚ ਨੇ ਹਮੇਸ਼ਾ ਹੀ ਕੈਨੇਡਾ ਦੀ ਪਦਾਰਥਵਾਦੀ ਦੌੜ ਤੋਂ ਹੱਟ ਕੇ ਇੱਥੋਂ ਦੇ ਸਿਸਟਮ ਬਾਰੇ ਲੋਕਾਂ ਨੂੰ ਜਾਗਰਿਤ ਕਰਨ ਨੂੰ ਪਹਿਲ ਦਿੱਤੀ ਹੈ। ਉਹਨਾਂ ਦੇ ਤਿੰਨ ਨਾਟਕ ਸੰਗ੍ਰਿਹ 'ਭਲ਼ਾ ਮੈਂ ਕੌਣ' (2009), 'ਬਲ਼ਦੇ ਬਿਰਖ' (2011), 'ਤਵਾਰੀਖ ਬੋਲਦੀ ਹੈ ਤੇ ਹੋਰ ਨਾਟਕ' (2016) ਦੋ ਕਾਵਿ ਸੰਗ੍ਰਿਹ 'ਮਖੌਟਿਆਂ ਦੇ ਆਰ ਪਾਰ' (2010) ਅਤੇ 'ਲਹਿਰਾਂ ਦੀ ਵੇਦਨਾ' (2016) ਛਪ ਚੁੱਕੇ ਹਨ। ਵਾਰਤਿਕ ਲੇਖਾਂ ਦੀ ਇੱਕ ਨਵੀਂ ਕਿਤਾਬ ਨਾਲ਼ ਉਹ ਜਲਦੀ ਹੀ ਸਾਹਿਤਿਕ ਪਿੜ ਵਿੱਚ ਹਾਜ਼ਰੀ ਲਵਾਉਣਗੇ। ਇਸ ਅੰਕ ਵਿੱਚ ਉਹਨਾਂ ਦੀਆਂ ਕੁਝ ਚੋਣਵੀਆਂ ਕਵਿਤਾਵਾਂ ਛਾਪਣ ਵਿੱਚ ਮਾਣ ਮਹਿਸੂਸ ਕਰ ਰਹੇ ਹਾਂ। **-ਸੁਖਵੀਰ ਗਰੇਵਾਲ**



## ਅੱਜ ਦੇ ਖ਼ੁਦਾ

ਉਹ ਹਿੰਦੂ, ਮੁਸਲਿਮ ਜਾਂ ਸਿੱਖ ਨਹੀਂ
ਉਹ ਤਾਂ ਹਾਕਮ ਹੈ
ਉਹਦਾ ਕੋਈ ਧਰਮ ਨਹੀਂ
ਜਿਸ ਦਿਨ ਗੱਦੀ ਰਤਾ ਕੁ ਹਿੱਲੇ
ਸਾਰੇ ਹਾਕਮ ਅਮਨ ਚੈਨ ਦੇ ਨਾਂ ਦੇ ਉੱਤੇ
ਸੂਰ, ਗਊ, ਸਿਗਰਟਾਂ
ਸੁਟਾ ਕੇ ਮੰਦਰੀਂ
ਪਵਿੱਤਰ ਗਰੰਥਾਂ ਦੀ ਬੇਅਦਬੀ ਕਰ
ਲੋਕਾਂ ਨੂੰ ਪਾੜਨ
ਤੱਤੇ ਤੱਤੇ ਭਾਸ਼ਨ ਦੇ ਕੇ
ਜ਼ਹਿਰ ਮਨਾਂ ਵਿੱਚ ਵਾੜਨ
ਲੋਕੀ ਹੋਵਣ ਅੱਗ ਬਗੂਲੇ
ਇੱਕ ਦੂਜੇ ਨੂੰ ਪਏ ਤਾੜਨ
ਮੌਕਾ ਦੇਖ ਜੈਕਾਰੇ ਛੱਡਣ
ਬਿਨ-ਕਾਰਣ ਹਮਸਾਏ ਸਾੜਨ
ਪਹਿਨ ਮਖੌਟਾ ਹਾਕਮ ਮੁਸਕੜੀਂਏ ਹੱਸਣ
ਅੱਖ ਦੇ ਨਾਲ ਅੱਖ ਮਿਲਾਉਣ
ਵਾਰੀ ਵਾਰੀ ਕੁਰਸੀ ਮੱਲ੍ਹਦੇ
ਇਹ ਤਾਂ ਹਨ ਦੌਲਤ ਦੇ ਲੋਭੀ
ਸੱਤਾ ਲਈ ਇਹ ਧਰਮ ਪੂਜਦੇ
ਰੱਬ ਇਹਨਾਂ ਲਈ ਮੋਮ ਦਾ ਗੁੱਡਾ
ਆਪਣੇ ਵਾਂਗੂੰ ਢਾਲ ਲੈਂਦੇ ਨੇ
ਭਿੱਖਿਆ ਲਈ ਵੋਟਾਂ ਮੰਗਣ
ਦੋਨੋਂ ਹੱਥ ਜੋੜਨ
ਬੜੇ ਸਾਊ ਬੀਬੇ ਬਣਕੇ
ਗੱਦੀ ਤੇ ਜਦ ਬਹਿ ਜਾਂਦੇ ਨੇ
ਆਪਣੇ ਆਪ ਨੂੰ ਖ਼ੁਦਾ ਅਖਵਾਉਂਦੇ ਨੇ।
• • •

## ਅਸ਼ੀਰਵਾਦ

ਜ਼ਿੰਦਗੀ ਦੇ ਸਫ਼ਰ ਵਿੱਚ
ਤੁਰ ਤਾਂ ਪਈ ਏਂ ਮੇਰੀ ਬੱਚੀਏ
ਜਾਣਦੀ ਹਾਂ
ਇਹਨਾਂ ਰਾਹਾਂ ਤੇ ਤੁਰਿਆਂ ਬਗੈਰ
ਮੁੱਕਣਾ ਨਹੀਂ ਲੰਮੇ ਪੰਧ ਨੇ
ਮਾਂ ਦੀ ਮਮਤਾ ਕੰਬਦੀ ਹੈ
ਦਹਿਲਦੀ ਹੈ ਕਿਉਂਕਿ
ਮੈਂ ਦੇਖੇ ਹਨ
ਰਾਹਾਂ ਵਿੱਚ ਡੂੰਘੇ ਖੱਡੇ
ਖੱਡਿਆਂ ਵਿੱਚ ਫਣ ਫੈਲਾਈ ਅਜਗਰ
ਜੋ ਬੈਠੇ ਹਨ ਡੰਗਣ ਦੀ ਤਾਕ ਵਿੱਚ
ਉਹ ਛਲੀਏ
ਮਿੱਠੇ ਮਿੱਠੇ ਬੋਲਾਂ
ਲਲਚਾਈਆਂ ਨਜ਼ਰਾਂ ਨਾਲ
ਉਡੀਕਦੇ ਹਨ ਅਣਭੋਲ ਅੱਲੜਾਂ
ਫਸ ਜਾਣ ਜੋ ਸ਼ਿਕਾਰੀ ਜਾਲ਼ ਵਿੱਚ।

ਖੜ੍ਹੇ ਹਨ ਕੰਧਾਂ ਦੇ ਓਹਲੇ
ਜ਼ਹਿਰਾਂ ਦੇ ਵਿਉਪਾਰੀ
ਜੋ ਖੇਡਦੇ ਹਨ
ਭਰ ਜੁਆਨੀਆਂ ਨਾਲ
ਟਕਿਆਂ ਦੀ ਖੇਡ

ਧੀਏ ਦਿਸਣਗੇ ਹਰ ਮੋੜ ਉੱਤੇ
ਸੁੰਦਰਤਾ ਦੇ ਸ਼ਹਿਨਸ਼ਾਹ
ਰਚਾਉਂਦੇ ਹਨ ਡਰਾਮੇ
ਮੁਕਾਬਲਾ ਸੁੰਦਰਤਾ ਦਾ
ਫਿਰ ਛਲੀਏ ਬਣ
ਬਣਾਉਂਦੇ ਹਨ
ਜਿਊਂਦੀਆਂ ਜਾਗਦੀਆਂ ਡੰਮੀਆਂ
ਜਾਂ ਕਾਠ ਦੀਆਂ ਗੁੱਡੀਆਂ
ਜਿਨ੍ਹਾਂ ਦੇ ਸਾਹ ਸੂਤ ਕੇ
ਖੜ੍ਹਾ ਸਕਣ ਸ਼ੀਸ਼ਿਆਂ ਦੇ ਪਿੱਛੇ
ਦੇ ਸਕਣ ਸੋਨੇ ਦੇ ਪਿੰਜਰੇ ਦੀ ਕੈਦ।

ਮੇਰੀ ਬੱਚੀਏ
ਤੇਰੇ ਚੰਚਲ ਮਨ ਦੀ ਉਡਾਰੀ ਨੂੰ ਦੇਖ
ਸੋਚਦੀ ਹਾਂ ਤੈਨੂੰ ਕਹਾਂ
ਪੈਰ ਪੈਰ ਤੇ ਬਿੱਖੜੇ ਪੈਂਡੇ
ਸਰ ਕਰਨ ਲਈ
ਕੁੱਝ ਕਹਿਣ ਲਈ, ਸਹਿਣ ਲਈ
ਉੱਠਣ ਲਈ, ਬੈਠਣ ਲਈ
ਸੋਚਣ ਲਈ, ਵਿਚਾਰਨ ਲਈ,
ਦੇਵੀਂ ਨਾ ਬੁਝਣ
ਸੂਝ ਦਾ ਦੀਵਾ
ਘੁੱਟ ਕੇ ਫੜ੍ਹੀਂ
ਵਿਸ਼ਵਾਸ ਤੇ ਤਰਕ ਦਾ ਪੱਲਾ
ਮੇਰੀ ਬੱਚੀਏ
ਹੋਵੇ ਮੁਬਾਰਕ ਤੈਨੂੰ
ਤੇਰਾ ਪੈਂਡਾ
ਜ਼ਿੰਦਗੀ ਦੇ ਸਫ਼ਰ ਵਿੱਚ।
• • •

## ਅਸੀਂ ਹੁਣ ਜ਼ਰਬਾਂ ਹੋਣਾ ਹੈ

**(ਗ਼ਦਰੀ ਬਾਬਿਆਂ ਨੂੰ ਸਮਰਪਤ)**

ਉਹ ਜਿਹੜੇ ਥੱਕ ਗਏ ਸਨ
ਦੁੱਖਾਂ, ਦਰਦਾਂ, ਤਕਲੀਫਾਂ ਨੂੰ
ਜਮ੍ਹਾਂ, ਜ਼ਰਬਾਂ, ਤਕਸੀਮਾਂ ਕਰਦੇ
ਪਰ ਕਰ ਦਿੱਤਾ ਸੀ ਜ਼ਿੰਦਗੀ ਨੇ
ਆਪਣੇ ਸਮਿਆਂ ਚੋਂ ਉਨ੍ਹਾਂ ਨੂੰ ਮਨਫ਼ੀ
ਗੁੰਮ ਹੋ ਗਏ ਸਨ ਅਰਥ
ਅਣਖ, ਅਜ਼ਾਦੀ ਤੇ ਸਵੈਮਾਣ ਦੇ
ਜ਼ਿੰਦਗੀ ਰਹਿ ਗਈ ਸੀ
ਸਾਹ ਵਗਣ ਦਾ ਨਾਂ
ਤਾਂ ਭੱਜੇ ਸਨ ਬਿਦੇਸ਼ੀਂ
ਜ਼ਿੰਦਗੀ ਨੂੰ ਜ਼ਰਬਾਂ ਦੇਣ ਲਈ
ਪਰ ਦੂਹਰੀ ਗ਼ੁਲਾਮੀ
ਬਿਗਾਨੇਪਣ ਤੇ ਨਸਲੀ ਆਰਾਂ ਨੇ
ਦੁਆ ਦਿੱਤਾ ਸੀ
ਅਹਿਸਾਸ ਵਤਨ-ਪ੍ਰਸਤੀ ਦਾ
ਚੇਤੇ ਆ ਗਿਆ ਸੀ ਇਤਿਹਾਸ
ਸੀਸ ਤਲੀ ਤੇ ਧਰਨ ਦਾ,
ਤੱਤੀ ਤਵੀ ਤੇ ਸੜ੍ਹ ਮਰਨ ਦਾ
ਜਾਬਰਾਂ ਨਾਲ ਲੜਨ ਦਾ
ਮਜ਼ਲੂਮਾਂ ਸੰਗ ਖੜ੍ਹਨ ਦਾ
ਜਿਊਣ ਤੇ ਮਰਨ ਦਾ
ਫਾਂਸੀਆਂ ਤੇ ਚੜ੍ਹਨ ਦਾ
ਹਿਲਾ ਦਿੱਤੀਆਂ ਸਨ ਜੜ੍ਹਾਂ
ਸੂਰਜ ਦੇ ਨਾਂ ਛਿੱਪਣ ਵਾਲੀ ਸਲਤਨਤ ਦੀਆਂ।
ਪੈ ਗਿਆ ਸੀ ਖ਼ਾਨੇ
ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਇਲਮ
ਜਾਤ-ਪਾਤ ਤੇ ਧਰਮਾਂ ਤੇ ਵੰਡ ਹੋਣ ਦਾ ਨਤੀਜਾ
ਰਾਜਸੀ ਲੁੱਟ ਖਸੁੱਟ ਦਾ ਮੁਖੋਟਾ
ਤਾਂ ਹੀ ਤਾਂ ਬਣ ਗਏ ਸਨ
ਗੁਰੂ ਅਰਜਨ ਦੇਵ ਤੇ
ਗੁਰੂ ਗੋਬਿੰਦ ਸਿੰਘ ਦੇ ਵਾਰਸ
ਲਲਕਾਰਿਆਂ ਸੀ ਜ਼ਾਬਰ ਨੂੰ
ਆਹਮਣਿਓਂ-ਸਾਹਮਣਿਓਂ
ਤਾਂ ਹੀ ਤਾਂ ਜ਼ਿੰਦਾ ਨੇ ਇਤਿਹਾਸ ਵਿੱਚ।
ਅਸੀਂ ਜੋ ਭੁੱਲ ਬੈਠੇ ਹਾਂ ਇਤਿਹਾਸ
ਉਡੀਕਦੇ ਹਾਂ ਕਬੂਤਰ ਵਾਂਗ
ਅੱਖਾਂ ਮੀਟ ਆਫਤ ਦੇ ਟਲ਼ ਜਾਣ ਦਾ ਸਮਾਂ
ਬਚਾਉਂਦੇ ਹਾਂ ਆਪਣਾ ਮਾਸ
ਵੱਟ ਕੇ ਦੜ੍ਹ, ਦੁਬਕ ਜਾਂਦੇ ਹਾਂ
ਡੰਗ ਟਪਾਉਣ ਲਈ,
ਬਿਨ੍ਹਾਂ ਸਿਰਾਂ ਦੇ ਜਿਊਣ ਲਈ
ਮੁਨਕਰ ਹੋ, ਡਰਦੇ ਹਾਂ
ਉਸ ਇਤਿਹਾਸ ਦੇ ਪੰਨੇ ਫਰੋਲਣ ਤੋਂ
ਜਿਹੜਾ ਰਚਿਆ ਗਿਆ ਸੀ
ਸਾਨੂੰ ਆਪਣੇ ਵਾਰਸ ਸਮਝ
ਅਸੀਂ ਵਿਦਰੋਹ ਜਾਂ ਬਗਾਵਤ ਦਾ ਨਾਂ ਸੁਣ
ਬਣ ਜਾਂਦੇ ਹਾਂ ਸਿੱਲ-ਪੱਥਰ ਜਿਊਂਦੇ ਜੀਅ
ਦੋਸਤੋ ਅਸੀਂ---
ਗ਼ਦਰੀ ਬਾਬਿਆਂ ਦੇ ਵਾਰਸ
ਭਗਤ ਸਰਾਭਿਆਂ ਦੇ ਵਾਰਸ
ਅਸੀਂ ਤਾਂ ਯੋਗ ਹਾਂ,
ਇਨਸਾਨੀ ਸਿਰ ਉਗਾਉਣ ਲਈ
ਸਿੱਲ-ਪੱਥਰਾਂ ਵਿੱਚੋਂ ਵੀ
ਪਹਿਰਾ ਦੇਣ ਲਈ ਉਹਨਾਂ ਦੇ
ਧਰਮ-ਨਿਰਪੱਖਤਾ ਤੇ ਏਕੇ ਦੇ ਸਿਧਾਂਤ ਤੇ
ਅਸੀਂ ਹਰਗਿਜ਼ ਮਨਫ਼ੀ ਨਹੀਂ
ਜ਼ਰਬਾਂ ਹੋਣਾ ਹੈ,
ਜ਼ਰਬਾਂ ਹੋਣਾ ਹੈ,
ਜ਼ਰਬਾਂ ਹੀ ਹੋਣਾ ਹੈ।
• • •

## ਅਜ਼ਾਦ ਫਿਤਰਤ

ਇੱਕ ਚਿੜੀ
ਐਧਰੋਂ ਓਧਰ, ਓਧਰੋਂ ਐਧਰ
ਇਸ ਕੋਨੇ ਤੋਂ, ਉਸ ਕੋਨੇ ਤੱਕ
ਉਡਦੀ ਹੈ, ਦਾਣਾ ਚੁਗਦੀ ਹੈ
ਖੰਭ ਖਿਲਾਰਦੀ ਹੈ
ਅਜ਼ਾਦ, ਬੇਝਿਜਕ
ਕੁੱਝ ਕੁ ਲੋਕ
ਕਰ ਦਿੰਦੇ ਹਨ ਬੰਦ ਝਰੋਖੇ,
ਖਿੜਕੀਆਂ ਤੇ ਰੌਸ਼ਨਦਾਨ
ਚਾਹੁੰਦੇ ਹਨ ਫੜਨਾ
ਫੜ ਕੇ ਚਾਹੁੰਦੇ ਹਨ
ਸਿਖਾਉਣਾ, ਬੋਲਣਾ,
ਗਾਉਣਾ, ਖਾਣਾ, ਪੀਣਾ
ਬੈਠਣਾ, ਉਠਣਾ
ਉਹਨਾਂ ਮੁਤਾਬਕ
ਸਾਊ ਚਿੜੀ ਬਣ ਕੇ ਹੀ
ਸਭਿਆ ਸਮਾਜ ਵਿੱਚ ਰਹਿਣਾ
ਹੁਣ ਚਿੜੀ ਘੁੰਮ ਰਹੀ ਹੈ
ਦਾਇਰਿਆਂ ਵਿੱਚ, ਸੀਮਾਵਾਂ ਵਿੱਚ
ਇਸ ਕੋਨੇ ਤੋਂ ਉਸ ਕੋਨੇ
ਇੱਕ ਯਕੀਨ ਨਾਲ,
ਵਿਸ਼ਵਾਸ ਨਾਲ,
ਹੌਂਸਲੇ ਨਾਲ, ਦ੍ਰਿੜਤਾ ਨਾਲ
ਪਿਆਰ ਕਰਦੀ ਹੈ
ਸਿਰਫ ਤੇ ਸਿਰਫ ਆਪਣੀ
ਫਿਜ਼ਾ ਤੇ ਅਜ਼ਾਦੀ ਨੂੰ
ਉਹ ਫੜਫੜਾਉਂਦੀ ਹੈ
ਕੰਧਾਂ ਵਿੱਚ ਵੱਜਦੀ
ਰੌਸ਼ਨਦਾਨਾਂ ਨੂੰ ਤੋੜਨ ਦਾ ਹੀਆਂ ਕਰਦੀ
ਵਿਸ਼ਵਾਸ ਨਾਲ ਸੋਚਦੀ ਹੈ
ਕਿ ਉਹ ਕਮਰੇ ਵਿੱਚ ਬੰਦ
ਜਿੱਤ ਜਾਵੇਗੀ
ਕੰਧਾਂ, ਰੌਸ਼ਨਦਾਨ ਢਾਹ ਦੇਵੇਗੀ
ਮੰਜ਼ਲ ਪਾ ਲਵੇਗੀ
ਮੈਨੂੰ ਵੀ ਉਸਦੀ
ਹਿੰਮਤ, ਵਿਸ਼ਵਾਸ
ਤੇ ਅਜ਼ਾਦੀ ਦੀ ਫਿਤਰਤ
ਬਹੁਤ ਚੰਗੀ ਲੱਗਦੀ ਹੈ।
• • •

## ਬਦਲਦੀ ਹਕੀਕਤ

ਮੈਂ ਤੇ ਉਹ
ਜਿਸ ਦਿਨ ਮਿਲੇ ਸਾਂ
ਖ਼ੁਸ਼ੀ ਖ਼ੁਸ਼ੀ ਚਾਂਈ ਚਾਂਈ
ਇੱਕ ਦੂਜੇ ਨੂੰ ਦਿਲ 'ਚ ਥਾਂ
ਬਣ ਗਏ ਸਾਂ ਜੀਵਨ ਸਾਥੀ
ਉਮਰਾਂ ਤੱਕ ਸਾਥ
ਨਿਭਾਉਣ ਦੇ ਵਾਅਦੇ ਕਰ
ਜੀਵਨ ਗੱਡੀ ਰੇੜ੍ਹ ਲਈ ਸੀ।

ਹੁਣ ਟਲ਼ਦੇ ਹਾਂ ਇੱਕ ਦੂਜੇ ਤੋਂ
ਦੂਰ ਦੂਰ ਹਾਂ ਭੱਜਣਾ ਚਾਹੁੰਦੇ
ਲੋੜਾਂ ਥੋੜਾਂ ਦੇ ਡੰਗਾਂ ਤੋਂ ਬਚਦੇ
ਆਨੀ ਬਹਾਨੀ ਇੱਕ ਦੂਜੇ ਤੇ
ਦੋਸ਼ ਹਾਂ ਥੱਪਦੇ
ਕਿਸ਼ਤਾਂ ਦੇ ਨਾਲ ਘੁਲ਼ਦੇ ਘੁਲ਼ਦੇ
ਮੰਡੀ ਯੁੱਗ ਦੀਆਂ ਚਾਲਾਂ ਚਲਦੇ
ਮਹਿੰਗਾਈ ਦੇ ਡਮਰੂ ਥੱਲੇ
ਔਖਿਆਂ ਸੌਖਿਆਂ ਨਾਚ ਹਾਂ ਨੱਚਦੇ

ਝੁਲਸੇ ਤਨ ਮਨ ਦੀ ਹਾਮੀ ਭਰਦੇ
ਮਜ਼ਬੂਰੀ ਦੀਆਂ ਨਬਜ਼ਾਂ ਫੜ੍ਹਦੇ
ਮਿਹਨਤਾਂ ਦਾ ਖਮਿਆਜਾ ਲੱਭਦੇ
ਬੱਚਿਆਂ ਦੇ ਸਵਾਲਾਂ ਤੋਂ ਡਰਦੇ
ਅੰਦਰੇ ਅੰਦਰ ਘੂਰੀਆਂ ਵੱਟਦੇ
ਸਾਹਾਂ ਦੀ ਗਰਮੀ 'ਚੋਂ ਸੁਗੰਧੀ ਲੱਭਦੇ
ਨੇਰ੍ਹਿਆਂ ਦੇ ਨਾਲ ਲੜਦੇ ਲੜਦੇ
ਸੂਹੇ ਰੰਗ ਦੀਆਂ ਪੈੜਾਂ ਲੱਭਦੇ
ਇੱਕ ਦੂਜੇ ਤੋਂ ਨੱਠਦੇ ਨੱਠਦੇ
ਬੱਸ ਡਿਪਰੈਸ਼ਨ ਵਿੱਚ ਜੀਅ ਰਹੇ ਹਾਂ।
• • •

## ਗੈਂਗਵਾਰ

ਰੇਡੀਓ ਦੀ ਤਾਜ਼ਾ ਖ਼ਬਰ
ਸੱਤਰ ਐਵੀਨਿਊ ਤੇ
ਦਿਨ ਦਿਹਾੜੇ ਚੱਲੀ ਹੈ ਗੋਲੀ
ਇੱਕ ਹੋਰ
ਚੜ੍ਹ ਗਿਆ ਹੈ ਭੇਂਟ ਗੈਂਗਵਾਰ ਦੀ।

ਗੈਂਗਵਾਰ !
ਹੈ ਲੋਕਾਂ ਲਈ ਹਊਆ
ਪਰਿਵਾਰਾਂ ਲਈ ਡਰ
ਜਵਾਨੀਆਂ ਲਈ ਮੌਤ
ਪਾਲ਼ਦੇ ਹਨ ਜਿਸਨੂੰ
ਆਪਣੀ ਨਿੱਘੀ ਗੋਦ ਵਿੱਚ
ਸਰਮਾਏਦਾਰ, ਪੂੰਜੀਪਤੀ.
ਧਨਾਢ, ਦੱਲੇ, ਰਖੇਲਾਂ
ਤੇ ਮਾਫੀਏ।

ਗੈਂਗਵਾਰ !
ਜਿਸਨੇ ਚੁਰਾਇਆ ਹੈ ਸਕੂਨ
ਫੈਲਾਇਆ ਹੈ ਡਰ
ਜੋ ਬੋਲਦਾ ਹੈ ਬੋਲੀ
ਬੰਦੂਕਾਂ ਦੀ, ਬਾਰੂਦਾਂ ਦੀ
ਜੋ ਪੀਂਦਾ ਹੈ ਖ਼ੂਨ
ਲੈਰ੍ਹੇ ਗਭਰੂਆਂ ਦਾ
ਜੋ ਨਹੀਂ ਚਾਹੁੰਦਾ ਜਗਦੇ ਦੀਵੇ
ਬੱਚਿਆਂ ਦੀਆਂ ਕਿਲਕਾਰੀਆਂ ਘਰਾਂ ਵਿੱਚ
ਕਰਦਾ ਹੈ ਨਫ਼ਰਤ
ਮਾਂਗ ਦੀਆਂ ਸੰਧੂਰੀਆਂ ਨੂੰ
ਹੱਥਾਂ ਤੇ ਮਹਿੰਦੀ ਦੀ ਲਾਲੀ
ਵਿਹੜਿਆਂ ਵਿੱਚ ਝੂਮਦਾ ਸ਼ਬਾਬ
ਇਸਨੂੰ ਚੰਗਾ ਨਹੀਂ ਲੱਗਦਾ
ਇਹ ਤਾਂ ਪਰਿੰਦਿਆਂ ਨੂੰ ਦਬੋਚਦਾ ਹੈ
ਪਹਿਲੀ ਉਡਾਰੀ ਤੇ
ਖ਼ੁਸ਼ ਹੈ ਲਿਖ ਕੇ ਮਰਸੀਆ
ਜਿਊਂਦੇ ਜੀਅ
ਬੀਜਦਾ ਹੈ ਵੈਣ
ਹੱਸਦੇ ਵਸਦੇ ਆਲ੍ਹਣਿਆਂ ਵਿੱਚ
ਇਹ ਤਾਂ ਚਾਹੁੰਦਾ ਹੈ
ਕਿ ਦੀਵੇ ਘਰਾਂ ਵਿੱਚ ਨਹੀਂ ਸਗੋਂ
ਕਬਰਾਂ ਤੇ ਜਗਾਏ ਜਾਣ।

ਇਸ ਦੀਆਂ ਬਾਹਾਂ ਬਹੁਤ ਲੰਮੀਆਂ ਹਨ
ਇਹ ਧੂਹ ਲੈਂਦਾ ਹੈ
ਮਾਂ ਦੇ ਕਾਲਜ਼ੇ ਦਾ ਰੁੱਗ
ਪਿਉ ਦੀਆਂ ਆਸਾਂ ਦਾ ਚਿਰਾਗ
ਭੈਣਾਂ-ਭਾਈਆਂ ਦੇ ਪਿਆਰ ਦਾ ਅਹਿਸਾਸ
ਘਰਾਂ ਦੀ ਰੌਣਕ
ਪੌਣਾਂ ਵਿੱਚ ਨੱਚ ਰਹੀਆਂ
ਖ਼ੁਸ਼ੀਆਂ ਦਾ ਸਰੂਰ
ਇਵਜ਼ ਵਜੋਂ ਦਿੰਦਾ ਵੀ ਹੈ
ਨਸ਼ਿਆਂ ਦਾ ਜੰਜ਼ਾਲ
ਰੁਮਕਦੀਆਂ ਪੌਣਾਂ ਨੂੰ
ਹਵਾ ਵਿੱਚ ਤੈਰਦਾ ਜ਼ਹਿਰਵਾਅ
ਮੌਤ ਵਰਗਾ ਸਹਿਮ
ਫਿਜ਼ਾ ਵਿੱਚ ਬਾਰੂਦ ਦੇ ਠਹਾਕੇ
ਜੋ ਕਰਦੇ ਹਨ ਮਜ਼ਬੂਰ
ਕੰਨਾਂ ਤੇ ਹੱਥ ਰੱਖਣ ਲਈ
ਅਸੀਂ ਕੰਨਾਂ ਤੇ ਹੱਥ ਰੱਖਦੇ ਰੱਖਦੇ
ਰੱਖ ਲੈਂਦੇ ਹਾਂ ਅੱਖਾਂ ਤੇ, ਤੇ ਮੂੰਹ ਤੇ ਵੀ
ਬਾਪੂ ਦੇ ਤਿੰਨ ਬਾਂਦਰਾਂ ਵਾਂਗ
ਆਪਣੀਆਂ ਸੋਚਾਂ ਨੂੰ
ਖ਼ੁਦਗਰਜ਼ੀ ਦੀ ਪੁੱਠ ਚਾੜ੍ਹ
ਹੁਣ ਅਸੀਂ ਦੇਖਦੇ, ਸੁਣਦੇ ਤੇ ਬੋਲਦੇ ਨਹੀਂ
ਸਿਰਫ ਹੰਢਾ ਰਹੇ ਹਾਂ
ਇਸ ਗੈਂਗਵਾਰ ਨੂੰ ਦਿਨੋ ਦਿਨ।
• • •

## ਲੂਣ ਦੀ ਤਲਾਸ਼

ਮੇਰੀ ਬਹੁਤ ਹੀ ਸੀਲ ਮੱਝ
ਧਾਰ ਕੱਢਣੀ ਜਦੋਂ ਉਸਦੀ
ਬਿਨ੍ਹਾਂ ਹੀਲ ਹੁੱਜਤ
ਥਾਪੜਾ ਦੇ ਚੋ ਲੈਣੀ
ਹੈਰਾਨੀ ਉਦੋਂ ਹੋਣੀ
ਜਦੋਂ ਕਦੇ ਕਦੇ
ਆਦਤ ਦੇ ਉਲਟ
ਵੀਚਰ ਜਾਣਾ ਤੇ
ਛੜਾਂ ਮਾਰਨੀਆਂ।

ਮੈਂ ਕਿਉਂ ਦੇ ਅਰਥਾਂ
ਵਿੱਚ ਹੋ ਜਾਣਾ ਗੁੰਮ
ਅਰਥਾਂ ਨਾਲ
ਖੌਜ਼ਲਦਿਆਂ ਦੇਖਣਾ
ਉਸਦੇ ਕੁੱਲੇ ਵਿੱਚ
ਅਛੋਹਪਲੇ ਜਿਹੇ ਇੱਕ
ਜੋਕ ਖ਼ੂਨ ਪੀ ਰਹੀ ਹੁੰਦੀ
ਉਸਨੂੰ ਲਾਹੁਣਾ ਤਾਂ
ਬਿਨ੍ਹਾਂ ਹੀਲ ਹੁੱਜਤ
ਸ਼ਾਂਤ ਮੱਝ ਚੋ ਲੈਣੀ
ਜੋਕ ਤੇ ਲੂਣ ਪਾਉਣਾ
ਉਸਨੇ ਛਟਪਟਾਉਣਾ
ਤੇ ਮਰ ਜਾਣਾ।

ਜੰਗਲ ਬੇਲੇ ਗਾਹੁੰਦਿਆਂ
ਪੁਸਤਕਾਂ ਦਾ ਨਿਰੀਖਣ ਕਰਦਿਆਂ
ਕਲਮ ਦੀ ਜੱਦੋ ਜਹਿਦ
ਪੱਥਰਾਂ ਸੰਗ ਜੂਝਦਿਆਂ
ਅੱਜ ਵੀ ਨਿਕਲੀ ਹਾਂ
ਅਜਿਹੇ ਲੂਣ ਦੀ ਭਾਲ ਵਿੱਚ
ਜੋ ਮਨੁੱਖਤਾ ਨੂੰ
ਚੁੰਬੜੀਆਂ ਜੋਕਾਂ ਨੂੰ ਮਾਰ ਸਕੇ।
ਪਰੇਸ਼ਾਨ ਹਾਂ
ਕਿਉਂ ?
ਇਹਨਾਂ ਜੋਕਾਂ ਦੀ ਮੌਤ ਤੋਂ
ਪਹਿਲਾਂ ਮਰ ਰਹੀ ਹੈ ਮਨੁੱਖਤਾ।
• • •

## ਸਮਾਂ ਮੰਗ ਕਰਦਾ ਹੈ

ਸੁਣਿਐ
ਬਾਹਰ ਹਨ੍ਹੇਰੀ ਚੱਲ ਰਹੀ ਹੈ
ਮੌਸਮ ਬੜਾ ਖਰਾਬ ਹੈ
ਹੁਣ ਮੌਸਮ ਇਹ ਨਹੀਂ ਕਿ
ਟੀ. ਵੀ. ਮੂਹਰੇ ਬੈਠ ਕੇ
ਬੌਲੀਵੁੱਡ ਦੇ ਸੀਰੀਅਲ ਦੇਖਣ ਦਾ
ਮੰਜ਼ਲ ਤੱਕ ਅਪੜਨ ਲਈ
ਸਾਹਮਣਾ ਤਾਂ ਪਵੇਗਾ ਕਰਨਾ
ਤੁਫ਼ਾਨਾਂ ਤੇ ਨ੍ਹੇਰੀਆਂ ਨਾਲ
ਮਲਾਹ ਤੂਫ਼ਾਨਾਂ ਤੋਂ ਡਰ ਕੇ
ਛੱਡਦੇ ਨਹੀਂ ਕਦੇ ਪੱਤਣ
ਜਿਹੜੇ ਕਦਮ ਨਿਕਲੇ ਹਨ ਬਾਹਰ
ਉਹ ਕਰ ਸਕੇ ਨੇ
ਹਰ ਮੁਸ਼ਕਲ ਦਾ ਸਾਹਮਣਾ
ਟਕਰਾ ਸਕੇ ਨੇ ਮੌਤ ਨਾਲ
ਮਰ ਗਏ ਪੁਲਸ ਮੁਕਾਬਲਿਆਂ ਵਿੱਚ
ਚੁੰਮਿਆਂ ਹੈ ਫਾਂਸੀ ਦੇ ਫੰਦੇ ਨੂੰ
ਜਾਂ ਮਿਲਿਆ ਹੈ ਪਿਆਲਾ ਜ਼ਹਿਰ ਦਾ
ਜੂਝਦੇ ਹਨ ਹਰ ਮੌਸਮ ਨਾਲ
ਆਓ ਸਾਥੀਓ
ਇਹ ਨਾ ਹੋਵੇ
ਕਿ ਮੌਸਮ
ਆਪਣੀ ਸਖ਼ਤੀ ਇੰਨੀ ਵਧਾ ਦੇਵੇ
ਕਿ ਹਰ ਰੁੱਤ ਵਿੱਚ ਹੀ
ਹਰਿਆਲੀ ਦੀ ਥਾਂ
ਪਲੱਤਣ ਛਾ ਜਾਵੇ
ਸਮਾਂ ਮੰਗ ਕਰਦਾ ਹੈ
ਕਿ ਆਓ ਨਿਕਲੀਏ ਬਾਹਰ
ਜੂਝੀਏ, ਲੜੀਏ
ਪਤਝੜ ਤੋਂ ਪਹਿਲਾਂ ਪਹਿਲਾਂ
ਕੋਈ ਤਦਬੀਰ ਬਣਾਈਏ
ਤੇ ਨਵੀਂ ਤਕਦੀਰ ਆਪ ਘੜੀਏ।
• • •

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਡਬਲਿਊ.ਟੀ.ਓ. ਮੀਟਿੰਗ ਖੇਤੀ ਮੰਡੀ ’ਤੇ ਮਾਰੂ ਹਮਲਾ

**ਮੋਹਨ ਸਿੰਘ**

ਡਬਲਿਊ.ਟੀ.ਓ. ਦੀ 11ਵੀਂ ਕਾਨਫਰੰਸ 10 ਤੋਂ 13 ਦਸੰਬਰ, ਬਿਊਨਸ ਏਰਸ (ਅਰਜਨਟਾਈਨਾ) ਵਿੱਚ ਹੋਈ। ਇਸ ਕਾਨਫਰੰਸ ਦਾ ਮੁੱਖ ਏਜੰਡਾ ਖਾਧ ਸੁਰੱਖਿਆ ਲਈ ਖੇਤੀਬਾੜੀ ਫ਼ਸਲਾਂ ਦੀ ਸਰਕਾਰੀ ਖਰੀਦ, ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਫ਼ਸਲੀ ਸਬਸਿਡੀਆਂ ਸੀ। 2012 ਦੀ ਵਿਸ਼ਵ ਵਪਾਰ ਸੰਸਥਾ ਦੀ 9ਵੀਂ ਬਾਲੀ ਮੀਟਿੰਗ ਵਿੱਚ ਭਾਰਤ ਨੇ ਇਨ੍ਹਾਂ ਮੁੱਦਿਆਂ ਦੀ ਜ਼ੋਰਦਾਰ ਪੈਰਵੀ ਕੀਤੀ ਸੀ। ਇਸ ਦਾ ਮੌਜੂਦਾ ਦੋਹਾ ਗੇੜ ਨਵੰਬਰ 2001 ਕਤਰ ਵਿੱਚ ਸ਼ੁਰੂ ਹੋਇਆ ਸੀ। ਇਸ ਦਾ ਮੰਤਵ ਰੁਕਾਵਟਾਂ ਨੂੰ ਹਟਾ ਕੇ ਵਿਸ਼ਵ ਵਪਾਰ ਨੂੰ ਵਧਾਉਣ ਬਾਰੇ ਮਿਥਿਆ ਗਿਆ ਸੀ। ਇਸ ਤੋਂ ਬਾਅਦ ਕੈਂਕਨ 2003, ਹਾਂਗਕਾਂਗ 2005, ਪੈਰਿਸ 2005, ਪੋਟਸਡੈਮ ਜਰਮਨੀ 2007 ਅਤੇ ਜਨੇਵਾ ਵਿੱਚ 2004, 2006, 2008 ਵਿੱਚ ਮੀਟਿੰਗਾਂ ਹੋਈਆਂ। ਪਰ ਜੁਲਾਈ 2008 ਵਿੱਚ ਖੇਤੀਬਾੜੀ, ਸਨਅਤ, ਸੇਵਾਵਾਂ ਅਤੇ ਵਪਾਰ ’ਤੇ ਚੁੰਗੀ ਅਤੇ ਗੈਰ-ਚੁੰਗੀ ਰੋਕਾਂ ਦੇ ਹੱਲ ਨੂੰ ਲੈ ਕੇ ਡਬਲਿਊ. ਟੀ.ਓ. ਦੀਆਂ ਮੀਟਿੰਗਾਂ ’ਚ ਜਾਮ ਲੱਗ ਗਿਆ। ਇਸ ਦਾ ਕਾਰਨ ਇਕ ਪਾਸੇ ਅਮਰੀਕਾ, ਯੂਰਪੀ ਯੂਨੀਅਨ, ਕੇਨੇਡਾ ਅਤੇ ਜਾਪਾਨ ਅਤੇ ਦੂਜੇ ਪਾਸੇ ਚੀਨ, ਭਾਰਤ, ਬਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਵਿਚਕਾਰ ਗੰਭੀਰ ਮਤਭੇਦ ਹੋਣਾ ਸੀ। ਇਸ ਤੋਂ ਇਲਾਵਾ ਯੂਰਪੀ ਯੂਨੀਅਨ, ਅਮਰੀਕਾ, ਕੇਨੇਡਾ, ਆਸਟਰੇਲੀਆਂ ਦੇ ਆਪਸੀ ਮਤਭੇਦ ਹਨ। 2008 ਦੇ ਵਿਸ਼ਵ ਆਰਥਿਕ ਸੰਕਟ ਨੇ ਸਾਰੇ ਦੇਸ਼ਾਂ ’ਚ ਹਫੜਾ-ਦਫੜੀ ਪਾ ਦਿੱਤੀ। ਇਸ ਨਾਲ ਡਬਲਿਊ.ਟੀ.ਓ. ਹੋਰ ਜਾਮ ਹੋ ਗਈ। ਇਸ ਸੰਕਟ ਨੇ ਅਮਰੀਕਾ ਨੂੰ ਸਭ ਤੋਂ ਵੱਧ ਮਧੋਲਿਆ। ਜਿਸ ਨਾਲ ਉਸ ਦੀ ਸੰਸਾਰ ਚੌਧਰ ਨੂੰ ਖੋਰਾ ਲੱਗਿਆ ਅਤੇ ਚੀਨ ਇਕ ਆਰਥਿਕ ਸ਼ਕਤੀ ਬਣਕੇ ਉਭਰਿਆ ਤੇ ਭਾਰਤ ਦੀ ਛਵੀ ਵੀ ਵਧੀ। ਇਸ ਬਦਲਦੀ ਸਮੀਕਰਨ ਅਨੁਸਾਰ ਅਮਰੀਕਾ ਨੇ ਡਬਲਿਊ.ਟੀ.ਓ. ਦਾ ਜਾਮ ਤੋੜਨ ਲਈ ਚੀਨ ਅਤੇ ਭਾਰਤ ਨਾਲ 2008 ਦੇ ਅਖੀਰ ਵਿੱਚ ਗੱਲਬਾਤ ਕੀਤੀ। ਪਰ ਪਰਨਾਲਾ ਉਥੇ ਦਾ ਉਥੇ ਰਿਹਾ। ਇਸ ਤੋਂ ਬਾਅਦ 2011 ਵਿੱਚ ਡਾਇਰੈਕਟਰ ਜਨਰਲ ਪਾਮ ਲਾਮੀ ਨੇ ਡਬਲਿਊ.ਟੀ.ਓ. ਦਾ ਜਾਮ ਤੋੜਨ ਲਈ ਗੰਭੀਰ ਉਪਰਾਲੇ ਕੀਤੇ। ਉਸ ਨੇ ਇਸ ਸੰਸਥਾ ਦੀ ਜਨਰਲ ਕੌਂਸਲ ਲਈ ਮਈ 2012 ਦੀ ਇਕ ਰਿਪੋਰਟ ਤਿਆਰ ਕੀਤੀ। ਉਸ ਨੇ ਡਬਲਿਊ.ਟੀ.ਓ. ਦੇ ਕੰਮਕਾਜ ਨੂੰ ਰਫਤਾ-ਰਫਤਾ ਸਰਕਾਉਣ ਲਈ ਛੋਟੇ ਅਤੇ ਸਹਿਮਤੀ ਵਾਲੇ ਮੁੱਦਿਆਂ ਨੂੰ ਪਹਿਲ ਦੇਣ ਅਤੇ ਵੱਡੇ ਮਤਭੇਦਾਂ ਵਾਲੇ ਮੁੱਦਿਆਂ ਨੂੰ ਬਾਅਦ ਵਿੱਚ ਹੱਲ ਰੱਖਣ ਦਾ ਸੁਝਾਅ ਪੇਸ਼ ਕੀਤਾ। ਇਸ ਦਾ ਸਿੱਟਾ ਬਾਲੀ ਕਾਨਫਰੰਸ ਦੇ 7 ਦਸੰਬਰ 2012 ਦੇ ਐਲਾਨਨਾਮੇ ਵਿੱਚ ਨਿਕਲਿਆ।

ਵਿਸਵ ਵਪਾਰ ਸੰਸਥਾ ਦੀ ਬਾਲੀ ਕਾਨਫਰੰਸ ਦਸੰਬਰ 2012 ਵਿੱਚ ਹੋਈ ਸੀ। ਇਸ ਮੀਟਿੰਗ ਦੇ ਏਜੰਡੇ ਸਨ: ‘ਵਪਾਰਕ ਸਹੂਲਤ ਸਮਝੌਤਾ’ (ਟਰੇਡ ਫੈਸੀਲੀਟੇਸ਼ਨ ਟਰੀਟੀ) ਟੀ.ਐਫ.ਟੀ. ਕਰਨ ਜਿਸ ਦਾ ਅਰਥ ਸੀ, ਚੁੰਗੀ-ਕਰ ਅਤੇ ਗੈਰ-ਚੁੰਗੀ ਕਰਾਂ ਨੂੰ ਹਟਾਇਆ ਜਾਵੇ; ਵਸਤਾਂ ਅਤੇ ਸੇਵਾਵਾਂ ਦੀ ਆਯਾਤ ਅਤੇ ਨਿਰਯਾਤ ਲਈ ਆਧਾਰ-ਢਾਂਚਾ ਵਿਕਸਤ ਕੀਤਾ ਜਾਵੇ ਅਤੇ ਸੰਸਾਰ ਵਿੱਚ ਮੁਕਾਬਲੇਬਾਜ਼ੀ ਨੂੰ ਖੁੱਲ੍ਹ ਦਿੱਤੀ ਜਾਵੇ। ਇਸ ਏਜੰਡ ਨੂੰ ਯੂ.ਪੀ.ਏ. ਸਰਕਾਰ ਨੇ ਪ੍ਰਵਾਨ ਕਰ ਲਿਆ ਸੀ। ਪਰ ਯੂ.ਪੀ.ਏ. ਸਰਕਾਰ ਨੇ ਆਪਣੇ ਖੁਰਾਕ ਸੁਰੱਖਿਆ ਕਾਨੂੰਨ ਨੂੰ ਲਾਗੂ ਕਰਨ ਲਈ ਖੁਰਾਕ ਦੇ ਸੁਰੱਖਿਆ ਭੰਡਾਰ ਜਮਾਂ ਕਰਨ, ਕਿਸਾਨਾਂ ਦੀ ਸੁਰੱਖਿਆ ਲਈ ਘੱਟੋ ਘੱਟ ਸਮਰਥਨ ਮੁੱਲ ਸਥਾਪਿਤ ਕਰਨ ਅਤੇ ਸਬਸਿਡੀਆਂ ਜਾਰੀ ਰੱਖਣ ਲਈ ਸੰਸਥਾ ਵੱਲੋਂ ਕੋਈ ਪੱਕਾ ਹੱਲ ਲੱਭਣ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ। ਬਾਲੀ ਮੀਟਿੰਗ ਵਿੱਚ ਅਮਰੀਕੀ ਅਤੇ ਸਾਮਰਾਜ ਮੁਲਕਾਂ ਨੇ ਭਾਰਤ ਦੀਆਂ ਇਨ੍ਹਾਂ ਚਿੰਤਾਵਾਂ ਦਾ ਧਿਆਨ ਰੱਖਣ ਲਈ ਦਸੰਬਰ 2017 ਤੱਕ ‘ਸ਼ਾਂਤੀ ਸਮਝੌਤਾ’ (Peace Clause) ਕੀਤਾ ਗਿਆ ਸੀ। ਇਸ ਸ਼ਾਂਤੀ ਸਮਝੌਤੇ ਤਹਿਤ ਭਾਰਤ ਨੂੰ ਪਹਿਲਾਂ ਵਾਂਗ ਅੰਨ ਭੰਡਾਰਨ, ਘੱਟੋ-ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਜਾਰੀ ਰੱਖਣ ਲਈ ਦਸੰਬਰ 2017 ਤੱਕ ਦੀ ਮੋਹਲਤ ਮਿਲ ਗਈ ਸੀ। ਪਰ ਸ਼ਰਤ ਇਹ ਸੀ ਕਿ ਇਉਂ ਕਰਨ ਨਾਲ ਸੰਸਾਰ ਵਪਾਰ ਵਿੱਚ ਕੋਈ ਵਿਗਾੜ ਨਾ ਪੈਂਦਾ ਨਾ ਹੋਵੇ।




ਇਸ ਤਰ੍ਹਾਂ ਭਾਰਤ ਦੀ ਖੁਰਾਕ ਸਮੱਸਿਆ ਦਾ ਹੱਲ ਦਸੰਬਰ 2017 ਤੱਕ ਕਰਨਾ ਮਿਥਿਆ ਗਿਆ ਸੀ। ਪਰ ਬਾਲੀ ਦੀਆਂ ਮੀਟਿੰਗ ਤੋਂ ਬਾਅਦ ’ਚ ਚੱਲੀਆਂ ਵਾਰਤਾਵਾਂ ’ਚ ਖਾਧ ਸੁਰੱਖਿਆ ਮੁੱਦੇ ਨੂੰ ਦਰਕਿਨਾਰ ਕਰ ਦਿੱਤਾ ਗਿਆ। ਅਮਰੀਕਾ, ਯੂਰਪੀ ਯੂਨੀਅਨ ਅਤੇ ਹੋਰ ਸਾਮਰਾਜੀ ਦੇਸ਼ਾਂ ਨੇ ਇਨ੍ਹਾਂ ਮੀਟਿੰਗਾਂ ਵਿੱਚ ਕੇਵਲ ‘ਵਪਾਰਕ ਸਹੂਲਤ ਸਮਝੌਤੇ’, ਈ-ਕਾਮਰਸ ਅਤੇ ਹੋਰ ਮੁੱਦਿਆਂ ਨੂੰ ਹੀ ਅੱਗੇ ਵਧਾਇਆ ਗਿਆ। ਪਰ ਭਾਰਤ ਨੂੰ ਕਿਸਾਨੀ ਸੰਕਟ ਕਾਰਨ ਖੁਰਾਕ, ਘੱਟੋ-ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਦੇ ਮੁੱਦਿਆਂ ’ਤੇ ਜ਼ੋਰਦਾਰ ਪਹਿਰਾ ਦੇਣਾ ਪਿਆ। ਡਬਲਿਊ.ਟੀ.ਓ. ਦਾ ਨਿਯਮ ਹੈ ਕਿ ਇਸ ਦਾ ਕੋਈ ਵੀ ਫ਼ੈਸਲਾ ਆਮ ਸਹਿਮਤੀ ਬਿਨਾਂ ਲਾਗੂ ਨਹੀਂ ਹੋ ਸਕਦਾ। ਭਾਰਤ ਦੇ ਅੜਨ ਕਾਰਨ ਇਸ ਸੰਸਥਾ ਵਿੱਚ ਖੜੋਤ ਆ ਗਈ। ਇਸ ਨਾਲ ਮੋਦੀ ਸਰਕਾਰ ਦੀ ਭਾਰਤ ਅੰਦਰ ਸਭ ਖੇਮਿਆਂ ਵੱਲੋਂ ਖੂਬ ਜੈ-ਜੈ ਕਾਰ ਹੋਈ। ਪਰ ਇਹ ਇਸ ਕਦਮ ਨਾਲ ਆਪਣੇ ਦੂਜੇ ਹਮਸਫ਼ਰਾਂ ਵਿੱਚੋਂ ਛੇਕਿਆ ਗਿਆ ਸੀ। ਬ੍ਰਾਜ਼ੀਲ ਅਤੇ ਚੀਨ ਨੇ ਵੀ ਇਸ ਮਸਲੇ ’ਤੇ ਭਾਰਤ ਨਾਲ ‘ਯਾਰੀ’ ਨਹੀਂ ਨਿਭਾਈ ਸੀ। ਬ੍ਰਿਕਸ ਵੀ ਭਾਰਤ ਨੂੰ ‘ਦਗਾ’ ਦੇ ਗਿਆ । ਵਿਸ਼ਵ ਵਪਾਰ ਸੰਸਥਾ ਮੁਤਾਬਿਕ ਖੇਤੀਬਾੜੀ ਦੀ ਕੁੱਲ ਘਰੇਲੂ ਪੈਦਾਵਾਰ ਦੇ ਮੁੱਲ ’ਤੇ ਵੱਧ ਤੋਂ ਵੱਧ 10 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਸਕਦੀ ਹੈ। ਇਹ ਵੀ ਤੈਅ ਹੈ ਕਿ ਸਬਸਿਡੀਆਂ 1986-1988 ਦੇ ਤਿੰਨ ਸਾਲਾਂ ਦੇ ਸੰਸਾਰ ’ਚ ਖੇਤੀਬਾੜੀ ਉਤਪਾਦ ਦੀਆਂ ਔਸਤ ਕੀਮਤਾਂ ਦੇ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਕਿਸੇ ਦੇਸ਼ ਵਿੱਚ ਘੱਟੋ-ਘੱਟ ਸਮਰਥਨ ਮੁੱਲ ਅਤੇ ਮੰਡੀ ਵਿੱਚ ਪ੍ਰਚਲਤ ਮੁੱਲ ਦਾ ਅੰਤਰ ਵੀ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣਾਂ ਚਾਹੀਦਾ। ਭਾਰਤ ਪਿਛਲੇ ਸਮੇਂ ’ਚ ਖੇਤੀ ਉਤਪਾਦਨ ਲਈ ਜੋ ਸਬਸਿਡੀਆਂ ਦੇ ਰਿਹਾ ਹੈ, ਉਹ 10 ਪ੍ਰਤੀਸ਼ਤ ਦੇ ਆਸ-ਪਾਸ ਹਨ। ਸਾਮਰਾਜੀ ਦੇਸ਼ਾਂ ਨੂੰ ਵਿਸ਼ਵ ਵਪਾਰ ਸੰਸਥਾ ਵਿੱਚ ਪਾਸ ਹੋਣ ਵਾਲੇ ਨਿਯਮਾਂ ਦਾ ਪਹਿਲਾਂ ਹੀ ਪਤਾ ਹੋਣ ਕਰਕੇ ਉਨ੍ਹਾਂ ਨੇ 1986-1988 ਤੋਂ ਪਹਿਲਾਂ ਹੀ ਆਪਣੇ ਦੇਸ਼ਾਂ ਵਿੱਚ ਸਬਸਿਡੀਆਂ ਬਹੁਤ ਵਧਾ ਦਿੱਤੀਆਂ ਸਨ। ਪ੍ਰੰਤੂ ਵਿਸ਼ਵ ਵਪਾਰ ਸੰਸਥਾ ਵਿੱਚ ਸਬਸਿਡੀਆਂ ਦੇਣ ਬਾਰੇ ਨਿਯਮਾਂ ਅਨੁਸਾਰ ਸਬਸਿਡੀਆਂ ਦੀ ਪ੍ਰਤੀਸ਼ਤਤਾ 1986-1988 ਵਿੱਚਕਾਰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਤੋਂ ਵੱਧ ਨਹੀਂ ਹੋ ਸਕਦੀ। ਇਸੇ ਕਰਕੇ ਸਾਮਰਾਜੀ ਦੇਸ਼ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਮੁਕਾਬਲੇ ਆਪਣੇ ਖੇਤੀਬਾੜੀ ਖੇਤਰ ਨੂੰ ਵੱਡੀਆਂ ਸਬਸਿਡੀਆ ਦਿੰਦੇ ਆ ਰਹੇ ਹਨ।

ਭਾਰਤ ਦੇ ਦੋ-ਤਿਹਾਈ ਲੋਕ ਅਜੇ ਵੀ ਖੇਤੀਬਾੜੀ ’ਤੇ ਨਿਰਭਰ ਹਨ ਅਤੇ ਸਰਕਾਰ ਨੇ 67 ਪ੍ਰਤੀਸ਼ਤ ਲੋਕਾਂ ਨੂੰ ‘ਖੁਰਾਕ ਸੁਰੱਖਿਆ ਕਾਨੂੰਨ’ ਦੇ ਘੇਰੇ ਅੰਦਰ ਲਿਆਉਣ ਦਾ ਟੀਚਾ ਮਿਥਿਆ ਹੋਇਆ ਹੈ। ਇਸ ਕੇ ਭਾਰਤ ਨੂੰ ਇਨ੍ਹਾਂ ਲੋਕਾਂ ਦੀ ਖੁਰਾਕ ਪੂਰਤੀ ਲਈ ਅੰਨ ਦਾ ਭੰਡਾਰ ਕਰਨਾ ਪੈਣਾ ਹੈ। ਇਸ ਤੋਂ ਇਲਾਵਾ ਭਾਰਤ ਅੰਦਰ ਗੰਭੀਰ ਜ਼ਰੱਈ ਆਰਥਿਕ ਸੰਕਟ ਮੌਜੂਦ ਹੈ ਅਤੇ ਲੱਖਾਂ ਕਿਸਾਨ-ਮਜ਼ਦੂਰ ਖੁਦਕਸੀਆਂ ਕਰ ਰਹੇ ਹਨ। ਅਜਿਹੀ ਹਾਲਤ ਵਿੱਚ ਘੱਟੋ-ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਦੇਣਾਂ ਭਾਰਤ ਸਰਕਾਰ ਦੀ ਮਜਬੂਰੀ ਬਣਿਆ ਹੋਇਆ ਹੈ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਕਿਸਾਨਾਂ ਅੰਦਰ ਵੱਡੇ ਪੱਧਰ ਤੇ ਹੋਰ ਬੇਚੈਨੀ ਵੱਧ ਸਕਦੀ ਹੈ। ਦੋਹਾਂ ਗੇੜ ਸ਼ੁਰੂ ਹੋਣ ਤੋਂ ਬਾਅਦ ਸਾਮਰਾਜੀ ਦੇਸ਼ਾਂ ਵੱਲੋਂ ਤੀਜੀ ਦੁਨੀਆਂ ਦੇ ਖੇਤੀਬਾੜੀ ਖੇਤਰ ਨੂੰ ਅੱਖੋਂ ਉਹਲਾ ਕੀਤਾ ਜਾ ਰਿਹਾ ਅਤੇ ਆਪਣੇ ਸੰਕਟ ਦੇ ਹੱਲ ਲਈ ਆਪਣਾ ਮਾਲ ਵੇਚਣ ਦੇ ਏਜੰਡੇ ਤੀਜੀ ਦੁਨੀਆਂ ਉਪਰ ਠੋਸੇ ਜਾ ਰਹੇ ਹਨ। ਸਾਮਰਾਜੀ ਦੇਸ਼ ਜਾਣਦੇ ਹਨ ਕਿ ਭਾਰਤੀ ਸਰਕਾਰ ਨੂੰ ਦਰਪੇਸ਼ ਜ਼ਰੱਈ ਸੰਕਟ ਨੂੰ ਮੱਧਮ ਪਾਉਣ ਲਈ ਫ਼ਸਲੀ ਜਿਨਸਾਂ ਖਰੀਦਨ, ਘੱਟੋ-ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਦੇਣ ਦਾ ਲਾਜ਼ਮੀ ਅੱਕ ਚੱਬਣਾ ਪੈਣਾ ਹੈ। ਇਸ ਕਰਕੇ ਉਹ ਦੋਹਾ ਗੇੜ ਸੂਰੂ ਹੋਣ ਤੋਂ ਬਾਅਦ ਭਾਰਤ ਉਪਰ ‘ਵਪਾਰਕ ਸਹੂਲਤ ਸਮਝੌਤੇ’ ਨੂੰ ਲਾਗੂ ਕਰਨ ਅਤੇ ਫ਼ਸਲਾਂ ਦੀ ਸਰਕਾਰੀ ਖਰੀਦ ਬੰਦ ਕਰਨ ਲਈ ਐਫ.ਸੀ.ਆਈ. ਵਰਗੇ ਸਰਕਾਰੀ ਅਦਾਰਿਆਂ ਨੂੰ ਬੰਦ ਕਰਨ, ਫ਼ਸਲਾਂ ਦਾ ਨਿੱਜੀ ਵਪਾਰੀਕਰਨ ਕਰਨ, ਠੇਕਾ ਖੇਤੀ ਸੂਰੂ ਕਰਨ, ਖੋਜ ਦਾ ਨਿੱਜੀਕਰਨ ਕਰਨ ਅਤੇ ਐਗਰੀਬਿਜ਼ਨਸ ਕਾਰੋਬਾਰ ਨੂੰ ਪ੍ਰਫੁਲਤ ਕਰਨ ਲਈ ਬਬਾਅ ਪਾ ਰਹੇ ਹਨ। ਭਾਰਤੀ ਹਾਕਮ ਪਹਿਲਾਂ ਹੀ ਇਸ ਮਾਡਲ ਦੀ ਸੇਧ ਵਿੱਚ ਚੱਲ ਰਹੇ ਹਨ। ਇਸੇ ਕਰਕੇ ਇਨ੍ਹਾਂ ਨੇ ਪਹਿਲਾਂ ਸਵਾਮੀਨਾਥਨ ਕਮੇਟੀ, ਰਮੇਸ਼ ਚੰਦ ਕਮੇਟੀ, ਸ਼ਾਂਤਾ ਕੁਮਾਰ ਕਮੇਟੀ, ਸੂਦਖੋਰਾਂ ਲਈ ਜੌਹਲ ਕਮੇਟੀ, ਐਸ.ਸੀ. ਗੁਪਤਾ ਕਮੇਟੀ ਆਦਿ ਬਣਾਈਆਂ ਗਈਆ ਸਨ। ਪਰ ਇਹ ਕਮਿਸ਼ਨ ਅਤੇ ਕਮੇਟੀਆਂ ਭਾਰਤੀ ਕਿਸਾਨਾਂ ਦੀ ਹਕੀਕੀ ਹਾਲਤ ਦੇਖ ਕੇ ਸਾਮਰਾਜ ਅਤੇ ਭਾਰਤੀ ਕਾਰਪੋਰਟ ਘਰਾਣਿਆਂ ਦੀਆਂ ਮਨਇੱਛਤ ਸਿਫ਼ਾਰਸਾਂ ਨਹੀਂ ਕਰ ਸਕੀਆਂ।

ਡਬਲਿਊ.ਟੀ.ਓ. ਦੀ 13ਵੀਂ ਮੰਤਰੀਆਂ ਦੀ ਕਾਨਫਰੰਸ ਪਹਿਲਾਂ ਹੀ ਕੀਤੀਆਂ ਜਾ ਰਹੀਆਂ ਪੇਸ਼ੀਨਗੋਈਆ ਅਨੁਸਾਰ ਬੇਸਿੱਟਾ ਰਹੀ ਹੈ। ਇਸ ਸੰਸਥਾ ਦਾ ਇਹ ਹਸ਼ਰ ਪਹਿਲੀ ਵਾਰ ਨਹੀਂ ਹੋਇਆ। ਬਾਲੀ ਵਿਖੇ 9ਵੀਂ ਕਾਨਫਰੰਸ ਤੋਂ ਬਾਅਦ ਸੰਸਥਾ ਦੀਆਂ ਮੀਟਿੰਗਾਂ ਵਿੱਚ ‘ਵਪਾਰਕ ਸਹੂਲਤ ਸਮਝੌਤੇ’ (ਟੀ.ਐਫ.ਟੀ.) ਅਤੇ ਈ-ਕਾਮਰਸ ਮੁੱਦੇ ਹੀ ਛਾਏ ਰਹੇ ਸਨ। ਵਿਸ਼ਵ ਵਪਾਰ ਸੰਸਥਾ ਦੀਆਂ ਮੀਟਿੰਗਾਂ ਦੋਹਾਂ ਵਿਕਾਸ ਏਜੰਡੇ ਨਵੰਬਰ 2001 ਤੋਂ ਬਾਅਦ ਹੀ ਲਗਾਤਾਰ ਬੇਸਿੱਟਾ ਰਹਿ ਰਹੀਆਂ ਹਨ। ਵਿਸ਼ਵ ਵਪਾਰ ਸੰਸਥਾ ਉਦੋਂ ਤੋਂ ਹੀ ਸਿਸਕੀਆਂ ਲੈ ਰਹੀ ਹੈ। ਭਾਰਤ ਵੱਲੋਂ ਅਮਰੀਕਾ ਨਾਲ ਰਣਨੀਤਕ ਸਮਝੌਤਾ ਕਰਨ, ਅਮਰੀਕਾ ਲਈ ਭਾਰਤੀ ਮੰਡੀ ਦੇ ਦਰਵਾਜ਼ੇ ਖੋਲ੍ਹਣ, ਭਾਰਤੀ ਵਿਦੇਸ਼ ਨੀਤੀ ਅਮਰੀਕਾ ਨਾਲ ਟੋਚਨ ਕਰਨ, ਵਿਸ਼ਵ ਵਪਾਰ ਸੰਸਥਾ ’ਚ ਈ-ਕਾਮਰਸ ਅਤੇ ਟੀ.ਐਫ.ਟੀ. ਬਾਰੇ ਲਿਫਣ ਦੇ ਬਾਵਜੂਦ ਅਮਰੀਕਾ ਨੇ ਭਾਰਤ ਨਾਲ ਮਾਸਾ ਵੀ ਲਿਹਾਜ਼ ਨਹੀਂ ਕੀਤੀ। ਪਰ ਇਸ ਦੇ ਬਾਵਜੂਦ ਅਮਰੀਕਾ ਅਤੇ ਹੋਰ ਸਾਮਰਾਜੀ ਦੇਸ਼ਾਂ ਨੇ ਭਾਰਤ ਨੂੰ ਅਨਾਜ ਭੰਡਾਰਨ, ਘੱਟੋ-ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਦੇ ਮਾਮਲੇ ਵਿੱਚ ਕੋਈ ਰਿਆਇਤ ਨਹੀਂ ਦਿੱਤੀ। ਹੁਣ 31 ਦਸੰਬਰ ’ਚ ਕੁਝ ਦਿਨ ਹੀ ਬਾਕੀ ਹਨ। ਇਸ ਤੋਂ ਬਾਅਦ ਭਾਰਤ ਉਪਰ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਲੱਗ ਜਾਣਗੀਆਂ। ਖੁਰਾਕ ਸੁਰੱਖਿਆ ਲਈ ਭਾਰਤ ਨੂੰ 55 ਮਿਲ਼ੀਅਨ ਟਨ ਅਨਾਜ ਜਮਾਂ ਕਰਨ ਦੀ ਜ਼ਰੂਰਤ ਹੈ। ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਮੁਤਾਬਕ ਭਾਰਤ ਕੁੱਲ ਖੇਤੀਬਾੜੀ ਉਤਪਾਦ ਦਾ 10 ਪ੍ਰਤੀਸ਼ਤ ਭੰਡਾਰ ਕਰ ਸਕਦਾ ਹੈ। ਇਉਂ ਭਾਰਤ ਦੇ ਮੰਡੀ ਵਿੱਚ ਆਉਣ ਵਾਲੇ ਖੇਤੀ ਉਤਪਾਦ ਦੇ ਵੱਡੇ ਹਿੱਸੇ ਦਾ ਦਾਰੋਮਦਾਰ ਨਿੱਜੀ ਹੱਥਾਂ ਵਿੱਚ ਹੋ ਜਾਵੇਗਾ ਜਿਸ ਨਾਲ ਭਾਰਤ ਦੀ ਖੇਤੀਬਾੜੀ ਮੰਡੀ ਦੇਸੀ ਵਿਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਹੋ ਜਾਵੇਗੀ। ਪੰਜਾਬ ਅਤੇ ਹਰਿਆਣਾ ਦੀ ਝੋਨੇ ਅਤੇ ਕਣਕ ਦੀ ਫ਼ਸਲ ਨੂੰ ਛੱਡ ਕੇ ਬਾਕੀ ਦੇਸ਼ ਵਿੱਚ ਨਿੱਜੀ ਵਪਾਰੀਆ ਦੀ ਲੁੱਟ ਦਾ ਖਮਿਆਜਾ ਪਹਿਲਾਂ ਹੀ ਭੁਗਤ ਰਹੇ ਹਨ। ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਸਾਮਰਾਜੀ ਦੇਸ਼ਾਂ ਉਪਰ ਲਾਗੂ ਨਹੀਂ ਹੁੰਦੀਆਂ ਕਿਉਂਕਿ ਅਮਰੀਕਾ, ਯੂਰਪੀ ਯੂਨੀਅਨ ਅਤੇ ਹੋਰ ਵਿਕਸਤ ਦੇਸ਼ਾਂ ਨੇ ਵਿਸ਼ਵ ਵਪਾਰ ਸੰਸਥਾ ਬਣਨ ਵੇਲੇ ਹੀ ਹਰੇ ਅਤੇ ਪੀਲੇ (ਐਂਬਰ) ਬਕਸੇ ਬਣਾ ਕੇ ਆਪਣੇ ਆਪ ਨੂੰ ਸਬਸਿਡੀਆਂ ’ਤੇ ਰੋਕਾਂ ਵਾਲੇ ਘੇਰੇ ਵਿੱਚੋਂ ਪਹਿਲਾਂ ਹੀ ਬਾਹਰ ਕਰ ਲਿਆ ਸੀ। ਹੁਣ ਭਾਰਤ ਜੇ ਪੀਸ ਕਲਾਜ਼ ਦਾ ਸਮਾਂ ਬੀਤਣ ਤੋਂ ਬਾਅਦ ਵੀ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਉਲੰਘਦਾ ਹੈ ਤਾਂ ਉਸ ਨੂੰ ‘ਝਗੜਾ ਨਿਪਟਾਊ ਫੋਰਮ’ ਵਿੱਚ ਖਿੱਚਿਆ ਸਕਦਾ ਹੈ ਅਤੇ ਇਹ ਭਾਰਤ ਲਈ ਇਕ ਵੱਡੇ ਜ਼ੋਖਮ ਵਾਲਾ ਕੰਮ ਹੋਵੇਗਾ ਹੁਣ ਇਸ ਭਾਵੀ ਵਿੱਚੋਂ ਨਿਕਲਣ ਲਈ ਭਾਰਤ ਨੇ ਫਰਵਰੀ 2018 ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਇਕ ਮੀਟਿੰਗ ਸੱਦੀ ਹੈ। ਇਸ ਮੀਟਿੰਗ ਵਿੱਚ ਵੀ ਭਾਰਤ ਦਾ ਵਿਸ਼ਵ ਵਪਾਰ ਸੰਸਥਾ ਦਾ ਭਵ-ਸਾਗਰ ਪਾਰ ਕਰਨਾ ਮੁਸ਼ਕਿਲ ਲੱਗਦਾ ਹੈ। ਪਰ ਭਾਰਤੀ ਹਾਕਮਾਂ ਦੇ ਦੋਨੀਂ ਹੱਥੀ ਲੱਡੂ ਹਨ। ਇਨ੍ਹਾਂ ਨੇ ਪਹਿਲਾਂ ਹੀ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਤਿਆਰ ਕੀਤੀ ਹੋਈ ਹੈ। ਹੁਣ ਇਹ ਵਿਸ਼ਵ ਵਪਾਰ ਸੰਸਥਾ ਦਾ ਬਹਾਨਾ ਬਣਾ ਕੇ ਐਫ.ਸੀ.ਆਈ. ਤੋੜਨ, ਖਾਧ ਸੁਰੱਖਿਆ ਕਾਨੂੰਨ ਛਾਂਗਣ, ਖੇਤੀਬਾੜੀ ਉਤਪਾਦ ਮੰਡੀ ਕਮੇਟੀ ਤੋੜਨ, ਘੱਟੋ-ਘੱਟ ਸਮਰਥਨ ਮੁੱਲ ਖ਼ਤਮ ਕਰਨ, ਸਬਸਿਡੀਆਂ ’ਤੇ ਕੱਟ ਲਾਉਣ ਵਰਗੇ ਕਿਸਾਨ-ਮਜ਼ਦੂਰ ਵਿਰੋਧੀ ਮਾਰੂ ਕਦਮ ਚੁੱਕਣਗੇ। ਭਾਰਤ ਦੇ ਮਜਦੂਰਾਂ-ਕਿਸਾਨਾਂ ਨੂੰ ਇਨ੍ਹਾਂ ਕਦਮਾਂ ਖ਼ਿਲਾਫ਼ ਇਕ ਵੱਡੀ ਜੱਦੋ-ਜਹਿਦ ਤਿਆਰ ਕਰਨੀ ਚਾਹੀਦੀ ਹੈ ਅਤੇ ਭਾਰਤ ਨੂੰ ਡਬਲਿਊ.ਟੀ.ਓ. ’ਚੋਂ ਬਾਹਰ ਆਉਣਾ ਚਾਹੀਦਾ ਹੈ।

# ਇੰਡੀਅਨ ਐਸੋਸੀਏਸ਼ਨ ਆਫ ਪੀਪਲਜ਼ ਲਾਇਰਜ਼ ਵਲੋਂ ਖ਼ਬਰਦਾਰ ਕਰਨ ਦੀ ਭੂਮਿਕਾ ਨਿਭਾਉਣ ਵਾਲੇ ਜੱਜਾਂ ਨੂੰ ਸਲਾਮ

ਇੰਡੀਅਨ ਐਸੋਸੀਏਸ਼ਨ ਆਫ ਪੀਪਲਜ਼ ਲਾਇਰਜ਼ ਸੁਪਰੀਮ ਕੋਰਟ ਦੇ ਚਾਰ ਸਭ ਤੋਂ ਸੀਨੀਅਰ ਜੱਜਾਂ ਵਲੋਂ ਚੁੱਕੇ ਦਲੇਰਾਨਾ ਕਦਮ ਦੀ ਤਾਰੀਫ਼ ਕਰਦੀ ਹੈ ਜੋ ਉਹਨਾਂ ਨੇ ਗੰਭੀਰ ਸੰਕਟਮਈ ਹਾਲਤ ਨੂੰ “ਅਸੀਂ, ਲੋਕ”, ਅੰਤਮ ਅਥਾਰਟੀ ਦੇ ਅੱਗੇ ਪੇਸ਼ ਕਰਨ ਲਈ ਚੁੱਕਿਆ ਹੈ। ਉਹ ਹਾਲਤ ਜੋ ਭਾਰਤ ਦੇ ਚੀਫ਼ ਜਸਟਿਸ ਦੀਆਂ ਹਾਲੀਆ ਪ੍ਰਸ਼ਾਸਨਿਕ ਕਾਰਵਾਈਆਂ ਬਾਰੇ ਉਹਨਾਂ ਨੇ ਜੋ ਵਾਜਬ ਅਤੇ ਜ਼ਿੰਮੇਵਾਰ ਸਰੋਕਾਰ ਉਠਾਏ ਸਨ ਉਹਨਾਂ ਨੂੰ ਚੀਫ਼ ਜਸਟਿਸ ਵਲੋਂ ਹੁੰਗਾਰਾ ਭਰਨ ਤੋਂ ਸਾਫ਼ ਨਾਂਹ ਕੀਤੇ ਜਾਣ ਨਾਲ ਪੈਦਾ ਹੋ ਗਈ ਸੀ। ਦੋ ਮਹੀਨੇ ਪਹਿਲਾਂ ਭਾਰਤ ਦੇ ਚੀਫ਼ ਜਸਟਿਸ ਨੂੰ ਲਿਖੀ ਚਿੱਠੀ, ਜੋ ਹੁਣ ਜਨਤਕ ਕੀਤੀ ਜਾ ਚੁੱਕੀ ਹੈ, ਵਿਚ ਉਹਨਾਂ ਨੇ ਉਸ ਤਰੀਕੇ ਉੱਪਰ ਸਵਾਲ ਉਠਾਏ ਹਨ ਜੋ ਖ਼ਾਸ ਤੌਰ ’ਤੇ ਵੱਖੋ-ਵੱਖਰੇ ਅਹਿਮ ਅਤੇ ਸੰਵੇਦਨਸ਼ੀਲ ਮਾਮਲਿਆਂ ਵਿਚ ਚੀਫ਼ ਜਸਟਿਸ ਵਲੋਂ ਜੂਨੀਅਰ ਜਾਂ ਚੁਣਵੇਂ ਜੱਜਾਂ ਨੂੰ ਨਿਯੁਕਤ ਕੀਤੇ ਜਾਣ ਸਮੇਂ ਅਖਤਿਆਰ ਕੀਤਾ ਗਿਆ ਹੈ ਜੋ ਅਦਾਲਤ ਦੀਆਂ ਰਵਾਇਤਾਂ, ਨੇਮਾਂ ਅਤੇ ਸ਼ਿਸਟਾਚਾਰ ਦੀਆਂ ਧੱਜੀਆਂ ਉਡਾਉਦਾ ਹੈ। ਇੰਞ ਉਹਨਾਂ ਨੇ ਸੁਪਰੀਮ ਕੋਰਟ ਦੀ ਦਿਆਨਤਦਾਰੀ ਬਾਰੇ ਖ਼ਦਸ਼ੇ ਜ਼ਾਹਰ ਕੀਤੇ ਹਨ। ਉਹਨਾਂ ਨੇ ਸਾਫ਼ ਕਿਹਾ ਹੈ ਕਿ ਜੇ ਜੁਡੀਸ਼ਰੀ ਆਜ਼ਾਦ ਨਹੀਂ ਤਾਂ ਜਮਹੂਰੀਅਤ ਨੂੰ ਖ਼ਤਰਾ ਹੈ।

ਅਜਿਹਾ ਕਰਦਿਆਂ ਉਹਨਾਂ ਨੇ ਉਸਦੀ ਪੁਸ਼ਟੀ ਕੀਤੀ ਹੈ ਜਿਸਦਾ ਸਾਹਮਣਾ ਬਹੁਤ ਸਾਰੇ ਸੀਨੀਅਰ ਵਕੀਲਾਂ ਦੁਸ਼ਿਅੰਤ ਦੇਵ, ਪ੍ਰਸ਼ਾਂਤ ਭੂਸ਼ਨ, ਇੰਦਰਾ ਜੈਸਿੰਘ, ਕਾਮਿਨੀ ਜੈਸਵਾਲ, ਰਾਜੀਵ ਧਵਨ ਆਦਿ ਨੂੰ ਸੰਵੇਦਨਸ਼ੀਲ ਮਾਮਲਿਆਂ ਵਿਚ ਕਰਨਾ ਪੈ ਰਿਹਾ ਹੈ ਅਤੇ ਜਿਹਨਾਂ ਵਿਚ ਉਹ ਲੜਾਈ ਲੜਦੇ ਆ ਰਹੇ ਹਨ ਜਿਵੇਂ “ਅਧਾਰ” ਮਾਮਲਾ, ਸ਼ੱਕੀ ਹਾਲਾਤ ਵਿਚ ਹੋਈ ਜੱਜ ਲੋਇਆ ਦੀ ਮੌਤ ਦੀ ਜਾਂਚ ਲਈ ਸਪੈਸ਼ਲ ਇਨਵੈਸਟੀਗੇਟਿਵ ਟੀਮ ਬਣਾਏ ਜਾਣ ਦਾ ਮਾਮਲਾ, ਸੀ.ਜੇ.ਆਰ.ਏ. (Campaign for Judicial Accountability & Judicial Reforms) ਮਾਮਲਾ, ਰਾਮ ਜਨਮਭੂਮੀ-ਬਾਬਰੀ ਮਸਜਿਦ ਮਾਮਲਾ ਅਤੇ ਬਹੁਤ ਸਾਰੇ ਹੋਰ ਮਾਮਲੇ।

ਹੁਣ ਵਕਤ ਹੈ ਕਿ ਜਦੋਂ ਮੁਲਕ ਦੇ ਵਕੀਲਾਂ ਨੂੰ ਸਾਡੀ ਸੁਪਰੀਮ ਕੋਰਟ ਅਤੇ ਹਾਈਕੋਰਟਾਂ ਵਿਚ ਅਦਾਲਤੀ ਨਿਯੁਕਤੀਆਂ, ਅਦਾਲਤ ਦੀ ਜਵਾਬਦੇਹੀ ਅਤੇ ਅਦਾਲਤ ਦੀ ਦਿਆਨਤਦਾਰੀ ਦੇ ਮੁੱਦਿਆਂ ਉੱਪਰ ਜਨਤਕ ਤੌਰ ’ਤੇ ਸੰਵਾਦ ਰਚਾਉਣ ਲਈ ਮੌਕਾ ਸੰਭਾਲਣਾ ਚਾਹੀਦਾ ਹੈ। ਮਹਿਜ਼ ਮਾਮਲਿਆਂ ਦਾ ਲਟਕੇ ਹੋਣਾ, ਮਾਮਲਿਆਂ ਦੀ ਸੁਣਵਾਈ ਵਿਚ ਦੇਰੀ ਅਤੇ ਭ੍ਰਿਸ਼ਟਾਚਾਰ ਹੀ ਸਰੋਕਾਰ ਦੇ ਮੁੱਦੇ ਨਹੀਂ ਸਗੋਂ ਸਮਾਜੀ ਨਿਆਂ ਅਤੇ ਵਿਤਕਰਾਰਹਿਤ ਨਿਆਂ, ਵਿਚਾਰ ਪ੍ਰਗਟਾਵੇ ਅਤੇ ਜਥੇਬੰਦ ਹੋਣ ਦੀ ਆਜ਼ਾਦੀ, ਧਰਮਨਿਰਪੱਖਤਾ ਦੇ ਸੰਵਿਧਾਨਕ ਮੁੱਲਾਂ ਨੂੰ ਖ਼ੋਰਾ, ਆਰਥਿਕਤਾ ਦਾ ਸਮਾਜਵਾਦੀ ਪੈਟਰਨ ਵੀ ਸਰੋਕਾਰ ਦੇ ਮੁੱਦੇ ਹਨ। ਆਓ ਆਪਣੇ ਸੰਵਿਧਾਨ ਵਿਚ ਰੂਹ ਫੂਕਣ ਲਈ ਬਤੌਰ “ਅਦਾਲਤ ਦੇ ਅਧਿਕਾਰੀ” ਅਸੀਂ ਆਪਣੀ ਭੂਮਿਕਾ ਨਿਭਾਈਏ।

ਦਸਖ਼ਤ
ਐਡਵੋਕੇਟ ਸੁਰਿੰਦਰ ਗਾਡਿਗ,
ਜਨਰਲ ਸਕੱਤਰ, ਆਈ.ਏ.ਪੀ.ਐੱਲ.
ਐਡਵੋਕੇਟ ਸੁਧਾ ਭਾਰਦਵਾਜ, ਮੀਤ
ਪ੍ਰਧਾਨ, ਆਈ.ਏ.ਪੀ.ਐੱਲ.
13 ਜਨਵਰੀ 2018 ਮੌਲਿਕ
ਅੰਗਰੇਜ਼ੀ ਤੋਂ ਅਨੁਵਾਦ )

# ਮਨੁੱਖ ਦਾ ਆਪਣੇ ਸਰੀਰ ਬਾਰੇ ਜਾਣਨ ਦਾ ਸਫ਼ਰ ਅਤੇ ਵਿਚਾਰਵਾਦ ਤੇ ਧਰਮ ਵੱਲੋਂ ਡਾਹੇ ਗਏ ਅੜਿੱਕੇ

**ਡਾ. ਅਮ੍ਰਿਤ**

ਅੱਜ ਅਸੀਂ ਇਸ ਗੱਲ 'ਤੇ ਹੱਸ ਸਕਦੇ ਹਾਂ ਕਿ ਕੋਈ ਆਦਮੀ ਕਹਿ ਰਿਹਾ ਸੀ ਕਿ ਉਸਦੇ ਮਿਹਦੇ 'ਚ ਗੈਸ ਬਣ ਕੇ ਦਿਮਾਗ ਵਿੱਚ ਚਲੀ ਜਾਂਦੀ ਹੈ, ਕਿ ਜ਼ੁਕਾਮ ਸਮੇਂ ਨੱਕ 'ਚੋਂ ਵਹਿਣ ਵਾਲ਼ਾ ਦ੍ਰਵ ਉਹਦੇ ਗੋਡਿਆਂ 'ਚ ਡਿੱਗਣ ਲੱਗਾ ਹੈ, ਕਿ ਫਲਾਂ ਪਿੰਡ ਦਾ ਸਿਆਣਾ ਕੰਨ ਰਾਹੀਂ ਪੀਲੀਆ ਕੱਢਦਾ ਹੈ, ਅਤੇ ਅਜਿਹਾ ਹੀ ਕਿੰਨਾ ਕੁਝ ਹੋਰ। ਇਹ ਆਮ ਲੋਕਾਂ ਦੀ ਮਨੁੱਖੀ ਸਰੀਰ ਦੀ ਬਣਤਰ ਬਾਰੇ ਅਗਿਆਨਤਾ ਹੈ ਜਿਹੜੀ ਅਜਿਹੀਆਂ ਧਾਰਨਾਵਾਂ ਦੇ ਬਣੇ ਰਹਿਣ ਦਾ ਕਾਰਨ ਹੈ, ਪਰ ਮਨੁੱਖ ਆਪਣੇ ਮੁੱਢਲੇ ਦੌਰ 'ਚ ਇਸੇ ਢੰਗ-ਤਰੀਕੇ ਨਾਲ ਸੋਚਦਾ ਸੀ ਕਿਉਂਕਿ ਉਸ ਲਈ ਉਸਦਾ ਆਪਣਾ ਸਰੀਰ ਹੀ ਇੱਕ ਰਹੱਸ ਸੀ। ਉਹ ਸਮਝਦਾ ਸੀ ਕਿ ਉਸਦੇ ਸਰੀਰ ਨੂੰ ਕੋਈ ਹੋਰ ਕੰਟਰੋਲ ਕਰਦਾ ਹੈ, ਬਿਮਾਰੀਆਂ ਕਿਸੇ ਦੇਵੀ ਦੇ ਸਰਾਪ ਜਾਂ ਬੁਰੀ ਆਤਮਾ ਦੇ ਸਰੀਰ 'ਚ ਘੁਸ ਜਾਣ ਕਾਰਨ ਹੁੰਦੀਆਂ ਹਨ। ਮਨੁੱਖਤਾ ਦੇ ਅਨੇਕਾਂ ਰੌਸ਼ਨ ਦਿਮਾਗ਼ਾਂ ਨੇ ਆਪਣੇ ਸਰੀਰ ਪ੍ਰਤੀ ਅਗਿਆਨਤਾ ਤੋਂ ਮਨੁੱਖ ਦਾ ਖਹਿੜਾ ਛੁਡਾਉਣ ਲਈ ਸਦੀਆਂ ਤੱਕ ਘਾਲਣਾ ਕੀਤੀ ਜੋ ਅੱਜ ਵੀ ਜ਼ਾਰੀ ਹੈ। ਇਸੇ ਘਾਲਣਾ ਦੇ ਸਿੱਟੇ ਵਜੋਂ ਮੈਡੀਕਲ ਵਿਗਿਆਨ ਦਾ ਜਨਮ ਹੋਇਆ ਅਤੇ ਇਸੇ ਦੇ ਲਾਜ਼ਮੀ ਅੰਗ ਵਜੋਂ ਮਨੁੱਖੀ ਸਰੀਰ ਰਚਨਾ ਦਾ ਅਧਿਅਨ ਸ਼ੁਰੂ ਹੋਇਆ। ਮਨੁੱਖ ਨੇ ਦੂਸਰੇ ਜਾਨਵਰਾਂ ਦੀ ਸਰੀਰਿਕ ਬਣਤਰ ਬਾਰੇ ਵੀ ਜਾਣਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਤੇ ਵਿਗਿਆਨ ਦਾ ਇੱਕ ਖੇਤਰ 'ਅਨਾਟਮੀ' ਭਾਵ ਸਰੀਰ ਰਚਨਾ ਵਿਗਿਆਨ ਪੈਦਾ ਹੋ ਗਿਆ। ਅਸੀਂ ਇੱਥੇ 'ਹਿਊਮਨ ਅਨਾਟਮੀ' ਭਾਵ ਮਨੁੱਖੀ ਸਰੀਰ ਰਚਨਾ ਵਿਗਿਆਨ ਤੱਕ ਸੀਮਤ ਰਹਾਂਗੇ। ਪਰ ਮਨੁੱਖ ਦਾ ਆਪਣੇ ਸਰੀਰ ਨੂੰ ਜਾਣਨ ਦਾ ਇਹ ਸਫ਼ਰ ਇੰਨਾ ਆਸਾਨ ਨਹੀਂ ਸੀ। ਹਰ ਉਸ ਤਾਕਤ ਨੇ ਜਿਹੜੀ ਮਨੁੱਖਾਂ ਨੂੰ ਅਗਿਆਨਤਾ ਦੇ ਖੂਹ ਵਿੱਚ ਸੁੱਟੀ ਰੱਖਣਾ ਚਾਹੁੰਦੀ ਸੀ, ਇਸ ਸਫ਼ਰ ਨੂੰ ਅਧਵਾਟੇ ਖਤਮ ਕਰਨ ਲਈ ਹਰ ਹੀਲਾ ਵਰਤਿਆ। ਇਹਨਾਂ ਤਾਕਤਾਂ ਦਾ ਮੁੱਖ ਹਥਿਆਰ ਮਨੁੱਖਤਾ ਦੇ ਇਤਿਹਾਸ ਦੇ ਹਰ ਦੌਰ 'ਚ ਵਿਚਾਰਵਾਦੀ ਤੇ ਧਾਰਮਿਕ ਫਲਸਫ਼ਾ ਰਿਹਾ ਹੈ। ਇਕੱਲਾ ਅਨਾਟਮੀ ਦਾ ਖੇਤਰ ਹੀ ਨਹੀਂ, ਵਿਗਿਆਨ ਦੇ ਹਰ ਖੇਤਰ 'ਚ ਧਰਮ ਨੇ ਮਨੁੱਖਤਾ ਦੇ ਕਿੰਨੇ ਹੀ ਯੋਗ ਦਿਮਾਗਾਂ ਦੀ ਬਲੀ ਲਈ, ਬਰੂਨੋ ਜਿਹੇ ਕਈ ਜ਼ਿੰਦਾ ਜਲਾ ਦਿੱਤੇ ਗਏ, ਗੈਲੀਲਿਓ ਨੂੰ ਦਹਾਕਿਆਂ ਤੱਕ ਨਜ਼ਰਬੰਦ ਰੱਖਿਆ ਤੇ ਕਾਪਰਨਿਕਸ ਜਿਹੇ ਕਈ ਵਿਗਿਆਨੀ ਆਪਣੇ ਜਿਉਂਦੇ-ਜੀ ਇਹਨਾਂ ਦੇ ਵਿਰੋਧ ਕਾਰਨ ਆਪਣਾ ਕੰਮ ਲੋਕਾਂ ਤੱਕ ਨਾ ਪੁਚਾ ਸਕੇ। ਅਨਾਟਮੀ ਦਾ ਇਤਿਹਾਸ ਵੀ ਕੁਝ ਅਜਿਹਾ ਹੀ ਹੈ।

ਅਨਾਟਮੀ ਬਾਰੇ ਸਭ ਤੋਂ ਮੁੱਢਲਾ ਗਿਆਨ ਸ਼ਾਇਦ ਮਿਸਰ ਵਾਸੀਆਂ ਨੂੰ ਸੀ ਜਿਹੜੇ ਆਪਣੇ ਧਾਰਮਿਕ ਵਿਸ਼ਵਾਸ਼ ਕਾਰਨ ਮੁਰਦਿਆਂ ਨੂੰ ਕਈ ਤਰ੍ਹਾਂ ਦੇ ਲੇਪ ਲਗਾ ਕੇ ਸੁਰੱਖਿਅਤ ਕਰਕੇ ਰੱਖਦੇ ਸਨ। ਚੀਨ ਦੀਆਂ ਮੈਡੀਕਲ ਖੇਤਰ ਨਾਲ ਸੰਬੰਧਿਤ ਕਿਤਾਬਾਂ 'ਚ (2000 ਈ.ਪੂ. ਦੇ ਲੱਗਭੱਗ) ਮਨੁੱਖੀ ਸਰੀਰ ਦੇ ਕਈ ਅੰਗਾਂ ਤੇ ਹਿੱਸਿਆਂ ਬਾਰੇ ਜਾਣਕਾਰੀ ਦਰਜ ਮਿਲਦੀ ਹੈ, ਪਰ ਕਨਫਿਊਸ਼ਿਆਸ ਦੇ ਵਿਚਾਰਾਂ ਦੇ ਪ੍ਰਭਾਵ ਕਾਰਨ ਚੀਨ ਵਿੱਚ ਮਨੁੱਖੀ ਮੁਰਦਿਆਂ ਦੀ 'ਡਿਸੈਕਸ਼ਨ' (ਸਰੀਰ ਰਚਨਾ ਦੀ ਜਾਣਕਾਰੀ ਲਈ ਮੁਰਦਿਆਂ ਦੀ ਚੀਰਫਾੜ) 'ਤੇ ਪਾਬੰਦੀ ਸੀ ਜਿਸ ਕਾਰਨ ਇਹ ਜਾਣਕਾਰੀ ਕਾਫ਼ੀ ਅਟਕਲਪੱਚੂ ਸੀ। ਭਾਰਤ ਵਿੱਚ ਹਾਲਤਾਂ ਕੁਝ ਅਲੱਗ ਨਹੀਂ ਸਨ। 'ਡਿਸੈਕਸ਼ਨ' ਦੀ ਧਾਰਮਿਕ ਕਾਰਨਾਂ ਕਰਕੇ ਮਨਾਹੀ ਸੀ ਕਿਉਂਕਿ ਧਰਮ ਦਾ ਕਹਿਣਾ ਸੀ ਕਿ ਮਨੁੱਖੀ ਸਰੀਰ ਨੂੰ ਬਲੇਡ ਨਾਲ ਕੱਟਣਾ 'ਅਪਵਿੱਤਰ' ਹੈ। ਇਸ ਕਾਰਨ, ਅਨਾਟਮੀ ਦਾ ਗਿਆਨ ਹਾਸਿਲ ਕਰਨ ਲਈ ਭਾਰਤੀ ਵਿਗਿਆਨੀਆਂ ਨੂੰ ਟੇਢੇ ਤਰੀਕੇ ਜਿਵੇਂ ਕਿ ਮੁਰਦੇ ਨੂੰ ਹਫ਼ਤੇ ਭਰ ਲਈ ਘਾਹ 'ਚ ਲਪੇਟ ਕੇ ਪਾਣੀ ਵਿੱਚ ਗਲਣ ਦੇਣਾ ਤੇ ਫਿਰ ਸੜ ਰਹੇ ਮੁਰਦੇ ਦੀ ਚਮੜੀ ਉਤਾਰ ਕੇ ਅੰਦਰੂਨੀ ਬਣਤਰ ਬਾਰੇ ਜਾਨਣਾ, ਅਪਣਾਉਣੇ ਪਏ। ਇਹਨਾਂ ਢੰਗਾਂ ਕਾਰਨ ਪੂਰੀ ਸਟੀਕ ਬਣਤਰ ਦੇਖ ਸਕਣਾ ਸੰਭਵ ਨਹੀਂ ਸੀ, ਸਿੱਟੇ ਵਜੋਂ ਭਾਰਤੀਆਂ ਦੀ ਅਨਾਟਮੀ ਸਬੰਧੀ ਜਾਣਕਾਰੀ ਵੀ ਕਾਫ਼ੀ ਘੱਟ ਸੀ। ਉਹ ਨਾੜਾਂ ਨੂੰ ਧੁੰਨੀ ਵਿੱਚੋਂ ਨਿਕਲਦਾ ਸਮਝਦੇ ਸਨ, ਨਾੜਾਂ ਵਿੱਚ ਉਹ ਹਵਾ ਭਰੀ ਮੰਨਦੇ ਸਨ, ਤੰਤੂ ਤੇ ਨਾੜਾਂ 'ਚ ਕੋਈ ਫ਼ਰਕ ਨਹੀਂ ਕਰਦੇ ਸਨ, ਦਿਮਾਗ ਬਾਰੇ ਕੁਝ ਪਤਾ ਨਹੀਂ ਸੀ। ਮਨੁੱਖੀ ਇਤਿਹਾਸ ਦੇ ਇਸ ਦੌਰ 'ਚ ਅਨਾਟਮੀ ਦੀ ਸਭ ਤੋਂ ਚੰਗੀ ਜਾਣਕਾਰੀ ਯੂਨਾਨੀ ਲੋਕਾਂ ਨੇ ਹਾਸਿਲ ਕੀਤੀ।



ਯੂਨਾਨ ਦੇ ਫਿਲਾਸਫ਼ਰ, ਚਕਿਤਸਕ ਤੇ ਵਿਗਿਆਨੀ 'ਅਲਕਮੇਓਨ' (ਜਨਮ ਲੱਗਭੱਗ 500 ਈ.ਪੂ.) ਨੂੰ ਉਹਨਾਂ ਵਿਅਕਤੀਆਂ 'ਚੋਂ ਮੰਨਿਆ ਜਾਂਦਾ ਹੈ ਜਿਹਨਾਂ ਨੇ ਸਭ ਤੋਂ ਪਹਿਲਾਂ ਸਰੀਰ ਦੀ ਬਣਤਰ ਜਾਣਨ ਲਈ 'ਡਿਸੈਕਸ਼ਨ' ਕੀਤੀ। ਯੂਨਾਨ ਵਿੱਚ ਉਸ ਸਮੇਂ ਤੱਕ ਮੁਰਦਿਆਂ ਦੀ 'ਡਿਸ਼ੈਕਸ਼ਨ' ਦੀ ਮਨਾਹੀ ਨਹੀਂ ਸੀ। ਉਹ ਪੂਰਵ-ਸੁਕਰਾਤ ਯੁੱਗ ਦੇ ਪਦਾਰਥਵਾਦੀ ਫਿਲਾਸਫ਼ਰ ਹੇਰਾਕਲਾਈਟਸ ਦਾ ਸਮਕਾਲੀ ਸੀ, ਤੇ ਖੁਦ ਵੀ ਹੇਰਾਕਲਾਈਟਸ ਵਾਂਗ ਇੱਕ ਪਦਾਰਥਵਾਦੀ ਫਿਲਾਸਫ਼ਰ ਸੀ। ਉਸਨੇ ਮਨੁੱਖੀ ਸਰੀਰ ਰਚਨਾ ਦੇ ਵਿਸ਼ੇ 'ਤੇ ਕਿਤਾਬ ਲਿਖੀ ਅਤੇ ਦੱਸਿਆ ਕਿ ਦਿਮਾ਼ਗ ਸਾਰੀਆਂ ਮਾਨਸਿਕ ਕਿਰਿਆਵਾਂ ਦਾ ਕੇਂਦਰ ਹੈ ਅਤੇ ਦਿਮਾ਼ਗ ਤੇ ਮਨੁੱਖ ਦੀਆਂ ਗਿਆਨ ਇੰਦਰੀਆਂ ਵਿਚਾਲੇ ਸੰਬੰਧ ਬਾਰੇ ਦੱਸਿਆ। ਉਹ ਪਹਿਲਾ ਵਿਅਕਤੀ ਸੀ ਜਿਸ ਨੇ ਬਿਮਾਰੀਆਂ ਦਾ ਕਾਰਨ ਸਰੀਰ ਅੰਦਰੋਂ ਲੱਭਣ 'ਤੇ ਜ਼ੋਰ ਦਿੱਤਾ ਅਤੇ ਬਿਮਾਰੀਆਂ ਦਾ ਕਾਰਨ ਵਾਤਾਵਰਣ, ਖੁਰਾਕ ਤੇ ਜ਼ਿੰਦਗੀ ਜੀਣ ਦੇ ਢੰਗ-ਤਰੀਕਿਆਂ 'ਚ ਗੜਬੜ ਹੋਣ ਨੂੰ ਦੱਸਿਆ। ਉਸ ਤੋਂ ਬਾਅਦ ਆਏ ਇੱਕ ਹੋਰ ਮਹਾਨ ਯੂਨਾਨੀ ਚਿਕਿਤਸਕ, ਹਿਪੋਕ੍ਰੇਟਸ (460-377 ਈ.ਪੂ.) ਨੇ ਵੀ ਬਿਮਾਰੀਆਂ ਦੇ ਅਧਿਅਨ ਤੇ ਇਲਾਜ ਲਈ ਮਨੁੱਖੀ ਸਰੀਰ ਨੂੰ ਅਧਾਰ ਬਣਾਇਆ, ਉਸਦੇ ਇਸ ਤਰੀਕਾਕਾਰ ਨੂੰ ਉਸ ਸਮੇਂ ਕੋਈ ਤਵੱਜੋ ਨਾ ਦਿੱਤੀ ਗਈ ਕਿਉਂਕਿ ਉਸ ਸਮੇਂ ਦਾ ਪ੍ਰਧਾਨ ਫਲਸਫ਼ਾ, ਵਿਚਾਰਵਾਦ ਬਿਮਾਰੀਆਂ ਨੂੰ ਦੇਵਤਿਆਂ ਦਾ ਸਰਾਪ ਦੱਸਦਾ ਸੀ। ਇਹ ਗੱਲ ਅਲੱਗ ਹੈ ਕਿ ਉਸ ਦੇ ਇਸੇ ਤਰੀਕਾਕਾਰ ਕਰਕੇ ਉਸ ਨੂੰ ਅੱਜ 'ਮੈਡੀਸਨ ਦਾ ਪਿਤਾਮਾ' ਕਿਹਾ ਜਾਂਦਾ ਹੈ। ਮਨੁੱਖੀ ਸਰੀਰ ਦੀ ਬਣਤਰ ਸੰਬੰਧੀ ਹਿਪੋਕ੍ਰੇਟਸ ਦੀ ਜਾਣਕਾਰੀ ਅੰਦਾਜ਼ਿਆਂ 'ਤੇ ਜਾਂ ਜਾਨਵਰਾਂ ਦੀ 'ਡਿਸੈਕਸ਼ਨ' 'ਤੇ ਅਧਾਰਤ ਸੀ ਕਿਉਂਕਿ ਉਸ ਸਮੇਂ ਤੱਕ 'ਡਿਸੈਕਸ਼ਨ' ਦੀ ਮਨਾਹੀ ਹੋ ਚੁੱਕੀ ਸੀ। ਇਸੇ ਕਾਰਨ ਉਸਦੀ ਜਾਣਕਾਰੀ ਕਾਫ਼ੀ ਗਲਤੀਆਂ ਭਰੀ ਸੀ। ਇਹੀ ਉਹ ਦੌਰ ਸੀ ਜਦੋਂ ਵਿਚਾਰਵਾਦ ਤੇ ਧਰਮ ਨੇ ਰਾਜ ਉੱਪਰ ਆਪਣੀ ਪਕੜ ਮਜ਼ਬੂਤ ਕਰ ਲਈ ਸੀ। ਪਲੈਟੋ (427-347 ਈ.ਪੂ.) ਪਦਾਰਥਵਾਦ ਦੇ ਕੱਟੜ ਵਿਰੋਧੀ ਦੇ ਰੂਪ 'ਚ ਸਾਹਮਣੇ ਆਇਆ। ਉਹ ਰਾਜ ਜਿਸ ਉੱਪਰ ਕੁਲੀਨਸ਼ਾਹੀ ਕਾਬਜ਼ ਸੀ, ਦੀ ਰਹਿਨੁਮਾਈ ਕਰਨ ਵਾਲ਼ਾ ਫਿਲਾਸਫ਼ਰ ਸੀ। ਉਸ ਅਨੁਸਾਰ ਮਨੁੱਖੀ ਸਰੀਰ ਦੀ ਮਾਨਸਿਕ ਅਤੇ ਸਰੀਰਕ ਗਤੀਵਿਧੀ ਨੂੰ ਪਦਾਰਥ ਭਾਵ ਦਿਮਾ਼ਗ ਨਹੀਂ ਸਗੋਂ ਤਿੰਨ ਤਰ੍ਹਾਂ ਦੀਆਂ ਆਤਮਾਵਾਂ ਕੰਟਰੋਲ ਕਰਦੀਆਂ ਹਨ। ਆਪਣੇ ਸਮੇਂ ਦੇ ਮਹਾਨ ਚਿੰਤਕ ਤੇ ਫਿਲਾਸਫ਼ਰ ਅਰਸਤੂ (1, 384-322 ਈ.ਪੂ.) ਜਿਹੜਾ ਪਲੈਟੋ ਦਾ ਸ਼ਗਿਰਦ ਤੇ ਸਿਕੰਦਰ ਮਹਾਨ ਦਾ ਗੁਰੂ ਸੀ, ਨੇ ਵੱਖ-ਵੱਖ ਜਾਨਵਰਾਂ (ਸਮੇਤ ਮਨੁੱਖ) ਦੇ ਸਰੀਰਕ ਬਣਤਰ ਦੇ ਤੁਲਨਾਤਮਕ ਅਧਿਅਨ ਦਾ ਮੁੱਢ ਬੰਨ੍ਹਿਆ ਅਤੇ ਧਾਰਮਿਕ ਧਾਰਨਾਵਾਂ ਦੇ ਉਲਟ ਇਹ ਕਿਹਾ ਕਿ ਜੀਵ ਹੀ ਜੀਵ ਨੂੰ ਜਨਮ ਦੇ ਸਕਦਾ ਹੈ। ਪਰ ਉਹ ਵੀ ਆਤਮਾ ਨੂੰ ਹੀ ਮਨੁੱਖੀ ਸਰੀਰ ਨੂੰ ਕੰਟਰੋਲ ਕਰਨ ਵਾਲ਼ੀ ਸ਼ਕਤੀ ਮੰਨਦਾ ਸੀ ਅਤੇ ਇਹ ਧਾਰਨਾ ਰੱਖਦਾ ਸੀ ਕਿ ਕੁਦਰਤ ਵਿੱਚ ਸਭ ਕੁਝ, ਸਮੇਤ ਮਨੁੱਖ ਦੇ, ਕਿਸੇ ਉਚੇਰੇ ਉਦੇਸ਼ ਦੇ ਅਧੀਨ ਹੈ। ਇਸ ਤਰ੍ਹਾਂ ਉਹ ਵੀ ਸਥਾਪਤ ਫਲਸਫ਼ੇ, ਵਿਚਾਰਵਾਦ ਦੇ ਚੌਖਟੇ ਤੋਂ ਬਾਹਰ ਨਾ ਨਿਕਲ ਸਕਿਆ ਅਤੇ ਉਸ ਦੇ ਸਮੇਂ ਵੀ 'ਡਿਸੈਕਸ਼ਨ' ਦੀ ਮਨਾਹੀ ਜ਼ਾਰੀ ਰਹੀ, ਜਿਸ ਦੇ ਨਤੀਜੇ ਵਜੋਂ ਉਸਦੀ ਅਨਾਟਮੀ ਦੀ ਜਾਣਕਾਰੀ ਅਨਘੜ੍ਹ ਤੇ ਗਲਤੀਆਂ ਭਰੀ ਹੀ ਸੀ। ਅਨਾਟਮੀ ਦੇ ਅੱਗੇ ਆਈ ਇਹ ਖੜੋਤ ਯੂਨਾਨੀ ਰਾਜ ਦੇ ਫਹਿਫੇਰੀ ਹੋਣ ਨਾਲ ਟੁੱਟੀ, ਜਿਸ ਦੇ ਨਤੀਜੇ ਵਜੋਂ ਕੁਝ ਸਮੇਂ ਲਈ ਵਿਚਾਰਵਾਦ ਤੇ ਧਰਮ ਦਾ ਗਲਬਾ ਟੁੱਟ ਗਿਆ ਅਤੇ ਮਨੁੱਖਤਾ ਇੱਕ ਵਾਰ ਫਿਰ ਮੁਕਤ ਹੋ ਕੇ ਗਿਆਨ ਹਾਸਲ ਕਰਨ ਦੇ ਰਸਤੇ 'ਤੇ ਪੈ ਗਈ।

ਯੂਨਾਨੀ ਰਾਜ ਟੁੱਟਣ ਤੋਂ ਬਾਅਦ ਯੂਨਾਨੀ ਸੱਭਿਅਤਾ ਦਾ ਕੇਂਦਰ ਏਥਨਜ਼ ਦੀ ਥਾਂ ਅਲੈਗਜੈਂਡਰੀਆ (ਅੱਜ ਮਿਸਰ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ) ਚਲਾ ਗਿਆ। ਮੈਡੀਸਨ ਦਾ ਵਿਗਿਆਨ ਅੰਦਾਜ਼ਿਆਂ ਦੀ ਥਾਂ ਪ੍ਰਯੋਗ ਤੇ ਸਿੱਧੇ ਪਰੀਖਣ ਦੇ ਢੰਗ ਨਾਲ ਅੱਗੇ ਵਧਿਆ। ਹੇਰੋਫਿਲਸ (335-280 ਈ.ਪੂ.) ਅਤੇ ਏਰਾਸਿਸਟ੍ਰੇਟਸ (310-250 ਈ.ਪੂ.) ਨੇ ਇਸ ਦੌਰ 'ਚ ਅਨਾਟਮੀ ਨੂੰ ਅੱਗੇ ਵਧਾਇਆ। ਹੇਰੋਫਿਲਸ ਨੇ ਅਨਾਟਮੀ ਨੂੰ ਸਰਜਰੀ ਤੋਂ ਵੱਖਰੇ ਇੱਕ ਅਲੱਗ ਵਿਗਿਆਨ ਵਜੋਂ ਸਥਾਪਤ ਕੀਤਾ, ਉਸ ਨੇ ਧਰਮ ਦੇ ਪ੍ਰਭਾਵ ਦੇ ਘਟਣ ਦਾ ਪੂਰਾ ਫਾਇਦਾ ਲਿਆ ਅਤੇ ਅਨੇਕਾਂ ਵਾਰ ਮਨੁੱਖੀ ਮੁਰਦਿਆਂ ਦੀ 'ਡਿਸੈਕਸ਼ਨ' ਕੀਤੀ। ਉਹ ਪਹਿਲਾ ਵਿਅਕਤੀ ਸੀ ਜਿਸਨੇ 'ਡਿਸੈਕਸ਼ਨ' ਨੂੰ ਆਮ ਲੋਕਾਂ ਤੱਕ ਲਿਆਂਦਾ ਅਤੇ ਜਨਤਕ ਤੌਰ 'ਤੇ 'ਡਿਸੈਕਸ਼ਨ' ਕਰ ਕੇ ਦਿਖਾਈ। ਉਸਨੇ ਆਪਣੇ ਇਸ ਤਰੀਕੇ ਦੀ ਵਰਤੋਂ ਕਰਕੇ ਮਨੁੱਖੀ ਸਰੀਰ ਦੇ ਕਈ ਹਿੱਸਿਆਂ ਦੀ ਪਛਾਣ ਕੀਤੀ, ਉਸਨੇ ਦਿਮਾ਼ਗ ਤੇ ਇਸ ਨੂੰ ਢਕਣ ਵਾਲ਼ੀਆਂ ਪਰਤਾਂ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਨਾੜੀ-ਪ੍ਰਬੰਧ, ਤੰਤੂ-ਪ੍ਰਬੰਧ, ਅੰਤੜੀਆਂ ਦੇ ਕਈ ਹਿੱਸਿਆਂ, ਗਦੂਦਾਂ ਅਤੇ ਦਿਲ ਤੋਂ ਫੇਫੜੇ ਤੱਕ ਖੂਨ ਲੈ ਜਾਣ ਵਾਲੀਆਂ ਨਾੜਾਂ ਦੀ ਖੋਜ ਕੀਤੀ। ਆਪਣੀ ਇਕੱਠੀ ਕੀਤੀ ਜਾਣਕਾਰੀ ਦੇ ਅਧਾਰ 'ਤੇ ਉਸਨੇ ਇੱਕ ਵੱਡੀ ਕਿਤਾਬ ਵੀ ਲਿਖੀ। ਉਸਦੇ ਸ਼ਗਿਰਦ ਏਰਾਸਿਸਟ੍ਰੇਟਸ ਨੇ ਉਸਦੇ ਕੰਮ ਨੂੰ ਅੱਗੇ ਵਧਾਇਆ ਅਤੇ ਕਈ ਅਹਿਮ ਜਾਣਕਾਰੀਆਂ ਤੇ ਖੋਜਾਂ ਕੀਤੀਆਂ। ਉਸਨੇ ਡੇਮੋਕ੍ਰੀਟਸ ਤੇ ਏਪੀਕਿਊਰਸ ਦੇ ਮਾਦੇ ਦੇ ਪਰਮਾਣੂ ਬਣਤਰ ਦੇ ਪਦਾਰਥਵਾਦੀ ਸਿਧਾਂਤ ਨੂੰ ਮਨੁੱਖੀ ਸਰੀਰ ਉੱਤੇ ਵੀ ਲਾਗੂ ਮੰਨਿਆ ਅਤੇ ਕਿਹਾ ਕਿ ਮਨੁੱਖੀ ਸਰੀਰ ਵੀ ਬਾਕੀ ਮਾਦੇ ਵਾਂਗ ਛੋਟੇ-ਛੋਟੇ ਕਣਾਂ, ਪਰਮਾਣੂਆਂ ਦਾ ਹੀ ਬਣਿਆ ਹੋਇਆ ਹੈ। ਹੇਰੋਫਿਲਸ ਤੇ ਏਰਾਸਿਸਟ੍ਰੇਟਸ ਦੀਆਂ ਲਿਖਤਾਂ ਅਲੈਗਜ਼ੈਂਡਰੀਆ ਦੀ ਲਾਇਬ੍ਰੇਰੀ ਨੂੰ ਰੋਮਨਾਂ ਦੁਆਰਾ ਤਬਾਹ ਕਰ ਦਿੱਤੇ ਜਾਣ ਕਾਰਨ ਨਸ਼ਟ ਹੋ ਗਈਆਂ ਪਰ ਉਹਨਾਂ ਦੇ ਵਿਚਾਰ ਬਾਅਦ ਦੇ ਵਿਗਿਆਨਕਾਂ ਤੱਕ ਕੁਝ ਹੱਦ ਕਿਵੇਂ ਨਾ ਕਿਵੇਂ ਪੁੱਜਦੇ ਹੋ ਗਏ।

ਅਨਾਟਮੀ ਦੇ ਵਿਕਾਸ 'ਚ ਵੱਡਾ ਹਿੱਸਾ ਪਾਉਣ ਵਾਲ਼ਾ ਅਗਲਾ ਮਹਾਨ ਵਿਗਿਆਨਕ ਕਲਾਡੀਅਸ ਗੈਲਨ (129-199 ਈ.) ਸੀ। ਉਹ ਰੋਮਨ ਸਾਮਰਾਜ ਦਾ ਦਰਬਾਰੀ ਚਕਿਤਸਕ ਸੀ ਤੇ ਉਸਦੀ ਪ੍ਰਤਿਭਾ ਕਾਰਨ ਉਸਨੂੰ 'ਮੈਡੀਸਨ ਦਾ ਅਰਸਤੂ' ਕਿਹਾ ਜਾਂਦਾ ਹੈ। ਉਸਨੇ ਆਪਣੇ ਤੋਂ ਪਹਿਲਾਂ ਮੌਜੂਦ ਜਾਣਕਾਰੀ ਨੂੰ ਇੱਕ ਥਾਂ ਇਕੱਠਾ ਕੀਤਾ। ਉਸਨੇ ਮਨੁੱਖੀ ਸਰੀਰ ਬਾਰੇ ਕਈ ਖੋਜਾਂ ਕੀਤੀਆਂ ਪਰ ਉਹ ਅਜਿਹੇ ਦੌਰ 'ਚ ਪੈਦਾ ਹੋਇਆ ਜਦੋਂ ਧਰਮ ਤੇ ਵਿਚਾਰਵਾਦੀ ਫਲਸਫ਼ਾ ਇੱਕ ਵਾਰ ਫਿਰ ਸਮਾਜ 'ਤੇ ਆਪਣੀ ਪਕੜ ਮਜ਼ਬੂਤ ਕਰ ਚੁੱਕਾ ਸੀ। ਮਨੁੱਖੀ ਮੁਰਦਿਆਂ ਦੀ 'ਡਿਸੈਕਸ਼ਨ' 'ਤੇ ਪਾਬੰਦੀ ਲੱਗ ਚੁੱਕੀ ਸੀ, ਨਤੀਜੇ ਵਜੋਂ ਉਸਨੂੰ ਜਾਨਵਰਾਂ ਦੀ 'ਡਿਸੈਕਸ਼ਨ' ਤੇ ਮਰੀਜ਼ਾਂ ਦੇ ਨਿਰੀਖਣ 'ਤੇ ਨਿਰਭਰ ਹੋਣਾ ਪਿਆ। ਉਸ ਨੇ ਕਈ ਖੇਤਰਾਂ, ਅਤੇ ਖਾਸ ਕਰਕੇ ਤੰਤੂ-ਪ੍ਰਬੰਧ ਤੇ ਦਿਮਾ਼ਗ ਬਾਰੇ ਵਿਸਤ੍ਰਿਤ ਅਧਿਅਨ ਕੀਤਾ। ਅੱਜ ਵੀ ਦਿਮਾ਼ਗ ਨੂੰ ਖੂਨ ਪਹੁੰਚਾਉਣ ਵਾਲ਼ੀ ਇੱਕ ਨਾੜੀ ਦਾ ਨਾਮ ਉਸਦੇ ਨਾਮ 'ਤੇ ਹੈ। ਉਸ ਦੁਆਰਾ ਦੱਸੀ ਗਈ ਹੱਡੀਆਂ ਤੇ ਜੋੜਾਂ ਦੀ ਵਰਗੀਕਰਨ ਦੀ ਵਿਧੀ ਅੱਜ ਵੀ ਹੋਂਦ ਵਿੱਚ ਹੈ। ਪਰ ਧਰਮ ਤੇ ਵਿਚਾਰਵਾਦ ਨੇ ਜਿੱਥੇ ਉਸਦੇ ਵਿਗਿਆਨਕ ਸਫ਼ਰ 'ਚ ਅੜਿੱਕੇ ਡਾਹੇ, ਜਿਸ ਦੇ ਨਤੀਜੇ ਵਜੋਂ ਉਸਨੇ ਕਈ ਵੱਡੀਆਂ ਗਲਤੀਆਂ ਕੀਤੀਆ ਜਿਵੇਂ ਉਸ ਅਨੁਸਾਰ ਮਨੁੱਖੀ ਸਰੀਰ ਵਿੱਚ ਖੂਨ ਸਮੁੰਦਰ ਦੀਆਂ ਛੱਲਾਂ ਵਾਂਗ ਵਹਿੰਦਾ ਹੈ, ਨਾ ਕਿ ਇੱਕ ਬੰਦ ਨਾੜੀ-ਪ੍ਰਬੰਧ ਵਿੱਚ; ਉੱਥੇ ਅਜਿਹੇ ਸਮਾਜ 'ਚ ਪੈਦਾ ਹੋਣ ਕਾਰਨ ਉਸਦੇ ਚਿੰਤਨ ਵਿੱਚ ਵਿਚਾਰਵਾਦ ਵੀ ਵੱਡੀ ਮਾਤਰਾ 'ਚ ਮੌਜੂਦ ਸੀ। ਮਨੁੱਖੀ ਸਰੀਰ ਦੀ ਬਣਤਰ ਅਤੇ ਬਿਮਾਰੀਆਂ ਦੇ ਅਧਿਅਨ ਤੇ ਇਲਾਜ ਸਮੇਂ ਉਹ ਪਦਾਰਥਵਾਦੀ ਬਣਿਆ ਰਹਿੰਦਾ ਹੈ, ਪਰ ਜਿਉਂ ਹੀ ਇਸ ਤੋਂ ਥੋੜ੍ਹਾ ਪਾਸੇ ਹੁੰਦਾ ਹੈ ਉਹ ਵਿਚਾਰਵਾਦੀ ਹੋ ਜਾਂਦਾ ਹੈ। ਉਸ ਅਨੁਸਾਰ ਮਨੁੱਖੀ ਸਰੀਰ ਕਿਸੇ ਪਰਾਭੌਤਿਕ ਸ਼ਕਤੀ ਨੇ ਕਿਸੇ ਉੱਚ ਉਦੇਸ਼ ਲਈ ਬਣਾਇਆ ਹੈ, ਇੱਥੇ ਉਹ ਅਰਸਤੂ ਦੇ 'ਉਦੇਸ਼ਵਾਦ' ਨੂੰ ਅੱਗੇ ਵਧਾਉਂਦਾ ਹੈ ਅਤੇ ਇਸਦੇ ਨਾਲ ਹੀ ਉਸਨੇ ਪਲੈਟੋ ਦੇ 'ਤਿੰਨ ਆਤਮਾਵਾਂ' ਦੇ ਸਿਧਾਂਤ ਨੂੰ ਵੀ ਮੁੜ ਸਥਾਪਤ ਕੀਤਾ। ਉਸਦੇ ਇਹ ਵਿਚਾਰ ਕੈਥੋਲਿਕ ਚਰਚ ਦੇ ਬਿਲਕੁਲ ਉਲਟ ਨਹੀਂ ਸਨ, ਸਗੋਂ ਉਸ ਲਈ ਇਹ ਇੱਕ 'ਵਿਗਿਆਨਕ ਢਾਲ' ਬਣ ਗਏ। ਚਰਚ ਨੇ ਗੈਲਨ ਦੀਆਂ ਲਿਖਤਾਂ ਨੂੰ 'ਚੈਲੇਂਜ' ਤੋਂ ਪਰੇ ਐਲਾਨ ਦਿੱਤਾ ਅਤੇ ਕੋਈ ਵੀ ਵਿਚਾਰ ਜਿਹੜਾ ਗੈਲਨ ਦੀਆਂ ਲਿਖਤਾਂ ਦੇ ਉਲਟ ਜਾਂਦਾ, ਚਰਚ ਦੁਆਰਾ ਦਬਾ ਦਿੱਤਾ ਜਾਂਦਾ। ਇਸ ਤਰ੍ਹਾਂ ਗੈਲਨ ਆਪਣੀਆਂ ਵਿਗਿਆਨਕ ਲੱਭਤਾਂ ਕਰਕੇ ਘੱਟ, ਵਿਗਿਆਨ ਦੇ ਵਿਕਾਸ 'ਚ ਅੜਿੱਕਾ ਬਣਨ ਵਾਲ਼ੇ ਦੇ ਤੌਰ 'ਤੇ ਜ਼ਿਆਦਾ ਯਾਦ ਕੀਤਾ ਜਾਂਦਾ ਹੈ। ਯੂਰਪ ਵਿੱਚ ਵਿਗਿਆਨ ਦੇ ਵਿਕਾਸ 'ਚ ਮੱਧਕਾਲ ਦਾ ਕਾਲ਼ਾ ਦੌਰ ਸ਼ੁਰੂ ਹੋ ਚੁੱਕਾ ਸੀ ਜੋ ਬਾਰ੍ਹਵੀਂ ਸਦੀ ਤੱਕ ਜ਼ਾਰੀ ਰਿਹਾ ਜਦੋਂ ਪੁਨਰ-ਜਾਗਰਣ ਦੀ ਲਹਿਰ ਨੇ ਚਰਚ ਦੀ ਸਰਵਵਿਆਪੀ ਸੱਤ੍ਹਾ 'ਤੇ ਉਂਗਲ ਉਠਾਉਣੀ ਸ਼ੁਰੂ ਕੀਤੀ। ਇਸ ਕਾਲੇ ਦੌਰ ਦੇ ਸ਼ੁਰੂਆਤੀ ਸਮੇਂ (ਪੰਜਵੀਂ ਸਦੀ ਈਸਵੀ ਤੱਕ) 'ਚ, ਰੋਮਨ ਸਾਮਰਾਜ ਦੀ ਚੜ੍ਹਤ ਰਹਿੰਦੀ ਹੈ ਅਤੇ ਚਰਚ ਦੀ ਸੱਤ੍ਹਾ ਕਾਇਮ ਰਹਿੰਦੀ ਹੈ। ਚਰਚ ਨੇ ਗੈਲਨ ਦੇ ਵਿਚਾਰਵਾਦੀ ਨੁਕਤਿਆਂ ਨੂੰ ਮੁੱਖ ਬਣਾ ਕੇ ਪੇਸ਼ ਕੀਤਾ ਅਤੇ ਉਸਦੇ ਦੂਸਰੇ ਵਿਚਾਰਾਂ ਤੇ ਖੋਜਾਂ ਨੂੰ ਉਹਲੇ ਕਰ ਦਿੱਤਾ। ਉਸਦੇ ਵਿਚਾਰਵਾਦੀ ਵਿਚਾਰਾਂ (ਅਤੇ ਨਾਲ਼ ਹੀ ਆਪਣੀਆਂ ਧਾਰਮਿਕ ਰੂੜ੍ਹੀਆਂ ਨੂੰ) ਨੂੰ ਸਵਾਲਾਂ ਤੋਂ ਪਰੇ ਕਰਨ ਲਈ ਚਰਚ ਨੇ ਗੈਲਨ ਦੇ ਕਿਸੇ ਵੀ ਨੁਕਤੇ 'ਤੇ ਸਵਾਲ ਕਰਨਾ ਅਪਰਾਧ ਬਣਾ ਦਿੱਤਾ। ਪੁਰਾਣੀਆਂ ਯੂਨਾਨੀ ਲਿਖਤਾਂ ਨੂੰ ਦਬਾ ਦਿੱਤਾ ਗਿਆ ਜਾਂ ਨਸ਼ਟ ਕਰ ਦਿੱਤਾ ਗਿਆ। ਆਮ ਲੋਕਾਂ, ਤੇ ਇੱਥੋਂ ਤੱਕ ਵਿਗਿਆਨੀਆਂ ਲਈ ਵੀ ਗੈਲਨ ਇੱਕ ਅਜਿਹੀ ਹਸਤੀ ਬਣ ਗਿਆ ਜਿਸ ਨੇ ਸਭ ਕੁਝ ਲਿਖ ਦਿੱਤਾ ਸੀ, ਅਨਾਟਮੀ ਨੂੰ ਹੁਣ ਵਿਕਸਤ ਕਰਨਾ ਅਸੰਭਵ ਸੀ ਤੇ ਵਿਗਿਆਨਕਾਂ ਦਾ ਕੰਮ ਬੱਸ ਗੈਲਨ ਦੀਆਂ ਲਿਖਤਾਂ ਦਾ ਪਾਠ ਕਰਨਾ ਰਹਿ ਗਿਆ ਸੀ; ਹਾਲ ਇਹ ਸੀ ਕਿ ਜਦੋਂ ਕਦੇ ਮਨੁੱਖੀ ਸਰੀਰ ਦੇ ਚੀਰਫਾੜ ਦੌਰਾਨ ਗੈਲਨ ਦੀਆਂ ਲਿਖਤਾਂ ਦੇ ਉਲਟ ਕੋਈ ਜਾਣਕਾਰੀ ਸਾਹਮਣੇ ਆਉਂਦੀ ਤਾਂ ਉਸ ਮਨੁੱਖ ਨੂੰ ਗੈਰ-ਕੁਦਰਤੀ ਕਹਿ ਦਿੱਤਾ ਜਾਂਦਾ। ਰੋਮਨ ਸਾਮਰਾਜ ਦੇ ਪਤਣ ਬਾਅਦ, ਪੰਜਵੀ ਤੋਂ ਦਸਵੀਂ ਸਦੀ ਦੇ ਵਿਚਕਾਰ ਸ਼ੁਰੂਆਤੀ ਜਗੀਰਦਾਰੀ ਦੇ ਸਮੇਂ ਵਿੱਚ ਆਰਥਕਤਾ ਬਹੁਤ ਪਛੜੀ ਹੋਈ ਸੀ ਅਤੇ ਵੱਡੇ ਸ਼ਹਿਰਾਂ ਤੇ ਸੱਭਿਆਚਾਰਕ ਕੇਂਦਰਾਂ ਦੀ ਲੱਗਭੱਗ ਅਣਹੋਂਦ ਸੀ ਜਿਸ ਕਾਰਨ ਵਿਗਿਆਨ ਦੇ ਵਿਕਾਸ ਲਈ ਹਾਲਤਾਂ ਅਨੁਕੂਲ ਨਹੀਂ ਰਹੀਆਂ ਸਨ, ਤੇ ਉੱਤੋਂ ਈਸਾਈਅਤ ਦਾ ਪ੍ਰਭਾਵ ਵੀ ਵਿਆਪਕ ਸੀ। ਮਨੁੱਖ ਬ੍ਰਹਿਮੰਡ 'ਚ ਇੱਕ 'ਮਹੱਤਵਹੀਣ' ਕਿਣਕਾ, ਭੁਲੇਖਾ, ਮਾਇਆ ਬਣਾ ਦਿੱਤਾ ਗਿਆ ਸੀ, ਫਿਰ ਉਸਦੇ ਸਰੀਰ ਬਾਰੇ ਪੜ੍ਹਨ ਤੇ ਅਧਿਅਨ ਕਰਨ ਦੀ ਜ਼ਰੂਰਤ ਹੀ ਕੀ ਸੀ। ਨਤੀਜੇ ਵਜੋਂ, ਵਿਗਿਆਨ ਦੀ ਥਾਂ ਜਾਦੂ, ਅਲਕੈਮੀ (ਮੱਧਕਾਲੀ ਰਸਾਇਣ ਸ਼ਾਸ਼ਤਰ ਜਿਸ ਦਾ ਉਦੇਸ਼ ਅਜਿਹੀ ਵਿਧੀ ਖੋਜਣਾ ਸੀ ਜਿਸ ਨਾਲ ਹਰ ਧਾਤ ਨੂੰ ਸੋਨੇ 'ਚ ਬਦਲਿਆ ਜਾ ਸਕੇ !!) ਅਤੇ ਭਾਂਤ-ਭਾਂਤ ਦੇ ਅਖੌਤੀ ਵਿਗਿਆਨਾਂ ਨੇ ਲੈ ਲਈ।

ਜਿੱਥੇ ਯੂਰਪ 'ਚ ਅਨਾਟਮੀ ਦਾ ਵਿਕਾਸ ਬਾਕੀ ਵਿਗਿਆਨਾਂ ਵਾਂਗ ਖੜੋਤ ਵਿੱਚ ਸੀ, ਉੱਥੇ ਇਸੇ ਸਮੇਂ ਦੌਰਾਨ ਅਰਬਾਂ ਨੇ ਇਸ ਖੇਤਰ 'ਚ ਖੋਜ-ਕਾਰਜ ਨੂੰ ਜ਼ਾਰੀ ਰੱਖਿਆ। ਇਬਨ ਸਿਨਾ (ਅਵੀਸੇਨਾ) ਇਸ ਸਮੇਂ ਦਾ ਮਹਾਨ ਵਿਗਿਆਨੀ ਤੇ ਫਿਲਾਸਫ਼ਰ ਸੀ। 980 ਈ. ਵਿੱਚ ਅੱਜ ਦੇ ਉਜ਼ਬੇਕਿਸਤਾਨ ਦੇ ਸ਼ਹਿਰ ਬੁਖਾਰਾ ਨੇੜੇ ਜਨਮੇ ਇਸ 'ਵੱਡੇ ਮਨੁੱਖ' ਨੇ 450 ਲਿਖਤਾਂ ਮਨੁੱਖਤਾ ਨੂੰ ਦਿੱਤੀਆਂ, ਜਿਹਨਾਂ 'ਚੋਂ 240 ਅੱਜ ਵੀ ਮੌਜੂਦ ਹਨ। ਉਸਨੇ ਮੈਡੀਸਨ ਨਾਲ਼ ਜੁੜੀਆਂ 40 ਕਿਤਾਬਾਂ ਲਿਖੀਆਂ। ਉਸੇ ਨੇ ਹੀ ਪੁਰਾਤਨ ਯੂਨਾਨ ਤੇ ਰੋਮ ਦੀਆਂ ਮੈਡੀਕਲ ਵਿਗਿਆਨ ਨਾਲ਼ ਸਬੰਧਤ ਲਿਖਤਾਂ ਲੱਭੀਆਂ, ਸਾਂਭੀਆਂ ਤੇ ਅਰਬੀ ਵਿੱਚ ਅਨੁਵਾਦ ਕੀਤੀਆਂ ਅਤੇ 'ਮੈਡੀਸਨ ਦੇ ਨਿਯਮ' ਨਾਮਕ ਵੱਡਾ ਗ੍ਰੰਥ ਲਿਖਿਆ ਜਿਹੜਾ 17ਵੀਂ ਸਦੀ ਤੱਕ ਅਨੇਕਾਂ ਵਿੱਦਿਅਕ ਸੰਸਥਾਵਾਂ ਵਿੱਚ ਪਾਠ-ਪੁਸਤਕ ਦੇ ਤੌਰ ਪੜ੍ਹਿਆ ਜਾਂਦਾ ਰਿਹਾ। ਉਸਨੇ ਪਹਿਲੀ ਵਾਰ ਅੱਖ ਦੀ ਬਣਤਰ ਦਾ ਅਧਿਅਨ ਕੀਤਾ। ਪਰ ਮੁਸਲਿਮ ਜਗਤ ਵਿੱਚ ਵੀ ਮਨੁੱਖੀ ਮੁਰਦੇ ਦੀ 'ਡਿਸੈਕਸ਼ਨ' 'ਤੇ ਪਾਬੰਦੀ ਸੀ, ਇਸ ਕਾਰਨ ਇਬਨ ਸਿਨਾ ਦਾ ਵਿਗਿਆਨਕ ਸਫ਼ਰ ਵੀ ਓਨਾ ਅੱਗੇ ਨਾ ਜਾ ਸਕਿਆ ਜਿੰਨਾ ਜਾਣਾ ਚਾਹੀਦਾ ਸੀ। ਜਗੀਰਦਾਰੀ ਦੇ ਪਿਛਲੇ ਦੌਰ (11ਵੀਂ-15ਵੀਂ ਸਦੀ) ਵਿੱਚ ਵੀ ਯੂਰਪ ਅੰਦਰ ਧਾਰਮਿਕ ਦਾਬਾ ਜ਼ਾਰੀ ਰਿਹਾ ਅਤੇ ਵਿਗਿਆਨ ਦੇ ਵਿਕਾਸ ਦੀਆਂ ਕਰੂੰਬਲਾਂ ਮੁੜ ਫੁੱਟਣ ਕਾਰਨ ਇਹ ਦਾਬਾ ਪਹਿਲਾਂ ਨਾਲੋਂ ਵੀ ਭਿਆਨਕ ਹੋ ਗਿਆ। ਵਿਗਿਆਨੀਆਂ ਨੂੰ ਮੌਤ ਦੀ ਸਜ਼ਾ ਦੇਣੀ ਤੇ ਕੈਦ ਕਰਨਾ ਆਮ ਹੋ ਗਿਆ। ਇਸ ਦੌਰ ਵਿੱਚ ਵੀ ਅਰਬਾਂ ਨੇ ਅਨਾਟਮੀ ਦੇ ਵਿਕਾਸ ਵਿੱਚ ਅਹਿਮ ਦੇਣਾਂ ਪਾਈਆਂ। 12ਵੀਂ ਸਦੀ ਵਿੱਚ, ਦਮਸਕਸ ਦੇ ਇਬਨ-ਅਲ-ਨਫਿਜ਼ ਨੇ ਫੇਫੜਿਆਂ ਵਿੱਚ ਖੂਨ ਦੇ ਵਹਾਅ ਦਾ ਵਿਸਤ੍ਰਿਤ ਅਧਿਅਨ ਪੇਸ਼ ਕੀਤਾ ਜਿਹੜਾ ਲੰਮੇ ਸਮੇਂ ਤੱਕ ਅਗਿਆਤ

ਰਿਹਾ। ਉਸ ਦੀਆਂ ਹੋਰ ਦੇਣਾਂ ਵਿੱਚ ਅੱਖਾਂ ਬਾਰੇ ਇੱਕ ਕਿਤਾਬ ਅਤੇ ਭੋਜਨ ਦੇ ਸਰੀਰ ਉੱਪਰ ਪ੍ਰਭਾਵਾਂ ਬਾਰੇ ਕਿਤਾਬ ਸ਼ਾਮਿਲ ਹਨ।

**ਮੈਡੀਕਲ ਪੁਨਰ-ਜਾਗਰਣ**

1400-1700 ਈਸਵੀ ਦਾ ਯੂਰਪੀ ਇਤਿਹਾਸ ਦਾ ਸਮਾਂ ਮੈਡੀਕਲ ਵਿਗਿਆਨ ਲਈ ਅਹਿਮ ਇਤਿਹਾਸਕ ਦੌਰ ਸੀ ਜਿਸ ਦੌਰਾਨ ਇਸ ਖੇਤਰ ਵਿੱਚ ਬਾਕੀ ਵਿਗਿਆਨਾਂ ਵਾਂਗ ਮਹੱਤਵਪੂਰਨ ਵਿਕਾਸ ਹੋਇਆ। ਇਹ ਉਹ ਦੌਰ ਸੀ ਜਿਸ ਬਾਰੇ ਏਂਗਲਜ਼ ਨੇ ਕਿਹਾ ਸੀ ਇੱਕ ਅਜਿਹਾ ਸਮਾਂ ਜਿਹੜਾ ਮਹਾਨ ਮਨੁੱਖਾਂ ਦੀ ਮੰਗ ਕਰ ਰਿਹਾ ਸੀ ਅਤੇ ਜਿਸ ਨੇ ਮਹਾਨ ਮਨੁੱਖ ਪੈਦਾ ਕੀਤੇ ਸੋਚਣ ਸ਼ਕਤੀ ਪੱਖੋਂ, ਸਿੱਖਣ ਪੱਖੋਂ ਤੇ ਅਧਿਅਨ ਦੀ ਵਿਸ਼ਾਲਤਾ ਪੱਖੋਂ ਮਹਾਨ ਮਨੁੱਖ। ਅਨਾਟਮੀ ਦੇ ਖੇਤਰ ਨੇ ਵੀ ਇਹੋ-ਜਿਹੇ 'ਮਹਾਨ ਮਨੁੱਖਾਂ' ਨੂੰ ਪੈਦਾ ਕੀਤਾ ਜਿਹਨਾਂ ਵਿੱਚ ਲਿਆਨਾਰਡੋ ਦ ਵਿੰਚੀ, ਆਂਦਰੀਸ ਵੇਸਾਲੀਅਸ ਅਤੇ ਵਿਲੀਅਮ ਹਾਰਵੇ ਮੁੱਖ ਨਾਮ ਹਨ।

ਲਿਆਨਾਰਡੋ ਦ ਵਿੰਚੀ (1452-1519 ਈਸਵੀ) ਪੁਨਰਜਾਗਰਣ ਦੌਰ ਦੇ ਯੁੱਗ-ਪੁਰਸ਼ ਸਨ, ਉਹ ਚਿੱਤਰਕਾਰ, ਇੰਜਨੀਅਰ, ਫਿਲਾਸਫ਼ਰ ਤੇ ਵਿਗਿਆਨਕ ਸਨ। ਹੋਰਨਾਂ ਖੇਤਰਾਂ ਦੇ ਨਾਲ਼ ਨਾਲ਼ ਉਹਨਾਂ ਨੇ ਅਨਾਟਮੀ ਵਿੱਚ ਅਹਿਮ ਯੋਗਦਾਨ ਦਿੱਤਾ। ਉਸ ਨੇ ਮਨੁੱਖੀ ਮੁਰਦਿਆਂ ਦੀ 'ਡਿਸੈਕਸ਼ਨ' ਸ਼ੁਰੂ ਕੀਤੀ, ਹੱਡੀਆਂ ਦਾ ਅਧਿਅਨ ਕੀਤਾ ਅਤੇ ਮਨੁੱਖੀ ਸਰੀਰ ਤੇ ਅੰਗਾਂ ਦੇ ਮਾਡਲ ਤਿਆਰ ਕੀਤੇ, ਮਨੁੱਖੀ ਸਰੀਰ ਦੀ ਬਾਹਰੀ ਤੇ ਅੰਦਰੂਨੀ ਬਣਤਰ ਦੇ ਸ਼ਾਨਦਾਰ ਚਿੱਤਰ ਬਣਾਏ। ਉਸਦਾ ਕਹਿਣਾ ਸੀ ਕਿ ਐਡਮ ਦੀ ਪਸਲੀ ਤੋਂ ਈਵ ਪੈਦਾ ਹੋਈ ਹੋਵੇ ਚਾਹੇ ਨਾ, ਪਰ ਮਨੁੱਖੀ ਸਰੀਰ ਵਿੱਚ ਪਸਲੀਆਂ ਦੀਆਂ ਹੱਡੀਆਂ ਦੇ ਬਾਰ੍ਹਾਂ ਜੋੜੇ ਜ਼ਰੂਰ ਹਨ। ਉਸ ਦੇ ਅਨਾਟਮੀ ਦੇ ਖੇਤਰ 'ਚ ਕੀਤੇ ਕੰਮ ਨੇ ਆਂਦਰੀਸ ਵੇਸਾਲੀਅਸ ਨੂੰ ਪ੍ਰਭਾਵਿਤ ਕੀਤਾ ਜਿਸ ਨੇ ਅਨਾਟਮੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਅਤੇ ਇਸਨੂੰ ਗੈਲਨ ਦੀਆਂ ਲਿਖਤਾਂ (ਤੇ ਚਰਚ ਦੀ) ਕੈਦ 'ਚੋਂ ਬਾਹਰ ਕੱਢਿਆ।

ਬਰਸਲਜ਼ 'ਚ 1514 'ਚ ਜਨਮੇ ਬੈਲਜੀਅਨ, ਆਂਦਰੀਸ ਵੇਸਾਲੀਅਸ ਨੇ 29 ਸਾਲ ਦੀ ਉਮਰੇ ਅਨਾਟਮੀ ਉੱਤੇ ਸੱਤ ਜਿਲਦਾਂ ਵਿੱਚ ਵੱਡੀ ਕਿਤਾਬ ਲਿਖੀ ਜਿਸ ਨੇ ਵਿਗਿਆਨ ਦੇ ਖੇਤਰ 'ਚ ਤਰਥੱਲੀ ਮਚਾ ਦਿੱਤੀ। ਸ਼ੁਰੂ ਵਿੱਚ ਉਸਨੇ ਚੋਰੀ-ਛਿਪੇ 'ਡਿਸੈਕਸ਼ਨ' ਕੀਤੀਆਂ ਪਰ ਬਾਅਦ 'ਚ ਉਹ ਵਧੇਰੇ ਖੁੱਲ੍ਹ ਕੇ 'ਡਿਸੈਕਸ਼ਨ' ਕਰਨ ਲੱਗਿਆ। ਉਸ ਦੀਆਂ ਖੋਜਾਂ ਨੇ ਗੈਲਨ ਦੀਆਂ ਅਨੇਕਾਂ ਗਲਤੀਆਂ ਸਾਹਮਣੇ ਲਿਆਂਦੀਆਂ ਅਤੇ ਉਸਦੇ ਸ਼ੱਕ ਤੋਂ ਪਰੇ ਹੋਣ ਦੇ ਚਰਚ ਵੱਲੋਂ ਖੜ੍ਹੇ ਕੀਤੇ ਹਊਏ ਉੱਤੇ ਕਰਾਰੀ ਸੱਟ ਮਾਰੀ। ਆਂਦਰੀਸ ਵੇਸਾਲੀਅਸ ਨੇ ਇੱਕ ਜਨਤਕ ਭਾਸ਼ਣ ਦੌਰਾਨ ਮਨੁੱਖੀ ਸਰੀਰ ਦੀ ਬਣਤਰ ਨਾਲ਼ ਜੁੜੀਆਂ ਗੈਲਨ ਦੀਆਂ 200 ਤੋਂ ਵੱਧ ਗਲਤੀਆਂ ਗਿਣਾਈਆਂ। ਸੰਯੋਗ ਨਾਲ਼, ਇਸੇ ਸਾਲ ਹੀ 1543 ਈਸਵੀ ਵਿੱਚ, ਕਾਪਰਨੀਕਸ ਦੀ ਕਿਤਾਬ ਉਸ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਹੀ ਛਪ ਕੇ ਆਈ ਜਿਸ ਵਿੱਚ ਉਸ ਨੇ ਦਿਖਾਇਆ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ, ਨਾ ਕਿ ਸੂਰਜ ਧਰਤੀ ਦੁਆਲੇ ਜਿਵੇਂ ਕਿ ਬਾਈਬਲ ਕਹਿੰਦਾ ਹੈ। ਧਰਮ ਦੀਆਂ ਜੜ੍ਹਾਂ ਤੋਂ ਮਿੱਟੀ ਪੁੱਟੀ ਜਾਣ ਲੱਗੀ ਸੀ, ਉਸਦੀ ਬੁਨਿਆਦ ਹਿੱਲ ਰਹੀ ਸੀ, ਨਤੀਜਾ ਇਹ ਸੀ ਕਿ ਧਰਮ ਵਧੇਰੇ ਨੰਗੇ-ਚਿੱਟੇ ਰੂਪ 'ਚ ਜ਼ਬਰ 'ਤੇ ਉੱਤਰ ਆਇਆ। ਕਾਪਰਨੀਕਸ ਦੇ ਸਿਧਾਂਤ ਨੂੰ ਮੰਨਣਾ ਕਾਫ਼ਰ ਹੋਣਾ ਐਲਾਨ ਦਿੱਤਾ ਗਿਆ। ਦੂਜੇ ਪਾਸੇ, ਅਨਾਟਮੀ ਦੇ ਪਿਤਾਮਾ, ਆਂਦਰੀਸ ਵੇਸਾਲੀਅਸ 'ਤੇ ਵੀ ਮੁਕੱਦਮਿਆਂ ਦੀ ਕਤਾਰ ਲੱਗ ਗਈ। ਇੱਕ ਪਾਸੇ ਉਸਨੂੰ ਉਹਨਾਂ ਵਿਗਿਆਨੀਆਂ ਦਾ ਤਿੱਖਾ ਵਿਰੋਧ ਝੱਲਣਾ ਪੈ ਰਿਹਾ ਸੀ ਜਿਹੜੇ ਗੈਲਨ ਦੀਆਂ ਲਿਖਤਾਂ 'ਚ ਕੋਈ ਅੱਖਰ ਵਾਧਾ-ਘਾਟਾ ਸੰਭਵ ਨਹੀਂ ਮੰਨਦੇ ਸਨ, ਦੂਜੇ ਪਾਸੇ ਧਾਰਮਿਕ ਕੱਟੜਪੰਥੀ ਉਸ ਦੇ ਪਿੱਛੇ ਹੱਥ ਧੋ ਕੇ ਪਏ ਸਨ। ਉਸਦੀ ਗੈਰ-ਹਾਜ਼ਰੀ 'ਚ ਉਸਨੂੰ ਮੌਤ ਦੀ ਸਜ਼ਾ ਸੁਣਾਈ ਗਈ। ਪਰ ਉਹ ਕਿਵੇਂ ਨਾ ਕਿਵੇਂ ਬਚਿਆ ਰਿਹਾ ਪਰ ਆਪਣੀ ਰਹਿੰਦੀ ਜ਼ਿੰਦਗੀ 'ਚ ਮੁਕੱਦਮਿਆਂ ਤੋਂ ਪਿੱਛਾ ਨਾ ਛੁਡਾ ਸਕਿਆ। ਯੇਰੁਸ਼ਲਮ ਦੀ ਆਪਣੇ ਸਫ਼ਰ ਦੌਰਾਨ ਹੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਅਜਿਹਾ ਉਸਨੂੰ ਬਤੌਰ ਸਜ਼ਾ ਦੇ ਤੌਰ 'ਤੇ ਕਰਨ ਲਈ ਕਿਹਾ ਗਿਆ ਸੀ, 1564 ਈਸਵੀ 'ਚ ਇਸ ਮਹਾਨ ਵਿਗਿਆਨੀ ਦੀ ਮੌਤ ਹੋ ਗਈ। ਉਸਦੇ ਦੋ ਹੋਰ ਸਮਕਾਲੀਆਂ, ਗੈਬਰੀਅਲ ਫੈਲੋਪੀਓ ਤੇ ਬਾਰਤੋਲੋਮੇਯੋ ਯੂਸਟੇਚਿਓ ਨੇ ਵੀ ਅਨਾਟਮੀ ਨੂੰ ਵਿਕਸਤ ਕਰਨ 'ਚ ਅਹਿਮ ਯੋਗਦਾਨ ਪਾਇਆ। ਇਸ ਤਿੱਕੜੀ ਨੇ ਆਧੁਨਿਕ ਅਨਾਟਮੀ ਦੀਆਂ ਬੁਨਿਆਦਾਂ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਸੀ ਕਿ ਉਸਨੂੰ ਅੱਖੋਂ ਉਹਲੇ ਕਰਨਾ ਹੁਣ ਕਿਸੇ ਦੇ ਵੀ ਵੱਸ ਨਹੀਂ ਰਿਹਾ ਸੀ।

ਇਸੇ ਦੌਰਾਨ ਇੱਕ ਹੋਰ ਘਟਨਾ ਵਾਪਰੀ ਜੋ ਧਰਮ ਦੇ ਕਰੂਪ ਤੇ ਅਣਮਨੁੱਖੀ ਚੇਹਰੇ ਨੂੰ ਬੇਪਰਦ ਕਰਦੀ ਹੈ। ਸਪੇਨ ਦੇ ਹਿਸਾਬਦਾਨ, ਮੈਡੀਕਲ ਤੇ ਅਨਾਟਮੀ ਦੇ ਵਿਗਿਆਨੀ ਤੇ ਹੋਰ ਕਈ ਖੇਤਰਾਂ ਦੇ ਮਾਹਿਰ, ਮਾਈਕਲ ਸਰਵੇਤਸ ਨੂੰ ਧਰਮ ਨੇ ਆਪਣਾ ਸ਼ਿਕਾਰ ਬਣਾਇਆ। ਸਰਵੇਤਸ ਨੇ ਫੇਫੜਿਆਂ 'ਚ ਖ਼ੂਨ ਦੇ ਦੌਰੇ ਦੀ ਖੋਜ ਕੀਤੀ ਸੀ, ਪਰ ਜਿਵੇਂ ਕਿ ਉਸ ਦੌਰ ਦੇ ਮਹਾਨ ਮਨੁੱਖਾਂ ਦੀ ਖਾਸੀਅਤ ਸੀ, ਉਹ ਇਕੱਲੇ ਵਿਗਿਆਨੀ ਨਹੀਂ ਸਨ ਹੁੰਦੇ, ਉਹ ਪੂਰੇ ਮਨੁੱਖ ਹੁੰਦੇ ਸਨ। ਸਰਵੇਤਸ ਨੇ ਈਸਾਈਅਤ ਦੇ ਵਿਸ਼ਵਾਸ਼ਾਂ 'ਤੇ ਸਵਾਲ ਉਠਾਇਆ, ਅਤੇ ਨਾਲ ਹੀ ਉਸ ਨੇ ਬੱਚਿਆਂ ਨੂੰ ਧਰਮ-ਦੀਖਸ਼ਾ ਦੇਣ ਦਾ ਵਿਰੋਧ ਕੀਤਾ। ਸਿੱਟੇ ਵਜੋਂ, ਕੈਥੋਲਿਕ ਤੇ ਪ੍ਰੋਟੈਸਟੈਂਟ ਦੋਵੇਂ ਉਸਦੇ ਦੁਸ਼ਮਣ ਬਣ ਗਏ। ਉਸਨੂੰ ਕੈਦ ਕਰ ਲਿਆ ਗਿਆ ਅਤੇ ਜੇਨੇਵਾ ਵਿੱਚ 27 ਅਕਤੂਬਰ, 1553 ਨੂੰ 42 ਸਾਲ ਦੀ ਉਮਰ 'ਚ ਉਸਦੀਆਂ ਲਿਖਤਾਂ ਨੂੰ ਉਸਦੇ ਪੈਰਾਂ ਨਾਲ਼ ਬੰਨ੍ਹ ਕੇ ਉਸਨੂੰ ਜ਼ਿੰਦਾ ਜਲਾ ਦਿੱਤਾ ਗਿਆ।

ਭਾਵੇਂ ਗੈਲਨਵਾਦੀ ਅਨਾਟਮੀ ਦੀਆਂ ਜੜ੍ਹਾਂ ਹਿੱਲ ਚੁੱਕੀਆਂ ਸਨ, ਪਰ ਅਜੇ ਉਸਦਾ ਪ੍ਰਭਾਵ ਇੱਕ ਸਦੀ ਤੱਕ ਬਣਿਆ ਰਹਿਣਾ ਸੀ। ਗੈਲਨਵਾਦੀ ਅਨਾਟਮੀ ਤੇ ਮੈਡੀਕਲ ਵਿਗਿਆਨ ਦੇ ਖੇਤਰ ਵਿੱਚ ਧਾਰਮਿਕ ਫਲਸਫ਼ੇ ਦੇ ਕਫ਼ਨ 'ਚ ਆਖਰੀ ਕਿੱਲ ਅੰਗਰੇਜ਼ ਵਿਗਿਆਨੀ ਵਿਲੀਅਮ ਹਾਰਵੇ ਨੇ ਠੋਕਿਆ। ਉਸ ਸਮੇਂ ਤੱਕ ਸਰੀਰ ਵਿੱਚ ਖ਼ੂਨ ਦੇ ਦੌਰੇ ਦਾ ਕੋਈ ਸੰਕਲਪ ਨਹੀਂ ਸੀ ਅਤੇ ਇਹੀ ਸਮਝਿਆ ਜਾਂਦਾ ਸੀ (ਗੈਲਨ ਅਨੁਸਾਰ) ਕਿ ਮਨੁੱਖੀ ਸਰੀਰ 'ਚ ਖ਼ੂਨ ਸਮੁੰਦਰ ਦੀਆਂ ਲਹਿਰਾਂ ਵਾਂਗ ਵਿਚਰਦਾ ਹੈ। ਹਾਰਵੇ ਨੇ ਆਪਣੇ ਪ੍ਰਯੋਗਾਂ ਨਾਲ ਸਾਫ਼ ਸਿੱਧ ਕਰ ਦਿੱਤਾ ਕਿ ਮਨੁੱਖੀ ਸਰੀਰ ਵਿੱਚ ਖ਼ੂਨ ਨਾੜਾਂ ਵਿੱਚ ਵਹਿੰਦਾ ਹੈ ਅਤੇ ਦਿਲ ਖ਼ੂਨ ਨੂੰ ਪੰਪ ਕਰਨ ਦਾ ਕੰਮ ਕਰਦਾ ਹੈ। ਇਸਨੇ ਗੈਲਨਵਾਦੀ ਵਿਚਾਰਾਂ ਦੀ ਰਹਿੰਦ-ਖੂੰਹਦ ਨੂੰ ਵੀ ਹੂੰਝ ਦਿੱਤਾ। ਹਾਰਵੇ ਨੇ ਧਾਰਮਿਕ ਫਲਸਫ਼ੇ ਨੂੰ ਖਾਰਿਜ ਕਰਦੇ ਹੋਏ ਕਿਹਾ ਕਿ ਜੀਵ ਸਿਰਫ਼ ਅੰਡੇ ਤੋਂ ਪੈਦਾ ਹੋ ਸਕਦਾ ਹੈ। ਉਸਨੇ ਮਨੁੱਖੀ ਭਰੂਣ ਨਾਲ ਜੁੜੀਆਂ ਕਈ ਖੋਜਾਂ ਕੀਤੀਆਂ ਅਤੇ ਗਰਭ ਵਿੱਚ ਬੱਚੇ ਦੇ ਵਿਕਾਸ ਵਿੱਚ ਔਲ ਦੀ ਭੂਮਿਕਾ ਅਤੇ ਫਿਰ ਬੱਚੇ ਦੇ ਜਨਮ ਦੀ ਪ੍ਰਕਿਰਿਆ ਦਾ ਵਿਗਿਆਨਕ ਅਧਿਅਨ ਪੇਸ਼ ਕੀਤਾ। ਮੈਡੀਕਲ ਪੁਨਰਜਾਗਰਣ ਦੇ ਇਹਨਾਂ ਮਹਾਨ ਮਨੁੱਖਾਂ ਨੇ ਵਿਚਾਰਵਾਦ ਤੇ ਧਰਮ ਨੂੰ ਹਰਾਉਣ ਵਿੱਚ ਅਹਿਮ ਭੂਮਿਕਾ ਨਿਭਾਈ, ਜਿਸ ਦੀ ਕੀਮਤ ਇਹਨਾਂ 'ਚੋਂ ਕਈਆਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ, ਪਰ ਉਹਨਾਂ ਦਾ ਵਿਗਿਆਨ ਪ੍ਰਤੀ ਅਡਿੱਗ ਵਿਸ਼ਵਾਸ ਤੇ ਪ੍ਰਤੀਬੱਧਤਾ ਹੀ ਸੀ ਜਿਸ ਨੇ ਮੈਡੀਕਲ ਵਿਗਿਆਨ ਨੂੰ ਅੱਜ ਦੇ ਵਿਕਸਤ ਪੜਾਅ ਤੱਕ ਪਹੁੰਚਣ ਦੀ ਦਿਸ਼ਾ ਪ੍ਰਦਾਨ ਕੀਤੀ।

ਭਾਵੇਂ ਧਰਮ ਨੂੰ ਵਿਗਿਆਨ ਦੇ ਖੇਤਰ 'ਚ ਹੁਣ ਕੋਈ ਨਹੀਂ ਪੁੱਛਦਾ, ਚਾਹੇ ਹੁਣ ਇਸਦੇ ਪਾਦਰੀ-ਪੁਜਾਰੀ ਜਿੰਨੀਆਂ ਮਰਜ਼ੀ ਉੱਚੀ ਵਾਂਗਾਂ ਦੇ ਲੈਣ। ਪਰ ਵਿਚਾਰਵਾਦ ਅਜੇ ਵੀ ਵਿਗਿਆਨ ਦਾ ਪਿੱਛਾ ਨਹੀਂ ਛੱਡ ਰਿਹਾ, ਅਨਾਟਮੀ ਵੀ ਇਸ ਦੀ ਛੋਟ ਨਹੀਂ। ਆਈਨਸਟਾਈਨ ਦੇ ਦਿਮਾਗ ਨਾਲ ਸਬੰਧਤ ਕਿੱਸਾ ਇਸਦੀ ਇੱਕ ਤਾਜ਼ਾ ਉਦਾਹਰਣ ਹੈ। ਆਈਨਸਟਾਈਨ ਦੀ ਮੌਤ ਤੋਂ ਬਾਅਦ ਉਹਨਾਂ ਦੇ ਦਿਮਾਗ ਨੂੰ ਬਹੁਤ ਪਤਲੇ-ਪਤਲੇ ਟੁਕੜੇ ਕੱਟ ਕੇ ਸੁਰੱਖਿਅਤ ਕਰ ਲਿਆ ਗਿਆ ਤਾਂ ਕਿ ਇਹ ਪਤਾ ਕੀਤਾ ਜਾ ਸਕੇ ਕਿ ਉਹਨਾਂ ਨੇ ਇੰਨੀਆਂ ਖੋਜਾਂ ਕਿਵੇਂ ਕੀਤੀਆਂ ਅਤੇ ਉਹਨਾਂ ਦੀ ਦਿਮਾਗੀ ਸਮਰੱਥਾ ਦਾ ਭੇਦ ਜਾਣਿਆ ਜਾ ਸਕੇ। ਹੁਣ ਇੱਕ ਵਾਰ ਇਹ ਕਿੱਸਾ ਖਬਰਾਂ 'ਚ ਹੈ। ਵਿਗਿਆਨ ਵਿੱਚ ਇੱਕ ਧੜਾ ਉਹਨਾਂ ਲੋਕਾਂ ਦਾ ਹੈ ਜਿਹੜੇ ਮਨੁੱਖ ਦੀਆਂ ਸਮਰੱਥਾਵਾਂ ਨੂੰ ਜਨਮ ਤੋਂ ਹੀ ਨਿਰਧਾਰਤ ਮੰਨਦੇ ਹਨ, ਉਹਨਾਂ ਅਨੁਸਾਰ ਕੁਝ ਲੋਕਾਂ ਦੀ ਆਨੁਵੰਸ਼ਿਕ ਬਣਤਰ ਬਿਹਤਰ ਹੁੰਦੀ ਹੈ, ਇਸ ਲਈ ਉਹਨਾਂ ਦੇ ਦਿਮਾਗ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ। ਇਹੀ ਸਿਧਾਂਤ ਉਹ ਆਈਨਸਟਾਈਨ 'ਤੇ ਲਾਗੂ ਕਰਦੇ ਹੋਏ ਇਹ ਸਿੱਧ ਕਰਨ 'ਚ ਲੱਗੇ ਰਹਿੰਦੇ ਹਨ ਕਿ ਆਈਨਸਟਾਈਨ ਦੇ ਦਿਮਾਗ ਦਾ ਇਹ ਜਾਂ ਉਹ ਹਿੱਸਾ ਜ਼ਿਆਦਾ ਵੱਡਾ ਸੀ, ਇਸ ਲਈ ਉਹਨਾਂ ਦੀ ਸਮਰੱਥਾ ਜ਼ਿਆਦਾ ਸੀ। ਇਹ ਠੀਕ ਹੈ ਕਿ ਵਿਅਕਤੀਆਂ 'ਚ ਜੈਵਿਕ ਭਿੰਨਤਾਵਾਂ ਹੁੰਦੀਆਂ ਹਨ, ਪਰ ਜੈਵਿਕ ਭਿੰਨਤਾਵਾਂ ਹੀ ਸਭ ਕੁਝ ਦਾ ਅਧਾਰ ਨਹੀਂ ਹਨ। ਵਿਅਕਤੀ ਦਾ ਪਾਲਣ-ਪੋਸ਼ਣ, ਉਸਦੀ ਖੁਰਾਕ ਅਤੇ ਉਸਨੂੰ ਮਿਲਣ ਵਾਲ਼ੀ ਸਿੱਖਿਆ ਦਿਮਾਗ ਦੇ ਵਿਕਾਸ ਨੂੰ ਵਧੇਰੇ ਵੱਡੀ ਹੱਦ ਤੱਕ ਪ੍ਰਭਾਵਿਤ ਕਰਦੇ ਹਨ। ਪਰ ਵਿਚਾਰਵਾਦ ਦੇ ਸ਼ਿਕਾਰ ਵਿਗਿਆਨੀ ਵੀ ਜੋ ਸਾਹਮਣੇ ਹੈ, ਉਸੇ ਨੂੰ ਮੁਕੰਮਲ ਸੱਚ ਮੰਨ ਲੈਂਦੇ ਹਨ, ਜੋ ਸਾਹਮਣੇ ਹੈ ਉਹ ਕਿਵੇਂ ਵਿਕਸਤ ਹੋਇਆ, ਇਸ ਸਵਾਲ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ। ਉਹ ਪ੍ਰਕਿਰਿਆ ਨੂੰ ਸਮੁੱਚ 'ਚ ਦੇਖਣ ਦੀ ਬਜਾਏ ਪ੍ਰਕਿਰਿਆ ਦੇ ਇੱਕ ਬਿੰਦੂ ਨੂੰ ਫੜ ਕੇ ਨਤੀਜੇ ਕੱਢਣ ਲੱਗਦੇ ਹਨ, ਸਿੱਟੇ ਵਜੋਂ ਵਿਗਿਆਨ ਦੀ ਅਹੀ-ਤਹੀ ਹੋ ਜਾਂਦੀ ਹੈ।

ਇੱਕ ਹੋਰ ਗੱਲ, ਭਾਵੇਂ ਧਰਮ ਅਜੋਕੇ ਦੌਰ 'ਚ ਵਿਗਿਆਨ ਦੇ ਵਿਕਾਸ 'ਚ ਜ਼ਿਆਦਾ ਅੜਿੱਕੇ ਡਾਹੁਣ ਦੇ ਸਮਰੱਥ ਨਹੀਂ ਰਿਹਾ, ਪਰ ਵਿਗਿਆਨ ਨੂੰ ਸਮੁੱਚੀ ਮਾਨਵਤਾ, ਸਮੁੱਚੇ ਲੋਕਾਂ ਤੇ ਖਾਸ ਕਰਕੇ ਕਿਰਤੀ ਲੋਕਾਂ ਤੱਕ ਲੈ ਕੇ ਜਾਣ, ਉਹਨਾਂ 'ਚ ਤਰਕਸ਼ੀਲਤਾ ਵਿਕਸਤ ਕਰਨ, ਉਹਨਾਂ ਦੀ ਸੂਝ ਉੱਚੀ ਚੁੱਕਣ ਤੇ ਆਪਣੀ ਹਾਲਤ ਨੂੰ ਸਮਝਣ ਤੇ ਉਸਨੂੰ ਬਦਲਣ ਲਈ ਸੰਘਰਸ਼ ਕਰਨ ਲਈ ਤਿਆਰ ਕਰਨ ਦੇ ਰਸਤੇ 'ਚ ਧਰਮ ਅੱਜ ਵੀ ਓਨਾ ਹੀ ਵੱਡਾ, ਸ਼ਾਇਦ ਪਹਿਲਾਂ ਨਾਲੋਂ ਵੀ ਵੱਡਾ ਅੜਿੱਕਾ ਹੈ। ਅੱਜ ਵੀ ਧਰਮਾਂ ਵਾਲ਼ੇ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਆੜ ਹੇਠ ਆਪਣੇ ਗੈਰ-ਵਿਗਿਆਨਕ, ਗੈਰ-ਤਰਕਸ਼ੀਲ ਤੇ ਮਨੁੱਖਤਾ-ਵਿਰੋਧੀ ਵਿਚਾਰਾਂ ਤੇ ਪ੍ਰਚਾਰ ਦੀ ਰੱਖਿਆ ਕਰਦੇ ਹਨ। ਜੇ ਕਿਸੇ ਸਮੇਂ ਵਿਗਿਆਨੀਆਂ ਨੇ ਵਿਗਿਆਨ ਦੇ ਵਿਕਾਸ ਲਈ ਧਰਮ ਨਾਲ਼ ਆਢਾ ਲਿਆ, ਤਾਂ ਅੱਜ ਦਾ ਮੁੱਖ ਕਾਰਜ ਉਹਨਾਂ ਵੱਲੋਂ ਜਮ੍ਹਾਂ ਕੀਤੇ ਗਿਆਨ ਦੇ ਭੰਡਾਰ ਨੂੰ ਲੋਕਾਂ ਤੱਕ ਲੈ ਕੇ ਜਾਣ ਦਾ ਹੈ, ਉਹਨਾਂ ਲੋਕਾਂ ਤੱਕ ਜਿਹੜੇ ਇਸ ਗਿਆਨ ਦੇ ਅਸਲੀ ਵਾਰਿਸ ਹਨ। ਕਿਉਂਕਿ ਹੁਣ ਸਵਾਲ ਵਿਗਿਆਨ ਦੇ ਕਿਤੇ ਵੱਡੇ ਪ੍ਰਸਾਰ ਦਾ ਹੈ, ਤਾਂ ਸੁਭਾਵਿਕ ਹੈ ਧਰਮ ਖਿਲਾਫ਼ ਲੜਾਈ ਪਹਿਲਾਂ ਨਾਲ਼ੋਂ ਵੀ ਗਹਿਗੱਚ ਹੋਵੇਗੀ।

**ਲਲਕਾਰ 'ਚੋ ਧੰਨਵਾਦ ਸਹਿਤ**

# ਕਾਲ਼ੇ ਕਾਨੂੰਨਾਂ ਖਿਲਾ.ਫ ਸੰਘਰਸ਼

## ਲੁਟੇਰੇ ਰਾਜ ਤੇ ਸੰਵਿਧਾਨ ਦੀ ਜਾਬਰ ਖ਼ਸਲਤ ਉਘਾੜੋ

**ਸੁਰਜੀਤ ਗੱਗ**

ਕਾਲੇ ਕਾਨੂੰਨ ਖਿਲਾਫ਼ ਸੰਘਰਸ਼ ਸਰਗਰਮੀ ਨੇ ਪੰਜਾਬ 'ਚ ਮੁੜ ਭਖਾਅ ਫੜ ਲਿਆ ਹੈ। ਪਹਿਲਾਂ ਵੀ ਬੀਤੇ ਕੁੱਝ ਸਾਲਾਂ ਦੌਰਾਨ ਬਾਦਲ ਹਕੂਮਤ ਵੱਲੋਂ ਲਿਆਂਦੇ ਗਏ ਦੋ ਕਾਲੇ ਕਾਨੂੰਨਾਂ ਖਿਲਾਫ਼ ਵਿਸ਼ਾਲ ਜਨਤਕ ਸੰਘਰਸ਼ ਦੇ ਦੋ ਗੇੜ ਚੱਲੇ ਹਨ। ਲੋਕ ਲਾਮਬੰਦੀ ਤੇ ਸੰਘਰਸ਼ ਦੇ ਜ਼ੋਰ ਇਹਨਾਂ ਨੂੰ ਲਾਗੂ ਕਰਨ ਤੋਂ ਰੋਕੀ ਰੱਖਿਆ ਸੀ ਤੇ ਵਾਪਸ ਵੀ ਕਰਵਾਏ ਸਨ। ਹੁਣ ਕਾਂਗਰਸ ਹਕੂਮਤ ਨੇ ਅਕਾਲੀ-ਭਾਜਪਾ ਹਕੂਮਤ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਕਦਮ ਵਧਾਉਂਦਿਆਂ 'ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ' ਨੂੰ ਲਾਗੂ ਕਰ ਦਿੱਤਾ ਹੈ। ਇਸਦੇ ਨਾਲ ਹੀ ਪੁਲਿਸ ਨੂੰ ਜਬਰ ਕਰਨ ਦੇ ਵਿਸ਼ੇਸ਼ ਅਧਿਕਾਰ ਦਿੰਦਾ 'ਪਕੋਕਾ' ਨਾਂ ਦਾ ਕਾਨੂੰਨ ਬਣਾਉਣ ਦਾ ਤੋਰਾ ਤੋਰ ਲਿਆ ਹੈ। ਕਾਂਗਰਸ ਦੇ ਇਹਨਾਂ ਕਦਮਾਂ ਖਿਲਾਫ਼ ਪੰਜਾਬ ਦੀ ਜਨਤਕ ਜਮਹੂਰੀ ਲਹਿਰ ਨੇ ਸੰਘਰਸ਼ ਦਾ ਰਾਹ ਫੜ ਲਿਆ ਹੈ। ਇਹਨਾਂ ਕਾਨੂੰਨਾਂ ਦੇ ਵਿਰੋਧ ਲਈ ਜਨਤਕ ਜਥੇਬੰਦੀਆਂ ਦਾ ਇੱਕ ਪਲੇਟਫਾਰਮ ਮੁੜ ਤੋਂ ਗਠਿਤ ਹੋ ਚੁੱਕਿਆ ਹੈ। ਜਿਲ੍ਹਾ ਪੱਧਰਾਂ 'ਤੇ ਜਨਤਕ ਵਫ਼ਦਾਂ ਵੱਲੋਂ ਮੰਗ ਪੱਤਰ ਦੇਣ ਅਤੇ 31 ਦਸੰਬਰ ਨੂੰ ਜਲੰਧਰ 'ਚ ਸੂਬਾਈ ਕਨਵੈਨਸ਼ਨ ਦੇ ਐਕਸ਼ਨ ਹੋ ਚੁੱਕੇ ਹਨ ਤੇ ਉਥੇ ਹੀ ਫਰਵਰੀ ਮਹੀਨੇ 'ਚ ਮਾਲਵਾ ਅਤੇ ਮਾਝਾ-ਦੁਆਬਾ ਖੇਤਰਾਂ 'ਚ ਹੋਣ ਵਾਲੇ ਵਿਸ਼ਾਲ ਜਨਤਕ ਇਕੱਠਾਂ ਦਾ ਐਲਾਨ ਹੋ ਚੁੱਕਿਆ ਹੈ। ਇਸ ਸਰਗਰਮੀ 'ਚ ਵੱਖ-ਵੱਖ ਸ਼ਕਤੀਆਂ ਆਪੋ-ਆਪਣੇ ਪੈਂਤੜਿਆਂ ਤੋਂ ਸਰਗਰਮ ਹਨ। ਇੱਕ ਨਜ਼ਰੀਆ ਮੌਜੂਦਾ ਭਾਰਤੀ ਰਾਜ ਨੂੰ ਜਮਹੂਰੀਅਤ ਸਵੀਕਾਰ ਕੇ ਚੱਲਣ ਦਾ ਨਜ਼ਰੀਆ ਹੈ, ਜਿਹੜਾ ਅਜਿਹੇ ਕਾਨੂੰਨਾਂ ਨੂੰ ਇਸ ਜਮਹੂਰੀਅਤ 'ਤੇ ਆਂਚ ਵਜੋਂ ਦੇਖਦਾ ਹੈ ਤੇ ਇਹਨਾਂ ਕਦਮਾਂ ਦਾ ਵਿਰੋਧ ਵੀ ਕਰਦਾ ਹੈ। ਉਹਨਾਂ ਦਾ ਨਜ਼ਰੀਆ ਮੌਜੂਦਾ ਸੰਵਿਧਾਨਕ ਜਮਹੂਰੀਅਤ ਨਾਲ ਬੇ-ਮੇਲ ਬਣਦੇ ਅਜਿਹੇ ਕਾਨੂੰਨ ਦੇ ਖਾਤਮੇ ਰਾਹੀਂ ਭਾਰਤੀ ਸੰਵਿਧਾਨ ਦੀ ਮਾਣ ਮਰਿਆਦਾ ਬਰਕਰਾਰ ਰੱਖਣ ਦਾ ਹੈ। ਜਦ ਕਿ ਦੂਸਰਾ ਨਜ਼ਰੀਆ ਭਾਰਤੀ ਜਮਹੂਰੀਅਤ ਨੂੰ ਇੱਕ ਦੰਭ ਸਮਝਦਾ ਹੈ ਤੇ ਇਸਨੂੰ ਇੱਕ ਆਪਾਸ਼ਾਹ ਜਾਬਰ ਰਾਜ ਵਜੋਂ ਦੇਖਦਾ ਹੈ। ਇਸ ਜਾਬਰ ਰਾਜ ਦੇ ਅਨੇਕਾਂ ਹੀ ਅਜਿਹੇ ਜਾਬਰ ਕਾਨੂੰਨ ਹਨ ਜੋ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਪੈਰ-ਪੈਰ 'ਤੇ ਕੁਚਲਦੇ ਹਨ। ਭਾਰਤੀ ਵੱਡੇ ਸਰਮਾਏਦਾਰਾਂ ਤੇ ਜਗੀਰਦਾਰਾਂ ਦੇ ਰਾਜ ਦੀ ਸਲਾਮਤੀ ਤੇ ਮਜ਼ਬੂਤੀ ਲਈ ਬਣਾਇਆ ਗਿਆ ਭਾਰਤੀ ਸੰਵਿਧਾਨ ਅਜਿਹੇ ਕਾਨੂੰਨਾਂ ਦੇ ਬਣਨ ਦਾ ਸੋਮਾ ਹੈ। ਭਾਰਤੀ ਰਾਜ ਤੇ ਸੰਵਿਧਾਨ ਦੀ ਮੂਲ ਖਸਲਤ ਹੀ ਲੋਕ ਦੋਖੀ ਹੈ ਤੇ ਇਹ ਕਿਰਤੀ ਲੋਕਾਂ ਨੂੰ ਦਬਾਕੇ ਰੱਖਣ ਦਾ ਹੀ ਸੰਦ-ਸਾਧਨ ਹੈ। ਲੋਕਾਂ ਦੀਆਂ ਲਹਿਰਾਂ 'ਤੇ ਜਬਰ ਦੇ ਝੱਖੜ ਝੁਲਾਉਣ, ਲੋਕ ਆਗੂਆਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ, ਝੂਠੇ ਕੇਸ ਮੜਨ ਤੇ ਜੇਲ੍ਹਾਂ 'ਚ ਸੁੱਟਣ ਤੇ ਲੋਕ ਲਹਿਰਾਂ 'ਤੇ ਪਾਬੰਦੀਆਂ ਮੜ੍ਹਨ ਦਾ ਇਸਦਾ ਦਹਾਕਿਆਂ ਦਾ ਲੰਮਾ ਅਮਲ ਹੈ। ਨਾਲ ਹੀ ਏਸੇ ਕਾਨੂੰਨ ਨੂੰ ਪੈਰਾਂ ਹੇਠ ਲਤੜਦੇ ਫੌਜੀ ਬਲਾਂ, ਫਿਰਕੂ ਟੋਲਿਆਂ, ਗੁੰਡਾ ਗ੍ਰੋਹਾਂ ਤੇ ਸਿਆਸੀ ਨੇਤਾਵਾਂ ਨੂੰ ਮਾਮੂਲੀ ਆਂਚ ਵੀ ਨਾ ਆਉਣ ਦੀਆਂ ਉਦਾਹਰਨਾਂ ਪੈਰ ਪੈਰ 'ਤੇ ਹਨ। ਇਸ ਨਜ਼ਰੀਏ ਅਨੁਸਾਰ ਮੌਜੂਦਾ ਕਾਨੂੰਨਾਂ ਖਿਲਾਫ਼ ਸਰਗਰਮੀ ਦਾ ਤੱਤ ਅਸਲ 'ਚ ਮੌਜੂਦਾ ਭਾਰਤੀ ਲੁਟੇਰੇ ਰਾਜ ਤੇ ਸੰਵਿਧਾਨ ਖਿਲਾਫ਼ ਲੋਕਾਂ 'ਚ ਚੇਤਨਾ ਤੇ ਸੋਝੀ ਦਾ ਪਸਾਰਾ ਕਰਨ ਦਾ ਬਣਨਾ ਚਾਹੀਦਾ ਹੈ। ਇਸ ਰਾਜ ਨੂੰ ਬਦਲਣ ਤੇ ਲੋਕਾਂ ਦੀ ਪੁੱਗਤ ਦਾ ਰਾਜ ਸਿਰਜਣ ਲਈ ਮੌਜੂਦਾ ਰਾਜ ਤੇ ਇਸਦੇ ਕਾਇਦੇ ਕਾਨੂੰਨਾਂ ਨੂੰ ਮੁੱਢੋਂ ਬਦਲਣ ਦੀ ਲੋੜ ਦਾ ਅਹਿਸਾਸ ਜਗਾਉਣ ਵਾਲਾ ਹੋਣਾ ਚਾਹੀਦਾ ਹੈ। ਉਪਰੋਕਤ ਮਕਸਦ ਤੋਂ ਬਿਨਾਂ ਕੀਤੀ ਸਰਗਰਮੀ ਸੀਮਤ ਤੇ ਸੌੜੇ ਦਾਇਰੇ 'ਚ ਹੀ ਰਹੇਗੀ। ਬਿਨਾਂ ਸ਼ੱਕ, ਸਮੁੱਚੇ ਭਾਰਤੀ ਸੰਵਿਧਾਨ ਤੇ ਭਾਰਤੀ ਰਾਜ ਦੇ ਜਾਬਰ ਕਿਰਦਾਰ ਬਾਰੇ ਸੋਝੀ ਦਾ ਪਸਾਰਾ ਵੀ ਲੋਕ ਸਮੂਹਾਂ ਦੇ ਮੌਜੂਦਾ ਚੇਤਨਾ ਪੱਧਰ ਨਾਲ ਜੁੜਕੇ ਹੀ ਹੋ ਸਕਦਾ ਹੈ। ਉਸ ਤੋਂ ਬਿਨਾਂ ਅਜਿਹਾ ਪ੍ਰਚਾਰ ਲੋਕਾਂ ਤੋਂ ਟੁੱਟੀ ਤੇ ਨਿੱਖੜੀ ਹੋਈ ਰਸਮੀ ਕਾਰਵਾਈ ਬਣਕੇ ਰਹਿ ਜਾਂਦਾ ਹੈ।

ਮੌਜੂਦਾ ਤਾਜ਼ੇ ਕਾਲੇ ਕਾਨੂੰਨਾਂ ਖਿਲਾਫ਼ ਹਰਕਤ 'ਚ ਆ ਰਹੀ ਜਨਤਕ ਜਮਹੂਰੀ ਲਹਿਰ ਨੂੰ ਹੁਣ ਵੀ ਸਿਰਫ ਨਵੇਂ ਆਏ ਕਾਨੂੰਨ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਉਹਨਾਂ ਕਾਨੂੰਨਾਂ ਜਿੰਨ੍ਹਾਂ ਦਾ ਲੋਕ ਸੰਘਰਸ਼ਾਂ ਨਾਲ ਸਿੱਧੇ ਤੌਰ 'ਤੇ ਟਕਰਾਅ ਸਾਹਮਣੇ ਆਉਂਦਾ ਹੈ, ਨੂੰ ਵੀ ਹਮਲੇ ਹੇਠ ਲਿਆਉਣਾ ਚਾਹੀਦਾ ਹੈ, ਜਿਵੇਂ ਦਫ਼ਾ 144 ਵਰਗੇ ਕਾਨੂੰਨ। ਇਸ ਤੋਂ ਅੱਗੇ ਧਾਰਮਕ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਦੇ ਨਾਂ 'ਤੇ ਲੇਖਕਾਂ ਕਲਾਕਾਰਾਂ ਤੇ ਜਮਹੂਰੀ ਕਾਮਿਆਂ ਖਿਲਾਫ਼ ਵਰਤੀਆਂ ਜਾਂਦੀਆਂ 295 ਏ ਤੇ 153 ਏ ਵਰਗੀਆਂ ਧਾਰਾਵਾਂ ਨੂੰ ਵੀ ਰੱਦ ਕਰਨ ਦੀ ਮੰਗ ਉਠਾਉਣੀ ਚਾਹੀਦੀ ਹੈ। ਜਿਹਨਾਂ ਦੀ ਬੀਤੇ ਮਹੀਨਿਆਂ ਦੌਰਾਨ ਹੀ ਹੋਈ ਵਰਤੋਂ ਕਾਰਨ ਸਾਹਿਤਕ ਤੇ ਜਮਹੂਰੀ ਹਲਕਿਆਂ ਵੱਲੋਂ ਜੋਰਦਾਰ ਨਿੰਦਾ ਹੋਈ ਹੈ। ਇਉਂ ਮੌਜੂਦਾ ਜਨਤਕ ਜਾਇਦਾਦ ਤੇ ਨੁਕਸਾਨ ਰੋਕੂ ਕਾਨੂੰਨ ਸਮੇਤ ਅਜਿਹੇ ਕਈ ਕਾਨੂੰਨਾਂ ਦੀ ਸੂਚੀ ਬਣ ਜਾਂਦੀ ਹੈ ਜਿਨ੍ਹਾਂ ਨੂੰ ਸਮੁੱਚੇ ਤੌਰ 'ਤੇ ਵਿਰੋਧ ਦਾ ਨਿਸ਼ਾਨਾ ਬਣਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਜਨਤਾ ਦੀਆਂ ਹੋਰ ਅਗਲੇਰੀਆਂ ਪਰਤਾਂ ਦੀ ਸ਼ਮੂਲੀਅਤ ਦੀਆਂ ਗੁੰਜਾਇਸ਼ਾਂ ਵੀ ਵਧ ਜਾਂਦੀਆਂ ਹਨ ਤੇ ਲਾਮਬੰਦੀ ਦਾ ਹੋਰ ਪਸਾਰਾ ਹੁੰਦਾ ਹੈ। ਇਸ ਸੂਚੀ ਦੀ ਮੌਜੂਦਗੀ ਆਪਣੇ ਆਪ 'ਚ ਹੀ ਜਨ ਸਮੂਹ ਨੂੰ ਭਾਰਤੀ ਰਾਜ ਤੇ ਕਾਨੂੰਨਾਂ ਦੀ ਖਸਲਤ ਦੀ ਸੋਝੀ ਦੇਣ 'ਚ ਵੀ ਅਹਿਮ ਅਧਾਰ ਸਮੱਗਰੀ ਬਣ ਜਾਂਦੀ ਹੈ।

ਇਹਨਾਂ ਕਾਨੂੰਨਾਂ ਖਿਲਾਫ਼ ਸੰਘਰਸ਼ 'ਚ ਵਿਸ਼ਾਲ ਜਨ ਸਮੂਹਾਂ ਨੂੰ ਉਭਾਰਨ ਲਈ ਲਾਜ਼ਮੀ ਹੀ ਉਹਨਾਂ ਦੇ ਤਬਕਾਤੀ ਮੰਗਾਂ ਮਸਲਿਆਂ ਦੀਆਂ ਸਰਗਰਮੀਆਂ ਨਾਲ ਕਾਨੂੰਨਾਂ ਦੇ ਵਿਰੋਧ ਦੀ ਸਰਗਰਮੀ ਨੂੰ ਗੁੰਦਣਾ ਚਾਹੀਦਾ ਹੈ। ਇਹਨਾਂ ਕਾਨੂੰਨਾਂ ਦਾ ਉਹਨਾਂ ਦੇ ਫੌਰੀ ਤੇ ਲੰਮੇ ਦਾਅ ਦੇ ਆਰਥਿਕ ਜਮਹੂਰੀ ਹਿਤਾਂ ਨਾਲ ਟਕਰਾਅ ਦਿਖਾਉਣਾ ਚਾਹੀਦਾ ਹੈ। ਖਾਸ ਕਰਕੇ ਕਾਂਗਰਸ ਹਕੂਮਤ ਦੇ ਮੌਜੂਦਾ ਤਾਜ਼ੇ ਆਰਥਿਕ ਹਮਲੇ ਦੀ ਹਾਲਤ ਉਘਾੜ ਕੇ ਦਰਸਾਉਣ ਦੀ ਜ਼ਰੂਰਤ ਹੈ ਜੋ ਸਾਂਝੇ ਸੰਘਰਸ਼ਾਂ ਦੀ ਲੋੜ ਨੂੰ ਹੋਰ ਵੱਧ ਤਿੱਖੇ ਰੂਪ 'ਚ ਪੇਸ਼ ਕਰਦੀ ਹੈ। ਹਕੂਮਤ ਦੇ ਆਰਥਿਕ ਤੇ ਜਾਬਰ ਹੱਲੇ ਨੂੰ ਜੜੁੱਤ ਰੂਪ 'ਚ ਪੇਸ਼ ਕਰਨਾ ਚਾਹੀਦਾ ਹੈ। ਅਜਿਹੀ ਗੁੰਦਵੀਂ ਸਰਗਰਮੀ ਤੋਂ ਬਿਨਾਂ ਇਹਨਾਂ ਕਾਲੇ ਕਾਨੂੰਨਾਂ ਖਿਲਾਫ਼ ਸਰਗਰਮੀ ਵਿਕਸਤ ਤੇ ਚੇਤਨ ਪਰਤਾਂ ਦੀ ਸਰਗਰਮੀ ਬਣ ਕੇ ਰਹਿ ਜਾਵੇਗੀ ਜਦ ਕਿ ਇਹਨਾਂ ਵਿਕਸਿਤ ਪਰਤਾਂ ਦੀ ਸੋਝੀ ਦੇ ਅਗਲੇਰੇ ਵਿਕਾਸ ਲਈ ਤੇ ਉਹਨਾਂ ਨੂੰ ਲਾਮਬੰਦ ਕਰਨ ਲਈ ਇਨਕਲਾਬੀ ਜਮਹੂਰੀ ਤੇ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਨੂੰ ਆਪਣੇ ਪਲੇਟਫਾਰਮਾਂ ਤੋਂ ਵੱਖਰੇ ਤੌਰ 'ਤੇ ਵੀ ਸਰਗਰਮ ਹੋਣ ਦੀ ਲੋੜ ਹੈ। ਇਸ ਮੌਕੇ ਭਾਰਤੀ ਰਾਜ ਤੇ ਸੰਵਿਧਾਨ ਦੀ ਖਸਲਤ ਉਘਾੜਨ ਤੇ ਇਸਦੀ ਇਨਕਲਾਬੀ ਤਬਦੀਲੀ ਦੀ ਜ਼ਰੂਰਤ ਉਭਾਰਨ ਲਈ ਵਿਸ਼ੇਸ਼ ਸਾਜਗਾਰ ਹਾਲਤ ਬਣਦੀ ਹੈ। ਕਾਲੇ ਕਾਨੂੰਨਾਂ ਖਿਲਾਫ ਸਰਗਰਮ ਹੋਈ ਵਿਸ਼ਾਲ ਜਨਤਾ ਦੇ ਵੱਡੇ ਹਿੱਸਿਆਂ ਨੂੰ ਅਜਿਹੀ ਅਸਰਦਾਰ ਸਰਗਰਮੀ 'ਚ ਸਮੋਣ ਤੇ ਇਨਕਲਾਬੀ ਸਿਆਸਤ ਦਾ ਸੰਚਾਰ ਕਰਨ ਲਈ ਜੋਰਦਾਰ ਯਤਨ ਜਟਾਉਣੇ ਚਾਹੀਦੇ ਹਨ। ਜਿਵੇਂ ਗਣਤੰਤਰ ਦਿਵਸ ਵਰਗੇ ਮੌਕਿਆਂ 'ਤੇ ਵੀ ਭਾਰਤੀ ਸੰਵਿਧਾਨ ਦੀ ਜਮਾਤੀ ਖਸਲਤ ਨੂੰ ਉਘਾੜਨਾ ਚਾਹੀਦਾ ਹੈ। ਪੰਜਾਬ ਦੀ ਜਮਹੂਰੀ ਹੱਕਾਂ ਦੀ ਲਹਿਰ ਦੇ ਕਾਰਕੁੰਨਾਂ ਲਈ ਵੀ ਇਹ ਅਹਿਮ ਮੌਕਾ ਹੈ ਜਦੋਂ ਉਹ ਮੌਜੂਦਾ ਕਾਨੂੰਨਾਂ ਦੇ ਸੀਮਤ ਪ੍ਰਸੰਗ ਤੋਂ ਅੱਗੇ ਜਾਂਦਿਆਂ, ਜਮਹੂਰੀ ਹੱਕਾਂ ਦੀ ਚੇਤਨਾ ਦੇ ਪਸਾਰੇ ਲਈ ਵਿਸ਼ੇਸ਼ ਯਤਨ ਜੁਟਾ ਸਕਦੇ ਹਨ ਤੇ ਸਰਗਰਮੀ 'ਚ ਮੌਜੂਦ ਬੁਨਿਆਦੀ ਕਿਰਤੀ ਜਨਤਾ ਵੱਲ ਰੁਖ ਕਰ ਸਕਦੇ ਹਨ। ਪਰ ਅਜਿਹੀ ਉੱਚ ਪੱਧਰੀ ਚੇਤਨਾ ਵਾਲੀ ਸਰਗਰਮੀ ਨੂੰ ਫੌਰੀ ਕਾਲੇ ਕਾਨੂੰਨਾਂ ਦੇ ਖਿਲਾਫ਼ ਜਨਤਕ ਸੰਘਰਸ਼ ਸਰਗਰਮੀ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ, ਸਗੋਂ ਇਉਂ ਵਿਉਂਤਣਾ ਚਾਹੀਦਾ ਹੈ ਕਿ ਇਹ ਲੜ ਇੱਕ ਦੂਜੇ ਨੂੰ ਤਕੜਾਈ ਦੇਣ ਦਾ ਸਾਧਨ ਬਣਨ।

ਅਸਰਦਾਰ ਵਿਰੋਧ ਲਹਿਰ ਉਸਾਰਨ ਲਈ ਜਨਤਕ ਘੋਲ ਸਰਗਰਮੀ ਦੇ ਪਲੇਟਫਾਰਮ 'ਚ ਹੋਰ ਵਧੇਰੇ ਹਿੱਸਿਆਂ ਨੂੰ ਸ਼ਾਮਲ ਕਰਨ ਦੀ ਪਹੁੰਚ ਰਹਿਣੀ ਚਾਹੀਦੀ ਹੈ ਤੇ ਇਸ ਦੇ ਠੀਕ ਸੰਚਾਲਨ ਦੀਆਂ ਜ਼ਰੂਰਤਾਂ ਨੂੰ ਸਭਨਾਂ ਹਿੱਸਿਆਂ ਦੀ ਬਰਾਬਰੀ ਦੇ ਅਧਾਰ 'ਤੇ ਸ਼ਮੂਲੀਅਤ ਨਾਲ ਟਕਰਾਅ 'ਚ ਨਹੀਂ ਆਉਣ ਦੇਣਾ ਚਾਹੀਦਾ। ਇਸਨੂੰ ਤਾਲਮੇਲਵੀਂ ਸਰਗਰਮੀ ਦੇ ਸੰਕਲਪ ਦੇ ਅਧਾਰ 'ਤੇ ਚਲਾਉਂਦਿਆਂ ਸਭਨਾਂ ਦੀ ਬਰਾਬਰੀ ਦਾ ਅਸੂਲ ਲਾਗੂ ਕਰਨਾ ਚਾਹੀਦਾ ਹੈ ਤੇ ਸਾਂਝੀ ਰਜ਼ਾ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਕਿਸੇ ਵਿਸ਼ੇਸ਼ ਤਬਕੇ ਜਾਂ ਜਥੇਬੰਦੀਆਂ ਦੀ ਵਿਸ਼ੇਸ਼ ਹੈਸੀਅਤ ਦਾ ਕੋਈ ਵੀ ਪੈਮਾਨਾ ਹੋਰਨਾਂ ਨੂੰ ਦੂਰ ਧੱਕਣ ਦਾ ਸਾਧਨ ਬਣਦਾ ਹੈ। ਸਭਨਾਂ ਨੂੰ ਵਿਤ ਤੇ ਹਾਲਤਾਂ ਅਨੁਸਾਰ ਸਰਗਰਮ ਹੋਣ ਦੀਆਂ ਗੁੰਜਾਇਸ਼ਾਂ ਹੋਣੀਆਂ ਚਾਹੀਦੀਆਂ ਹਨ। ਅਜਿਹੀ ਪਹੁੰਚ ਨਾਲ ਹੀ ਇਹ ਸੰਘਰਸ਼ ਸਰਗਰਮੀ ਹੋਰ ਵਧੇਰੇ ਵਿਸ਼ਾਲ ਤੇ ਵਿਆਪਕ ਪੈਮਾਨੇ 'ਤੇ ਜਾ ਸਕਦੀ ਹੈ ਤੇ ਨਵੇਂ ਤੋਂ ਨਵੇਂ ਸੰਘਰਸ਼ਸ਼ੀਲ ਹਿੱਸਿਆਂ ਨੂੰ ਕਲਾਵੇ 'ਚ ਲੈ ਸਕਦੀ ਹੈ।

**ਸੁਰਖ ਲੀਹ 'ਚੋ ਧੰਨਵਾਦ ਸਹਿਤ**

# ਪਿਛਲੇ ਦਸ ਦਿਨਾਂ ਦੀ ਡਾਇਰੀ



ਸੁਕੀਰਤ

**2 ਜਨਵਰੀ 2018 (2 ਵਜੇ ਦੁਪਹਿਰ)**

ਮੁੰਬਈ ਸ਼ਹਿਰ ਤੋਂ 100 ਕਿਲੋਮੀਟਰ ਦੱਖਣ-ਵੰਨੀ ਵਸਦੇ ਇਕ ਛੋਟੇ ਜਿਹੇ ਪਿੰਡ ਮੇਰੇ ਵਕਤੀ ਕਿਆਮ ਦੌਰਾਨ ਕਿਸੇ ਦਾ ਫੋਨ ਆਉਣ 'ਤੇ ਖਬਰ ਮਿਲਦੀ ਹੈ ਕਿ ਸ਼ਹਿਰ ਦੇ ਕਈ ਹਿਸਿਆਂ ਵਿਚ ਮੁਜ਼ਾਹਰੇ ਹੋ ਰਹੇ ਹਨ ਅਤੇ ਆਵਾਜਾਈ ਵੀ ਠੱਪ ਹੈ। ਫੌਰਨ ਟੀ.ਵੀ. ਚਾਲੂ ਕਰਨ 'ਤੇ ਸਥਾਨਕ ਮਰਾਠੀ ਚੈਨਲਾਂ ਤੋਂ ਪਤਾ ਲਗਦਾ ਹੈ ਕਿ ਇਕ ਦਿਨ ਪਹਿਲਾਂ ਪੂਣੇ ਦੇ ਨੇੜੇ ਕੁਝ ਝੜਪਾਂ ਹੋਈਆਂ ਸਨ ਜਿਨ੍ਹਾਂ ਵਿਚ ਇਕ ਦਲਿਤ ਨੌਜਵਾਨ ਮਾਰਿਆ ਗਿਆ। ਮੁਜ਼ਾਹਰਾਕਾਰੀਆਂ ਦਾ ਕਹਿਣਾ ਹੈ ਕਿ ਇਕ ਤਾਂ ਮੁਖ-ਧਾਰਾ ਦੇ ਟੀ ਵੀ ਚੈਨਲਾਂ ਨੇ ਦਲਿਤਾਂ ਉਤੇ ਹੋਏ ਇਸ ਸਪਸ਼ਟ ਹਮਲੇ ਨੂੰ ਨਿਰੋਲ ਝੜਪਾਂ ਕਹਿ ਕੇ ਪੋਚਾ-ਪਾਚੀ ਕਰ ਦਿਤੀ, ਅਤੇ ਦੂਜੇ ਇਸ ਗਲ ਦਾ ਜ਼ਿਕਰ ਤਕ ਨਾ ਕੀਤਾ ਕਿ ਇਸ ਹਿੰਸਾ ਦੌਰਾਨ ਇਕ ਦਲਿਤ ਮਾਰਿਆ ਵੀ ਗਿਆ। ਉਹ ਹਮਲਾ ਕਰਨ ਵਾਲਿਆਂ ਨੂੰ ਗਿਰਫ਼ਤਾਰ ਕਰਨ ਦੀ ਮੰਗ ਲੈ ਕੇ ਮੁੰਬਈ ਦੀਆਂ ਸੜਕਾਂ ਉਤੇ ਉਤਰ ਆਏ ਹਨ। ਉਨ੍ਹਾਂ ਦਾ ਇਹ ਰੋਸ ਪ੍ਰਗਟਾਵਾ ਟੀ ਵੀ ਚੈਨਲਾਂ ਅਤੇ ਸਰਕਾਰ, ਦੋਹਾਂ ਦੇ ਦਲਿਤ ਵਿਰੋਧੀ ਵਤੀਰੇ ਵਿਰੁਧ ਹੈ।

ਅਜੇ ਕਲ੍ਹ ਹੀ ਤਾਂ ਮੈਂ ਮੁੰਬਈ ਤੋਂ ਆਇਆ ਹਾਂ, ਜਿਥੇ ਨਵੇਂ ਸਾਲ ਦੀ ਆਮਦ ਦੀਆਂ ਰੌਣਕਾਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ ਲਭਦਾ। ਪਰ ਹੁਣ 3 ਜਨਵਰੀ ਨੂੰ ਪੂਰੇ ਮਹਾਰਾਸ਼ਟਰ ਬੰਦ ਦਾ ਸੱਦਾ ਦੇ ਦਿਤਾ ਗਿਆ ਹੈ। ਸਮਝ ਨਹੀਂ ਆ ਰਹੀ ਕਿ ਅਚਾਨਕ ਸਥਿਤੀ ਵਿਗੜ ਕਿਉਂ ਗਈ।

**2 ਜਨਵਰੀ 2018, ( ਸ਼ਾਮ 8 ਵਜੇ)**

ਹੁਣ ਤਕ ਇੰਟਰਨੈਟ ਉਤੇ ਖਬਰਾਂ ਫਰੋਲਣ ਅਤੇ ਕਈ ਚੈਨਲਾਂ ਦੇ ਬਟਨ ਦੱਬਣ ਤੋਂ ਬਾਅਦ ਇਹ ਸਮਝ ਪੈਣੀ ਸ਼ੁਰੂ ਹੋ ਗਈ ਹੈ ਕਿ ਪਿਛਲੇ ਦਿਨ ਪੂਣੇ ਵਿਚ ਭੀਮਾ-ਕੋਰੇਗਾਓਂ ਲੜਾਈ ਦੀ 200-ਵੀਂ ਵਰ੍ਹੇ ਗੰਢ ਮਨਾਈ ਜਾ ਰਹੀ ਸੀ ਜਿਸਨੂੰ ਦਲਿਤ ਸਮੂਹ ਕਈ ਸਾਲਾਂ ਤੋਂ 'ਬਹਾਦਰੀ ਦਿਵਸ' ਵਜੋਂ ਮਨਾਉਂਦੇ ਆ ਰਹੇ ਹਨ। ਇਸ ਲੜਾਈ ਵਿਚ ਬ੍ਰਾਹਮਣ ਜਾਤੀ ਦੇ ਪੇਸ਼ਵਾ ਸ਼ਾਸਕਾਂ ਦੀ ਹਾਰ ਹੋਈ ਸੀ, ਅਤੇ ਅਖਾਉਤੀ 'ਹੇਠਲੀਆਂ ਜਾਤਾਂ' ਦੇ ਸਿਪਾਹੀਆਂ ਨਾਲ ਲੈਸ ਅੰਗਰੇਜ਼ ਫ਼ੌਜ ਦੀ ਜਿਤ। ਮਹਾਰਾਸ਼ਟਰ ਦੇ ਦਲਿਤ ਇਸਨੂੰ ਅੰਗਰੇਜ਼ਾਂ ਦੀ ਜਿਤ ਨਹੀਂ, ਆਪਣੇ ਉਤੇ ਜ਼ੁਲਮ ਕਰਨ ਵਾਲੇ ਪੇਸ਼ਵਾ ਸ਼ਾਸਕਾਂ ਦੀ ਹਾਰ ਵਜੋਂ ਯਾਦ ਕਰਦੇ ਹਨ। ਅਤੇ ਏਸੇ ਕਾਰਨ ਔਖੇ ਹੋਏ ਕੁਝ ਹਿੰਦੁਤਵਵਾਦੀ/ਬ੍ਰਾਹਮਣਵਾਦੀ ਅਨਸਰਾਂ ਨੇ ਪਿਛਲੇ ਦਿਨ ਇਸ ਦਿਨ ਨੂੰ ਮਨਾਉਣ ਲਈ ਜੁੜੇ ਦਲਿਤਾਂ ਉਤੇ ਹਮਲਾ ਕਰ ਦਿਤਾ ਸੀ। ਹਮਲਾਕਾਰਾਂ ਨੂੰ ਉਕਸਾਉਣ ਵਾਲੇ ਬਿਆਨ ਦੇਣ ਵਾਲੇ ਆਰ ਐਸ ਐਸ ਪਰਚਾਰਕਾਂ ਸ਼ੰਭਾਜੀ ਭਿਡੇ ਅਤੇ ਮਿਲਿੰਦ ਏਕਬੋਟੇ ਦੇ ਨਾਂਅ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਹੁਣ ਤਸਵੀਰ ਮੈਨੂੰ ਕੁਝ ਸਪਸ਼ਟ ਹੋ ਰਹੀ ਹੈ ਕਿ ਅਚਾਨਕ ਇਹੋ ਜਿਹਾ ਟਕਰਾਅ ਕਿਵੇਂ ਪੈਦਾ ਹੋ ਸਕਿਆ।

ਏਨੇ ਨੂੰ ਮੇਰੇ ਮੇਜ਼ਬਾਨ ਦਾ ਕਾਮਾ ਪ੍ਰਮੋਦ ਕੁਝ ਸੌਦਾ-ਪੱਤਾ ਪੁਚਾਉਣ ਆਂਦਾ ਹੈ, ਅਤੇ ਨਾਲ ਹੀ ਇਹ ਖਬਰ ਵੀ: 'ਇਹ ਸਾਰੀ ਗੜਬੜ ਗੁਜਰਾਤ ਵਿਚ ਨਵੇਂ ਬਣੇ ਆਮਦਾਰ (ਐਮ ਐਲ ਏ ਲਈ ਮਰਾਠੀ ਸ਼ਬਦ) ਜਿਗਨੇਸ਼ ਮੇਵਾਨੀ ਨੇ ਕਰਾਈ ਹੈ'। ਮੈਂ ਇਸ ਅਫ਼ਵਾਹ ਉਤੇ ਯਕੀਨ ਕਰਨੋਂ ਇਨਕਾਰੀ ਹਾਂ ਪਰ ਪ੍ਰਮੋਦ ਮੁਤਾਬਕ ਖਬਰ ਬਿਲਕੁਲ ਪੱਕੀ ਹੈ।

**3 ਜਨਵਰੀ 2018**

ਪਿਛਲੀ ਰਾਤ ਮੈਂ ਪ੍ਰਮੋਦ ਦੀ ਲਿਆਂਦੀ ਖਬਰ ਨੂੰ ਸਥਾਨਕ ਅਫ਼ਵਾਹ ਸਮਝ ਕੇ ਰਦ ਕਰ ਦਿਤਾ ਸੀ ਪਰ ਹੁਣ ਇਹੋ 'ਖਬਰ' ਮੁਖ ਧਾਰਾ ਦੇ ਕੁਝ ਸਰਕਾਰਪ੍ਰਸਤ ਚੈਨਲਾਂ ਨੇ ਵੀ ਚੁਕ ਲਈ ਹੈ ਅਤੇ ਜਿਗਨੇਸ਼ ਮੇਵਾਨੀ ਦੇ ਨਾਲ ਨਾਲ ਜੇ.ਐਨ. ਯੂ. ਵਾਲੇ ਉਮਰ ਖਾਲਿਦ ਦਾ ਨਾਂਅ ਵੀ ਜੋੜ ਦਿਤਾ ਗਿਆ ਹੈ ਜੋ 'ਦਲਿਤਾਂ ਨੂੰ ਉਕਸਾਉਣ ਅਤੇ ਗੜਬੜ ਕਰਾਉਣ ਲਈ ਮੌਕੇ ਤੇ ਮੌਜੂਦ ਸਨ'। ਕੁਝ ਚਿਰ ਮਗਰੋਂ ਇਸ 'ਖਬਰ' ਵਿਚ ਹਲਕੀ ਜਿਹੀ ਸੋਧ ਕੀਤੀ ਜਾਂਦੀ ਹੈ। ਜਿਗਨੇਸ਼ ਅਤੇ ਖਾਲਿਦ ਭੀਮਾ-ਕੋਰੇਗਾਓਂ ਵਿਚ ਮੌਜੂਦ ਨਹੀਂ ਸਨ ਪਰ ਘਟਨਾ ਤੋਂ ਇਕ ਦਿਨ ਪਹਿਲਾਂ ਦਲਿਤਾਂ ਨੂੰ ਉਕਸਾਉਣ ਲਈ ਆਏ ਸਨ, ਜਿਸ ਕਾਰਨ 'ਝੜਪਾਂ ਦਾ ਇਹੋ ਜਿਹਾ ਮਾਹੌਲ ਬਣ ਗਿਆ'। ਟੀ.ਵੀ. ਉਤੇ ਹੋ ਰਹੀ ਤੂੰ-ਤੂੰ ਮੈਂ-ਮੈਂ ਵਿਚ ਇਸ ਸਵਾਲ ਦਾ ਜਵਾਬ ਕੋਈ ਨਹੀਂ ਦੇ ਰਿਹਾ ਕਿ ਦਲਿਤ ਸਮੂਹਾਂ ਦੇ ਇਸ ਸਮਾਰੋਹ ਵਿਚ 'ਉਤਲੀਆਂ ਜਾਤਾਂ' ਵਾਲੇ ਕਿਸ ਮਨਸ਼ਾ ਨਾਲ ਅਤੇ ਕਿਹੋ ਜਿਹੇ ਹਥਿਆਰਾਂ ਨਾਲ ਲੈਸ ਹੋ ਕੇ ਸ਼ਾਮਲ ਹੋਣ ਆਏ ਸਨ ਕਿ ਮਾਰਿਆ ਵੀ ਓਥੇ ਵੀ ਦਲਿਤ ਹੀ ਗਿਆ?

ਦੂਜੇ ਪਾਸੇ ਮਹਾਰਾਸ਼ਟਰ ਬੰਦ ਦੇ ਕਾਰਨ ਸੂਬੇ ਵਿਚ ਬਹੁਤ ਥਾਂਈਂ ਆਵਾਜਾਈ ਜ਼ਰੂਰ ਠੱਪ ਰਹੀ , ਪਰ ਸ਼ੁਕਰ ਹੈ ਦਿਨ ਕਿਸੇ ਵੀ ਕਿਸਮ ਦੀ ਹਿੰਸਾ ਤੋਂ ਬਿਨਾ ਲੰਘ ਗਿਆ।

**4 ਜਨਵਰੀ 2018**

ਜਿਗਨੇਸ਼ ਅਤੇ ਖਾਲਿਦ ਬਾਰੇ ਤਾਬੜਤੋੜ ਵਿਹੁਲਾ ਪਰਚਾਰ ਜਾਰੀ ਹੈ। ਮੁਖ ਧਾਰਾ ਦੇ ਕੁਝ ਸਰਕਾਰਪ੍ਰਸਤ ਚੈਨਲਾਂ ਰਾਹੀਂ ਸਿਰਫ਼ ਪ੍ਰਮੋਦ ਵਰਗੇ ਸਥਾਨਕ ਪੇਂਡੂ ਕਾਮਿਆਂ ਹੀ ਨਹੀਂ, ਦੇਸ ਭਰ ਦੇ ਸ਼ਹਿਰੀ ਦਰਸ਼ਕਾਂ ਨੂੰ ਵੀ ਭੰਬਲਭੂਸੇ ਵਿਚ ਪਾਇਆ ਜਾ ਰਿਹਾ ਜਿਵੇਂ ਇਹ ਦੋਵੇਂ ਹੀ ਮਹਾਰਾਸ਼ਟਰ ਦੇ ਮਾਹੌਲ ਨੂੰ ਖਰਾਬ ਕਰਨ ਆਏ ਹੋਣ। ਅਜਿਹੇ ਇਲਜ਼ਾਮਾਂ ਨੂੰ ਸਿਧ ਕਰਨ ਲਈ ਇਹ ਚੈਨਲ ਵਾਰ ਵਾਰ ਇਕੋ ਗਲ ਦੁਹਰਾ ਰਹੇ ਹਨ ਕਿ ਵਾਰਦਾਤ ਤੋਂ ਇਕ ਦਿਨ ਪਹਿਲਾਂ ਦਲਿਤਾਂ ਨੂੰ ਉਕਸਾਉਣ ਲਈ ਇਹ ਦੋਵੇਂ ਪੂਣੇ ਵਿਚ ਮੌਜੂਦ ਸਨ। ਸੋਸ਼ਲ ਮੀਡੀਆ ਉਤੇ ਵੀ ਇਨ੍ਹਾਂ ਦੁਹਾਂ ਨੂੰ 'ਦੇਸ਼ ਧਰੋਹੀ' ਗਰਦਾਨਣ ਲਈ ਪੂਰਾ ਤ੍ਰਾਣ ਲਾਇਆ ਜਾ ਰਿਹਾ ਹੈ।

ਨਾਲ ਹੀ ਇਹ ਖਬਰ ਵੀ ਵਾਰ-ਵਾਰ ਪਰਸਾਰੀ ਜਾ ਰਹੀ ਹੈ ਕਿ ਜਿਗਨੇਸ਼ ਮੇਵਾਨੀ ਨੂੰ ਮੁੰਬਈ ਵਿਚ ਰੈਲੀ ਕਰਨ ਦੀ ਇਜਾਜ਼ਤ ਦੇਣ ਤੋਂ ਮਹਾਰਾਸ਼ਟਰ ਸਰਕਾਰ ਨੇ ਨਾਂਹ ਕਰ ਦਿਤੀ ਹੈ।

**5 ਜਨਵਰੀ 2018**

ਉਮਰ ਖਾਲਿਦ ਇਕ ਲੇਖ ਰਾਹੀਂ ਸਪਸ਼ਟ ਕਰਦਾ ਹੈ ਕਿ 31 ਦਸੰਬਰ ਨੂੰ ਪੂਣੇ ਵਿਖੇ ਐਲਗਾਰ ਪਰਿਸ਼ਦ ਨਾਂਅ ਦੀ ਜਿਸ ਸਭਾ ਵਿਚ ਉਹ ਸ਼ਾਮਲ ਹੋਏ ਸਨ ਉਹ ਨਿਰੋਲ ਦਲਿਤਾਂ ਜਾਂ ਅੰਬੇਡਕਰਵਾਦੀਆਂ ਦਾ ਸਮਾਗਮ ਨਹੀਂ ਸੀ, ਉਸ ਵਿਚ ਖੱਬੀਆਂ ਧਿਰਾਂ, ਆਦਿਵਾਸੀਆਂ, ਔਰਤਾਂ ਦੀਆਂ ਸੰਸਥਾਵਾਂ, ਘਟ ਗਿਣਤੀਆਂ ਅਤੇ ਮਰਾਠਾ ਧਿਰਾਂ ਦੇ ਨੁਮਾਇੰਦੇ ਵੀ ਹਿਸਾ ਲੈ ਰਹੇ ਸਨ। ਉਹ ਦਸਦਾ ਹੈ ਕਿ ਇਹ ਕਾਨਫ਼੍ਰੰਸ ਦੇਸ ਦੇ ਅਜੋਕੇ ਹਾਲਾਤ ਵਿਚ ਲਿਤਾੜੀਆਂ ਜਾਂਦੀਆਂ ਧਿਰਾਂ ਦੇ ਨੁਮਾਇੰਦਿਆਂ ਦੇ ਆਪਸੀ ਵਿਚਾਰ ਵਟਾਂਦਰੇ ਅਤੇ ਭਵਿਖ ਵਿਚ ਉਨ੍ਹਾਂ ਦੇ ਏਕੇ ਲਈ ਰਾਹ ਤਰਾਸ਼ਣ ਦੀ ਮਨਸ਼ਾ ਨਾਲ ਬੁਲਾਈ ਗਈ ਸੀ ਅਤੇ ਏਸੇ ਲਈ ਸਰਕਾਰ ਅਤੇ ਸਰਕਾਰੀ ਚੈਨਲ ਇਸ ਤੋਂ ਏਡੇ ਔਖੇ ਸਨ।

ਓਧਰ ਜਿਗਨੇਸ਼ ਮੇਵਾਨੀ ਦਿਲੀ ਵਿਚ ਪ੍ਰੈਸ ਕਾਨਫ਼ਰੰਸ ਕਰਕੇ ਨਾ ਸਿਰਫ਼ ਆਪਣੇ ਵਿਰੁਧ ਹੋ ਰਹੇ ਝੂਠੇ ਪਰਚਾਰ ਦਾ ਖੰਡਨ ਕਰਦਾ ਹੈ ਸਗੋਂ ਪਰਧਾਨ ਮੰਤਰੀ ਮੋਦੀ ਕੋਲੋਂ ਤਿੰਨ ਸਵਾਲ ਵੀ ਪੁਛਦਾ ਹੈ:

1. ਮਹਾਰਾਸ਼ਟਰ ਵਿਚ ਹੋਈ ਜਾਤ-ਅਧਾਰਤ ਹਿੰਸਾ ਬਾਰੇ ਅਜੇ ਤਕ ਪਰਧਾਨ ਮੰਤਰੀ ਨੇ ਕੋਈ ਬਿਆਨ ਕਿਉਂ ਨਹੀਂ ਦਿਤਾ?

2. ਕੀ ਦਲਿਤ ਸਮੂਹਾਂ ਕੋਲ ਆਪਣੇ ਦੇਸ ਵਿਚ ਸ਼ਾਂਤੀਪੂਰਵਕ ਰੈਲੀਆਂ ਕਰਨ ਦਾ ਅਧਿਕਾਰ ਨਹੀਂ ਹੈ?

3. ਪ੍ਰਧਾਨ ਮੰਤਰੀ ਮਨੂੰਸਮ੍ਰਿਤੀ ਨੂੰ ਮੰਨਦੇ ਹਨ ਜਾਂ ਇਸ ਦੇਸ ਦੇ ਸੰਵਿਧਾਨ ਨੂੰ?

ਮੀਡੀਆ ਨਾ ਤਾਂ ਉਮਰ ਦੇ ਸਪਸ਼ਟੀਕਰਣ ਨੂੰ ਅਤੇ ਨਾ ਹੀ ਜਿਗਨੇਸ਼ ਮੇਵਾਨੀ ਦੀ ਪ੍ਰੈਸ ਕਾਨਫ਼੍ਰੰਸ ਨੂੰ ਪੇਸ਼ ਕਰਨ ਦੇ ਰੌਂ ਵਿਚ ਦਿਸਦਾ ਹੈ। ਭੀਮਾ-ਕੋਰੇਗਾਓਂ ਦੀਆਂ ਘਟਨਾਵਾਂ ਦਾ ਵੀਡੀਓ ਨਸ਼ਰ ਹੋ ਜਾਣ ਕਾਰਨ (ਜਿਸ ਵਿਚ ਹਮਲਾਕਾਰੀਆਂ ਦੇ ਹਥ ਫੜਿਆ ਭਗਵਾ ਝੰਡਾ ਸਪਸ਼ਟ ਦਿਸਦਾ ਹੈ) ਹੁਣ ਸਰਕਾਰੀ ਮੀਡੀਏ ਨੇ ਜਿਗਨੇਸ਼ ਅਤੇ ਉਮਰ ਦੇ ਮੌਕੇ 'ਤੇ ਮੌਜੂਦ ਹੋਣ ਵਾਲਾ ਝੂਠ ਪਰਚਾਰਨਾ ਤਾਂ ਬੰਦ ਕਰ ਦਿਤਾ ਹੈ ਪਰ ਜਿਗਨੇਸ਼ ਦੇ ਭਾਸ਼ਣ ਵਿਚੋਂ ਇਕ ਟੂਕ ਫੜ ਲਈ ਹੈ ਜਿਸ ਵਿਚ ਉਸਨੇ 'ਲੜਾਈ ਹੁਣ ਸੜਕਾਂ ਤੇ ਉਤਰ ਕੇ ਲੜਨੀ ਪਵੇਗੀ' ਜਿਹੇ ਸ਼ਬਦ ਵਰਤੇ ਸਨ। ਇਨ੍ਹਾਂ ਛੇ ਸ਼ਬਦਾਂ ਨੂੰ ਹਿੰਸਾ ਭੜਕਾਉਣ ਦੇ ਖੁਲ੍ਹੇ ਸੱਦੇ ਵਾਂਗ ਗਰਦਾਨਿਆ ਜਾ ਰਿਹਾ ਹੈ।

ਜਿਗਨੇਸ਼ ਮੇਵਾਨੀ 9 ਜਨਵਰੀ ਨੂੰ ਦਿਲੀ ਵਿਖੇ ਯੁਵਾ ਹੁੰਕਾਰ ਰੈਲੀ ਕਰਨ ਦਾ ਵੀ ਐਲਾਨ ਕਰਦਾ ਹੈ ਜਿਸ ਵਿਚ ਦੇਸ ਭਰ ਦੇ ਵਿਦਿਆਰਥੀ ਅਤੇ ਨੌਜਵਾਨ ਆਗੂ ਸ਼ਾਮਲ ਹੋਣਗੇ ਅਤੇ ਦਲਿਤਾਂ ਤੇ ਘਟ-ਗਿਣਤੀਆਂ ਉਤੇ ਹੋ ਰਹੇ ਤਸ਼ੱਦਦ ਬਾਰੇ ਗਲ ਕੀਤੀ ਜਾਵੇਗੀ।

**7-8 ਜਨਵਰੀ 2018**

ਦਿੱਲੀ ਦਾ ਪੁਲਸ ਮੁਖੀ ਇਕ ਟਵੀਟ ਰਾਹੀਂ ਐਲਾਨ ਕਰਦਾ ਹੈ ਕਿ ਯੁਵਾ ਹੁੰਕਾਰ ਰੈਲੀ ਨਹੀਂ ਹੋਵੇਗੀ ਕਿਉਂਕਿ ਜਿਸ ਥਾਂ (ਪਾਰਲੀਆਮੈਂਟ ਮਾਰਗ) ਉਤੇ ਜਿਗਨੇਸ਼ ਮੇਵਾਨੀ ਨੇ ਲੋਕਾਂ ਨੂੰ ਸਦਿਆ ਹੈ ਉਥੇ ਅਜਿਹੀਆਂ ਰੈਲੀਆਂ ਕਰਨ ਦੀ ਮਨਾਹੀ ਹੈ। ਪੁਲਸ ਮੁਖੀ ਦੀ ਇਸ ਟਵੀਟ ਨੂੰ ਸਾਰੇ ਸਰਕਾਰਪ੍ਰਸਤ ਚੈਨਲ ਬਹੁਤ ਉਤਸ਼ਾਹ ਨਾਲ ਉਛਾਲਦੇ ਹਨ।

ਇਸ ਟਵੀਟ ਨੂੰ ਮਸ਼ਹੂਰ ਵਕੀਲ ਪ੍ਰਸ਼ਾਂਤ ਭੂਸ਼ਣ ਚੈਲੰਜ ਕਰਦੇ ਹਨ ਕਿ ਮਨਾਹੀ ਜੰਤਰ ਮੰਤਰ ਵਾਲੇ ਹਿਸੇ ਵਿਚ ਰੈਲੀਆਂ ਕਰਨ ਉਤੇ ਹੈ, ਸੜਕ ਦੇ ਜਿਸ ਹਿੱਸੇ ਵਿਚ ਇਹ ਰੈਲੀ ਵਿਉਂਤੀ ਗਈ ਹੈ, ਓਥੇ ਅਜਿਹੀ ਕੋਈ ਰੋਕ ਨਹੀਂ ਸੋ ਇਹ ਰੈਲੀ ਮਿਥੇ ਸਮੇਂ ਉਤੇ ਜ਼ਰੂਰ ਹੋਵੇਗੀ।

ਨਾ ਪੁਲਸ ਮੁਖੀ ਇਸ ਬਾਰੇ ਕੋਈ ਸਪਸ਼ਟੀਕਰਨ ਦੇਣ ਦੀ ਲੋੜ ਸਮਝਦਾ ਹੈ ਅਤੇ ਨਾ ਹੀ ਚੈਨਲ ਪ੍ਰਸ਼ਾਂਤ ਭੂਸ਼ਣ ਦੀ ਇਸ ਟਵੀਟ ਵੱਲ ਕੋਈ ਧਿਆਨ ਦੇਣ ਜਾਂ ਦੁਆਉਣ ਵਾਲੇ ਪਾਸੇ ਵੱਲ ਕਿਸੇ ਕਿਸਮ ਦਾ ਉਤਸ਼ਾਹ ਜ਼ਾਹਰ ਕਰਦੇ ਹਨ। ਸੋ, ਕੁਝ ਸਪਸ਼ਟ ਨਹੀਂ ਹੋ ਰਿਹਾ ਕਿ ਰੈਲੀ ਹੋਵੇਗੀ ਜਾਂ ਨਹੀਂ।

**9 ਜਨਵਰੀ 2018 ( ਸਵੇਰ)**

ਸੋਸ਼ਲ ਮੀਡੀਆ ਉਤੇ ਵਿਦਿਆਰਥੀ ਲੀਡਰ ਸ਼ੈਲਾ ਰਾਸ਼ਿਦ ਦੇ ਬਿਆਨ ਤੋਂ ਪਤਾ ਲਗਦਾ ਹੈ ਕਿ ਰੈਲੀ ਹੋ ਰਹੀ ਹੈ। ਸਬੱਬੀਂ ਮੈਂ ਵੀ ਉਸ ਦਿਨ ਦਿਲੀ ਵਿਚ ਹਾਂ ਅਤੇ 11 ਕੁ ਵਜੇ ਪਾਰਲੀਮੈਂਟ ਮਾਰਗ ਜਾਂਦੀ ਬਸ ਫੜ ਲੈਂਦਾ ਹਾਂ। ਸਾਰਾ ਰਾਹ ਦਿਲੀ ਦੀਆਂ ਸੜਕਾਂ ਦੇ ਗੋਲਚੱਕਰਾਂ ਉਤੇ ਪਰਧਾਨ ਮੰਤਰੀ ਦੀ ਤਸਵੀਰ ਵਾਲੇ ਵੱਡੇ ਵੱਡੇ ਬੋਰਡ ਲਗੇ ਦਿਸਦੇ ਹਨ ਜੋ ਅਗਲੇ ਦਿਨ ਹੋਣ ਵਾਲੇ ਭਾਰਤੀ ਮੂਲ ਦੇ ਪਰਵਾਸੀ ਪਾਰਲੀਮੈਂਟ ਮੈਂਬਰਾਂ ਦੇ ਸਮਾਗਮ ਦਾ ਐਲਾਨ ਕਰ ਰਹੇ ਹਨ। ਇਨ੍ਹਾਂ ਗੋਲਚੱਕਰਾਂ ਉਤੇ ਸਿਰਫ਼ ਸਰਕਾਰੀ ਸਮਾਗਮਾਂ ਜਾਂ ਐਲਾਨਾਂ ਦੇ ਬੋਰਡ ਹੀ ਲਾਏ ਜਾ ਸਕਦੇ ਹਨ। ਪਰ ਜਦੋਂ ਮੇਰੀ ਬਸ ਕੇਂਦਰੀ ਦਿਲੀ ਵਿਚ ਦਾਖਲ ਹੋਕੇ ਪਾਰਲੀਮੈਂਟ ਮਾਰਗ ਤੋਂ ਕੁਝ ਹੀ ਦੂਰ ਰਹਿ ਜਾਂਦੀ ਹੈ ਤਾਂ ਪਰਧਾਨ ਮੰਤਰੀ ਦੇ ਚਿਹਰੇ ਵਾਲੇ ਬੋਰਡਾਂ ਦੇ ਨਾਲ ਨਾਲ ਇਕ ਹੋਰ ਬੋਰਡ ਵੀ ਲੱਗਾ ਹੋਇਆ ਦਿਸਦਾ ਹੈ। ਇਸ ਉਤੇ ਜਿਗਨੇਸ਼ ਮੇਵਾਨੀ ਦਾ ਚਿਹਰਾ ਹੈ ਅਤੇ ਇਬਾਰਤ ਹੈ #ਭਗੌੜਾ ਜਿਗਨੇਸ਼ ਮੇਵਾਨੀ। ਤਿੰਨ ਗੋਲਚੱਕਰਾਂ ਉਤੇ ਇਸ ਅਜੀਬ ਵਰਤਾਰੇ ਨੂੰ ਦੇਖਕੇ ਮੈਂ ਹੈਰਾਨ ਹੁੰਦਾ ਹਾਂ। ਇਸ ਰਾਖਵੀਂ ਸਰਕਾਰੀ ਥਾਂ ਉਤੇ ਇਹ ਕਿਹੋ ਜਿਹੇ ਬੋਰਡ ਹਨ ਅਤੇ ਸਰਕਾਰ ਕਹਿਣਾ ਕੀ ਚਾਹੁੰਦੀ ਹੈ? ਕਿ ਜਿਗਨੇਸ਼ ਮੇਵਾਨੀ ਦੀ ਰੈਲੀ ਨਹੀਂ ਹੋ ਰਹੀ? ਸਰਕਾਰ ਨੇ ਕਦੋਂ ਤੋਂ ਇਹੋ ਜਿਹੀਆਂ ਸੂਚਨਾਵਾਂ ਦੇਣ ਦਾ ਕੰਮ ਫੜ ਲਿਆ ਹੈ ਕਿ ਰਾਤੋ-ਰਾਤ ਇਹ ਮਹਿੰਗੇ ਬੋਰਡ ਤਿਆਰ ਕਰਕੇ ਚੌਕਾਂ ਉਤੇ ਫਿਟ ਕਰ ਦਿਤੇ ਹਨ?

ਏਨੇ ਨੂੰ ਬਸ ਪਟੇਲ ਚੌਕ ਪਹੁੰਚ ਜਾਂਦੀ ਹੈ, ਰੈਲੀ ਸਥਲ ਦੇ ਐਨ ਨੇੜੇ । ਬਸ ਤੋਂ ਉਤਰਦਿਆਂ ਹੀ ਸਖਤ ਬੰਦੋਬਸਤ ਨਜ਼ਰੀਂ ਪੈਂਦਾ ਹੈ: ਚਿਤਕਬਰੇ ਫੌਜੀ ਪਹਿਰਾਵੇ ਵਿਚ ਕਮਾਂਡੋ ਦਸਤੇ, ਹੰਝੂ ਗੈਸ ਛਡਣ ਵਾਲੀਆਂ ਗੱਡੀਆਂ, ਪਾਣੀ ਦੀ ਤੇਜ਼ ਬੌਛਾਰ ਰਾਹੀਂ ਭੀੜਾਂ ਖਦੇੜਨ ਵਾਲੇ ਬਖਤਰਬੰਦ ਟਰੱਕ, ਦਿੱਲੀ ਪੁਲਸ ਅਤੇ ਨੀਮ-ਫੌਜੀ ਦਸਤਿਆਂ ਦੀਆਂ ਬਸਾਂ। ਗੱਲ ਕੀ, ਏਥੇ ਸਿਰਫ਼ ਟੈਂਕਾਂ ਦੀ ਘਾਟ ਜਾਪਦੀ ਹੈ, ਬਾਕੀ ਸਾਰੀ ਤਿਆਰੀ ਇਵੇਂ ਹੈ ਜਿਵੇਂ ਲਾਮ ਲਗਣ ਵਾਲੀ ਹੋਵੇ। ਪਰ ਇਸ ਸਾਰੇ ਲਾਹੋ ਲਸ਼ਕਰ ਵਿਚ ਇਹ ਸਮਝ ਨਹੀਂ ਪੈਂਦੀ ਕਿ ਇਸ ਘੇਰਾਬੰਦੀ ਨੂੰ ਪਾਰ ਕਰਨ ਦਾ ਵੀ ਕੋਈ ਰਾਹ ਹੈ ਜਾਂ ਨਹੀਂ! ਹਰ ਪਾਸੇ ਬੈਰੀਕੇਡ, ਹਰ ਰਾਹ ਉਤੇ ਰੋਕਾਂ। ਸਰਕਾਰੀ ਬੰਦੋਬਸਤ ਦਾ ਇਹ ਸ਼ਕਤੀ ਪ੍ਰਦਰਸ਼ਨ ਏਨਾ ਦਿਲ ਘਬਰਾਊ ਹੈ ਕਿ ਹਾਂਈਂ-ਮਾਂਈਂ ਓਥੇ ਵੜਨ ਦੀ ਹਿੰਮਤ ਹੀ ਗੁਆ ਬੈਠੇ। ਏਨੇ ਨੂੰ ਕੰਧ ਦੇ ਨਾਲ ਨਾਲ , ਜਿਥੇ ਦੰਗਾ-ਪੁਲਸ ਦੇ ਸਿਪਾਹੀ ਹੱਥ ਵਿਚ ਪਾਰਦਰਸ਼ੀ ਢਾਲਾਂ ਅਤੇ ਧਾਤ ਦੇ ਬਣੇ ਡੰਡੇ ਲੈ ਕੇ ਪਾਲ ਬੰਨ੍ਹੀਂ ਖੜੇ ਹਨ, ਦੋ ਬੈਰੀਕੇਡਾਂ ਵਿਚਕਾਰ ਛੱਡੀ ਗਈ, ਮਸੀ ਇਕ ਬੰਦੇ ਦੇ ਲੰਘਣ ਜੋਗੀ ਵਿਥ ਮੈਨੂੰ ਦਿਸ ਜਾਂਦੀ ਹੈ। ਉਬਾਸੀਆਂ ਲੈ ਰਹੇ ਸਿਪਾਹੀਆਂ (ਜਿਹੜੇ ਸ਼ਾਇਦ ਪਹੁ ਫੁਟਾਲੇ ਤੋਂ ਓਥੇ ਤੈਨਾਤ ਹਨ) ਦੇ ਤਕਰੀਬਨ ਨਾਲ ਨਾਲ ਖਹਿਸਰਦਾ ਮੈਂ ਇਹੋ ਜਿਹੇ ਤਿੰਨ ਮਰਹਲੇ ਪਾਰ ਕਰਦਾ ਹਾਂ। ਹਰ ਦਸ-ਦਸ ਫੁਟ ਦੀ ਵਿਥ ਤੇ ਬੈਰੀਕੇਡਾਂ ਦੀ ਇਕ ਹੋਰ ਵਾੜ ਹੈ। ਨਾ ਚਾਹੁੰਦਿਆਂ ਵੀ ਮੇਰੀ ਮੁਸਕੜੀ ਨਿਕਲ ਜਾਂਦੀ ਹੈ: ਡਰਾਉਣ ਦੀ ਕੋਸ਼ਿਸ਼ ਕਰ ਰਹੀ ਸਰਕਾਰ ਸਗੋਂ ਆਪ ਡਰੀ ਹੋਈ ਜਾਪਦੀ ਹੈ।

ਹੁਣ ਮੈਂ ਸਟੇਜ ਵਾਲੇ ਪਾਸਿਓਂ ਰੈਲੀ ਵਾਲੀ ਥਾਂ ਦਾਖਲ ਹੋ ਗਿਆ ਹਾਂ। ਦੋ-ਢਾਈ ਸੌ ਬੰਦਾ ਏਧਰ ਓਧਰ ਫਿਰ ਰਿਹਾ ਹੈ, ਜਿਸ ਵਿਚ ਅੱਧੇ ਕੁ ਤਾਂ ਮੀਡੀਆ ਵਾਲੇ ਹਨ। ਰੈਲੀ ਨੇ ਬਾਰਾਂ ਵਜੇ ਸ਼ੁਰੂ ਹੋਣਾ ਸੀ ਪਰ ਅਜੇ ਸਟੇਜ ਵੀ ਖਾਲੀ ਹੈ ਅਤੇ ਸਾਹਮਣੇ ਪਈਆਂ ਪੰਦਰਾਂ ਕੁ ਸੌ ਕੁਰਸੀਆਂ ਦਾ ਬਹੁਤਾ ਹਿਸਾ ਵੀ। ਮੈਨੂੰ ਜਾਪਦਾ ਹੈ ਕਿ ਸਰਕਾਰੀ ਪਰਚਾਰ ਆਪਣੇ ਭੰਬਲਭੂਸਾ ਪਾਊ ਮਨਸੂਬਿਆਂ ਵਿਚ ਕਾਮਯਾਬ ਹੋ ਗਿਆ ਹੈ ਅਤੇ ਬਹੁਤੇ ਲੋਕਾਂ ਨੇ ਰੈਲੀ ਰੱਦ ਹੋ ਗਈ ਸਮਝ ਲਈ ਹੈ।

ਪਰ ਸਟੇਜ ਤੋਂ ਵਾਰ-ਵਾਰ ਸੂਚਨਾ ਦਿਤੀ ਜਾ ਰਹੀ ਹੈ ਕਿ ਜਿਗਨੇਸ਼ ਮੇਵਾਨੀ, ਉਮਰ ਖਾਲਿਦ, ਕਨ੍ਹਈਆ ਕੁਮਾਰ, ਗੋਗੋਈ, ਰਿਚਾ ਕੁਮਾਰ ਅਤੇ ਹੋਰ ਵਿਸ਼ਵਵਿਦਿਆਲਿਆਂ ਦੇ ਵਿਦਿਆਰਥੀ ਆਗੂ ਪਹੁੰਚ ਰਹੇ ਹਨ ਅਤੇ ਰਾਹ ਵਿਚ ਹਨ। (ਬਾਅਦ ਵਿਚ ਪਤਾ ਲਗਦਾ ਹੈ ਕਿ ਦਿਲੀ ਪੁਲਸ ਨੇ ਬਾਰਡਰ ਸੀਲ ਕਰਕੇ ਥਾਂ ਥਾਂ ਪੜਤਾਲ-ਨਾਕੇ ਲਾਏ ਹੋਏ ਸਨ, ਜਿਸ ਕਾਰਨ ਰੈਲੀ ਵਿਚ ਪਹੁੰਚਣ ਵਾਲਿਆਂ ਨੂੰ ਦੇਰ ਹੋਈ)।

ਜਿੰਨੇ ਕੁ ਲੋਕ ਇਸ ਵੇਲੇ ਪਹੁੰਚੇ ਹੋਏ ਹਨ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਹੱਥਾਂ ਵਿਚ ਭੀਮ ਸੈਨਾ ਦੇ ਆਗੂ ਚੰਦਰਸ਼ੇਖਰ ਦੀਆਂ ਤਸਵੀਰਾਂ ਹਨ। ਪਿਛਲੇ ਸਾਲ ਸਹਾਰਨਪੁਰ ਵਿਚ ਹੋਈ ਦਲਿਤ-ਵਿਰੋਧੀ ਹਿੰਸਾ ਤੋਂ ਬਾਅਦ ਚੰਦਰਸ਼ੇਖਰ ਨੂੰ ਕੇਂਦਰੀ ਸੁਰਖਿਆ ਐਕਟ ਤਹਿਤ ਗਿਰਫਤਾਰ ਕਰ ਲਿਆ ਗਿਆ ਸੀ। ਇਹ ਲੋਕ 'ਜੈ ਭੀਮ' ਅਤੇ 'ਚੰਦਰਸ਼ੇਖਰ ਨੂੰ ਫੌਰਨ ਰਿਹਾ ਕਰੋ' ਦੇ ਨਾਅਰੇ ਲਾ ਰਹੇ ਹਨ। ਮੀਡੀਏ ਵਾਲੇ ਇਨ੍ਹਾਂ ਮੁਜ਼ਾਹਰਾਕਾਰੀਆਂ ਨੂੰ ਫਿਲਮਾਉਣ ਲਈ ਨੇੜੇ ਆਉਂਦੇ ਹਨ ਤਾਂ ਅਰਨਬ ਗੋਸਵਾਮੀ ਦੇ 'ਰਿਪਬਲਿਕ' ਅਤੇ ਸੁਭਾਸ਼ ਚੰਦਰ ਦੇ 'ਜ਼ੀ ਟੀ ਵੀ' ਦੇ ਨੁਮਾਇੰਦਿਆਂ ਨੂੰ ਵੀ ਉਨ੍ਹਾਂ ਵਿਚ ਸ਼ਾਮਲ ਦੇਖਕੇ ਇਹ ਲੋਕ ਭੜਕ ਉਠਦੇ ਹਨ। ਹੁਣ ਨਾਅਰੇ ਇਨ੍ਹਾਂ ਦੋਹਾਂ ਸਰਕਾਰਪ੍ਰਸਤ ਚੈਨਲਾਂ ਦੇ ਵਿਰੁਧ ਸ਼ੁਰੂ ਹੋ ਜਾਂਦੇ ਹਨ। ਇਕ ਜਣਾ ਉਠ ਕੇ ਜ਼ੀ ਦੇ ਨੁਮਾਇੰਦੇ ਨੂੰ ਸਿਧਾ ਸਵਾਲ ਕਰਦਾ ਹੈ ਕਿ ਜਦ ਦੋ ਦਿਨ ਤੋਂ ਉਹ ਪਰਚਾਰ ਰਹੇ ਸਨ ਕਿ ਰੈਲੀ ਹੋ ਹੀ ਨਹੀਂ ਰਹੀ ਤਾਂ ਉਹ ਹੁਣ ਏਥੇ ਕੀ ਲੈਣ ਆਏ ਹਨ। ਚੰਦਰਸ਼ੇਖਰ ਦੇ ਹਕ ਵਿਚ , ਅਤੇ ਜ਼ੀ/ਰਿਪਬਲਿਕ ਚੈਨਲਾਂ ਦੇ ਵਿਰੋਧ ਵਿਚ ਨਾਅਰਿਆਂ ਦੀ ਸੁਰ ਉਚੇਰੀ ਹੁੰਦੀ ਜਾ ਰਹੀ ਹੈ।

ਇਕ ਵਜੇ ਦੇ ਕਰੀਬ ਕਾਫ਼ੀ ਲੋਕ ਪਹੁੰਚ ਜਾਂਦੇ ਹਨ ਅਤੇ ਛੇਤੀ ਹੀ ਜਿਗਨੇਸ਼ ਮੇਵਾਨੀ ਸਮੇਤ ਹੋਰ ਵਿਦਿਆਰਥੀ ਆਗੂ ਵੀ। ਸਟੇਜ ਤੋਂ ਸਾਰਿਆਂ ਨੂੰ ਨਾਅਰੇਬਾਜ਼ੀ ਬੰਦ ਕਰਨ ਅਤੇ ਬਹਿ ਜਾਣ ਦੀਆਂ ਅਪੀਲਾਂ ਵਾਰ-ਵਾਰ ਹੋ ਰਹੀਆਂ ਹਨ। ਸ਼ੈਲਾ ਰਾਸ਼ਿਦ ਇਕ ਅਹਿਮ ਸੂਚਨਾ ਦੇਂਦੀ ਹੈ। ਜਿਵੇਂ ਇਸ ਰੈਲੀ ਨੂੰ ਅਸਫ਼ਲ ਕਰਨ ਲਈ ਲਗਾਤਾਰ ਝੂਠ ਬੋਲਿਆ ਗਿਆ, ਉਸ ਨੂੰ ਦੇਖਦੇ ਹੋਏ ਭਵਿਖ ਵਿਚ ਤਾਲਮੇਲ ਰਖਣ ਲਈ ਇਕ ਮੋਬਾਈਲ ਨੰਬਰ ਮਿਥਿਆ ਗਿਆ ਹੈ। ਸ਼ੈਲਾ ਬੋਲ ਰਹੀ ਹੈ, "ਸਾਡੇ ਕੋਲ ਝੂਠੇ ਪਰਚਾਰ ਦਾ ਖੰਡਨ ਕਰਦੀ ਇਸ਼ਤਿਹਾਰਬਾਜ਼ੀ ਕਰਨ ਲਈ ਆਰਥਕ ਵਸੀਲੇ ਨਹੀਂ, ਸੋ ਇਹ ਨੰਬਰ ਨੋਟ ਕਰ ਲਵੋ: 9959902277 । ਯੁਵਾ ਮੰਚ ਦੇ ਇਸ ਨੰਬਰ ਉਤੇ ਐਸ ਐਮ ਐਸ ਰਾਹੀਂ ਆਪਣਾ ਪਿਨ ਕੋਡ ਅਤੇ ਨਾਂਅ ਭੇਜ ਦੇਵੋ। ਅਸੀ ਆਪਣੀ ਹਰ ਕਾਰਵਾਈ ਜਾਂ ਰੈਲੀ ਦੀ ਜਾਣਕਾਰੀ ਇਸ ਜ਼ਰੀਏ ਤੁਹਾਨੂੰ ਭੇਜ ਦਿਆ ਕਰਾਂਗੇ"।

ਮੈਂ ਨੰਬਰ ਨੋਟ ਕਰਕੇ ਓਸੇ ਵੇਲੇ ਆਪਣਾ ਨਾਂਅ ਅਤੇ ਪਿਨਕੋਡ ਭੇਜ ਦੇਂਦਾ ਹਾਂ। ਸਟੇਜ ਤੋਂ ਵਿਦਿਆਰਥੀ ਆਗੂਆਂ ਨੇ ਰੈਲੀ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿਤਾ ਹੈ। ਪਹਿਲੀ ਪਾਲ ਵਿਚ ਬੈਠਾ ਮੈਂ ਪਿਛੇ ਵਲ ਝਾਤ ਮਾਰਦਾ ਹਾਂ: ਦੋ ਤੋਂ ਤਿੰਨ ਹਜ਼ਾਰ ਲੋਕ ਇਕੱਤਰ ਹੋ ਚੁਕੇ ਹਨ।

**9 ਜਨਵਰੀ ( ਸ਼ਾਮ)**

ਤਿੰਨ ਵਜੇ, ਜਦੋਂ ਰੈਲੀ ਪੂਰੀ ਭਖੀ ਹੋਈ ਸੀ ਅਤੇ ਕਈ ਹੋਰਨਾਂ ਨੌਜਵਾਨ ਆਗੂਆਂ ਤੋਂ ਮਗਰੋਂ ਜਿਗਨੇਸ਼ ਮੇਵਾਨੀ ਬੋਲ ਰਿਹਾ ਸੀ, ਕੁਝ ਪਹਿਲੋਂ ਮਿਥੇ ਰੁਝੇਵਿਆਂ ਕਾਰਨ ਮੈਨੂੰ ਰੈਲੀ ਵਿਚੇ ਛੱਡ ਕੇ ਜਾਣਾ ਪਿਆ।

ਸ਼ਾਮ ਦੇ ਛੇ ਵਜ ਰਹੇ ਹਨ। ਮੈਂ ਟੀ ਵੀ ਚਾਲੂ ਕਰਦਾ ਹਾਂ। ਰੈਲੀ ਵਿਚ ਖਾਲੀ ਪਈਆਂ ਕੁਰਸੀਆਂ ਦੀ ਤਸਵੀਰ ਦਿਖਾਈ ਜਾ ਰਹੀ ਹੈ, ਜੋ ਸ਼ਾਇਦ 12 ਕੁ ਵਜੇ ਲੈ ਲਈ ਗਈ ਸੀ। ਨਾਲ ਹੀ ਇਸਨੂੰ 'ਜਿਗਨੇਸ਼ ਮੇਵਾਨੀ ਦਾ ਫਲਾਪ ਸ਼ੋਅ' ਗਰਦਾਨਿਆ ਜਾ ਰਿਹਾ ਹੈ ਜਿਸ ਵਿਚ ਮੁਸ਼ਕਲ ਨਾਲ ਡੇਢ-ਦੋ ਸੌ ਬੰਦਾ ਹੀ ਪਹੁੰਚਿਆ। ਕੁਝ ਖਿਝ, ਅਤੇ ਕੁਝ ਤਿਰਸਕਾਰ ਨਾਲ ਮੈਂ ਟੀ ਵੀ ਬੰਦ ਕਰ ਦੇਂਦਾ ਹਾਂ ਡੇਢ-ਦੋ ਸੌ ਤਾਂ ਓਥੇ ਮੀਡੀਏ ਵਾਲੇ ਹੀ ਪਹੁੰਚੇ ਹੋਏ ਸਨ। ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਕਹਿਣ ਦੇ ਇਸ ਦੌਰ ਵਿਚ ਜਾਂ ਬੰਦਾ ਖਿਝ ਸਕਦਾ ਹੈ, ਜਾਂ ਵਰਗਲਾਇਆ ਜਾ ਸਕਦਾ ਹੈ।

**12 ਜਨਵਰੀ 2018**

ਦੁਪਹਿਰ ਦੇ ਇਕ ਵਜੇ ਲੰਡਨ ਤੋਂ ਮੇਰੇ ਬਜ਼ੁਰਗ ਮਿਤਰ ਸਰਵਣ ਜ਼ਫ਼ਰ ਦਾ ਫੋਨ ਆਂਦਾ ਹੈ: ਉਹ ਪੁਛ ਰਹੇ ਹਨ ਕਿ ਮੈਂ ਇਸ ਵੇਲੇ ਟੀ ਵੀ ਚਾਲੂ ਕੀਤਾ ਹੋਇਆ ਹੈ ਜਾਂ ਨਹੀਂ? ਟੀ ਵੀ ਤਾਂ ਮੈਂ ਦੇਖਦਾ ਹੀ ਨਹੀਂ, ਕਿਉਂਕਿ ਮੇਰਾ ਹੁਣ ਚੈਨਲਾਂ ਉਤੇ ਯਕੀਨ ਹੀ ਨਹੀਂ ਰਿਹਾ। ਪਰ ਜ਼ਫਰ ਜੀ ਕੁਝ ਘਬਰਾਏ ਹੋਏ ਹਨ ਕਿ ਕਿਤੇ ਐਮਰਜੰਸੀ ਤਾਂ ਨਹੀਂ ਲੱਗਣ ਵਾਲੀ। ਉਨ੍ਹਾਂ ਦੇ ਦਸਣ ਮੁਤਾਬਕ ਟੀ ਵੀ ਉਤੇ ਇਸ ਸਮੇਂ ਸੁਪ੍ਰੀਮ ਕੋਰਟ ਦੇ ਚਾਰ ਸੀਨੀਅਰ ਜਜਾਂ ਦੀ ਪ੍ਰੈਸ ਕਾਨਫ਼ਰੰਸ ਚਲ ਰਹੀ ਹੈ ਜੋ ਕਹਿ ਰਹੇ ਹਨ ਕਿ ਲੋਕਤੰਤਰ ਖਤਰੇ ਵਿਚ ਹੈ ਅਤੇ ਹੁਣ ਉਹ ਚੁਪ ਨਹੀਂ ਰਹਿ ਸਕਦੇ।

ਮੈਨੂੰ ਪਤਾ ਹੈ ਸੁਪ੍ਰੀਮ ਕੋਰਟ ਦੇ ਸਰਕਾਰ ਦੇ ਦਬਾਅ ਹੇਠ ਹੋਣ ਦੀਆਂ ਚਿਹਮਗੋਈਆਂ ਕੁਝ ਸਮੇਂ ਤੋਂ ਚਲ ਰਹੀਆਂ ਹਨ। ਅਜੇ ਕਲ੍ਹ ਹੀ ਮੈਂ 'ਇੰਡੀਅਨ ਐਕਪ੍ਰੈਸ' ਵਿਚ ਸੀਨੀਅਰ ਵਕੀਲ ਦੁਸ਼ਿਅੰਤ ਦਵੇ ਦਾ ਇਸੇ ਮਸਲੇ ਬਾਰੇ ਛਪਿਆ ਲੇਖ ਪੜ੍ਹਿਆ ਸੀ। ਪਰ, ਸੁਪ੍ਰੀਮ ਕੋਰਟ ਦੇ ਜਜਾਂ ਦੀ ਇਹੋ ਜਿਹੀ ਪ੍ਰੈਸ ਕਾਨਫ਼ਰੰਸ ਤਾਂ ਕਿਆਸੀ ਵੀ ਨਹੀਂ ਜਾ ਸਕਦੀ। ਕੋਈ ਬਹੁਤ ਗੰਭੀਰ ਗਲ ਹੋ ਗਈ ਹੈ। ਮਨ ਵਿਚੋਂ ਇਹ ਵੀ ਲੰਘਦਾ ਹੈ ਕਿ ਅੱਜ ਹੀ ਤਾਂ ਜਸਟਿਸ ਲੋਇਆ ਦੀ ਭੇਤ-ਭਰੇ ਹਾਲਾਤ ਵਿਚ ਹੋਈ ਮੌਤ ਬਾਰੇ ਬੈਂਚ ਥਾਪਿਆ ਜਾਣਾ ਸੀ।

ਪ੍ਰੈਸ ਕਾਨਫ਼ਰੰਸ ਖਤਮ ਹੋ ਚੁਕੀ ਹੈ ਪਰ ਇੰਟਰਨੈਟ ਫਰੋਲਿਆਂ ਇਹ ਪਤਾ ਲਗ ਜਾਂਦਾ ਹੈ ਕਿ ਮਾਣਯੋਗ ਚਾਰ ਜਜਾਂ ਨੇ ਪ੍ਰੈਸ ਵਲ ਸਿਧੇ ਮੁਖਾਤਬ ਹੋਣ ਦਾ ਇਹੋ ਜਿਹਾ ਕਦਮ ਕਿਉਂ ਚੁਕਿਆ। ਸੀਨੀਆਰਟੀ ਦੇ ਪੱਖੋਂ ਇਹ ਚਾਰੇ ਜਜ ਚੀਫ਼ ਜਸਟਿਸ ਮਿਸ਼ਰਾ ਤੋਂ ਬਾਅਦ ਸਭ ਤੋਂ ਉਪਰ ਆਉਂਦੇ ਹਨ ਅਤੇ ਇਨ੍ਹਾਂ ਵਿਚੋਂ ਇਕ, ਜਸਟਿਸ ਰੰਜਨ ਗੋਗੋਈ, ਦੀ ਇਸ ਸਾਲ ਅਕਤੂਬਰ ਖੁਦ ਚੀਫ਼ ਜਸਟਿਸ ਬਣਨ ਦੀ ਵਾਰੀ ਹੈ। ਅਜ ਸਵੇਰੇ ਇਹ ਚਾਰੇ ਆਪਣੇ ਮੁਖੀ ਜੱਜ ਮਿਸ਼ਰਾ ਨੂੰ ਮਿਲਣ ਉਸਦੇ ਘਰ ਗਏ ਅਤੇ ਸੁਪ੍ਰੀਮ ਕੋਰਟ ਦੀ ਕਾਰਗੁਜ਼ਾਰੀ ਅਤੇ ਸੁਤੰਤਰ ਹੋਂਦ ਬਾਰੇ ਆਪਣੇ ਗੰਭੀਰ ਖਦਸ਼ੇ ਸਾਂਝੇ ਕੀਤੇ ਅਤੇ ਕਿਹਾ ਕਿ ਇਸ ਵੇਲੇ ਜੇਕਰ ਨਿਆਂਪਾਲਕਾ ਨੂੰ ਨਾ ਬਚਾਇਆ ਗਿਆ ਤਾਂ ਦੇਸ ਵਿਚ ਲੋਕਤੰਤਰ ਹੀ ਨਹੀਂ ਬਚ ਸਕੇਗਾ। ਪਰ ਜਸਟਿਸ ਮਿਸ਼ਰਾ ਦੇ ਰਵੱਈਏ ਨੂੰ ਦੇਖਦੇ ਹੋਏ ਉਨ੍ਹਾਂ ਨੇ ਉਸ ਨੂੰ ਇਕ ਸਾਂਝਾ ਖਤ ਲਿਖ ਕੇ ਆਪਣੇ ਸਾਰੇ ਤੌਖਲੇ ਲਿਖਤੀ ਰੂਪ ਵਿਚ ਪੇਸ਼ ਕਰ ਦਿਤੇ ਹਨ ਅਤੇ ਇਹੋ ਜਿਹੀ ਪ੍ਰੈਸ ਕਾਨਫ਼ਰੰਸ ਸੱਦਣ ਉਤੇ ਮਜਬੂਰ ਹੋਏ ਹਨ।

ਸਿੱਧੀ ਦੂਸ਼ਣਬਾਜ਼ੀ ਤੋਂ ਰਹਿਤ, ਅਤੇ ਸੰਜਮ ਅਤੇ ਮਰਿਆਦਾ ਨਾਲ ਲਿਖੇ ਗਏ ਇਸ ਖਤ ਨੂੰ ਪੜ੍ਹ ਕੇ ਉਨ੍ਹਾਂ ਦੇ ਦੋ ਗੱਲਾਂ ਵੱਲ ਇਸ਼ਾਰੇ ਸਪਸ਼ਟ ਦਿਸਦੇ ਹਨ ਕਿ ਮਾਣਯੋਗ ਜਜਾਂ ਨੂੰ ਇਕ ਇਤਰਾਜ਼ ਤਾਂ ਇਸ ਗਲ ਤੇ ਹੈ ਕਿ ਪਿਛਲੇ ਕੁਝ ਸਮੇਂ ਤੋਂ ਜਜਾਂ ਦੀ ਨਿਯੁਕਤੀ ਵਿਚ ਰਾਜਨੀਤਕ ਦਖਲਅੰਦਾਜ਼ੀ ਅਤੇ ਦਬਾਅ ਚਲ ਰਿਹਾ ਹੈ, ਅਤੇ ਦੂਜੇ ਅਹਿਮ ਮੁਦਿਆਂ/ਲੋਕਾਂ ਨਾਲ ਜੁੜੇ ਮੁਕੱਦਮਿਆਂ ਸਮੇਂ ਨਿਆਂ ਕਰਨ ਵਾਲੇ ਬੈਂਚ ਨੂੰ ਥਾਪਣ ਵੇਲੇ ਸਥਾਪਤ ਨੇਮ ਤੋੜ ਕੇ ਇਹੋ ਜਿਹੇ ਮੁਕਦਮੇ ਮਨਮਰਜ਼ੀ ਦੇ ਜਜਾਂ ਦੇ ਹਵਾਲੇ ਕੀਤੇ ਜਾਂਦੇ ਹਨ।

ਜਸਟਿਸ ਲੋਇਆ ਦੀ ਮੌਤ ਦਾ ਮੁਕਦਮਾ ਸਿਧਾ ਭਾਜਪਾ ਪਰਧਾਨ ਅਮਿਤ ਸ਼ਾਹ ਨਾਲ ਜੁੜਦਾ ਹੋਣ ਕਾਰਨ ਇਸ ਪ੍ਰੈਸ ਕਾਨਫ਼ਰੰਸ ਦੌਰਾਨ ਇਕ ਪਤਰਕਾਰ ਨੇ ਪੁਛ ਹੀ ਲਿਆ ਕਿ ਖਤ ਵਿਚਲਾ 'ਮੁਕਦਮਿਆਂ ਨੂੰ ਮਨਮਰਜ਼ੀ ਦੇ ਜਜਾਂ ਦੇ ਹਵਾਲੇ' ਕਰਨ ਵਾਲਾ ਇਸ਼ਾਰਾ ਜਸਟਿਸ ਲੋਇਆ ਦੀ ਭੇਦਭਰੇ ਹਾਲਾਤ ਵਿਚ ਹੋਈ ਮੌਤ ਦੀ ਤਫ਼ਤੀਸ਼ ਵਲ ਤਾਂ ਨਹੀਂ? ਜਸਟਿਸ ਰੰਜਨ ਗੋਗੋਈ ਨੇ ਇਸ ਦਾ ਜਵਾਬ ਸਪਸ਼ਟ 'ਹਾਂ' ਵਿਚ ਦਿਤਾ ਹੈ।

ਅੱਜ ਦਾ ਇਹ ਘਟਨਾਚੱਕਰ ਏਨਾ ਲਾਮਿਸਾਲ ਅਤੇ ਚੌਂਕਾਊ ਹੈ , ਅਤੇ ਸਾਡੇ ਦੇਸ ਦੇ ਭਵਿਖ ਬਾਰੇ ਏਨੇ ਵੱਡੇ ਸਵਾਲ ਖੜੇ ਕਰਦਾ ਹੈ ਕਿ ਇਸ ਬਾਰੇ ਬਹਿਸ ਲੰਮੀ ਚੱਲੇਗੀ ਅਤੇ ਗੰਭੀਰ ਰੁਖ ਅਖਤਿਆਰ ਕਰੇਗੀ। ਮੈਂ ਦੂਰ ਬੈਠੇ ਸਾਥੀ ਸਰਵਣ ਜ਼ਫ਼ਰ ਵਾਂਗ ਇਹ ਤਾਂ ਨਹੀਂ ਸੋਚ ਰਿਹਾ ਕਿ ਐਮਰਜੰਸੀ ਲਗਣ ਵਾਲੀ ਹੈ, ਪਰ ਪਿਛਲੇ ਦਸ ਦਿਨਾਂ ਦੀ ਆਪਣੀ ਡਾਇਰੀ ਵਲ ਦੇਖਦਿਆਂ ਇਹ ਜ਼ਰੂਰ ਮਹਿਸੂਸ ਕਰ ਰਿਹਾ ਹਾਂ ਕਿ ਲੜਾਈ ਲੰਮੀ ਵੀ ਹੋਵੇਗੀ ਅਤੇ ਸ਼ਾਇਦ ਸੜਕਾਂ ਤੇ ਵੀ ਉਤਰਨਾ ਪਵੇ।

# ਪੰਜਾਬੀ ਕਲਚਰ ਤੇ ਸਮਾਜ ਨੂੰ ਤਬਾਹ ਕਰ ਰਹੀ ਲੱਚਰ ਗਾਇਕੀ



**ਹਰਚਰਨ ਸਿੰਘ ਪਰਹਾਰ**
**(ਚੀਫ ਐਡੀਟਰ-ਸਿੱਖ ਵਿਰਸਾ)**

ਗੀਤ-ਸੰਗੀਤ ਮਨੁੱਖੀ ਸਮਾਜ ਦਾ ਇੱਕ ਅਹਿਮ ਅੰਗ ਹੈ। ਪੰਜਾਬੀ ਸਮਾਜ ਵਿੱਚ ਗੀਤ-ਸੰਗੀਤ ਦਾ ਜੀਵਨ ਦੇ ਹਰ ਪਹਿਲੂ ਵਿੱਚ ਅਹਿਮ ਸਥਾਨ ਰਿਹਾ ਹੈ। ਵਿਅਕਤੀ ਦੇ ਜਨਮ ਤੋਂ ਮਰਨ ਤੱਕ ਦੀਆਂ ਸਾਰੀਆਂ ਰਸਮਾਂ ਕਿਸੇ ਨਾ ਕਿਸੇ ਢੰਗ ਨਾਲ ਗੀਤ-ਸੰਗੀਤ ਰਾਹੀਂ ਹੀ ਪੂਰੀਆਂ ਹੁੰਦੀਆਂ ਹਨ। ਸੰਗੀਤ ਸਾਡੀ ਰੂਹ ਦੀ ਖ਼ੁਰਾਕ ਵੀ ਹੈ। ਜਿਥੇ ਸੰਗੀਤ ਜੀਵਨ ਦੀ ਦੌੜ ਭੱਜ ਤੋਂ ਮਨ ਨੂੰ ਸਕੂਨ ਪ੍ਰਦਾਨ ਕਰਦਾ ਹੈ, ਉਥੇ ਸੰਗੀਤ ਤੋਂ ਬਿਨਾਂ ਜੀਵਨ ਦੀਆਂ ਖੁਸ਼ੀਆਂ ਨੂੰ ਪ੍ਰਗਟ ਕਰਨਾ ਸੰਭਵ ਨਹੀਂ ਹੈ। ਪੰਜਾਬੀ ਤੇ ਖਾਸਕਾਰ ਸਿੱਖ ਸਮਾਜ ਵਿੱਚ ਧਾਰਮਿਕ ਤੌਰ 'ਤੇ ਵੀ ਸੰਗੀਤ ਨੂੰ ਬਹੁਤ ਅਹਿਮ ਸਥਾਨ ਦਿੱਤਾ ਗਿਆ ਹੈ। ਕੀਰਤਨ, ਕਵੀਸ਼ਰੀ, ਢਾਡੀ ਵਾਰਾਂ ਆਦਿ ਤੋਂ ਬਿਨਾਂ ਕੋਈ ਸਿੱਖ ਧਾਰਮਿਕ ਸਮਾਗਮ ਪੂਰਾ ਹੀ ਨਹੀਂ ਹੋ ਸਕਦਾ।ਕਹਿਣ ਤੋਂ ਭਾਵ ਹੈ ਕਿ ਗੀਤ-ਸੰਗੀਤ ਸਾਡੇ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਤ ਕਰਦਾ ਹੈ। ਕਵਿਤਾ, ਗੀਤ, ਸ਼ੇਅਰ, ਦੋਹੇ, ਸ਼ਬਦ, ਵਾਰਾਂ, ਕਵੀਸ਼ਰੀ, ਬੋਲੀਆਂ, ਟੱਪੇ, ਢੋਲੇ, ਮਾਹੀਏ, ਸਿੱਠਣੀਆਂ, ਵੈਣ, ਛੰਦ ਆਦਿ ਸਾਡੇ ਸੰਗੀਤਕ ਵਿਰਸੇ ਨੂੰ ਅਮੀਰ ਬਣਾਉਂਦੇ ਹਨ। ਸਾਡੇ ਸੰਗੀਤ ਦੇ ਸਾਜ ਗੀਤਾਂ ਵਿੱਚ ਅਜਿਹਾ ਰਸ ਭਰਨ ਦੀ ਸਮਰੱਥਾ ਰੱਖਦੇ ਹਨ, ਜਿਸ ਨਾਲ ਮਨ ਨੂੰ ਸ਼ਾਂਤੀ ਤੇ ਆਨੰਦ ਮਿਲਦਾ ਹੈ। ਸੰਗੀਤ ਦੇ ਖੇਤਰ ਵਿੱਚ ਭਾਰਤੀ ਸੰਗੀਤ ਪ੍ਰੰਪਰਾ ਦਾ ਦੁਨੀਆਂ ਭਰ ਵਿੱਚ ਕੋਈ ਮੁਕਾਬਲਾ ਨਹੀਂ ਹੈ। ਪੱਛਮ ਦਾ ਸੰਗੀਤ ਭਾਰਤੀ ਸੰਗੀਤ ਦੀਆਂ ਬੁਲੰਦੀਆਂ ਦੇ ਅਜੇ ਨੇੜੇ ਤੇੜੇ ਵੀ ਨਹੀਂ ਪਹੁੰਚ ਸਕਿਆ। ਪਰ ਪੱਛਮ ਦੀ ਆਰਥਿਕ (ਪਦਾਰਥਕ) ਤਰੱਕੀ ਨੇ ਸਾਡੇ ਜੀਵਨ ਦੇ ਹਰ ਖੇਤਰ ਨੂੰ ਪਿਛਲੀਆਂ 2 ਸਦੀਆਂ ਵਿੱਚ ਹਰ ਪੱਧਰ ਤੇ ਪ੍ਰਭਾਵਤ ਕੀਤਾ ਹੈ। ਜਿਸ ਤੋਂ ਸਾਡਾ ਸੰਗੀਤ ਵੀ ਬਚ ਨਹੀਂ ਸਕਿਆ। ਅੱਜ ਪੱਛਮ ਦਾ ਬਹੁਤਾ ਸੰਗੀਤ ਪੱਬਾਂ ਕਲੱਬਾਂ ਵਿੱਚ ਡਾਂਸ ਕਰਨ ਵਾਲਾ ਜਾਂ ਸ਼ੋਰ-ਸ਼ਰਾਬੇ ਵਾਲਾ ਹੈ। ਪਿਛਲ਼ੇ 3-4 ਦਹਾਕਿਆਂ ਵਿੱਚ ਡਾਂਸ ਬਾਰਾਂ, ਨਾਈਟ ਕਲੱਬਾਂ, ਡਿਸਕੋ ਕਲੱਬਾਂ ਤੇ ਕਮਰਸ਼ੀਅਲ ਸ਼ੋਆਂ ਵਿੱਚ ਪੋਪ, ਹਿਪ ਹੌਪ, ਰੈਪ ਆਦਿ ਸੰਗੀਤ ਨੇ ਨੌਜਵਾਨ ਪੀੜ੍ਹੀ ਨੂੰ ਬੁਰ੍ਹੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਹ ਸੰਗੀਤ ਹਾਈ ਬੀਟ ਤੇ ਉਚੇ ਮਿਊਜ਼ਕ ਰਾਹੀਂ ਲੋਕਾਂ ਨੂੰ ਨਸ਼ੇ ਦੀ ਲੋਰ ਵਿੱਚ ਝੂਮਣ ਲਾਉਣ ਨੂੰ ਮੁੱਖ ਰੱਖ ਕੇ ਹੀ ਲਿਖਿਆ ਤੇ ਗਾਇਆ ਜਾ ਰਿਹਾ ਹੈ। ਜੇ ਇਸਦੀ ਸ਼ਬਦਾਵਲੀ ਤੇ ਵੀਡੀਉਗਰਾਫੀ ਦੇਖੋ ਤਾਂ ਬਹੁਤ ਹੀ ਅਸ਼ਲੀਲ, ਨੰਗੇਜ ਭਰਪੂਰ, ਸਿੱਧੀਆਂ ਗਾਲ਼ਾਂ, ਨਸ਼ੇ, ਹਿੰਸਾ, ਗੈਂਗਵਾਰ, ਔਰਤਾਂ ਖਿਲਾਫ ਹਿੰਸਾ, ਔਰਤਾਂ ਖਿਲਾਫ ਮਰਦਾਨਗੀ, ਧੌਂਸਗਿਰੀ ਨਾਲ ਭਰਪੂਰ ਹੁੰਦੀ ਹੈ।

ਪਿਛਲੀ ਸਦੀ ਵਿੱਚ ਜਦੋਂ ਅਮਰੀਕਾ ਵਿੱਚ ਕਾਲਿਆਂ ਵਲੋਂ ਗੋਰਿਆਂ, ਸਪੈਨਿਸ਼ਾਂ ਤੇ ਹੋਰ ਅਮਰੀਕਨਾਂ ਵਾਂਗ ਬਰਾਬਰ ਦੇ ਮਨੁੱਖੀ ਹੱਕਾਂ ਲਈ 1896 ਤੋਂ 1954 ਤੱਕ '**ਸਿਵਲ ਰਾਈਟਸ ਮੂਵਮੈਂਟ**' ਰਾਹੀਂ ਲੰਬਾ ਸੰਘਰਸ਼ ਲੜ ਕੇ ਕੁਝ ਹੱਕ ਲਏ ਅਤੇ ਫਿਰ 1954 ਤੋਂ 1968 ਤੱਕ ਇੱਕ ਨਵਾਂ ਸੰਘਰਸ਼ ਚੱਲਿਆ, ਜਿਸਨੂੰ '**ਮਾਡਰਨ ਸਿਵਲ ਰਾਈਟਸ ਮੂਵਮੈਂਟ**' ਕਿਹਾ ਜਾਂਦਾ ਹੈ। ਇਸ ਸੰਘਰਸ਼ ਦੀ ਬਦੌਲਤ 1964 ਵਿੱਚ ਕਾਲਿਆਂ ਨੂੰ ਬਰਾਬਰ ਦੇ ਸ਼ਹਿਰੀਆਂ ਦੇ ਹੱਕ ਦੇਣ ਲਈ '**ਸਿਵਲ ਰਾਈਟਸ ਐਕਟ**' ਬਣਿਆ, ਫਿਰ 1965 ਵਿੱਚ ਬਰਾਬਰ ਵੋਟਿੰਗ ਹੱਕ ਦੇਣ ਲਈ '**ਵੋਟਿੰਗ ਐਕਟ**'ਅਤੇ 1968 ਵਿੱਚ ਜਿਥੇ ਮਰਜ਼ੀ ਆਪਣੇ ਘਰ ਲੈ ਕੇ ਰਹਿਣ ਦਾ ਹੱਕ ਦੇਣ ਲਈ '**ਫੇਅਰ ਹਾਊਸਿੰਗ ਐਕਟ**' ਬਣਿਆ (ਯਾਦ ਰਹੇ ਅਮਰੀਕਾ ਵਿੱਚ ਕਾਲਿਆਂ ਨੂੰ ਠੀਕ ਉਸੇ ਤਰ੍ਹਾਂ ਗੋਰਿਆਂ ਦੇ ਇਲਾਕਿਆਂ ਵਿੱਚ ਰਹਿਣ ਦੀ ਇਜ਼ਾਜਤ ਨਹੀਂ ਸੀ, ਜਿਸ ਤਰ੍ਹਾਂ ਭਾਰਤ ਵਿੱਚ ਦਲਿਤਾਂ, ਸ਼ੂਦਰਾਂ, ਅਛੂਤਾਂ ਆਦਿ ਨੂੰ ਉਚ ਜਾਤੀ ਲੋਕਾਂ ਦੇ ਇਲਾਕਿਆਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਸੀ (ਹੈ), ਇਹ ਸਾਡੇ ਲਈ ਬੜੀ ਸ਼ਰਮ ਦੀ ਗੱਲ ਹੈ, ਜਿਸ ਪੰਜਾਬ ਬਾਰੇ ਕਿਹਾ ਜਾਂਦਾ ਹੈ: '**ਪੰਜਾਬ ਵਸਦਾ ਗੁਰਾਂ ਦੇ ਨਾਂ**' ਉਸ ਪੰਜਾਬ ਵਿੱਚ 21ਵੀਂ ਸਦੀ ਵਿੱਚ ਵੀ ਸ਼ੂਦਰਾਂ, ਅਛੂਤਾਂ ਦੀਆਂ ਵੱਖਰੀਆਂ ਬਸਤੀਆਂ ਹਨ) ਤਾਂ ਆਪਣੀ ਆਜ਼ਾਦੀ ਦੇ ਇਸ ਲੰਬੇ ਸੰਘਰਸ਼ ਨੂੰ ਸੰਗੀਤ ਰਾਹੀਂ ਪਹੁੰਚਾਣ ਦੇ ਮਕਸਦ ਨਾਲ ਇਹ ਮਿਊਜ਼ਿਕ (ਹਿਪ ਹੌਪ, ਰੈਪ ਆਦਿ) ਪਿਛਲੀ ਸਦੀ ਦੇ 6ਵੇਂ-7ਵੇਂ ਦਹਾਕੇ ਵਿੱਚ ਕਾਲਿਆਂ ਵਲੋਂ ਸ਼ੁਰੂ ਕੀਤਾ ਗਿਆ ਸੀ। ਪਰ ਪਿਛਲੇ 2-3 ਦਹਾਕਿਆਂ ਵਿੱਚ ਹੀ ਜਿਥੇ ਇਹ ਇੱਕ ਬਹੁਤ ਵੱਡਾ ਬਿਜਨੈਸ ਬਣ ਚੁੱਕਾ ਹੈ, ਉਥੇ ਇਹ ਪੌਪ ਤੇ ਰੈਪ ਮਿਊਜ਼ਿਕ ਆਪਣਾ ਅਸਲ ਖਾਸਾ ਗੁਆ ਕਿ ਅਮਰੀਕਨ (ਪੱਛਮੀ ਸਮਾਜ) ਵਿੱਚ ਹਿੰਸਾ, ਗੈਂਗਵਾਰ, ਨਸ਼ੇ, ਔਰਤਾਂ ਵਿਰੁੱਧ ਮਰਦਾਨਗੀ, ਗਾਲ਼ਾਂ, ਨੰਗੇਜ਼, ਸੈਕਸ, ਘਰੇਲੂ ਹਿੰਸਾ, ਵੇਸਵਾਗਵਨੀ ਆਦਿ ਨੂੰ ਉਤਸ਼ਾਹਿਤ ਕਰ ਰਿਹਾ ਹੈ। '**ਐਥਿਕਸ ਔਫ ਡਿਵੈਲਪਮੈਂਟ ਇਨ ਗਲੋਬਲ ਇਨਵਾਰਨਮੈਂਟ**' ਦੀ ਇੱਕ ਰਿਪੋਰਟ ਮੁਤਾਬਿਕ ਰੈਪ, ਹਿਪ ਹੌਪ ਦੇ ਮਿਊਜ਼ਕ ਵਰਤਾਰੇ ਨੇ ਕਾਲੇ ਨੌਜਵਾਨਾਂ ਨੂੰ ਵੱਡੀ ਪੱਧਰ ਹਿੰਸਾ, ਨਸ਼ਿਆਂ, ਗੈਂਗਵਾਰ, ਬਲਾਤਕਾਰ, ਗੰਨ ਕਲਚਰ ਵੱਲ ਵੱਡੇ ਪੱਧਰ ਤੇ ਧੱਕਣ ਵਿੱਚ ਰੋਲ ਅਦਾ ਕੀਤਾ ਹੈ। ਇਸੇ ਤਰ੍ਹਾਂ '**ਇਨਕੁਆਰ ਜਰਨਲ**', ਜਿਸਦਾ ਪਹਿਲਾ ਨਾਮ '**ਸਟੂਡੈਂਟ ਪਲਸ**' ਸੀ, ਵਲੋਂ ਨੌਜਵਾਨ ਵਿਦਿਆਰਥੀਆਂ ਤੇ ਕੀਤੇ ਸਰਵੇਖਣ ਅਨੁਸਾਰ 16 ਸਾਲ ਤੋਂ 30 ਸਾਲ ਦੇ ਨੌਜਵਾਨ ਇਸ ਮਿਊਜ਼ਿਕ ਤੋਂ ਬਹੁਤ ਪ੍ਰਭਾਵਤ ਹਨ ਅਤੇ ਇਸੇ ਮਿਊਜ਼ਿਕ ਦੇ ਪ੍ਰਭਾਵ ਹੇਠ ਉਹ ਨਸ਼ਿਆਂ, ਹਿੰਸਾ, ਬਲਾਤਕਾਰ, ਔਰਤਾਂ ਤੇ ਹਿੰਸਾ ਵੱਲ ਨੂੰ ਉਲਾਰ ਹੁੰਦੇ ਹਨ ਅਤੇ ਬਾਅਦ ਵਿੱਚ ਇਹੀ ਨੌਜਵਾਨ (ਲੜਕੇ ਲੜਕੀਆਂ) ਜਦੋਂ ਵਿਆਹ ਕਰਾਉਂਦੇ ਹਨ ਤਾਂ 5 ਸਾਲ ਦੇ ਵਿੱਚ ਵਿੱਚ ਹੀ ਘਰੇਲੂ ਹਿੰਸਾ ਆਦਿ ਦਾ ਸ਼ਿਕਾਰ ਹੋ ਡਾਇਵੋਰਸ ਕਰ ਲੈਂਦੇ ਹਨ।ਇਸ ਰਿਪੋਰਟ ਅਨੁਸਾਰ ਪੌਪ ਤੇ ਹਿਪ ਹੌਪ ਮਿਊਜ਼ਿਕ ਦੀਆਂ ਵੀਡੀਉ ਵਿੱਚ ਜਿਸ ਢੰਗ ਨਾਲ ਨਸ਼ੇ, ਗੰਨਾਂ, ਗੈਂਗ ਸਟਾਈਲ ਲਾਈਫ, ਵੱਡੀਆਂ ਸਪੋਰਟਸ ਕਾਰਾਂ, ਸੈਕਸ ਆਦਿ ਦਿਖਾਇਆ ਜਾਂਦਾ ਹੈ ਤਾਂ ਉਹੀ ਨੌਜਵਾਨ ਵਿਆਹੁਤਾ ਜੀਵਨ ਵਿੱਚ ਅਜਿਹੀ ਮਰਦਾਨਗੀ ਆਪਣੇ ਫੀਮੇਲ ਪਾਰਟਨਰ ਤੇ ਵੀ ਦਿਖਾਉਂਦੇ ਹਨ। ਇਸ ਸਾਰੇ ਵਰਤਾਰੇ ਪਿਛੇ ਉਹ ਸਰਮਾਏਦਾਰੀ ਤਾਕਤਾਂ ਵੀ ਕੰਮ ਕਰ ਰਹੀਆਂ ਹਨ, ਜੋ ਨੌਜਵਾਨੀ ਨੂੰ ਆਪਣੇ ਮਸਲਿਆਂ ਤੇ ਸਮਾਜ ਪ੍ਰਤੀ ਸੋਚ ਪੱਖੋਂ ਕੰਗਾਲ ਬਣਾਉਣਾ ਚਾਹੁੰਦੀਆਂ ਹਨ।ਸਰਮਾਏਦਾਰੀ ਵਲੋਂ ਸੰਗੀਤ ਨੂੰ ਹਥਿਆਰ ਵਾਂਗ ਵਰਤ ਕੇ ਜਿਥੇ ਬਹੁਤ ਵੱਡੀ ਕਮਰਸ਼ੀਅਲ ਇੰਡਸਟਰੀ ਖੜੀ ਕਰ ਲਈ ਗਈ ਹੈ, ਉਥੇ ਨੌਜਵਾਨੀ ਨੂੰ ਹਿੰਸਾ, ਨਸ਼ੇ, ਸੈਕਸ ਆਦਿ ਦੇ ਰਾਹ ਤੋਰ ਦਿੱਤਾ ਹੈ। ਮੱਧ ਵਰਗ ਤੇ ਨਿਮਨ (ਲੋਅ ਇਨਕਮ) ਵਰਗ ਇਸ ਰੁਝਾਨ ਦਾ ਵੱਧ ਸ਼ਿਕਾਰ ਹੋ ਰਿਹਾ ਹੈ। '**ਪਰੀਵੈਂਸ਼ਨ ਰਿਸਰਚ ਸੈਂਟਰ ਆਫ ਦੀ ਪੈਸੇਫਿਕ ਇਨਸਟੀਚਿਊਟ ਫਾਰ ਰੀਸਰਚ, ਬਰਕਲੇ ਕੈਲੇਫੋਰਨੀਆ**' ਵਲੋਂ ਇਸੇ ਤਰ੍ਹਾਂ ਦੀ ਕਰਵਾਈ ਇੱਕ ਹੋਰ ਸਰਵੇ ਸਟੱਡੀ ਅਨੁਸਾਰ ਨਾਰਥ ਅਮਰੀਕਾ (ਜਾਂ ਹੋਰ ਪੱਛਮੀ ਦੇਸ਼ਾਂ ਵਿੱਚ) ਹਿਪ ਹੌਪ ਤੇ ਰੈਪ ਮਿਊਜ਼ਕ ਸੁਣਨ ਵਾਲੀ ਨੌਜਵਾਨ ਪੀੜ੍ਹੀ ਵਿੱਚ ਸ਼ਰਾਬ, ਹੋਰ ਗੈਰ ਕਨੂੰਨੀ ਨਸ਼ੇ, ਹਿੰਸਾ, ਜ਼ੁਰਮ, ਬਲਾਤਕਾਰ, ਆਤਮ ਹੱਤਿਆ ਆਦਿ ਦੇ ਵੱਧ ਰੁਝਾਨ ਪਾਏ ਗਏ ਹਨ। ਦੁਨੀਆਂ ਵਿੱਚ ਮਾਨਤਾ ਪ੍ਰਾਪਤ ਬਰਕਲੇ ਯੂਨੀਵਰਸਿਟੀ ਦੇ ਪ੍ਰੋ: ਐਡ ਗੌਰਡਨ ਅਨੁਸਾਰ ਪੌਪ ਤੇ ਹਿਪ ਹੌਪ ਮਿਊਜ਼ਿਕ ਦਾ ਨੌਜਵਾਨਾਂ ਵਿੱਚ ਹਿੰਸਾ, ਨਸ਼ਿਆਂ, ਸਮੋਕਿੰਗ, ਕਰਾਈਮ, ਆਤਮ ਹੱਤਿਆ ਆਦਿ ਨਾਲ ਸਿੱਧਾ ਸਬੰਧ ਹੈ।

ਇਹ ਸਾਰੀ ਸਟੋਰੀ ਵੇਰਵੇ ਸਹਿਤ ਦੱਸਣ ਤੋਂ ਭਾਵ ਇਹ ਹੈ ਕਿ ਸਾਡਾ ਪੰਜਾਬੀ ਗੀਤ-ਸੰਗੀਤ, ਪਿਛਲੇ 10-15 ਸਾਲ ਤੋਂ ਹੌਲੀ-ਹੌਲੀ ਪੱਛਮੀ ਸੰਗੀਤ ਦੀਆਂ ਹਿਪ ਹੌਪ ਤੇ ਪੌਪ ਦੀਆਂ ਧੁਨਾਂ ਵਿੱਚ ਗੁਆਚਦਾ ਹੀ ਨਹੀਂ ਜਾ ਰਿਹਾ, ਸਗੋਂ ਗੀਤਾਂ ਦੀਆਂ ਵੀਡੀਉਜ਼ ਅਤੇ ਸ਼ਬਦਾਵਲੀ ਵਿੱਚ ਉਹ ਸਾਰਾ ਕਲਚਰ ਭਾਰੂ ਹੋ ਰਿਹਾ ਹੈ। ਜਿਸ ਤਰ੍ਹਾਂ ਦੀ ਲੱਚਰ, ਅਸ਼ਲੀਲ, ਭੱਦੀ, ਹਿੰਸਾ ਉਕਸਾਉਣ ਵਾਲੀ, ਨਸ਼ਿਆਂ ਵੱਲ ਪ੍ਰੇਰਤ ਕਰਨ ਵਾਲੀ, ਸ਼ਰਾਬ ਨੂੰ ਉਤਸ਼ਾਹਿਤ ਕਰਨ ਵਾਲੀ, ਗੈਂਗਸਟਰਾਂ ਵਾਲਾ ਲਾਈਫ ਸਟਾਈਲ ਪ੍ਰੋਮੋਟ ਕਰਨ ਵਾਲੀ, ਔਰਤਾਂ ਖਿਲਾਫ ਘਟੀਆ ਸ਼ਬਦਾਵਲੀ, ਔਰਤਾਂ ਨੂੰ ਸੈਕਸ ਸਿੰਬਲ ਬਣਾ ਕੇ ਪੇਸ਼ ਕਰਨ ਵਾਲੀ ਸ਼ਬਦਾਵਲੀ ਗਾਣਿਆਂ ਰਾਹੀਂ ਪ੍ਰੋਸੀ ਜਾ ਰਹੀ ਹੈ। ਉਸਦਾ ਅਸਰ ਅੱਜ ਪੰਜਾਬ ਤੇ ਵਿਦੇਸ਼ਾਂ ਵਿਚਲੀ ਪੰਜਾਬੀ ਨੌਜਵਾਨੀ ਤੇ ਸਪੱਸ਼ਟ ਦਿਸਣ ਲੱਗ ਪਿਆ ਹੈ। ਪੰਜਾਬ ਵਿੱਚ ਹੀ ਨਹੀਂ, ਦੇਸ਼ਾਂ ਵਿਦੇਸ਼ਾਂ ਵਿੱਚ ਸਾਡੇ ਨੌਜਵਾਨ ਨਸ਼ਿਆਂ, ਗੈਂਗਵਾਰ ਤੋਂ ਇਲਾਵਾ ਨਸ਼ੇ ਵੇਚਣ ਦੇ ਕਾਰੋਬਾਰ ਵਿੱਚ ਵੀ ਮੋਹਰੀ ਬਣਦੇ ਜਾ ਰਹੇ ਹਨ। ਇਹ ਖ਼ਬਰਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ, ਜਦੋਂ ਪੰਜਾਬੀ ਵੱਡੀਆਂ ਵੱਡੀਆਂ ਨਸ਼ਿਆਂ ਦੀਆਂ ਖੇਪਾਂ ਨਾਲ ਫੜੇ ਜਾਂਦੇ ਹਨ। ਤੁਸੀਂ ਨਵੇਂ ਗਾਣਿਆਂ ਦੀਆਂ ਵੀਡੀਉ ਦੇਖੋ ਤਾਂ ਸ਼ਾਇਦ ਹੀ ਕੋਈ ਗਾਣਾ ਅਜਿਹਾ ਦਿਸੇ, ਜਿਸ ਵਿੱਚ ਸ਼ਰਾਬ, ਗੰਨਾਂ, ਵੱਡੀਆਂ ਮਹਿੰਗੀਆਂ ਸਪੋਰਟ ਕਾਰਾਂ, ਹਮਰ, ਜੀਪਾਂ, ਨਸ਼ੇ, ਹਿੰਸਾ ਨਾ ਦਿਸੇ, ਇਸੇ ਨੂੰ ਦੇਖ ਅੱਜ ਸਾਡਾ ਪੰਜਾਬੀ ਸਮਾਜ ਫੁਕਰਪੁਣੇ ਵੱਲ ਵੱਧ ਉਲਾਰ ਹੈ। ਕਿਸੇ ਵੀ ਸੰਜੀਦਾ ਮਸਲੇ ਜਾਂ ਵਿਸ਼ੇ ਤੇ ਗੱਲ ਕਰਨ ਲਈ ਤੁਹਾਨੂੰ ਗਿਣਤੀ ਦੇ ਬਜ਼ੁਰਗ ਹੀ ਮਿਲਣਗੇ, ਨੌਜਵਾਨ ਹਰ ਪਾਸੇ ਗਾਇਬ ਹਨ। ਬੇਸ਼ੱਕ ਅਜੇ ਇਥੇ ਸ਼ੁਰੂ ਨਹੀਂ ਹੋਇਆ, ਜਿਸ ਤਰ੍ਹਾਂ ਦੇ ਹਾਲਾਤ ਹਨ, ਜਲਦੀ ਹੋ ਜਾਵੇਗਾ, ਜੇ ਅਸੀਂ ਸੰਜੀਦਾ ਨਾ ਹੋਏ, ਪੰਜਾਬ ਵਿੱਚ ਅਕਸਰ ਵਿਆਹਾਂ ਵਿੱਚ ਚਲਦੀਆਂ ਗੋਲੀਆਂ ਨਾਲ ਕੋਈ ਨਾ ਕੋਈ ਮਰਿਆ ਰਹਿੰਦਾ ਹੈ। ਜੇ ਤੁਸੀਂ ਯੂ ਟਿਊਬ ਤੇ ਦੇਖੋਂ, ਜਿਹੜੇ ਸਿੰਗਰਾਂ ਦੇ ਗੀਤਾਂ ਦੇ 1 ਕਰੋੜ ਤੋਂ ਉਪਰ ਹਿੱਟ ਹਨ, ਉਹੀ ਹਨ, ਜੋ ਪੌਪ, ਰੈਪ ਜਾਂ ਹਿਪ ਹੌਪ ਸਟਾਈਲ ਤੇ ਗਾ ਰਹੇ ਹਨ। ਇਨ੍ਹਾਂ ਵਿਚੋਂ ਜੋ ਸਭ ਤੋਂ ਵੱਧ ਮਸ਼ਹੂਰ ਉਹੀ ਹਨ, ਜਿਨ੍ਹਾਂ ਦੇ ਗੀਤਾਂ ਵਿੱਚ ਉਪਰ ਦੱਸੇ ਲੱਛਣ ਲੱਚਰਤਾ, ਨਸ਼ੇ, ਹਿੰਸਾ, ਨੰਗੇਜ, ਜੱਟਵਾਦ ਆਦਿ ਭਰਪੂਰ ਹੈ। ਪੰਜਾਬੀ ਰੈਪਰਾਂ ਤੇ ਪੌਪ ਸਟਾਰਾਂ ਵਿਚੋਂ ਅੰਮ੍ਰਿਤ ਮਾਨ, ਮਨਕੀਰਤ ਔਲਖ, ਨਿੰਜਾ, ਜ਼ੋਰਾਵਰ, ਸਿਧੂ ਮੂਸਾਪੁਰੀਆ, ਜੋ ਜੋ ਹਨੀ ਸਿੰਘ, ਜੈਜੀ ਬੈਂਸ, ਹਾਰਡੀ ਸਿੰਘ, ਗੁਰੀ, ਇੱਕਾ ਸਿੰਘ, ਗੁਰੂ ਰੰਧਾਵਾ, ਮਿੱਕੀ ਸਿੰਘ, ਸ਼ੈਰੀ ਮਾਨ, ਕੁਲਵਿੰਦਰ ਬਿੱਲਾ, ਦਿਲਪ੍ਰੀਤ ਢਿਲੋਂ, ਹਾਰਫ ਚੀਮਾ, ਦੀਪ ਜੰਡੂ, ਗਿੱਪੀ ਗਰੇਵਾਲ, ਦਿਲਜੀਤ ਦੋਸਾਂਝ, ਸਨੀ ਕਾਹਲੋਂ, ਜੱਸ ਗਰੇਵਾਲ, ਗੁਰਸੇਵਕ ਢਿਲੋਂ, ਸੁੱਖ ਸੰਘੇੜਾ, ਕਮਲ ਢਿਲੋਂ, ਪਰਮ ਸਿੰਘ, ਗੁਪਜ਼ ਸੇਹਰਾ ਆਦਿ ਅਜਿਹੇ ਹਨ, ਜਿਨ੍ਹਾਂ ਦੇ ਜੇ ਸਾਰੇ ਨਹੀਂ ਤਾਂ ਬਹੁਤੇ ਗਾਣਿਆਂ ਵਿੱਚ ਨਸ਼ੇ, ਹਿੰਸਾ, ਗੰਨਾਂ, ਨੰਗੇਜ, ਧੌਂਸਬਾਜੀ, ਜੱਟਵਾਦ, ਫੁਕਰਾਪਨ, ਮਾਰਧਾੜ, ਵੱਡੀਆਂ ਸਪੋਰਟਸ ਗੱਡੀਆਂ ਹੀ ਦਿਖਾਈ ਦਿੰਦੀਆਂ ਹਨ। ਤੁਹਾਨੂੰ ਇਨ੍ਹਾਂ ਦੇ ਗੀਤਾਂ ਵਿੱਚ ਅਸਲੀ ਪੰਜਾਬ ਦੀ ਕੋਈ ਝਲਕ ਨਹੀਂ ਦਿਸੇਗੀ। ਉਹ ਪੰਜਾਬ ਜਿਸਦੀ ਨੌਜਵਾਨੀ ਨਸ਼ੇ ਤੇ ਗੈਂਗ ਖਾ ਰਹੇ ਹਨ, ਔਰਤਾਂ ਨਾਲ ਦਿਨ ਦਿਹਾੜੇ ਬਲਾਤਕਾਰ ਹੋ ਰਹੇ ਹਨ, ਭਰੂਣ ਹੱਤਿਆ ਰਾਹੀਂ ਲੜਕੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ, ਪੰਜਾਬ ਵਿੱਚ ਕੋਈ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦਾ, ਬੰਦੇ ਖਾਣੀਆਂ ਸੜਕਾਂ ਤੇ ਹਜ਼ਾਰਾਂ ਲੋਕ ਮਰ ਰਹੇ ਹਨ, ਹਰ ਪਾਸੇ ਚੋਰ ਬਜ਼ਾਰੀ ਤੇ ਮਿਲਾਵਟਖੋਰੀ ਭਾਰੂ ਹੈ, ਜਿਸਦੀ ਕਿਸਾਨੀ ਨੂੰ ਕਰਜੇ ਖਾ ਰਹੇ ਹਨ, ਜਿਸਦਾ ਪਾਣੀ ਪੀਣ ਯੋਗ ਨਹੀਂ ਰਿਹਾ, ਜਿਸਦੀ ਧਰਤੀ ਬੰਜਰ ਹੋ ਰਹੀ ਹੈ, ਜਿਥੇ ਉਪਰ ਤੋਂ ਥੱਲੇ, ਸਭ ਪਾਸੇ ਭ੍ਰਿਸ਼ਟਾਚਾਰ ਹੈ, ਅਫਸਰਸ਼ਾਹੀ ਤੇ ਸਿਆਸਤਦਾਨ ਪੰਜਾਬ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ, ਧਰਮ ਤੇ ਭ੍ਰਿਸ਼ਟਾਚਾਰੀ ਅਤੇ ਆਚਰਣਹੀਣ ਸਿਆਸਤਦਾਨ ਜਾਂ ਉਨ੍ਹਾਂ ਪਾਲ਼ੇ ਹੋਏ ਗੁੰਡੇ ਕਾਬਿਜ਼ ਹਨ। ਲੋਕ ਸਿਹਤ ਸੇਵਾਵਾਂ ਨਾ ਮਿਲਣ ਕਾਰਨ ਮਰ ਰਹੇ ਹਨ।ਅੱਜ ਪੰਜਾਬ ਦਾ ਹਰ ਬਸ਼ਿੰਦਾ ਆਪਣੇ ਬੱਚਿਆਂ ਨੂੰ ਕਨੂੰਨੀ ਜਾਂ ਗੈਰ ਕਨੂੰਨੀ ਢੰਗ ਨਾਲ ਵਿਦੇਸ਼ਾਂ ਵੱਲ ਭੇਜਣ ਲਈ ਤਿਆਰ ਹੈ। ਪਰ ਤੁਹਾਨੂੰ ਇਨ੍ਹਾਂ ਗੀਤਾਂ ਵਿੱਚ ਅਜਿਹਾ ਕੁਝ ਨਹੀਂ ਦਿਸੇਗਾ? ਇਨ੍ਹਾਂ ਗੀਤਾਂ ਦੀਆਂ ਵੀਡੀਉ ਦੇਖ ਕੇ ਇਵੇਂ ਲੱਗੇਗਾ, ਜਿਵੇਂ ਪੰਜਾਬ ਦੁਨੀਆਂ ਦੀ ਸਭ ਅਮੀਰ ਸਟੇਟ ਹੋਵੇ, ਜਿਥੇ ਲੋਕ ਵੱਡੀਆਂ ਵੱਡੀਆਂ ਕਾਰਾਂ, ਹਮਰਾਂ ਵਿੱਚ ਘੁੰਮਦੇ ਹਨ, ਸ਼ਰਾਬਾਂ ਪੀਂਦੇ ਤੇ ਹੋਰ ਨਸ਼ੇ ਕਰਕੇ ਮਸਤੀ ਵਿੱਚ ਜੀਵਨ ਜਿਉਂਦੇ ਹਨ, ਪੈਸੇ ਦੀ ਕੋਈ ਤੋਟ ਨਹੀਂ, ਸਭ ਪਾਸੇ ਬਹਾਰਾਂ ਹੀ ਬਹਾਰਾਂ ਹਨ, ਕੋਈ ਦੁਖੀ ਨਹੀਂ ਆਦਿ।

ਹੁਣ ਜੇ ਇਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਦੇਖੀਏ ਤਾਂ ਹੈਰਾਨੀ ਹੁੰਦੀ ਹੈ ਕਿ ਮਾਂ ਬੋਲੀ ਪੰਜਾਬੀ ਦੇ ਸੱਚੇ ਸੁਚੇ ਸੇਵਕ ਤੇ ਪੰਜਾਬੀ ਸਭਿਆਚਾਰ ਦੇ ਵਾਰਿਸ ਸਾਨੂੰ ਕਿੱਧਰ ਲਿਜਾ ਰਹੇ ਹਨ:

1. ਦੁੱਕੀ ਤਿੱਕੀ ਠੋਕ ਠੋਕ ਰੱਖਦਾ, ਜੱਟ ਡੇਂਜ਼ਰ ਤੇ ਜਾਨਲੇਵਾ ਸ਼ੌਕ ਰੱਖਦਾ, ਡੱਬ ਵਿੱਚ ਭਰ ਕੇ ਗਲੌਕ (ਪਿਸਟਲ ਦਾ ਨਾਮ) ਰੱਖਦਾ।
2. ਜੱਟਾਂ ਦੇ ਮੁੰਡੇ ਦੇ ਨਾ ਨੇੜੇ ਲਗਦੀ, ਮਿੱਤਰਾਂ ਦਾ ਪਿਸਟਲ ਸਿਰਹਾਣੇ ਰੱਖਦੀ, ਸਾਡੇ ਕੋਲੋਂ ਇਹਨੂੰ ਪੈਗ ਦੀ ਵਾਸ਼ਨਾ ਆਉਂਦੀ।
3. ਮੁੰਡਾ ਮਿੱਤਰਾਂ ਦਾ ਗੈਂਗਸਟਰ ਸੀਨ ਐਂ, ਮੁੰਡਾ ਜੱਟ ਤੇ ਤੂੰ ਜੱਟ ਦੀ ਕੁਈਨ ਐਂ।
4. ਜੱਟ ਨੇ ਕੀਤਾ ਸਦਾ ਸ਼ੇਰਾਂ ਦਾ ਸ਼ਿਕਾਰ ਆ, ਮੁੰਡਾ ਰੱਖਦਾ ਬੰਬ ਜਿਹੀ ਨਾਰ ਆ ਤੇ ਸਾਡੇ ਪਟਾਕੇ ਜਿਹੇ ਯਾਰ ਐ।
5. ਚੰਡੀਗੜ੍ਹ 'ਚ ਕੁੜੀ ਚਾਕਲੇਟ ਵਰਗੀ, ਚੌਥਾ ਪੈਗ ਲਾ ਕੇ ਉਹਦੀ ਬਾਂਹ ਫੜਨੀ।
6. ਜਗ੍ਹਾ ਤੇਰੀ, ਟੈਮ ਤੇਰਾ, ਡਾਂਗ ਮੇਰੀ।ਵਹਿਮ ਤੇਰਾ, ਰਹੀਂ ਖੜਾ ਜੱਟ ਕੱਢੂ ਆਣ ਕੇ।
7. ਜੇਲਾਂ ਵਿਚੋਂ ਫੋਨ ਆਉਣਗੇ, ਤੂੰ ਪਰਖੀਂ ਨਾ ਪਹੁੰਚ ਜੱਟ ਦੀ।
8. ਪਿੰਡ ਤਾਂ ਸ਼ਰੀਕਾਂ 'ਚ ਸੀ ਨਿੱਤ ਚੱਲਦੀ, ਹੁਣ ਅਸਲੇ ਜੱਟਾਂ ਯੂ ਪੀ ਤੋਂ ਚੱਕ ਲਏ ਆ। ਹੁਣ ਜੇਲ 'ਚ ਹੀ ਹਊ ਦੀਦਾਰ ਯਾਰ ਦਾ।
9. ਮੁੱਛਾਂ ਖੁੰਡੀਆਂ ਕਰਾਈਆਂ ਤੇਰੇ ਕਰਕੇ, ਕਈ ਕੋਰਟ ਵਿੱਚ ਚੱਲਦੇ ਨੇ ਪਰਚੇ, ਕੁੜੀਆਂ ਦੇ ਦਿਲ ਵਿੱਚ ਠਾਹ ਵੱਜਦਾ, ਮੁੰਡਾ ਯੂਪੀ ਦੇ ਨਜਾਇਜ਼ ਹਥਿਆਰ ਵਰਗਾ।
10. ਦੇਖਾਂਗੇ ਹੁਸਨ ਤੇਰਾ ਕੀ ਕਰੂਗਾ, ਪਹਿਲੇ ਤੋੜ ਦੀ ਸ਼ਰਾਬ ਵਾਂਗ ਨਿਕਲੀ ਦਾ, ਜੇ ਤਿੰਨ ਚਾਰ ਗੱਭਰੂ ਹਲਾਕ ਕੀਤੇ ਨਾ, ਫੈਦਾ ਕੀ ਪਲਾਜ਼ੋ (ਸੂਟ ਦਾ ਸਟਾਈਲ) ਪਾ ਕੇ ਨਿਕਲੀ ਦਾ।
11. ਹੁੰਦੇ ਨੇ ਜੁਗਾੜੀ ਬੜੇ ਜੱਟ ਕੁੜੀਏ, ਲੈਂਦੇ ਨੇ ਜੁਗਾੜ ਲਾ ਕੇ ਪੱਟ ਕੁੜੀਏ।
12. ਜੀਨੇ ਚੁੱਕਣਾ ਕਿਸੇ ਨੂੰ, ਉਹ ਵਰੰਟ ਨਹੀਂ ਲੈਂਦੇ। ਜੀਨੇ ਉਧੇੜਨੀਆਂ ਹਿੱਕਾਂ, ਉਹ ਲਸੰਸ ਨਹੀਂ ਲੈਂਦੇ।
13. ਪਾਊ ਜੈਟੀਚੂਡ ਦੇ ਖਿਲਾਰੇ ਜੱਟੀਏ, ਜੱਟ ਵਿੱਚ ਜਦੋਂ ਜੱਟਵਾਦ ਆ ਗਿਆ।
14. ਠਾਣੇ ਵਿੱਚ ਡੇਰਾ ਜੱਟ ਦਾ, ਕਿਤੇ ਮਿਲ ਜੀਂ ਸੋਣੀਏ ਆ ਕੇ।
15. ਜਿੰਨਾਂ ਸੜਕਾਂ ਤੇ ਤੇਲ ਪੀਂਦਾ ਹਾਰਲੇ (ਮੋਟਰ ਸਾਈਕਲ), ਜੱਟ ਊ ਤੋਂ ਵੱਧ ਪੀਂਦੇ ਅਲਕੋਹਲ ਬੱਲੀਏ।
16. ਸਾਡੀ ਖੁੱਲੀ ਆ ਜਮੀਨ, ਉਤੋਂ ਤੱਤੀ ਆ ਤਾਸੀਰ ਜੱਟ ਦੀ। ਤੂੰ ਰਹੀਂ ਬਚ ਕੇ ਸੋਹਣੀਏ।
17. ਪਿੰਡੋਂ ਸਰਪੰਚ ਉਹਨੂੰ ਮੂਹਰੋਂ ਮੱਥਾ ਟੇਕੇ, ਠੋਕਣ ਲੱਗਾ ਜਿਹੜਾ ਨਾ ਅੱਗਾ ਪਿਛਾ ਦੇਖੇ।
18. ਚੋਰੀ ਦੀ ਬੰਦੂਕ ਓਨੇ ਮੁੱਲ ਲੈ ਲਈ, ਦਾਦੇ ਆਲ਼ਾ ਅਸਲਾ ਲੁਕੋ ਕੇ ਪਾ ਲਿਆ। ਯਾਰ ਦੇ ਵਿਆਹ 'ਚ ਡੀਕ ਲਾ ਗਿਆ, ਖ਼ੂਨ ਡੀ ਜੇ ਦੇ ਫਲੋਰ ਉਤੇ ਖਿਲਰੇ। ਠਾਰਵੇਂ 'ਚ ਮੁੰਡਾ ਬਦਨਾਮ ਹੋ ਗਿਆ।

ਇਨ੍ਹਾਂ ਗਾਣਿਆਂ ਦੀਆਂ ਕੁਝ ਵੰਨਗੀਆਂ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਸਾਨੂੰ ਸਭਿਅਚਾਰ ਦੇ ਨਾਮ ਤੇ ਕੀ ਪ੍ਰੋਸਿਆ ਜਾ ਰਿਹਾ ਹੈ। ਅਜਿਹੇ ਹਜ਼ਾਰਾਂ ਗੀਤ ਯੂ ਟਿਊਬ ਤੋਂ ਸੁਣੇ ਜਾ ਸਕਦੇ ਹਨ।ਨਾਨਕ, ਕਬੀਰ, ਫਰੀਦ, ਬੁੱਲੇਸ਼ਾਹ, ਪ੍ਰੋ: ਪੂਰਨ ਸਿੰਘ, ਪ੍ਰੋ: ਮੋਹਣ, ਧਨੀ ਰਾਮ ਚਾਤਰਿਕ, ਪਾਸ਼, ਸੰਤ ਰਾਮ ਉਦਾਸੀ, ਸ਼ਿਵ ਦੇ ਵਾਰਿਸ ਪੰਜਾਬੀਆਂ ਨੂੰ ਕਿਸ ਰਾਹੇ ਤੋਰਿਆ ਜਾ ਰਿਹਾ ਹੈ? ਗੁਰੂ ਗੋਬਿੰਦ ਸਿੰਘ, ਬਾਬਾ ਬੰਦਾ ਸਿੰਘ ਬਹਾਦਾਰ, ਗਦਰੀ ਬਾਬਿਆਂ, ਭਗਤ ਸਰਾਭਿਆਂ ਦੇ ਵਾਰਿਸਾਂ ਦੀ ਅਣਖ ਨੂੰ ਮਾਰਨ ਲਈ ਜੋ ਲੱਚਰਤਾ, ਹਿੰਸਾ ਤੇ ਆਚਰਣਹੀਣਤਾ ਪ੍ਰੋਸੀ ਜਾ ਰਹੀ ਹੈ, ਉਸਨੂੰ ਅਸੀਂ ਕਦੋਂ ਤੱਕ ਅੱਖਾਂ ਮੀਟ ਕੇ ਬਰਦਾਸ਼ਤ ਕਰਦੇ ਰਹਾਂਗੇ। ਹੁਣ ਸਮਾਂ, ਬਹੁਤ ਹੋ ਗਿਆ, ਕਹਿਣ ਦਾ ਆ ਗਿਆ ਹੈ।ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਦੇ ਅੰਕੜਿਆਂ ਤੋਂ ਸਭ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਇਹ ਇਸੇ ਤਰ੍ਹਾਂ ਅਗਲੇ 10-20 ਸਾਲ ਚਲਦਾ ਰਿਹਾ ਤਾਂ ਅਣਖੀ ਤੇ ਮਿਹਨਤੀ ਪੰਜਾਬੀ ਕੌਮ ਨਸ਼ਈ ਤੇ ਜ਼ਰਾਇਮ ਪੇਸ਼ਾ ਬਣ ਜਾਵੇਗੀ। ਸਾਡੇ ਕੋਲ ਕਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਦੇ ਨੇਟਿਵ (ਮੂਲ ਬਸ਼ਿੰਦਿਆਂ) ਦੀ ਕਹਾਣੀ ਸਾਹਮਣੇ ਹੈ, ਕਿਸ ਤਰ੍ਹਾਂ ਬਸਤੀਵਾਦੀ ਗੋਰਿਆਂ ਨੇ ਬੜੀ ਬੇਸ਼ਰਮੀ ਨਾਲ ਆਪਣੀ ਸਿਆਸੀ ਹਵਸ ਪੂਰੀ ਕਰਨ ਲਈ ਇਨ੍ਹਾਂ ਕੌਮਾਂ ਦਾ ਸਭਿਆਚਾਰਕ ਵਿਰਸਾ, ਬੋਲੀ ਤੇ ਗੀਤ-ਸੰਗੀਤ ਤਬਾਹ ਕਰਕੇ ਨਸ਼ਈ ਤੇ ਮੰਗ ਖਾਣੇ ਬਣਾ ਦਿੱਤਾ ਹੈ।ਹੁਣ ਸਮਾਂ ਹੈ, ਸੋਚਣ ਦਾ, ਕੁਝ ਕਰਨ ਦਾ, ਜੇ ਕੋਈ ਕੁਝ ਕਰ ਰਿਹਾ ਹੈ, ਉਸਦਾ ਸਾਥ ਦੇਣ ਦਾ। ਹੁਣ ਸਮਾਂ ਆ ਗਿਆ ਹੈ, ਇਨ੍ਹਾਂ ਮਾਂ ਬੋਲੀ ਦੇ ਵਾਰਿਸਾਂ ਨੂੰ ਸਟੇਜਾਂ ਤੇ ਘੇਰਨ ਦਾ।ਗਾਇਕ ਵੀ ਤੇ ਕਈ ਉਨ੍ਹਾਂ ਦੇ ਹਮਦਰਦ ਵੀ ਇਹ ਕਹਿੰਦੇ ਆ ਕਿ ਮਾਰਕੀਟ ਵਿੱਚ ਉਹੀ ਪ੍ਰੋਸਿਆ ਜਾਵੇਗਾ, ਜੋ ਮਾਰਕੀਟ ਦੀ ਡਿਮਾਂਡ ਹੋਵੇਗੀ। ਇਹ ਬੜੀ ਭੁਲੇਖਾ ਪਾਊ ਤੇ ਗੁੰਮਰਾਹ ਕਰਨ ਵਾਲੀ ਸਟੇਟਮੈਂਟ ਹੈ, ਅਸਲ ਵਿੱਚ ਅਜਿਹਾ ਨਹੀਂ ਹੁੰਦਾ, ਸਰਮਾਏਦਾਰ ਮਾਰਕੀਟ ਵਿੱਚ ਉਹੀ ਲਿਆਉਂਦਾ ਹੈ, ਜਿਸ ਤੋਂ ਉਸਨੂੰ ਵੱਧ ਮੁਨਾਫਾ ਹੋਵੇ।ਪਰ ਪ੍ਰਚਾਰ ਉਹ ਇਹੀ ਕਰਦਾ ਹੈ ਕਿ ਇਸਦੀ ਮਾਰਕੀਟ ਵਿੱਚ ਡਿਮਾਂਡ ਹੈ।ਅਸਲ ਵਿੱਚ ਸਰਮਾਏਦਾਰੀ ਬੜੀ ਸ਼ਾਤਰਤਾ ਨਾਲ ਕੰਮ ਕਰਦੀ ਹੈ, ਉਹ ਮੀਡੀਏ ਤੇ ਹੋਰ ਸਾਧਨਾਂ ਰਾਹੀਂ ਅਜਿਹੇ ਹਲਾਤ ਬਣਾ ਦਿੰਦੀ ਹੈ ਕਿ ਤੁਹਾਨੂੰ ਉਹੀ ਖਰੀਦਣਾ ਪੈਂਦਾ ਹੈ, ਜੋ ਉਹ ਵੇਚਣਾ ਚਾਹੁੰਦੇ ਹਨ।ਇਨ੍ਹਾਂ ਨੂੰ ਪੁੱਛੋ, ਕਿ ਦੱਸੋ, ਕਿਥੇ ਤੁਹਾਡੇ ਤੋਂ ਪੰਜਾਬੀਆਂ ਨੇ ਅਜਿਹਾ ਗੰਦ ਪਾਉਣ ਦੀ ਡਿਮਾਂਡ ਕੀਤੀ ਸੀ।ਇਸ ਲਈ ਅਜਿਹੇ ਪ੍ਰਚਾਰ ਤੋਂ ਗੁੰਮਰਾਹ ਹੋਣ ਦੀ ਲੋੜ ਨਹੀਂ।ਸਾਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਹੀ ਜਵਾਬ ਦੇਣਾ ਪਵੇਗਾ ਕਿ ਅਸੀਂ ਆਪਣੇ ਵਿਰਸੇ ਤੇ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਮੁਤਾਬਿਕ ਗੀਤ ਸੰਗੀਤ ਹੀ ਪ੍ਰਵਾਨ ਕਰਾਂਗੇ, ਤੁਹਾਡਾ ਸਾਡੀ ਨੌਜਵਾਨੀ ਨੂੰ ਤਬਾਹ ਕਰਨ ਵਾਲਾ ਮਾਲ ਹੁਣ ਨਹੀਂ ਵਿਕੇਗਾ।

# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਬਾਨੀ ਸੋਹਨ ਮਾਨ ਨੂੰ ਇਨਕਲਾਬੀ ਸ਼ਰਧਾਂਜਲੀ

## 'ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ'



**ਮਾ. ਭਜਨ/ਕੈਲਗਰੀ**

ਅੱਜ ਇਥੇ ਦੇ ਕੋਸੋ ਹਾਲ ਵਿਖੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਬਾਨੀ ਪ੍ਰਧਾਨ ਸੋਹਨ ਮਾਨ ਦਾ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਜਨਰਲ ਸਕੱਤਰ ਮਾ. ਭਜਨ ਨੇ ਦੱਸਿਆ ਕਿ ਐਸੋਸੀਏਸ਼ਨ ਦੇਬਾਨੀ ਪ੍ਰਧਾਨ ਸੰਖੇਪ ਬੀਮਾਰੀ ਕਾਰਨ 12 ਦਸੰਬਰ ਨੂੰ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ ਸਨ। 16 ਦਸੰਬਰ ਨੂੰ ਪਰਿਵਾਰ ਵਲੋਂ ਫਿਊਨਰਲ ਸਮੇਂ ਸ਼ਰਧਾਂਜਲੀ ਸਮਾਗਮ ਬਿਨਾਂ ਕਿਸੇ ਧਾਰਮਿਕ ਅਤੇ ਸਮਾਜਕ ਰਸਮਾਂ ਤੋਂ ਕੀਤਾ ਗਿਆ ਸੀ। ਇਸ ਵਿਲੱਖਣ ਸਮਾਗਮ ਵਿਚ ਵੱਖ-ਵੱਖ ਲੋਕ ਪੱਖੀ ਜਥੇਬੰਦੀਆਂ ਨੇ ਇਨਕਲਾਬੀ ਸ਼ਰਧਾਂਜਲੀ ਨਾਲ ਸੋਹਨ ਮਾਨ ਨੂੰ ਸਲਾਮ ਕਿਹਾ ਸੀ।

ਅੱਜ ਦੇ ਸ਼ਰਧਾਂਜਲੀ ਸਮਾਗਮ 'ਚ ਉਨ੍ਹਾਂ ਦੇ ਪੁਰਾਣੇ ਸਾਥੀ ਜਸਵੰਤ ਸਿੰਘ ਗਿੱਲ, ਅਮਰਪ੍ਰੀਤ, ਕੇਸਰ ਸਿੰਘ ਨੀਰ ਅਤੇ ਐਡਵੋਕੇਟ ਤਰਨਜੀਤ ਔਜਲਾ ਨੇ ਸੋਹਨ ਮਾਨ ਨਾਲ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿਚ ਕੰਮ ਕਰਨ ਦੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸੋਹਨ ਮਾਨ ਨੇ ਕੈਨੇਡਾ 'ਚ ਪੰਜ ਦਹਾਕੇ ਤੋਂ ਸਰਗਰਮੀ ਨਾਲ ਮਨੁੱਖਤਾਵਾਦੀ, ਤਰਕਸ਼ੀਲ, ਵਿਗਿਆਨਕ ਅਤੇ ਮਾਰਕਸਵਾਦੀ ਪ੍ਰਤੀਬੱਧਤਾ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਕਿਹਾ ਕਿ ਉਹ ਆਖਰੀ ਸਾਹਾਂ ਤੱਕ ਕਮਿਊਨਿਸਟ ਪਾਰਟੀ ਕੈਨੇਡਾ ਦੇ ਮੈਂਬਰ ਰਹੇ।

ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਗੀਤ 'ਮੇਰੀ ਮੌਤ 'ਤੇ ਰੋਇਓ, ਮੇਰੀ ਸੋਚ ਨੂੰ ਬਚਾਇਓ' ਦੇ ਐਕਸ਼ਨ ਗੀਤ ਨਾਲ ਸ਼ਰਧਾਂਜਲੀ ਦਿੱਤੀ। ਭਾਵਕ ਮਾਹੌਲ ਨਾਲ ਸਭ ਦੀਆਂ ਅੱਖਾਂ ਨਮ ਹੋ ਗਈਆਂ। ਹਰਨੇਕ ਬੱਧਨੀ ਵਲੋਂ ਸੋਹਨ ਮਾਨ ਨੂੰ ਸ਼ਰਧਾਂਜਲੀ ਕਵਿਤਾ ਪੇਸ਼ ਕੀਤੀ ਗਈ।

ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਅਰਪਨ ਲਿਖਾਰੀ ਸਭਾ ਵਲੋਂ ਇਕਬਾਲ ਖਾਨ, ਰੈਡ ਐਫ.ਐਮ. ਵਲੋਂ ਰਿਸ਼ੀ ਨਾਗਰ, ਇਮੀਗਰੈਂਟਸ ਸੀਨੀਅਰਜ਼ ਦੇ ਆਗੂ ਪ੍ਰਸ਼ੋਤਮ ਭਾਰਦਵਾਜ਼ ਅਤੇ ਗੁਰਬਚਨ ਬਰਾੜ ਨੇ ਕਿਹਾ ਕਿ ਸੋਹਨ ਮਾਨ ਕੋਮਲ ਹਿਰਦੇ ਵਾਲਾ, ਆਪਣੇ ਵਿਚਾਰਾਂ ਤੇ ਦ੍ਰਿੜਤਾ ਨਾਲ ਖੜ੍ਹਨ ਵਾਲਾ ਸਫ਼ਲ ਮਨੁੱਖ ਸੀ।

ਐਸੋਸੀਏਸ਼ਨ ਦੇ ਵਿੱਤ ਸਕੱਤਰ ਕਾਮਰੇਡ ਜੀਤਇੰਦਰਪਾਲ ਜੋ ਅੱਜ ਦੇ ਸਮਾਗਮ ਦੀ ਅਗਵਾਈ ਕਰ ਰਹੇ ਸਨ, ਨੇ ਸੋਹਨ ਮਾਨ ਨਾਲ ਸਭ ਤੋਂ ਲੰਮਾਂ ਸਮਾਂ ਬਤਾਏ ਪਲਾਂ ਦੀ ਯਾਦ ਬੜੀ ਭਾਵਕਤਾ ਨਾਲ ਸਾਂਝੀ ਕੀਤੀ। ਅਲਬਰਟਾ ਦੇ ਕਮਿਊਨਿਟੀ ਅਤੇ ਸੋਸ਼ਲ ਸਰਵਿਸਜ਼ ਮੰਤਰੀ ਅਰਫਾਨ ਸਬੀਰ ਨੇ ਸੋਹਨ ਮਾਨ ਨੂੰ ਯਾਦ ਕਰਦਿਆਂ ਕਿਹਾ ਕਿ ਸੋਹਨ ਮਾਨ ਦੇ ਜਾਣ ਦਾ ਘਾਟਾ ਪਰਿਵਾਰ ਜਿੰਨਾ ਹੀ ਸਮਾਜ ਨੂੰ ਹੈ।

ਸੋਹਨ ਮਾਨ ਦੀ ਜੀਵਨ ਸਾਥਣ ਸ੍ਰੀਮਤੀ ਜਸਵਿੰਦਰ ਕੌਰ ਨੇ ਕਿਹਾ ਕਿ ਸੋਹਨ ਮਾਨ ਇਕ ਅੱਛਾ ਪਤੀ, ਪਿਤਾ ਅਤੇ ਸਾਥੀ ਸੀ। ਉਨ੍ਹਾਂ ਨਾਲ ਬਡਾਈਆਂ ਜੀਵਨ-ਯਾਦਾਂ ਸਾਂਝੀਆਂ ਕੀਤੀਆਂ। ਸਟੇਜ ਸੰਚਾਲਨ ਕਰ ਰਹੇ ਮਾ. ਭਜਨ ਨੇ ਕਿਹਾ ਕਿ ਸੋਹਨ ਮਾਨ ਵਲੋਂ 28 ਸਾਲ ਪਹਿਲਾਂ ਚਲਾਈ ਇਹ ਸੰਸਥਾ ਨੂੰ ਮਾਨ ਸਾਹਿਬ ਦੇ ਵਿਚਾਰਾਂ ਅਨੁਸਾਰ ਚਲਾਵਾਂਗੇ। ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਤਾਜ਼ਾ ਰੱਖਣ ਲਈ ਹਰ ਸਾਲ 'ਸੋਹਨ ਮਾਨ ਯਾਦਗਾਰੀ ਐਵਾਰਡ' ਕਿਸੇ ਵਿਲੱਖਣ ਸ਼ਖਸੀਅਤ ਨੂੰ ਦਿੱਤਾ ਜਾਇਆ ਕਰੇਗਾ। ਮਾਨ ਦੇ ਸੁਪਨਿਆਂ ਨਾਲ ਚਲਾਈ ਜਾ ਰਹੀ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਨੂੰ ਹੋਰ ਵੀ ਵਿਸ਼ਾਲ ਪੱਧਰ 'ਤੇ ਚਲਾਇਆ ਜਾਵੇਗਾ। ਅੱਜ ਦੇ ਸਮਾਗਮ ਦੀ ਲਾਈਵ ਵੀਡੀਓਗ੍ਰਾਫ਼ੀ ਅਤੇ ਫੋਟੋਗ੍ਰਾਫ਼ੀ ਰੁਪਿੰਦਰਪਾਲ ਪੰਧੇਰ ਅਤੇ ਰਣਜੀਤ ਲਾਡੀ ਵਲੋਂ ਕੀਤੀ ਗਈ।

ਉਪਰੰਤ ਟ੍ਰਿਬਿਊਨ ਸਮੂਹ ਦੀ ਪੱਤਰਕਾਰ ਰਚਨਾ ਖਹਿਰਾ ਖਿਲਾਫ਼ ਭਾਰਤ ਸਰਕਾਰ ਵਲੋਂ ਅਧਾਰ ਕਾਰਡ ਸੈਕੰਡਲ ਦਾ ਪਰਦਾਫਾਸ਼ ਕਰਨ ਦੇ ਬਦਲੇ ਵਜੋਂ ਕੇਸ ਦਰਜ ਦੀ ਨਿੰਦਾ ਕੀਤੀ ਗਈ ਅਤੇ ਤੁਰੰਤ ਕੇਸ ਵਾਪਸ ਲੈਣ ਦਾ ਮਤਾ ਪਾਸ ਕੀਤਾ ਗਿਆ। ਸੋਹਨ ਮਾਨ ਸਬੰਧੀ ਲੋਕ ਕਲਾ ਮੰਚ ਮੰਡੀ ਮੁਲਾਂਪੁਰ, ਗੁਰਸ਼ਰਨ ਕਲਾ ਭਵਨ ਅਤੇ ਸਰੋਕਾਰਾਂ ਦੀ ਆਵਾਜ਼ ਟੋਰਾਂਟੋ ਵਲੋਂ ਭੇਜੇ ਸ਼ੋਕ ਮਤੇ ਪੜ੍ਹੇ ਗਏ। ਮਾ. ਭਜਨ ਨੇ ਮੀਡੀਆ ਅਤੇ ਸਭ ਉਨ੍ਹਾਂ ਦਾ ਜੋ ਦੁੱਖ 'ਚ ਸ਼ਾਮਲ ਹੋਏ ਹਨ, ਦਾ ਹਾਰਦਿਕ ਧੰਨਵਾਦ ਕੀਤਾ। ਮੌਸਮ ਦੀ ਖਰਾਬੀ ਕਾਰਨ ਫਰਵਰੀ ਵਿਚ ਹੋਣ ਵਾਲੀ ਮੀਟਿੰਗ ਨਹੀਂ ਹੋਵੇਗੀ। ਨੋਟ : ਸੋਹਨ ਮਾਨ ਦੀ ਯਾਦ 'ਚ ਨਵੀਂ ਪਿਰਤ ਪਾਉਂਦਿਆਂ ਸਭ ਹਾਜ਼ਰੀਨ ਨੂੰ ਦੋ-ਦੋ ਕਿਤਾਬਾਂ ਭੇਟ ਕੀਤੀਆਂ ਗਈਆਂ। ਹੋਰ ਜਾਣਕਾਰੀ ਲਈ 403-455-4220 'ਤੇ ਸੰਪਰਕ ਕਰੋ।




# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਕਮੇਟੀ ਦੀ ਚੋਣ



ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਐਗਜੈਕਟਿਵ ਕਮੇਟੀ ਦੀ ਮੀਟਿੰਗ ਡਾਇਰੈਕਟਰ ਪ੍ਰੋ. ਗੋਪਾਲ ਕਾਉਂਕੇ ਦੀ ਪ੍ਰਧਾਨਗੀ ਹੇਠ ਹੋਈ। ਬਾਨੀ ਪ੍ਰਧਾਨ ਮੋਹਨ ਮਾਨ ਦੀ ਪਿਛਲੇ ਦਿਨੀਂ ਸੰਖੇਪ ਬੀਮਾਰੀ ਕਾਰਨ ਮੌਤ ਹੋ ਗਈ ਸੀ। ਸਰਬਸੰਮਤੀ ਨਾਲ ਐਸੋਸੀਏਸ਼ਨ ਨਾਲ ਲੰਮੇ ਸਮੇਂ ਤੋਂ ਜੁੜੇ ਵਿਚਾਰਧਾਰਕ, ਪ੍ਰਤੀਬੱਧ ਅਤੇ ਸੁਹਿਰਦ ਸਾਥੀ ਜੀਤਇੰਦਰਪਾਲ ਨੂੰ ਪ੍ਰਧਾਨ, ਮਾਸਟਰ ਭਜਨ ਸਿੰਘ ਨੂੰ ਜਨਰਲ ਸਕੱਤਰ, ਪ੍ਰੋਫੈਸਰ ਗੋਪਾਲ ਕਾਉਂਕੇ ਨੂੰ ਡਾਇਰੈਕਟਰ, ਕਮਲਪ੍ਰੀਤ ਪੰਧੇਰ ਨੂੰ ਐਡੀਟਰ, ਹਰੀਪਾਲ, ਨਵਕਿਰਨ ਕੌਰ ਢੁੱਡੀਕੇ ਅਤੇ ਕੁਸ਼ਮ ਸ਼ਰਮਾ (ਮੰਜੂ) ਨੂੰ ਐਗਜ਼ੈਕਟਿਵ ਕਮੇਟੀ ਮੈਂਬਰ ਲਿਆ ਗਿਆ ਹੈ। ਅੱਜ ਦੀ ਮੀਟਿੰਗ ਨੇ ਮਹਿਸੂਸ ਕੀਤਾ ਕਿ ਬਾਨੀ ਪ੍ਰਧਾਨ ਕਾਮਰੇਡ ਸੋਹਨ ਮਾਨ ਦੇ ਸਰੀਰਕ ਤੌਰ 'ਤੇ ਵਿਛੜ ਜਾਣ ਨਾਂਲ ਇਕ ਖਲਾਅ ਪੈਦਾ ਹੋ ਗਿਆ ਹੈ ਜਿਸ ਨੂੰ ਪੂਰਨ ਲਈ ਸਖ਼ਤ ਮਿਹਨਤ ਅਤੇ ਟੀਮ ਵਰਕ ਦੀ ਲੋੜ ਹੈ। ਸਮੁੱਚੀ ਟੀਮ ਲੇ ਸੋਹਨ ਮਾਨ ਦੀਆਂ ਮਨੁੱਖਤਾਵਾਦੀ, ਪ੍ਰਗਤੀਵਾਦੀ, ਉਸਾਰੂ ਸੋਚ ਵਾਲੀਆਂ ਵਿਚਾਰਧਾਰਕ ਲੀਹਾਂ 'ਤੇ ਤੁਰਨ ਦਾ ਅਹਿਦ ਲਿਆ। ਕੈਲਗਰੀ ਨਿਵਾਸੀਆਂ ਅਤੇ ਮੀਡੀਆ ਦਾ ਧੰਨਵਾਦ ਕਰਦੇ ਹੋਏ ਸਹਿਯੋਗ ਦੀ ਆਸ ਕੀਤੀ। ਹੋਰ ਜਾਣਕਾਰੀ ਲਈ ਫੋਨ ਮਾ. ਭਜਨ 403-455-4220 'ਤੇ ਸੰਪਰਕ ਕਰੋ।









# ਲਿਖਾਰੀ ਸਭਾ ਵਲੋਂ ਪੰਜਾਬੀ ਬੋਲਣ ਦੀ ਮੁਹਾਰਤ ਦੇ ਮੁਕਾਬਲੇ 17 ਮਾਰਚ ਨੂੰ

## ਜਨਵਰੀ ਮਹੀਨੇ ਦੀ ਮੀਟਿੰਗ ਦੌਰਾਨ ਸਮਾਗਮ ਦਾ ਪੋਸਟਰ ਰਿਲੀਜ਼



ਕੈਲਗਰੀ : ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਬੱਚਿਆਂ ਦੇ ਪੰਜਾਬੀ ਬੋਲਣ ਦੀ ਮੁਹਾਰਤ ਦੇ ਮੁਕਾਬਲੇ ਇਸ ਵਾਰੀ 17 ਮਾਰਚ (ਸ਼ਨੀਵਾਰ) ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਕਰਵਾਏ ਜਾਣਗੇ। ਇਸ ਸਮਾਗਮ ਬਾਰੇ ਲਿਖਾਰੀ ਸਭਾ ਦੀ ਜਨਵਰੀ ਮਹੀਨੇ ਦੀ ਮੀਟਿੰਗ ਦੌਰਾਨ ਪੋਸਟਰ ਰਿਲੀਜ਼ ਕੀਤਾ ਗਿਆ ਅਤੇ ਸਮਾਗਮ ਬਾਰੇ ਜਾਣਕਾਰੀ ਵਿਸਥਾਰ ਨਾਲ ਸਾਂਝੀ ਕੀਤੀ। ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਗਰੇਡ ਦੋ ਤੋਂ ਲੈ ਕੇ ਗਰੇਡ ਅੱਠ ਤੱਕ ਦੇ ਬੱਚਿਆਂ ਨੂੰ ਮੌਕਾ ਦਿੱਤਾ ਜਾਂਦਾ ਹੈ ਤੇ ਉਸ ਲਈ ਰਜਿਸਟਰੇਸ਼ਨ ਸ਼ੁਰੂ ਹੈ। ਇਸ ਦੀ ਹੋਰ ਜਾਣਕਾਰੀ ਪੰਜਾਬੀ ਲਿਖਾਰੀ ਸਭਾਂ ਦੇ ਫੇਸਬੁੱਕ ਦੇ ਪੇਜ ਤੋਂ ਵੀ ਲਈ ਜਾ ਸਕਦੀ ਹੈ।

ਇਸ ਤੋਂ ਪਹਿਲਾਂ ਮੀਟਿੰਗ ਸ਼ੁਰੂ ਕਰਦਿਆਂ ਜਨਰਲ ਸਕੱਤਰ ਰਣਜੀਤ ਸਿੰਘ ਨੇ ਨਵੇਂ ਸਾਲ ਦੀ ਵਧਾਈ ਦਿੱਤੀ ਤੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਤੇ ਜ਼ੋਰਾਵਰ ਬਾਂਸਲ ਨੂੰ ਸੱਦਾ ਦਿੱਤਾ। ਸ਼ੋਕ ਸਮਾਚਾਰ ਸਾਂਝੇ ਕਰਦਿਆਂ ਰਣਜੀਤ ਸਿੰਘ ਨੇ ਨਛੱਤਰ ਬਰਾੜ, ਗੁਰਦਿਆਲ ਸਿੰਘ ਕੰਵਲ, ਮਲਕੀਤ ਚਿੱਤਰਕਾਰ ਨੂੰ ਭਾਵੁਕ ਸ਼ਬਦਾਂ ਨਾਲ ਸ਼ਰਧਾਂਜਲੀ ਦਿੱਤੀ। ਗੁਰਬਚਨ ਬਰਾੜ ਨੇ ਮਲਕੀਤ ਚਿੱਤਰਕਾਰ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣ ਤੋਂ ਬਾਅਦ ਆਪਣੀ ਇੱਕ ਖੂਬਸੂਰਤ ਗਜ਼ਲ 'ਜੁੰਗਨੂਆਂ ਦੇ ਵਾਂਗ' ਵੀ ਸਾਂਝੀ ਕੀਤੀ।

ਦਵਿੰਦਰ ਮਲਹਾਂਸ ਨੇ ਗੁਰਪਾਲ ਲਿੱਟ ਬਾਰੇ ਇੱਕ ਜਾਣਕਾਰੀ ਭਰਪੂਰ ਪਰਚਾ ਪੜ੍ਹਿਆ।ਨਛੱਤਰ ਪੁਰਬਾ ਨੇ ਆਪਣਾ ਲਿਖਿਆ ਲੇਖ 'ਭ੍ਰਿਸ਼ਟ ਰਾਜਨੀਤੀ' ਪੜ੍ਹਿਆ ਜਿਸ ਵਿੱਚ ਭਾਰਤ ਦੀ ਰਾਜਨੀਤੀ, ਨਸ਼ੇ, ਲੱਚਰ ਗਾਇਕੀ ਤੇ ਹਰ ਬੁਰਾਈ ਦਾ ਜ਼ਿਕਰ ਕੀਤਾ। ਕਾਵਿਕ ਦੌਰ ਵਿੱਚ ਮਨਮੋਹਨ ਬਾਠ, ਸੁਰਿੰਦਰ ਗੀਤ, ਮੰਗਲ ਚੱਠਾ, ਗੁਰਤਾਜ ਸਿੰਘ ਤੇ ਜਸਲੀਨ ਕੌਰ,ਖੁਸ਼ ਚਾਹਲ, ਸਰਬਜੀਤ ਉੱਪਲ ਅਤੇ ਤਰਲੋਚਨ ਸੈਂਭੀ ਨੇ ਹਾਜ਼ਰੀ ਲਵਾਈ। ਸਭਾ ਦੀ ਅਗਲੀ ਮੀਟਿੰਗ 18 ਫਰਵਰੀ ਨੂੰ ਕੋਸੋ ਹਾਲ ਵਿੱਚ ਹੋਏਗੀ। ਹੋਰ ਜਾਣਕਾਰੀ ਲਈ 403 680 3212 ਅਤੇ 403 714 6848 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਾ. ਮੋਹਣ ਲਾਲ ਮੰਗੂਵਾਲ ਦੇ ਸ਼ਰਧਾਂਜਲੀ ਸਮਾਗਮ 'ਚ ਇਨਕਲਾਬੀ ਜਮਹੂਰੀ ਆਗੂਆਂ ਨੇ ਅਕੀਦਤ ਭੇਟ ਕੀਤੀ



"ਮੋਹਣ ਲਾਲ ਦੀ ਪਛਾਣ ਨਕਸਲੀ ਸ਼ਹੀਦ ਦੇ ਪਰਿਵਾਰ ਦਾ ਮੈਂਬਰ ਹੋਣ ਕਰਕੇ ਨਹੀਂ ਸਗੋਂ ਉਸ ਦਾ ਆਪਣਾ ਵੀ ਨਕਸਲੀ ਲਹਿਰ ਦੇ ਚੜ੍ਹਤ ਦੇ ਦੌਰ ਵਿਚ ਸਰਗਰਮ ਯੋਗਦਾਨ ਸੀ। ਉਸਨੇ ਲਹਿਰ ਵਿਚ ਨਾ ਸਿਰਫ਼ ਜੇਲ੍ਹ ਕੱਟੀ ਅਤੇ ਤਸ਼ੱਦਦ ਝੱਲਿਆ ਸਗੋਂ ਆਖ਼ਰੀ ਸਾਹਾਂ ਤਕ ਇਨਕਲਾਬੀ ਸਿਆਸਤ ਦੇ ਦ੍ਰਿੜ ਹਮਾਇਤੀ ਰਹੇ। ਦ੍ਰਿੜਤਾ, ਬੇਬਾਕੀ, ਮਿਹਨਤ ਅਤੇ ਸਿਰੜੀ ਜ਼ਿੰਦਗੀ ਉਹਨਾਂ ਦੀ ਅਹਿਮ ਖ਼ੂਬੀਆਂ ਸਨ।" ਇਹ ਵਿਚਾਰ ਅੱਜ ਪਿੰਡ ਮੰਗੂਵਾਲ ਵਿਖੇ ਸ਼ਹੀਦ ਸੋਹਣ ਲਾਲ ਜੋਸ਼ੀ ਦੇ ਛੋਟੇ ਭਰਾ ਮੋਹਣ ਲਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵੱਖ-ਵੱਖ ਇਨਕਲਾਬੀ ਜਮਹੂਰੀ ਜਥੇਬੰਦੀਆਂ ਅਤੇ ਰਸਾਲਿਆਂ ਦੇ ਆਗੂਆਂ ਨੇ ਪ੍ਰਗਟਾਏ, ਉਹ 12 ਜਨਵਰੀ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਕ ਗ਼ਰੀਬ ਦਲਿਤ ਪਰਿਵਾਰ ਦੇ ਜੰਮਪਲ ਮੋਹਣ ਲਾਲ ਨੇ ਚੜ੍ਹਦੀ ਉਮਰ ਵਿਚ ਹੀ ਨਕਸਲੀ ਸਿਆਸਤ ਨਾਲ ਜੁੜਕੇ ਇਲਾਕੇ ਦੇ ਪਿੰਡਾਂ ਵਿਚ ਨੌਜਵਾਨਾਂ ਨੂੰ ਇਨਕਲਾਬੀ ਸਿਆਸਤ ਨਾਲ ਜੋੜਨ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਬਾਦ ਵਿਚ ਭਾਵੇਂ ਪਰਿਵਾਰਕ ਮਜਬੂਰੀਆਂ ਕਾਰਨ ਉਹ ਪਹਿਲਾਂ ਦੀ ਤਰ੍ਹਾਂ ਸਰਗਰਮ ਨਹੀਂ ਰਹਿ ਸਕੇ ਪਰ ਆਖ਼ਰੀ ਸਾਹਾਂ ਤਕ ਉਹ ਨਕਸਲੀ ਲਹਿਰ ਦੇ ਦ੍ਰਿੜ ਹਮਾਇਤੀ ਰਹੇ ਅਤੇ ਯਥਾ ਸੰਭਵ ਸਾਥ ਦਿੰਦੇ ਰਹੇ।

ਇਸ ਮੌਕੇ ਸੁਰਖ਼ ਰੇਖਾ ਦੇ ਸੰਪਾਦਕ ਨਾਜ਼ਰ ਸਿੰਘ ਬੋਪਾਰਾਏ ਅਤੇ ਪ੍ਰਕਾਸ਼ਕ ਬਲਵਿੰਦਰ ਮੰਗੂਵਾਲ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਮਹਿੰਦਰ ਸਿੰਘ ਖੈਰੜ, ਲੋਕ ਕਾਫ਼ਲਾ ਦੇ ਸੰਪਾਦਕ ਬੂਟਾ ਸਿੰਘ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਕੁਸ਼ਤੀ ਐਸੋਸੀਏਸ਼ਨ ਦੇ ਆਗੂ ਸੁਖਦੇਵ ਸਿੰਘ ਵਲੋਂ ਵਿਛੜੇ ਸਾਥੀ ਨੂੰ ਅਕੀਦਤ ਭੇਟ ਕੀਤੀ ਗਈ। ਦੇਸ਼ਭਗਤ ਯਾਦਗਾਰ ਕਮੇਟੀ, ਜਮਹੂਰੀ ਅਧਿਕਾਰ ਸਭਾ, ਨਾਟਕਕਾਰ ਗੁਰਸ਼ਰਨ ਸਿੰਘ ਅਤੇ ਅਜਮੇਰ ਸਿੰਘ ਔਲੱਖ ਦੇ ਪਰਿਵਾਰਾਂ ਤੋਂ ਇਲਾਵਾ ਵਿਦੇਸ਼ ਵਿੱਚੋਂ ਸੁਰਿੰਦਰ ਧੰਜਲ ਅਤੇ ਅਮਰਜੀਤ ਚੰਦਨ ਵਲੋਂ ਭੇਜੇ ਸ਼ੋਕ ਸੁਨੇਹੇ ਸਾਂਝੇ ਕੀਤੇ ਗਏ। ਇਸ ਮੌਕੇ ਹਰੀਰਾਮ ਰਸੂਲਪੁਰ, ਤੀਰਥ ਰਸੂਲਪੁਰ, ਤਰਸੇਮ ਸਿੰਘ ਬੈਂਸ, ਨੰਦ ਲਾਲ, ਜਸਵੰਤ ਖਟਕੜ, ਹਰਬੰਸ ਹੀਓਂ, ਗੁਰਮੁਖ ਸਿੰਘ, ਬਲਵੀਰ ਮੰਗੂਵਾਲ, ਸ਼ਿਵਰਾਜ, ਬਾਬੂ ਕਸ਼ਮੀਰੀ ਲਾਲ, ਸੁਰਜੀਤ ਸਿੰਘ ਬੈਂਸ, ਮਾਸਟਰ ਜਸਵੀਰ ਸਿੰਘ, ਪ੍ਰੇਮ ਸਿੰਘ ਸਹਾਬਪੁਰ, ਦਵਿੰਦਰ ਸਿੰਘ ਸਰਪੰਚ ਮੰਗੂਵਾਲ ਸਮੇਤ ਬਹੁਤ ਸਾਰੀਆਂ ਸ਼ਖਸੀਅਤਾਂ, ਵਿਛੜੀ ਸ਼ਖਸੀਅਤ ਦੇ ਬਹੁਤ ਸਾਰੇ ਸਮਕਾਲੀ ਸਾਥੀ, ਸਮੂਹ ਪਰਿਵਾਰ, ਰਿਸ਼ਤੇਦਾਰ ਅਤੇ ਪਿੰਡ ਵਾਸੀ ਹਾਜ਼ਰ ਸਨ।


ਅੱਠ ਸਾਲਾਂ ਤੋਂ ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ)
416-817-7142



ਮਾਸਟਰ ਭਜਨ (ਕੈਲਗਰੀ)
403-455-4220



ਸੁਖਵੀਰ ਗਰੇਵਾਲ (ਵੈਨਕੂਵਰ)
403-402-0770

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ, ਵਿੰਨੀਪੈਗ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਅਤੇ ਵਿੰਨੀਪੈਗ ਤੋਂ ਪੱਤਰਕਾਰਾਂ ਦੀ ਵੀ ਲੋੜ ਹੈ।






## ਕੈਲਗਰੀ ਵਿਖੇ ਅੰਤਰਰਾਸ਼ਟਰੀ ਔਰਤ ਦਿਵਸ ਅਤੇ ਸਭਿਆਚਾਰਕ ਸਮਾਗਮ 8 ਮਾਰਚ ਨੂੰ

ਕੈਲਗਰੀ: ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 8 ਮਾਰਚ ਨੂੰ ਅੰਤਰਰਾਸ਼ਟਰੀ ਔਰਤ ਦਿਵਸ ਅਤੇ ਸਭਿਆਚਾਰਕ ਸਮਾਗਮ ਜੈਨਸਿਸ ਸੈਂਟਰ ਵਿਖੇ ਸ਼ਾਮ 5 ਤੋਂ 7 ਵਜੇ ਤੱਕ ਮੇਨ ਗੇਟ (ਗੋਲ ਸਰਕਲ) ਵਿਖੇ (Corporation Jences Center Management) ਕੀਤਾ ਜਾ ਰਿਹਾ ਹੈ। ਪ੍ਰੌਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਨਾਟਕ, ਕੋਰੀਓਗ੍ਰਾਫ਼ੀ ਅਤੇ ਐਕਸ਼ਨ ਗੀਤ ਹੋਣਗੇ। ਇਸ ਪ੍ਰੋਗਰਾਮ ਦੀ ਕੋਈ ਵੀ ਟਿਕਟ ਨਹੀਂ ਹੋਵੇਗੀ।

ਪ੍ਰੋਗਰਾਮ ਵਿਚ ਸਾਰਿਆਂ ਨੂੰ ਪਰਿਵਾਰ ਸਮੇਤ ਪੁੱਜਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਸਮਾਗਮ ਬਾਰੇ ਹੋਰ ਜਾਣਕਾਰੀ ਲਈ ਮਾ. ਭਜਨ 403-455-4220 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟ੍ਰਿਬਿਊਨ ਦੇ ਮੁੱਖ ਸੰਪਾਦਕ ਵਲੋਂ ਵੀ ਸਨਮਾਨ

ਇੱਕ ਵੱਖਰੀ ਜਾਣਕਾਰੀ ਅਨੁਸਾਰ ‘ਦਿ ਟ੍ਰਿਬਿਊਨ’ ਦੇ ਮੁੱਖ ਸੰਪਾਦਕ ਹਰੀਸ਼ ਖਰੇ ਵਲੋਂ ਵੀ ਪੱਤਰਕਾਰ ਰਚਨਾ ਖਹਿਰਾ ਦਾ ਸਨਮਾਨ ਕੀਤਾ ਗਿਆ ਹੈ। ਹਰੀਸ਼ ਖਰੇ ਨੇ ਆਪਣੇ ਨਿੱਜੀ ਖਾਤੇ ਵਿੱਚੋਂ ਰਚਨਾ ਖਹਿਰਾ ਨੂੰ 50 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਨਾਲ਼ ਸਨਮਾਨਿਤ ਕੀਤਾ। ਉਹਨਾਂ ਨੂੰ ਇਹ ਸਨਮਾਨ ਟ੍ਰਿਬਿਊਨ ਦੇ ਚੰਡੀਗੜ੍ਹ ਦੇ ਮੁੱਖ ਦਫਤਰ ਵਿੱਚ ਦਿੱਤਾ ਗਿਆ।

## ਸਰਗਰਮੀਆਂ



ਸਰੀ: ਇੰਦਰਜੀਤ ਕੌਰ ਸਿੱਧੂ ਦੀ ਕਿਤਾਬ ‘ਸਰਦਲਾਂ ਦੇ ਆਰ ਪਾਰ’ ਵੈਨਕੂਵਰ ਵਿਚਾਰ ਮੰਚ ਵਲੋਂ ਰਿਲੀਜ਼ ਕੀਤੀ ਗਈ ਸਾਹਿਤਿਕ ਪਿੜ ਵਿੱਚ ਇਹ ਉਹਨਾਂ ਦੀ 13ਵੀਂ ਕਿਤਾਬ ਹੈ। ਲੇਖਿਕਾ ਦੀ ਔਰਤ ਜਾਗਰੂਕਤਾ ਲਈ ਪ੍ਰਤੀਬਧਤਾ ਦੀ ਸਾਰੇ ਬੁਲਾਰਿਆਂ ਨੇ ਪ੍ਰਸ਼ੰਸ਼ਾ ਕੀਤੀ।ਇਸ ਮੌਕੇ ਪੰਜਾਬ ਭਵਨ ਸਰੀ ਵਲੋਂ ਲੇਖਿਕਾ ਦਾ ਸਨਮਾਨ ਵੀ ਕੀਤਾ ਗਿਆ।



ਸਰੀ: ਕੈਨੇਡਾ ਦੀ ਧਰਤੀ ਦੀ ਤੇ ਆਏ ਨੌਜਵਾਨ ਸ਼ਾਇਰ ਦਿਵਨੂਰ ਬੁੱਟਰ ਦਾ ਇੱਕ ਰੂ-ਬ-ਰੂ ਪ੍ਰੋਗਰਾਮ ਪੰਜਾਬ ਭਵਨ ਵਿੱਚ ਕਰਵਾਇਆ ਗਿਆ। ਇਸ ਮੌਕੇ ਲੇਖਕ ਨੇ ਆਪਣੀ ਕਾਵਿ ਵਿਧਾ ਅਤੇ ਜੀਵਨ ਜਾਚ ਬਾਰੇ ਖੁੱਲ੍ਹੀਆਂ ਗੱਲਾਂ ਕੀਤੀਆਂ। ਇਸ ਮੌਕੇ ਹਾਜ਼ਰ ਕਵੀਆਂ ਦੀਆਂ ਕਵਿਤਾਵਾਂ ਨਾਲ਼ ਸਾਰਾ ਮਾਹੌਲ ਕਵਿਤਾਮਈ ਹੋ ਗਿਆ।



ਸਰੀ: 7 ਜਨਵਰੀ ਨੂੰ ਹੋਏ ਸਾਹਿਤ ਸਭਾ ਸਰੀ ਦੇ ਸਮਾਗਮ ਦੌਰਾਨ ਲੇਖਕ ਜੋਗਿੰਦਰ ਸ਼ਮਸ਼ੇਰ ਦਾ ਦਿਲਬਰ ਨੂਰਪੁਰੀ ਐਵਾਰਡ ਨਾਲ਼ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਪੰਜ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ।


ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ

ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ

ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।

ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਹਿਰ 12 ਵਜੇ ਤੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਸੁਖਵੀਰ ਗਰੇਵਾਲ: 403-402-0770

Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.

835-2762 or 29 DREAM (37326)

Special Packages Available For All Occasions

Best Mobile Signs

All kinds of mobile sign board
best mobile sign
call for yours



Kamal Sidhu
403-966-7167
bestmobilesigns@gmail.com

Avon Accounting & Tax Services

ਆਪਣੇ ਕੌਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ

Personal Tax Returns (T1)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

FOR ALL YOUR REAL ESTATE NEEDS

Contact Long time trusted name in the community

HARCHARAN SINGH PARHAR

* RESIDENTIAL * BUSINESS * LAND
* COMMERCIAL * INDUSTRIAL * INVESTMENT

403-681-8689
www.parharrealty.com
hp8689@gmail.com

* Free no obligation evaluation
* Full time commitment
* Assistance to arrange best mortgage rates



urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

SUPER VISA INSURANCE RATES

AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)

Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।


For More Information Call
HARCHARAN SINGH PARHAR
403-681-8689

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

# ਭੋਜਨ ਸੁਰੱਖਿਆ ਲਈ ਬੁਲੰਦ ਆਵਾਜ਼

# ਡਾ. ਸ਼ਿਵ ਚੋਪੜਾ




ਪੰਜਾਬ ਦੇ ਕਪੂਰਥਲਾ ਦੇ ਜੰਮਪਲ ਵੈਟਰਨਰੀ ਡਾ: ਸ਼ਿਵ ਚੋਪੜਾ ਜੋ 60ਵਿਆਂ ਵਿੱਚ ਕਨੇਡਾ ਆ ਕੇ ਇੱਥੇ ਮਾਈਕਰੋਬਾਇਲੋਜੀ ਵਿਸ਼ੇ ਵਿੱਚ ਪੀ ਐਚ ਡੀ ਕੀਤੀ। ਉਹਨਾਂ ਨੇ 1969 ਤੋਂ ਸੰਨ 2004 ਤੱਕ ਹੈਲਥ ਕਨੇਡਾ ਵਿੱਚ ਸੀਨੀਅਰ ਵਿਗਿਆਨੀ ਵਜੋਂ ਨੌਕਰੀ ਕੀਤੀ। ਉਹਨਾਂ ਦੀ 7 ਜਨਵਰੀ 2018 ਨੂੰ ਆਰਵਾ ਵਿੱਚ ਮੌਤ ਹੋ ਗਈ। ਲੋਕ ਹਿੱਤਾਂ ਨੂੰ ਪਰਨਾਏ ਹੋਏ ਇਸ ਸੁਹਿਰਦ ਭਾਰਤੀ ਮੂਲ ਦੇ ਵਿਗਿਆਨੀ ਨੇ 90ਵਿਆਂ ਵਿੱਚ ਉਹਨਾਂ ਦਵਾਈਆਂ ਨੂੰ ਜਿਹਨਾਂ ਦੀ ਵਰਤੋਂ ਨਾਲ ਪੈਦਾ ਹੋਏ ਦੁੱਧ ਅਤੇ ਹੋਰ ਖ਼ੁਰਾਕੀ ਪਦਾਰਥਾਂ ਨੂੰ ਪ੍ਰਵਾਨ ਕਰਨ ਲਈ ਉਹਨਾਂ ਉੱਤੇ ਬਣੇ ਦਬਾਅ ਵਿਰੁੱਧ ਆਵਾਜ ਉਠਾਈ। ਉਸਦਾ ਸਰੋਕਾਰ ਜਾਨਵਰਾਂ ਨੂੰ ਦਿੱਤੇ ਜਾਣ ਵਾਲੇ ਉਹਨਾਂ ਡਰੱਗਾਨਾਲ ਸੀ ਜਿਹਨਾਂ ਦੀ ਵਰਤੋਂ ਜਾਨਵਰਾਂ ਅਤੇ ਉਹਨਾਂ ਤੋਂ ਪਰਾਪਤ ਭੋਜਨ ਪਦਾਰਥ ਮਨੁੱਖੀ ਸਿਹਤ ਲਈ ਖਤਰਾ ਸਨ। ਉਸ ਨੇ ਸੂਰਾਂ ਨੂੰ ਦਿੱਤੀ ਜਾਣ ਵਾਲੀ ਕਾਰਬਾਡੋਕਸ ਅਤੇ ਗਾਵਾਂ ਅਤੇ ਮੁਰਗਿਆਂ ਨੂੰ ਦਿੱਤੀ ਜਾਣ ਵਾਲੀ ਬੇਅਟਰਿੱਟ ਬਾਰੇ ਸਵਾਲ ਖੜੇ ਕੀਤੇ ਕਿ ਇਹ ਡਰੱਗ ਜਾਨਵਰਾਂ ਦੇ ਲਈ ਖਤਰਨਾਕ ਹਨ ਅਤੇ ਇਹਨਾਂ ਨੂੰ ਭੋਜਨ ਦੇ ਤੌਰ ਤੇ ਵਰਤਨ ਵਾਲੇ ਮਨੁੱਖਾਂ ਲਈ ਵੀ। ਉਸਨੂੰ ਸਭ ਤੋਂ ਵੱਡਾ ਇਤਰਾਜ ਡਰੱਗ ਬੀ ਜੀ ਐਚ ( ਬੋਵਾਇਨ ਗਰੋਥ ਹਾਰਮੋਨ) ਬਾਰੇ ਸੀ। ਇਹ ਡਰੱਗ ਗਾਵਾਂ ਵਿੱਚ ਦੁੱਧ ਦੇ ਵਾਧੇ ਲਈ ਵਰਤਿਆ ਜਾਂਦਾ ਸੀ ਅਤੇ ਵਿਗਿਆਨਕ ਦੀ ਸਮਝ ਅਨੁਸਾਰ ਉਸ ਦੁੱਧ ਦੀ ਵਰਤੋਂ ਮਨੁੱਖਾਂ ਲਈ ਹਾਨੀਕਾਰਕ ਸੀ। ਡਾ: ਚੋਪੜਾ ਦੁਆਰਾ ਪਬਲਿਕ ਤੌਰ ਬੀ ਜੀ ਐਚ ਦੀ ਆਲੋਚਨਾ ਕਰਨ ਤੇ ਹੈਲਥ ਕਨੇਡਾ ਨੇ ਉਸ ਨੂੰ ਆਪਣਾ ਮੂੰਹ ਬੰਦ ਰੱਖਣ ਲਈ ਕਿਹਾ। ਇਸ ਡਰੱਗ ਬਾਰੇ ਸੈਨੇਟ ਤੱਕ ਵੀ ਬਹਿਸ ਹੋਈ ਸੀ ਤੇ 1999 ਵਿੱਚ ਇਸ ਨੂੰ ਅਪਰੂਵ ਨਾ ਕਰਨ ਦਾ ਫੈਸਲਾ ਲਿਆ ਗਿਆ।ਹਰਭਜਨ ਸੋਹੀ ਦੀ ਕਵਿਤਾ ਦੇ ਬੋਲ, "ਹਰ ਮਿੱਟੀ ਦੀ ਆਪਣੀ ਖਸਲਤ, ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ। ਹਰ ਫੱਟੜ ਮੱਥਾ ਨਹੀਂ ਝੁਕਦਾ, ਬੰਨ੍ਹ ਲਾਇਆਂ ਹਰ ਛੱਲ ਨਹੀਂ ਰੁਕਦੀ" ਵਾਂਗ ਉਸ ਨੇ ਆਪਣੇ ਰੁਜਗਾਰਦਾਤਾਵਾਂ ਦੀ ਇਹ ਗੱਲ ਮੰਨਣੋਂ ਇਨਕਾਰ ਕਰ ਦਿੱਤਾ ਕਿਉਹ ਇਸ ਬਾਰੇ ਪਬਲਿਕ ਵਿੱਚ ਨਾਂ ਬੋਲੇ ਅਤੇ ਨਾ ਹੀ ਇਹ ਗੱਲ ਦਾ ਬਿਆਨ ਕਰੇ ਕਿ ਹੈਲਥ ਕਨੇਡਾ ਵਲੋਂ ਉਸ ਤੇ ਦਬਾਅ ਪਾਇਆ ਜਾ ਰਿਹਾ ਹੈ। ਸੰਨ 1998 ਵਿੱਚ ਡਾ: ਚੋਪੜਾ ਅਤੇ ਉਸਦੇ ਸਹਿਕਰਮੀ ਡਾ: ਮਾਰਗਰੇਟ ਹੇਡਨ ਦੀ ਟੈਲੀਵਿਯਨ ਤੇ ਇੰਟਰਵਿਊ ਹੋਈ ਜਿਸ ਵਿੱਚ ਉਹਨਾਂ ਨੂੰ ਪੁੱਛਿਆ ਗਿਆ ਕਿ ਉਹ ਇਸ ਨੂੰ ਕਿਵੇਂ ਸੋਚਦੇ ਹਨ ਕਿ ਉਹਨਾਂ ਤੇ ਡਰੱਗ ਦੀ ਵਰਤੋਂ ਤੇ ਸਹਿਮਤੀ ਲਈ ਦਬਾਅ ਕਿਉਂ ਪਾਇਆ ਜਾ ਰਿਹਾ ਹੈ ?ਤਾਂ ਡਾ: ਚੋਪੜਾ ਦਾ ਜਵਾਬ ਸੀ ਕਿ ਇਹ ਸਿਰਫ ਇਸ ਲਈ ਕੀਤਾ ਜਾ ਰਿਹਾ ਹੈ ਕਿ ਇਸ ਦੀ ਵਰਤੋਂ ਜਾਰੀ ਰਹੇ ਤੇ ਡਰੱਗ ਬਣਾਉਣ ਵਾਲੀਆਂ ਕੰਪਨੀਆਂ ਨੂੰ ਮੁਨਾਫਾ ਹੁੰਦਾ ਰਹੇ। ਇਸ ਦੇ ਸਿੱਟੇ ਵਜੋਂ ਡਾ: ਚੋਪੜਾ ਅਤੇ ਉਸ ਦੇ ਦੋ ਹੋਰ ਸਹਿਕਰਮੀਆਂ ਡਾ:ਮਾਰਗਰੇਟ ਹੇਡਨ ਅਤੇ ਡਾ: ਗੇਰਾਰਡ ਲੰਬਰਟ ਨੂੰ 2004 ਵਿੱਚ ਨੌਕਰੀ ਤੋਂ ਕੱਢ ਦਿੱਤਾ ਗਿਆ। ਡਾ: ਚੋਪੜਾ ਨੇ ਆਪਣੀ ਬਰਤਰਫੀ ਨੂੰ ਕੋਰਟ ਵਿੱਚ ਚੈਲੰਜ ਕਰ ਦਿੱਤਾ ਅਤੇ 13 ਸਾਲ ਲਗਾਤਾਰ ਕੋਰਟਾਂ ਵਿੱਚ ਲੜਾਈ ਲੜੀ। ਸਤੰਬਰ 2017 ਵਿੱਚ ਉਸ ਦੇ ਵਿੁਰੁੱਧ ਅੰਤਮ ਫੈਸਲਾ ਹੋਣ ਸਮੇਂ ਉਸ ਨੇ ਕਿਹਾ, " ਜੇਕਰ ਅੱਜ ਮੇਰੀ ਜਿੱਤ ਹੋ ਜਾਂਦੀ ਤਾਂ ਮੈਨੂੰ ਮੁਆਵਜੇ ਦੇ ਤੌਰ ਤੇ ਮੇਰੀ ਤਨਖਾਹ ਮਿਲ ਜਾਣੀ ਸੀ ਪਰ ਲੋਕਾਂ ਦੀ ਭੋਜਨ ਸੁਰੱਖਿਆ ਦਾ ਮਸਲਾ ਫੇਰ ਵੀ ਰਹਿਣਾ ਸੀ"। ਉਸ ਦੇ ਇਹਨਾਂ ਸਬਦਾਂ ਤੋਂ ਪਤਾ ਲਗਦਾ ਹੈ ਕਿ ਉਸ ਨੂੰ ਨਿਜ ਨਾਲੋਂ ਵੱਧ ਲੋਕਾਂ ਲਈ ਭੋਜਨ ਸੁਰੱਖਿਆ ਦਾ ਮਸਲਾ ਵਧੇਰੇ ਅਹਿਮ ਸੀ। ਡਾ: ਚੋਪੜਾ ਅਤੇ ਉਸ ਦੇ ਦੋ ਸਾਥੀ ਵਿਗਿਆਨੀਸੱਚਮੁੱਚ ਹੀ ਲੋਕ ਸੇਵਕਾਂ ਅਤੇ ਆਪਣੇ ਕਿੱਤੇ ਨਾਲ ਇਨਸਾਫ ਕਰਨ ਦੀ ਸੱਚੀ ਸੁੱਚੀ ਉਦਾਹਰਣ ਹਨ ਜਿਹਨਾਂ ਨੇ ਆਪਣੇ ਨਿਜੀ ਹਿੱਤਾਂ ਨਾਲੋਂ ਆਮ ਲੋਕਾਂ ਦੇ ਹਿੱਤਾਂ ਨੂੰ ਅਹਿਮੀਅਤ ਦਿੱਤੀ। ਉਹ ਸੱਚਮੁੱਚ ਹੀ ਪਬਲਿਕ ਦੇ ਭਲੇ ਲਈ ਆਵਾਜ਼ ਬੁਲੰਦ ਕਰਨ ਵਾਲੇ ਮੋਢੀ ਸਨ। ਡਾ: ਚੋਪੜਾ ਨੇ ਭੋਜਨ ਸਬੰਧੀ ਇਸ ਵਿਆਪਕ ਵਿਸ਼ੇ ਨੂੰ ਕਨੇਡਾ ਦੀਆਂ ਬਹੁਤ ਸਾਰੀਆਂ ਥਾਵਾਂ ਅਤੇ ਅੰਤਰਰਾਸ਼ਟਰੀ ਪੱਧਰ ਤੇ ਚੁਕਿੱਆ ਅਤੇ ਲੋਕਾਂ ਨਾਲ ਸਬੰਧਤ ਸਿਹਤ ਪ੍ਰਤੀ ਇਸ ਮਸਲੇ ਨੂੰ ਉਭਾਰਨ ਲਈ " ਕਨੇਡੀਅਨ ਕੌਂਸਲ ਔਨ ਫੂਡ ਸੇਫਟੀ ਐਂਡ ਹੈਲਥ" ਨਾਂ ਦੀ ਜਥੇਬੰਦੀ ਖੜੀ ਕੀਤੀ। ਉਸ ਨੇ ਇਸ ਸਾਰੀ ਗਾਥਾ ਅਤੇ ਇੱਥੋਂ ਦੇ ਅੰਦਰੂਨੀ ਤੰਤਰ ਦਾਬਿਆਨ ਬੜੇ ਹੀ ਵਿਸਥਾਰ ਨਾਲ ਆਪਣੀ ਪੁਸਤਕ, "ਕੁਰੱਪਟ ਟੂ ਦਾ ਕੋਰ" ਵਿੱਚ ਕੀਤਾ ਹੈ। ਕਨੇਡਾ ਵਿੱਚ ਬੋਵਾਈਨ ਗਰੋਥ ਹਾਰਮੋਨ ਬਾਰੇ ਡਾ: ਚੋਪੜਾ ਦਾ ਰੋਲ ਅਤੇ ਇਸ ਸਬੰਧ ਵਿੱਚ ਕਨੇਡਾ ਵਿੱਚ ਕੀ ਵਾਪਰਿਆ। ਡਾ: ਚੋਪੜਾ ਇੱਕ ਐਸਾ ਵਿਗਿਆਨੀ ਸੀ ਜੋ ਲੋਕਾਂ ਨੂੰ ਪਰਨਾਇਆ ਹੋਇਆ ਸੀ ਜਿਸਨੇ ਨਿਜੀ ਹਿੱਤਾਂ ਨੂੰ ਲੱਤ ਮਾਰ ਕੇ ਆਪਣੇ ਕੈਰੀਅਰ ਦੀ ਪਰਵਾਹ ਨਾ ਕਰਦੇ ਹੋਏ ਸਿਹਤ ਸੁਰੱਖਿਆ ਲਈ ਉੱਚੀ ਸੁਰ ਵਿੱਚ ਹੋਕਾ ਦਿੱਤਾ।ਨਾਮੀ ਕੰਪਨੀਆਂ ਵਲੋਂ ਮਿੱਟੀ ਅਤੇ ਭੋਜਨ ਪਦਾਰਥਾਂ ਵਿੱਚ ਘੋਲੇ ਜਾ ਰਹੇ ਮਨੁੱਖੀ ਸਿਹਤ ਵਸਤੇ ਜਹਿਰ ਸਮਾਨ ਰਸਾਇਣਾਂ ਵਿਰੁੱਧ ਮੋਰਚਾ ਖੋਲ੍ਹੀ ਰੱਖਿਆ। ਉਸ ਦੀ ਦਲੀਲ ਸੀ ਕਿ ਕੀਟਨਾਸ਼ਕਾਂ ਅਤੇ ਕੈਮੀਕਲ ਪਦਾਰਥਾਂ ਦੀ ਅੰਨ੍ਹੀ ਵਰਤੋਂ ਕਾਰਣ ਕੈਂਸਰ ਅਤੇ ਅਜਿਹੇ ਹੋਰ ਭਿਆਨਕ ਰੋਗ ਪਨਪ ਰਹੇ ਹਨ। ਪਰ ਹੈਲਥ ਕਨੇਡਾ ਅਤੇ ਸਰਕਾਰ ਵਲੋਂ ਉਸ ਦੁਆਰਾ ਉਠਾਈ ਆਵਾਜ ਨੂੰ ਅਣਗੌਲਿਆਂ ਕਰ ਦਿੱਤਾ ਗਿਆ। ਮੌਤ ਬਾਦਡਾ: ਚੋਪੜਾ ਦੇ ਹੌਸਲੇ ਭਰਪੂਰ ਕਾਰਜ ਨੂੰ ਵੱਡੀ ਕਮਿਊਨਿਟੀ ਵਿੱਚ ਤਾਂ ਸੂਝਵਾਨ ਲੋਕਾਂ ਦੀ ਵੱਡੀ ਗਿਣਤੀ ਵਲੋਂ ਯਾਦ ਕੀਤਾ ਜਾ ਰਿਹਾ ਹੈ ਪਰ ਪੰਜਾਬੀ/ ਭਾਰਤੀ ਭਾਈਚਾਰੇ ਵਲੋਂ ਨਹੀਂ। ਸ਼ਾਇਦ ਅਸੀਂ ਇਸ ਤਰ੍ਹਾਂ ਦੇ "ਯੋਧਿਆਂ" ਨੂੰ ਯਾਦ ਕਰਨਾ ਨਹੀਂ ਸਿੱਖਿਆ।

## ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਜਨਵਰੀ ਮਹੀਨੇ ਦੀ ਮੀਟਿੰਗ

### *ਨਾਰਥ ਈਸਟ ਅਤੇ ਸਾਊਥ ਈਸਟ ਸੀਨੀਅਰਜ਼ ਦੀ ਵਿਲੱਖਣ ਮਿਲਣੀ*

ਕੈਲਗਰੀ: ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਅਤੇ ਬਾਗਬਾਨ ਪ੍ਰਾਜੈਕਟ ਦੇ ਸਾਂਝੇ ਯਤਨਾਂ ਨਾਲ ਐਸੋਸੀਏਸ਼ਨ ਦੀ ਜਨਵਰੀ ਮਹੀਨੇ ਦੀ ਮੀਟਿੰਗ ਵਿੱਚ ਸਾਊਥ ਈਸਟ ਵਿੱਚ ਕਾਰਜ਼ਸ਼ੀਲ 'ਕੈਲਗਰੀ ਯੂਨਿਟੀ ਐਂਡ ਵੈਲਨੈੱਸ ਸੁਸਾਇਟੀ' ਦੇ ਸੀਨੀਅਰਜ਼ ਨੂੰ ਸ਼ਾਮਲ ਕਰਨ ਦਾ ਕਾਮਯਾਬ ਉਪਰਾਲਾ ਕੀਤਾ ਗਿਆ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਬਾਗਬਾਨ ਪ੍ਰਾਜੈਕਟ ਦੇ ਇੰਚਾਰਜ ਵਕਾਰ ਮਨਜ਼ੂਰ ਨੇ ਕਿਹਾ ਕਿ ਬਜ਼ੁਰਗ ਭਾਵਨਾ ਵਿੱਚ ਵਹਿ ਕੇ ਅਕਸਰ ਆਪਣਿਆਂ ਵਲੋਂ ਦੁਰਵਿਵਹਾਰ ਦਾ ਸ਼ਿਕਾਰ ਹੋ ਜਾਂਦੇ ਹਨ। ਰਮੇਸ਼ ਆਨੰਦ ਨੇ ਬਜ਼ੁਰਗ-ਘਰਾਂ ਵਿੱਚ ਰਹਿੰਦੇ ਬਜ਼ੁਰਗਾਂ ਲਈ ਉਹਨਾਂ ਦੇ ਸਭਿਆਚਾਰ ਅਨੁਸਾਰ ਕਦੇ ਕਦਾਈਂ ਉਹਨਾਂ ਦਾ ਪਸੰਦੀਦਾ ਭੋਜਨ ਭੇਜਣ ਦਾ ਉਪਰਾਲਾ ਕਰਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਬਾਹਰੋਂ ਆਏ ਸੀਨੀਅਰਜ਼ ਦਾ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਕੋ-ਆਰਡੀਨੇਟਰ ਗੁਰਚਰਨ ਥਿੰਦ ਨੇ ਆਪਣੀ ਸਭਾ ਦੀ ਕਾਰਗੁਜ਼ਾਰੀ ਬਾਰੇ ਦਸਦਿਆਂ ਆਖਿਆ ਕਿ ਸਾਡੀ ਸਭਾ ਵਲੋਂ ਜਿਥੇ ਸਨੀਅਰਜ਼ ਨੂੰ ਘਰਾਂ ਦੀ ਇਕੱਲਤਾ ਤੋਂ ਬਾਹਰ ਨਿਕਲ ਆਪਣੇ ਅੰਦਰਲੇ ਪ੍ਰਗਟਾਅ ਲਈ ਅਤੇ ਸਮਾਜਿਕ ਮੁੱਦਿਆਂ ਤੇ ਵਿਚਾਰ ਵਟਾਂਦਰਾਂ ਕਰਨ ਲਈ ਮੰਚ ਮੁਹਈਆ ਕਰਵਾਇਆ ਜਾਂਦਾ ਹੈ। ਇਸ ਸਭਾ ਦੀ ਕੋ-ਅਰਡੀਨੇਟਰ ਉਜ਼ਮਾ ਖਾਨ ਨੇ ਆਪਣੀ ਸਭਾ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਸਾਂਝੇ ਉਦਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ 'ਕੈਲਗਰੀ ਯੂਨਿਟੀ ਐਂਡ ਵੈਲਨੈੱਸ ਸੋਸਾਇਟੀ' ਦੇ ਗੋਰੇ ਸੀਨੀਅਰਜ਼ ਵਲੋਂ ਸੈਂਡਵਿਚਜ਼ ਬਣਾਏ ਗਏ ਜੋ ਕਿ ਸ਼ੈਲਟਰ ਹੋਮਜ਼ ਵਿੱਚ ਰਹਿੰਦੇ ਬਜ਼ੁਰਗਾਂ ਨੂੰ ਦਿੱਤੇ ਜਾਣੇ ਹਨ।ਇਸ ਮੌਕੇ ਪੇਸ਼ ਕੀਤੇ ਸਭਿਆਚਾਰਕ ਅਤੇ ਸਾਹਿਤਿਕ ਪ੍ਰੋਗਰਾਮ ਨੂੰ ਬੇਹੱਦ ਸਲਾਹਿਆ ਗਿਆ।ਹੋਰ ਜਾਣਕਾਰੀ ਲਈ ਬਲਵਿੰਦਰ ਬਰਾੜ (ਪ੍ਰਧਾਨ)403-590-9629 ਜਾਂ ਗੁਰਚਰਨ ਥਿੰਦ403-293-2625 ਨਾਲ਼ ਸਪੰਰਕ ਕੀਤਾ ਜਾ ਸਕਦਾ ਹੈ।










# ਖ਼ੁਰਾਕੀ ਪਦਾਰਥਾਂ ਦੀ ਮਿਲਾਵਟ ਹਾਨੀਕਾਰਕ ਕਿਵੇਂ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਬਹੁਤੇ ਲੋਕ ਸ਼ਾਇਦ ਇਹ ਵੀ ਨਹੀਂ ਜਾਣਦੇ ਕਿ ਸ਼ੁਧ ਮਿਲਾਵਟੀ ਖ਼ੁਰਾਕੀ ਪਦਾਰਥਾਂ 'ਚ ਫਰਕ ਕੀ ਹੈ ਤੇ ਸ਼ੁੱਧ ਪਦਾਰਥ ਹਾਸਲ ਕਿਵੇਂ ਕੀਤੇ ਜਾਣ। ਸਸਤੇ ਹੋਣ ਕਰਕੇ ਲੋਕ ਅਕਸਰ ਅਜੇਹੀਆਂ ਚੀਜਾਂ ਹੀ ਖਰੀਦ ਲੈਂਦੇ ਹਨ ਜ਼ੋ ਅਸ਼ੁੱਧ ਤੇ ਮਿਲਾਵਟੀ ਹੁੰਦੀਆਂ ਹਨ। ਮਿਸਾਲ ਵੱਜੋਂ ਬਿਨਾ ਰੰਗੀ ਹਲਦੀ ਦੀਆਂ ਗੰਢਾਂ ਦੀ ਥਾਂ 'ਤੇ ਚਮਕਦੀਆਂ ਪੀਲੇ ਰੰਗ ਦੀਆਂ ਗੰਢਾਂ, ਅਰਹਰ ਦੀ ਬਿਨਾਂ ਰੰਗੀ ਦਾਲ ਦੀ ਥਾਂ ਪੀਲਾ ਪਾਲਿਸ਼ ਹੋਈਆਂ ਰੰਗਦਾਰ ਦਾਲਾਂ, ਬਦ ਰੰਗ ਜਿਹੀ ਕੁਦਰਤੀ ਲਾਲ ਮਿਰਚ ਦੀ ਬਜੇਏ ਰੰਗੀ ਹੋਈ ਲਾਲ ਮਿਰਚ, ਹਰੇ ਰੰਗ ਦੀ ਕੁਦਰਤੀ ਸੌਂਫ ਦੀ ਥਾਂ 'ਤੇ ਪਾਲਿਸ਼ ਤੇ ਹਰੇ ਰੰਗ ਬਿਨਾਂ ਰੰਗ ਦੀ ਮਠਿਆਈ ਜਿਵੇਂ ਜਲੇਬੀ, ਪੇੜਾ, ਬਰਫੀ, ਕਲਾਕੰਦ ਦੀ ਥਾਂ ਲਾਲ-ਲਾਲ ਜਲੇਬੀ, ਗੁਲਾਬੀ ਬਾਲੂਸ਼ਾਹੀ, ਭੂਰੇ ਪੇੜੇ ਤੇ ਤਿਰੰਗੀ ਬਰਫੀ ਖਰੀਦਣਾ ਪਸੰਦ ਕਰਦੇ ਹਨ ਹਾਲਾਂ ਕਿ ਇਹ ਚੀਜਾਂ ਦੇਖਣ ਵਿੱਚ ਖਿਚਪਾਊ ਤੇ ਭਰਮਾਊ ਹੁੰਦੀਆਂ ਹਨ ਪਰ ਖਪਤਕਾਰ ਇਹ ਨਹੀਂ ਮੰਨਦੇ ਕਿ ਇਹਨਾਂ 'ਚ ਅਜੇਹੇ ਜ਼ਹਿਰੀਲੇ ਰੰਗ ਹੋ ਸਕਦੇ ਹਨ ਜਿਹਨਾਂ ਨਾਲ ਤਰਾਂ ਤਰਾਂ ਦੇ ਰੋਗ ਵੀ ਹੋ ਸਕਦੇ ਹਨ। ਕੁਝ ਖਪਤਕਾਰ ਜਾਣਦੇ ਹੋਏ ਵੀ ਅਜੇਹੀਆਂ ਖ਼ੁਰਾਕੀ ਚੀਜਾਂ ਖਰੀਖਦ ਲੈਂਦੇ ਹਨ ਜ਼ੋ ਸਿਹਤ ਲਈ ਹਾਨੀਕਾਰਕ ਹੋਣ।ਬਜਾਰ ਤੋਂ ਖਰੀਦੇ ਬੇਸਨ 'ਚ ਕੇਸਰੀ ਦਾਲ ਦੀ ਮਿਲਾਵਟ ਹੋ ਸਕਦੀ ਹੈ ਜੋ ਜਹਿਰੀਲੀ ਹੁੰਦੀ ਹੈ। ਬਹੁਤੇ ਖਪਤਕਾਰ ਇਹ ਨਹੀਂ ਜਾਣਦੇ ਕਿ ਸ਼ੁੱਧ ਚੀਜਾਂ ਰਖੀਆਂ ਰਖੀਆਂ ਵੀ ਅਸ਼ੁੱਧ ਤੇ ਖਾਣ ਦੇ ਕਾਬਲ ਨਹੀਂ ਨਹੀਂ ਰਹਿ ਜਾਂਦੀਆਂ ਭਾਵੇਂ ਹੀ ਉਤਪਾਦਕ ਜਾਂ ਵਿਕ੍ਰੇਤਾ ਨੇ ਮਿਲਾਵਟ ਨਾ ਕੀਤੀ ਹੋਵੇ। ਇਸ ਕਰਕੇ ਖਪਤਕਾਰ ਨੂੰ ਇਹ ਜਾਣਕਾਰੀ ਹੋਣੀ ਲਾਜਮੀ ਹੈ ਕਿ ਕਿਹੜੇ ਉਪਾਵਾਂ ਰਾਹੀ ਖ਼ੁਰਾਕੀ ਪਦਾਰਥਾਂ 'ਚ ਮਿਲਾਵਟ ਕੀਤੀ ਜਾਂਦੀ ਹੈ, ਜਾਂ ਰਖ ਰਖਾਅ 'ਚ ਲਾਹਪ੍ਰਵਾਹੀ ਵਰਤਣ ਨਾਲ ਖ਼ੁਰਾਕੀ ਚੀਜਾਂ ਵਰਤਣਯੋਗ ਨਹੀਂ ਰਹਿੰਦੀਆਂ। ਆਮਤੌਰ 'ਤੇ ਖਪਤਕਾਰ ਅਜੇ ਸਸਤੀ ਤੇ ਮੁਫਤ ਮਿਲਦੀਆਂ ਚੀਜਾਂ ਜਿਵੇਂ ਕੰਕਰ, ਮਿਟੀ, ਧੂੜ ਤੂੜੀ, ਤਿਨਕਾ, ਛੋਟੇ ਛੋਟੇ ਤਣੇ ਆਦਿ ਨੂੰ ਹੀ ਮਿਲਾਵਟ ਸਮਝਦੇ ਹਨ ਅਤੇ ਇਸ ਕਰਕੇ ਉਸ ਨਜਰਅੰਦਾਜ ਕਰ ਦਿੰਦੇ ਹਨ ਕਿ ਖ਼ੁਰਾਕੀ ਵਸਤੂ 'ਚ ਪਏ ਇਸ ਪ੍ਰਕਾਰ ਦੇ ਪਦਾਰਥਾਂ ਨੂੰ ਉਹ ਛਾਣ ਕੇ ਵੱਖ ਕਰ ਸਕਦੇ ਹਨ ਜਿਸ ਨਾਲ ਵਸਤੂ ਵਿਸ਼ੇਸ਼ ਸਾਫ ਸੁਥਰੀ ਹੋ ਜਾਂਦੀ ਹੈ। ਅਸਲ ਵਿੱਚ ਇਸ ਤਰ੍ਹਾਂ ਦੀ ਮਿਲਾਵਟ ਏਨੀ ਆਮ ਹੈ ਕਿ ਖਪਤਕਾਰ ਉਸ ਨੂੰ ਮਿਲਾਵਟ ਨ ਸਮਝ ਕੇ ਨਜਰਅੰਦਾਜ ਕਰ ਦਿੰਦੇ ਹਨ ਕਿਉਂਕਿ ਇਸ ਮਿਲਾਵਟ ਨਾਲ ਉਹਨਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਪੈਂਦਾ ਪਰ ਕੁਝ ਭਰਿਸ਼ਟ ਉਤਪਾਦਕ ਤੇ ਵਿਕ੍ਰੇਤਾ ਨਾ ਸਿਰਫ ਅਜੇਹੀਆਂ ਵਸਤੂਆਂ ਦੀ ਮਿਲਾਵਟ ਕਰਦੇ ਹਨ ਜਿਹਨਾਂ ਨਾਲ ਪੌਸ਼ਟਿਕਤਾ ਅਸਰਅੰਦਾਜ ਹੋਵੇ ਬਲਕਿ ਅਜੇਹੀਆਂ ਜ਼ਹਿਰੀਲੀਆ ਚੀਜਾਂ ਮਿਕਸ ਕਰਨ ਤੋਂ ਵੀ ਨਹੀਂ ਝਿਜਕਦੇ ਜ਼ੋ ਸਿਹਤ ਲਈ ਹਾਨੀਕਰਕ ਹੋਣ ਤੇ ਜਿਹਨਾਂ ਦੀ ਵਰਤੋਂ ਨਾਲ ਸ਼ਰੀਰ ਰੋਗ ਗ੍ਰਸਿਤ ਹੋ ਜਾਵੇ। ਇਹੀ ਨਹੀਂ ਕਦੀ ਕਦੀ ਤਾਂ ਉਤਪਾਦਕ ਪਿਰੀਡੀਨ, ਮਿਥਾਇਲ ਅਲਕੋਹਲ ਤੇ ਹੋਰ ਰਸਾਇਣ ਪਾ ਕੇ ਨਕਲੀ ਸ਼ਰਾਬ ਬਣਾਕੇ ਵੇਚਦੇ ਹਨ ਜਿਸ ਨੂੰ ਪੀਣ ਨਾਲ ਸਿਰਫ 3-4 ਘੰਟੇ ਪਿਛੋਂ ਹੀ ਅਨੇਕਾਂ ਆਦਮੀ ਮਰ ਜਾਂਦੇ ਹਨ ਅਤੇ ਜੋ ਅੱਧੇ ਕਿਸੇ ਇਲਾਜ ਕਾਰਣ ਬਚ ਜਾਂਦੇ ਹਨ, ਉਹ ਜੀਵਨ ਭਰ ਲਈ ਅਪਾਹਜ ਹੋ ਜਾਂਦੇ ਹਨ। ਇਸ ਤਰਾਂ ਖਪਤਕਾਰ ਨੂੰ ਇਹ ਜਾਨਣਾ ਜਰੂਰੀ ਹੈ ਕਿ ਖ਼ੁਰਾਕੀ ਪੈਦਾਰਥ ਵਿਕ੍ਰੇਤਾ ਜਾਂ ਉਤਪਾਦਕ ਵੱਲੋਂ ਕਿਵੇਂ ਮਿਲਾਵਟੀ ਬਣਾਏ ਜਾਂਦੇ ਹਨ ਜਾਂ ਰੱਖ ਰਖਾਅ ਤੇ ਬਣਾਉਣ 'ਚ ਲਾਹਪ੍ਰਵਾਈ ਵਰਤਣ ਕਰਕੇ ਕਿਸ ਹੱਦ ਤਕ ਅਸ਼ੁਧ ਬਣ ਜਾਂਦੇ ਹਨ ਕਿ ਖਾਣਯੋਗ ਵੀ ਨਹੀਂ ਰਹਿੰਦੇ। ਮਿਲਾਵਟ ਕਿਸ ਤਰਾਂ ਕੀਤੀ ਜਾਂ ਸਕਦੀ ਹੈ ਜਾਂ ਬਿਨਾਂ ਕੁਝ ਮਿਲਾਏ ਹੋਏ ਵੀ ਇਕ ਸ਼ੁਧ ਚੀਜ ਕੁਝ ਸਮੇਂ ਪਿੱਛੋਂ ਏਨੀ ਖਰਾਬ ਹੋ ਜਾਂਦੀ ਹੈ ਕ ਖਾਣ ਯੋਗ ਨਹੀਂ ਰਹਿੰਦੀ ਜਾਂ ਸਟੋਰ ਕਰਨ 'ਚ ਲਾਹਪ੍ਰਵਾਹੀ, ਉਤਪਾਦਨ ਦੇ ਬਰਤਨਾ ਦੀ ਗੰਦਗੀ ਤੇ ਉਤਪਾਦਨ ਪਿੱਛੋਂ ਪੈਕਿੰਗ 'ਚ ਲਾਹਪ੍ਰਵਾਹੀ ਆਦਿ ਨਾਲ ਖ਼ੁਰਾਕੀ ਪਦਾਰਥ ਦੀ ਗੁਣਵੰਣਤਾ ਪ੍ਰਭਾਵਿਤ ਹੋ ਸਕਦੀ ਹੈ। ਇਸ ਕਰਕੇ ਇਥੇ ਉਹਨਾਂ ਤਰੀਕਿਆਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਜਿਸ ਨਾਲ ਖ਼ੁਰਾਕੀ ਵਸਤੂ ਅਸ਼ੁਧ ਹੋ ਜਾਂਦੀ ਹੈ ਤੇ ਕਦੀ-ਕਦੀ ਵਰਤੋਂ ਦੇ ਯੋਗ ਨਹੀਂ ਰਹਿੰਦੀ।

1. **ਖ਼ੁਰਾਕੀ ਪਦਾਰਥਾਂ 'ਚ ਬਾਹਰੀ ਪਦਾਰਥਾਂ ਦੀ ਮਿਲਾਵਟ**:- ਇਸ ਤਰਾਂ ਦੀ ਮਿਲਾਵਟ ਨਾਂਲ ਖਪਤਕਾਰ ਭਲੀਭਾਂਤ ਵਾਕਿਫ ਹਨ। ਸਸਤੇ ਤੇ ਫਰੀ ਮਿਲਦੇ ਪਦਾਰਥ ਜਿਵੇ ਮਿੱਟੀ, ਕੰਕਰ, ਧੂੜ, ਕਚਰਾ, ਤਿਨਕਾ, ਤੂੜੀ ਤੇ ਛੋਟੇ-ਛੋਟੇ ਪੱਥਰ ਤਾਂ ਕਣਕ, ਚੌਲ, ਜੌਂ, ਬਾਜਰੇ 'ਚ ਮਿਲਾਏ ਜਾਂਦੇ ਹਨ ਜਿਸ ਨੂੰ ਦੇਖ ਕੇ ਹੀ ਪਤਾ ਲਗ ਜਾਂਦੈ ਕਿ ਮਿਲਾਵਟ ਕਿੰਨੀ ਕੁ ਹੈ। ਥੋੜੀ ਮਿਲਾਵਟ ਵਾਲੇ ਅਨਾਜ ਨੂੰ ਹੀ ਖਪਤਕਾਰ ਖਰੀਦ ਲੈਂਦੇ ਹਨ ਅਤੇ ਛਾਣਬੀਨ ਕਰਕੇ ਅਨਾਜ ਸਾਫ ਕਰ ਲੈਂਦੇ ਹਨ। ਇਸ ਤਰ੍ਹਾਂ ਮਿਰਚਾਂ ਵਿੱਚ ਡੰਠਲ ਦੀ ਮਿਲਾਵਟ ਹੁੰਦੀ ਹੈ ਜਿਸ ਨੂੰ ਝਾੜ ਝੰਬ ਕੇ ਵਖ ਕੀਤਾ ਜਾ ਸਕਦਾ ਹੈ। ਧਨੀਏ 'ਚ ਵੀ ਛੋਟੇ ਛੋਟੇ ਡੰਠਲ ਜਾਂ ਕੰਕਰ ਪਾਏ ਜਾਂਦੇ ਹਨ ਜਿਹਨਾਂ ਨੂੰ ਵੱਖ ਕੀਤਾ ਜਾ ਸਕਦਾ ਹੈ। ਮਸਰ 'ਚ ਉਸ ਅਕਾਰ ਤੇ ਰੰਗ ਦੇ ਪੱਥਰ ਮਿਲੇ ਹੁੰਦੇ ਹਨ ਜਿਹਨਾਂ ਨੂੰ ਚੁਗ ਕੇ ਵਖ ਕੀਤਾ ਜਾਂਦੈ। ਇਸ ਮਿਲਾਵਟ ਨੂੰ ਖਪਤਕਾਰ ਮਿਲਾਵਟ ਨਹੀਂ ਮੰਨਦੇ ਤੇ ਅਨਾਜ ਸਾਫ ਕਰਕੇ ਵਰਤ ਲੈਂਦੇ ਹਨ। ਇਸ ਤਰਾਂ ਸਿਹਤ 'ਤੇ ਅਸਰ ਨਹੀਂ ਪੈਂਦਾ ਹੈ।

2. **ਸਸਤੇ ਭਾਅ ਦੀ ਚੀਜ ਨਾਲ ਮਿਲਾਵਟ**:- ਇਸ ਤੋਂ ਖਪਤਕਾਰ ਭਲੀਭਾਂਤ ਜਾਣੂ ਹਨ। ਘਿਉ 'ਚ ਵਨਸਪਤੀ, ਮਹਿੰਗੇ ਖਾਣ ਵਾਲੇ ਤੇਲ 'ਚ ਸਸਤਾ ਤੇਲ, ਪਾਣੀ ਮਿਲੇ ਦੁੱਧ 'ਚ ਸਪਰੇਟਾ, ਆਈਸਕ੍ਰੀਮ 'ਚ ਸਟਾਰਚ, ਹਿੰਗ 'ਚ ਰਾਲ ਜਾਂ ਗੂੰਦ, ਚਾਹ ਪਤੀ 'ਚ ਜੰਗਲੀ ਚਾਹ ਦੀ ਪੱਤੀ, ਕਣਕ 'ਚ ਜੌਂ, ਕਾਲੀ ਮਿਰਚ 'ਚ ਛੋਟੀ ਕਿਸਮ ਦੀ ਖੋਖਲੀ ਮਿਰਚ, ਹਲਦੀ 'ਚ ਬੇਸਨ, ਕੌਫੀ 'ਚ ਜੰਗਲੀ ਖੰਜੂਰ ਦੀ ਪੀਸੀ ਗਿਟਕ, ਸ਼ਹਿਦ 'ਚ ਸ਼ਕਰ ਦੀ ਚਾਸ਼ਣੀ, ਮਸਾਲਿਆ 'ਚ ਚੌਲਾ ਦਾ ਛਿਲਕਾ, ਗੁੜ 'ਚ ਸੀਰਾ, ਖੋਏ ਦੀ ਮਿਠਾਈ 'ਚ ਸੂਜੀ, ਮੱਖਣ 'ਚ ਉਬਲੇ ਆਲੂ, ਸਫੈਦ ਛੇਨੇ ਦੇ ਰਸਗੁਲਿਆਂ 'ਚ ਮੈਦਾ ਆਦਿ ਅਜੇਹੇ ਪਦਾਰਥ ਹਨ ਜੋ ਮਹਿੰਗੇ ਕਿਸਮ ਦੇ ਖ਼ੁਰਾਕੀ ਪਦਾਰਥਾਂ 'ਚ ਮਿਲਾਏ ਜਾਂਦੇ ਹਨ ਪਰ ਕੁਝ ਅਜੇਹੇ ਪਦਾਰਥ ਵੀ ਹਨ ਜਿਹਨਾਂ ਨੂੰ ਮਿਲਾਏ ਜਾਣ ਨਾਲ ਵਿਕ੍ਰੇਤਾ ਨੂੰ ਮਿਲਾਵਟ ਦਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਮਿਸਾਲ ਵਜੋਂ ਦੁੱਧ, ਦਹੀਂ ਜਾਂ ਰਬੜੀ 'ਚ ਸ਼ਕਰ ਮਿਲਾ ਕੇ ਵੇਚਣਾ, ਅਪਰਾਧ ਨਹੀਂ ਹੈ ਭਾਵੇਂ ਕਿ ਸ਼ਕਰ ਇਕ ਬਾਹਰੀ ਪਦਾਰਥ ਹੈ। ਇਸ ਦਾ ਕਾਰਣ ਇਹ ਹੈ ਕਿ ਖੰਡ/ਸ਼ਕਰ ਇਹਨਾਂ ਚੀਜਾਂ ਨੂੰ ਮਿਠਾ ਕਰਨ ਦੇ ਕੰਮ ਆਉਂਦੀ ਹੈ ਜਿਸ ਨੂੰ ਖਪਤਕਾਰ ਚਾਅ ਨਾਲ ਖਾਂਦੇ ਹਨ।

3. **ਜ਼ਹਿਰੀਲੇ ਪਦਾਰਥਾਂ ਨਾਲ ਮਿਲਾਵਟ**:- ਬਹੁਤ ਸਾਰੇ ਖ਼ੁਰਾਕੀ ਪਦਾਰਥਾਂ 'ਚ ਅਜੇਹੀਆਂ ਜਹਿਰੀਲੀਆਂ ਵਸਤੂਆਂ ਮਿਲਾਈਆਂ ਜਾਂਦੀਆਂ ਹਨ ਜਿਹਨਾਂ ਦੀ ਵਰਤੋਂ ਨਾਲ ਤਰਾਂ ਤਰਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ।

(ੳ) ਸਰੋਂ ਦੇ ਤੇਲ 'ਚ ਕਤੀਲੀ ਦੇ ਬੀਜ (ਆਰਜੀਮੋਨ ਮੈਕਸੀਕਾਨਾ ਸੀਡਸ) ਦੀ ਮਿਲਾਵਟ ਪੀਲੇ ਫੁੱਲਾਂ ਵਾਲੀ ਬੂਟੀ ਦੇ ਬੀਜਾਂ ਤੋਂ ਇਕ ਜ਼ਹਿਰੀਲਾ ਜਿਹਾ ਤੇਲ ਨਿਕਲਦਾ ਹੈ ਜਿਸ ਨੂੰ ਆਰਜੀਮੋਨ ਤੇਲ ਕਿਹਾ ਜਾਂਦਾ ਹੈ ਤੇ ਇਸ ਤੇਲ ਤੇ ਕੁਝ ਬੇਇਮਾਨ ਉਤਪਾਦਕ ਸਰਸੋਂ ਪੀੜਦੇ ਸਮੇਂ ਇਹਨਾਂ ਬੀਜਾਂ ਨੂੰ ਵੀ ਪ੍ਰੋਪੇਲਰ 'ਚ ਪਾ ਦਿੰਦੇ ਹਨ ਜਿਸ ਨਾਲ ਇਹ ਤੇਲ ਸਰੋਂ ਦੇ ਤੇਲ ਨਾਲ ਘੁਲ ਜਾਂਦਾ ਹੈ। ਇਸ ਤਰ੍ਹਾਂ ਦੇ ਮਿਲਾਵਟੀ ਤੇਲ ਨੂੰ ਥੋੜੀ ਮਾਤਰਾ 'ਚ ਵਰਤਣ ਨਾਲ ਹੀ ਕਾਲਾ ਮੋਤੀਆਂ (ਗਲੂਕੋਮਾ) ਹੋ ਜਾਂਦਾ ਹੈ ਤੇ ਅੱਖਾਂ ਦੀ ਰੋਸ਼ਨੀ ਚਲੀ ਜਾਣ ਕਰਕੇ ਬੰਦਾ ਅੰਨ੍ਹਾਂ ਹੋ ਜਾਂਦਾ ਹੈ। ਜੇ ਆਰਜੀਮੋਨ ਤੇਲ ਦੀ ਮਾਤਰਾ ਵਧ ਹੋਵੇ ਤਾਂ ਕੁਝ ਹੀ ਦਿਨ ਵਰਤਣ ਨਾਲ ਬੇਰੀ ਬੇਰੀ ਰੋਗ ਹੋ ਜਾਂਦਾ ਹੈ, ਪੇਟ 'ਚ ਪਾਣੀ ਭਰ ਜਾਂਦਾ ਹੈ ਤੇ ਸਾਰਾ ਸ਼ਰੀਰ ਸੁੱਜ ਜਾਂਦਾ ਹੈ, ਕਾਰਬੋਹਾਈਡ੍ਰੇਟ ਦੀ ਸ਼ਰੀਰ 'ਚ ਭਾਰੀ ਘਾਟ ਹੋ ਜਾਂਦੀ ਹੈ ਜਿਸ ਨਾਲ ਸ਼ਰੀਰ ਦੀ ਊਰਜਾ ਸ਼ਕਤੀ ਘੱਟ ਹੋ ਜਾਂਦੀ ਹੈ ਤੇ ਸੋਜ਼ ਸਾਰੇ ਸ਼ਰੀਰ ਨੂੰ ਆਪਣੀ ਮਾਰ ਹੇਠ ਲੈ ਲੈਂਦੀ ਹੈ। ਦਿਲ ਵੀ ਕੰਮ ਕਰਨਾ ਬੰਦ ਕਰ ਦਿੰਦਾ ਹੈ ਤੇ ਵਧੀਆ ਇਲਾਜ ਦੇ ਬਾਵਜੂਦ ਵੀ 10 ਤੋਂ 25 ਫੀ ਸਦੀ ਤੱਕ ਰੋਗੀਆਂ ਦੀ ਮੌਤ ਹੋ ਜਾਂਦੀ ਹੈ। ਬਜ਼ਾਰ 'ਚੋਂ ਅਜੇਹਾ ਤੇਲ ਹੀ ਖਰੀਦੋ ਜੋ ਆਈ ਐਸ ਆਈ ਮਾਰਕ ਹੋਵੇ।

(ਅ) **ਨਕਲੀ ਜ਼ਹਿਰੀਲਾ ਤੇਲ**:- ਕੁਝ ਭਰਿਸ਼ਟ ਵਪਾਰੀ ਸਸਤੇ ਕਿਸਮ ਦੇ ਖਣਿਜ ਤੇਲਾਂ 'ਚ ਘੁਲਣਸ਼ੀਲ ਪੀਲਾ ਰੰਗ, ਆਰੀਮੋਨ ਤੇਲ ਤੇ ਖ਼ੁਸ਼ਬੂ ਪਾ ਕੇ ਅਜਿਹਾ ਨਕਲੀ ਤੇਲ ਬਣਾ ਦਿੰਦੇ ਹਨ ਜੋ ਸਰੋਂ ਦੇ ਤੇਲ ਵਰਗਾ ਹੀ ਲਗਦਾ ਹੈ। ਸਰੋਂ ਦੇ ਤੇਲ ਵਰਗੀ ਮਹਿਕ ਪੈਦਾ ਕਰਨ ਵਾਲੇ ਰਸਾਇਣਾ 'ਚ ਥੋੜੀ ਮਾਤਰਾ 'ਚ ਹਾਈਡ੍ਰੋਸਾਇਨਕ ਏਸਡ ਹੋਣ ਨਾਲ ਨਕਲੀ ਤੇਲ ਇਨਾ ਵੱਧ ਜ਼ਹਿਰੀਲਾ ਬਣ ਜਾਂਦਾ ਹੈ ਕਿ ਇਸ ਨੂੰ ਵਰਤਣ ਨਾਲ ਮੌਤ ਵੀ ਹੋ ਸਕਦੀ ਹੈ।

(ੲ) **ਨਕਲੀ ਜ਼ਹਿਰੀਲੀ ਸ਼ਰਾਬ**:- ਵੈਸੇ ਤਾਂ ਸ਼ਰਾਬ 'ਚ ਅਕਸਰ ਰੰਗ ਮਿਲਾਏ ਜਾਂਦੇ ਹਨ ਜੋ ਕਨੂੰਨਣ ਸਹੀ ਨਹੀਂ ਹਨ। ਸ਼ਰਾਬੀ ਨਸ਼ੀਲੀ ਬਣਾਉਣ ਲਈ ਤਰਾਂ ਤਰਾਂ ਦੀਆਂ ਦਵਾਈਆਂ ਮਿਲਾਈਆਂ ਜਾਂਦੀਆਂ ਹਨ ਪਰ ਕਿਉਂਕਿ ਸ਼ਰਾਬ ਦਾ ਮੁੱਖ ਤੱਤ ਜੋ ਇਥਾਇਲ ਅਲਕੋਹਲ ਹੈ, ਸੌਖੀ ਤਰਾਂ ਨਹੀਂ ਮਿਲਦਾ, ਇਸ ਕਾਰਨ ਕੁਝ ਭਰਿਸ਼ਟ ਵਪਾਰੀ ਨਕਲੀ ਸ਼ਰਾਬ ਬਣਾਉਣ ਦਾ ਧੰਦਾ ਕਰਦੇ ਹਨ ਜਿਸ 'ਚ ਪਿਰੀਡਨ ਤੇ ਮਿਥਾਇਲ ਅਲਕੋਹਲ ਦੀ ਵਰਤੋਂ ਕਰਦੇ ਹਨ, ਇਸ ਦੀ ਵਰਤੋਂ ਨਾਲ ਸ਼ਰਾਬ ਏਨੀ ਜ਼ਹਿਰੀਲੀ ਬਣ ਜਾਂਦੀ ਹੈ ਕਿ ਪੀਣ ਤੋਂ ਕੁਝ ਘੰਟੇ ਪਿੱਛੋਂ ਹੀ ਮੌਤ ਹੋ ਜਾਂਦੀ ਹੈ। ਬੀਤੇ ਦਿਨੀ ਅਜੇਹੀਆਂ ਘਟਨਾਵਾਂ ਹੋਈਆਂ ਵੀ ਹਨ।

(ਸ) **ਰੰਗੀਨ ਹਲਦੀ ਜੋ ਮੱਠਾ ਜ਼ਹਿਰ ਬਣ ਜਾਵੇ**:- ਹਲਦੀ ਨੂੰ ਖਿੱਚ ਪਾਊ ਬਣਾਉਣ ਲਈ ਜਾ ਹਲਦੀ ਦੀਆਂ ਗੰਢੀਆਂ 'ਚ ਕਾੜੇ ਵਾਲੋਂ ਕੀਤੇ ਸੁਰਾਖ ਛੁਪਾਉਣ ਲਈ ਕੁਝ ਵਪਾਰੀ ਇਸ ਨੂੰ ਲੈੱਡ ਕ੍ਰੋਮੇਟ ਅਕਾਰਬਨਿਕ ਰਸਾਇਣ ਨਾਲ ਰੰਗਦੇ ਹਨ ਜੋ ਇਸ ਕਾਰਣ ਸਿਹਤ ਲਈ ਹਾਨੀਕਾਰਕ ਹਨ ਕਿ ਸ਼ਰੀਰ 'ਚ ਅਜੇਹੀ ਹਲਦੀ ਦੇ ਪਹੁੰਚਦਿਆਂ ਹੀ ਲੈੱਫ ਕ੍ਰੋਮੇਟ ਲੈੱਡਸਿਕੇਹ ਤੇ ਕ੍ਰੀਮੀਅਮ 'ਚ ਟੁਟ ਜਾਂਦਾ ਹੈ ਤੇ ਇਹ ਸਿਕਾ ਫੋਰਨ ਖ਼ੂਨ 'ਚ ਘੁਲ ਕੇ ਹੀਮੋਗਲੋਬਿਨ ਦੀ ਪੈਦਾਇਸ਼ ਨੂੰ ਅਸਰਅੰਦਾਜ ਕਰਨ ਲਗਦਾ ਹੈ। ਜਿਸ ਕਾਰਣ ਲਾਲ ਰੰਗ ਦੇ ਬਲੱਡ ਸੈਲ ਘੱਟ ਬਣਨ ਕਰਕੇ ਪੀਲਿਆ ਹੋ ਜਾਂਦਾ ਹੈ। ਸਿੱਕਾ ਹੱਡਾਂ 'ਚ ਘੁਲ ਕੇ ਕੈਲਸ਼ੀਅਮ ਨੂੰ ਖੋਰਾ ਲਾਉਣ ਸ਼ੁਰੂ ਕਰ ਦਿੰਦਾ ਹੈ ਜਿਸ ਕਾਰਨ ਹੱਡੀ ਕਮਜੋਰ ਹੋ ਕੇ ਕਦੋ ਵੀ ਟੁਟ ਜਾਂਦੀ ਹੈ। ਇਸ ਦੀ ਵਰਤੋਂ ਨਾਲ ਬੱਚਿਆਂ ਦੇ ਦਿਮਾਗ ਨੂੰ ਹਰਜਾ ਪਹੁੰਚ ਦਾ ਹੈ, ਬੱਚਿਆਂ 'ਚ ਪੜਨ ਪ੍ਰਤੀ ਰੁਚੀ ਨਹੀਂ ਰਹਿੰਦੀ ਤੇ ਅਣਪਚ ਪੈਦਾ ਵੀ ਹੋ ਸਕਦਾ ਹੈ।

**ਸਟੋਰ ਠੀਕ ਨਾ ਹੋਵੇ ਤਾਂ ਜ਼ਹਿਰੀਲਾਪਣ ਹੋ ਸਕਦੈ**

ਜੇ ਬਾਜਰੇ ਨੂੰ ਠੀਕ ਢੰਗ ਨਾਲ ਸਟੋਰ ਨਾ ਕੀਤਾ ਜਾਵੇ ਤਾਂ ਅਕਸਰ ਉਲੀ ਲੱਗ ਜਾਂਦੀ ਹੈ ਜੋ ਜ਼ਹਿਰੀਲੀ ਹੁੰਦੀ ਹੈ। ਇਸ ਨਾਲ ਬਾਜਰੇ ਦੇ ਦਾਣੇ ਦਾ ਸੁਆਦ ਵੀ ਬਦਲ ਜਾਂਦਾ ਹੈ। ਬਰਸਾਤ ਦੇ ਮੌਸਮ 'ਚ ਜੇ ਸਰੋਂ ਅਜੇਹੀ ਥਾਂ ਸਟੋਰ ਕੀਤੀ ਜਾਵੇ ਜਿੱਥੇ ਨਮੀ ਵੱਧ ਹੋਵੇ ਤਾਂ ਉਲ੍ਹੀ ਲੱਗ ਜਾਂਦੀ ਹੈ। ਜਿਸ ਤੋਂ ਕੱਢੇ ਗਏ ਤੇਲ ਵਿੱਚ ਏਥਾਇਲ ਆਈਸੋਥਾਇਓ ਸਾਈਨੇਟ ਦੀ ਮਾਤਰਾ ਏਨੀ ਵੱਧ ਹੋ ਜਾਂਦੀ ਹੈ ਕਿ ਤੇਲ ਕੁਝ ਜ਼ਹਿਰੀਲਾ ਜਿਹਾ ਹੋ ਜਾਂਦਾ ਹੈ ਜੋ ਸਿਹਤ ਲਈ ਨੁਕਸਾਨਦੇਹ ਹੈ। ਜੇ ਵਿਕਰੀ ਲਈ ਵੱਧ ਮਾਤਰਾ 'ਚ ਘੀ ਖਰੀਦ ਕੇ ਸਟੋਰ ਕੀਤਾ ਜਾਵੇ ਤਾਂ ਨਮੀ ਹੋਣ ਕਾਰਨ ਕੁਝ ਦਿਨਾ ਪਿੱਛੋਂ ਹੀ ਏਸਡਯੁਕਤ ਹੋਣ ਕਰਕੇ ਏਸੀਡਿਟੀ ਵਧਦੀ ਜਾਂਦੀ ਹੈ ਜਿਸ ਨਾਲ ਘਿਉ ਕੁਝ ਖੱਟਾ ਖੱਟਾ ਜਿਹਾ ਲੱਗਣ ਲਗਦਾ ਹੈ ਤੇ ਜੇ ਉਸੇ ਵਕਤ ਘਿਉ ਦਾ ਸ਼ੁੱਧੀਕਰਣ ਨਾ ਕੀਤਾ ਜਾਵੇ ਤਾਂ ਮੁਕਤ ਅਮਲ ਟੁਟ-ਫੁਟ ਕੇ ਘਿਉ 'ਚ ਬਦਬੂ ਪੈਦਾ ਕਰ ਦਿੰਦਾ ਹੈ ਜਿਸ ਕਾਰਣ ਘਿਉ ਖਾਣਯੋਗ ਨਹੀਂ ਰਹਿ ਜਾਂਦਾ ਹੈ, ਜਿਨੀ ਮਰਜੀ ਭਾਵੇਂ ਉਸ ਦੀ ਸਫਾਈ ਕੀਤੀ ਜਾਵੇ ਜਾਂ ਬਦਬੂਮਾਰ ਪਦਾਰਥਾਂ ਦੀ ਵਰਤੋਂ ਕਰਕੇ ਬਦਬੂ ਮਾਰ ਦਿਤੀ ਜਾਵੇ। ਇਹਨਾਂ ਤਿੰਨਾਂ ਹਾਲਤਾਂ 'ਚ ਵਿਕ੍ਰੇਤਾ ਆਪ ਮਿਸ਼ਰਣ ਦਾ ਦੋਸ਼ੀ ਹੈ ਭਾਵੇ ਕਿ ਉਸਨੇ ਕੋਈ ਵੀ ਜ਼ਹਿਰੀਲੀ ਵਸਤੂ ਨਹੀਂ ਮਿਲਾਈ ਹੈ।

ਅਕਸਰ ਦੋਧੀ ਦੁਧ ਤੋਂ ਕ੍ਰੀਮ ਕੱਢ ਕੇ ਉਸ ਨੂੰ ਵੇਚ ਦਿੰਦੇ ਹਨ ਤਾਂ ਸਪਰੇਟੇ ਦੁੱਧ 'ਚ ਥੋੜਾ ਜਿੰਨਾ ਸ਼ੁਧ ਦੁੱਧ ਮਿਲਾ ਕੇ ਗਾਹਕਾਂ ਨੂੰ ਦਿੰਦੇ ਹਨ। ਇਸ ਤਰਾਂ ਖਪਤਕਾਰਾਂ ਨੂੰ ਸ਼ੁਧ ਦੁੱਧ ਮਿਲਦਾ ਹੀ ਨਹੀਂ। ਅੱਜਕਲ ਸਿੰਥੇਟਿਕ (ਨਕਲੀ) ਦੁੱਧ ਬਣਾਉਣ ਵਾਲੇ ਬਹੁਤ ਕੇਸ ਆਉਂਦੇ ਹਨ। ਇਹ ਦੁੱਧ ਦੇ ਨਾਂ ਹੇਠ 'ਚਿੱਟਾ ਜ਼ਹਿਰ' ਹੈ। ਯੂਰੀਆ, ਸਾਬਣ ਆਦਿ ਪਦਾਰਥਾਂ ਨਾਲ ਤਿਆਰ ਹੋਣ ਵਾਲੇ ਇਸ ਦੁੱਧ ਦੀ ਵਰਤੋਂ ਬਹੁਤ ਖਤਰਨਾਕ ਹੈ। ਬਹੁਤ ਸਾਰੇ ਵਪਾਰੀ ਇਲਾਇਚੀ, ਸੌਂਫ ਦਾਲਚੀਨੀ, ਜਾਅਫਲ ਤੇ ਜੀਰੇ ਦੇ ਬੋਰੇ ਫੈਕਟਰੀਆਂ ਤੋਂ ਲੈ ਜਾਂਦੇ ਹਨ ਜਿਥੇ ਵਿਲਾਅਕ ਰਾਂਹੀ ਵਾਸਪਸ਼ੀਲ ਤੇਲ ਕੱਢਿਆ ਜਾਂਦੈ, ਬੋਰੇ 'ਚ ਵਿਲਾਅਕ ਦੀ ਭਾਪ ਪਾਸ ਕੀਤੀ ਜਾਂਦੀ ਹੈ ਜਿਸ 'ਚ ਵਾਸ਼ਪਸ਼ੀਲ ਤੇਲ ਘੁੱਲ ਜਾਂਦਾ ਹੈ ਫੇਰ ਵਿਲਾਅਪ ਹਟਾ ਕੇ ਤੇਲ ਹਾਸਲ ਕਰ ਲਿਆ ਜਾਂਦਾ ਹੈ ਅਤੇ ਤੇਲ ਕੱਢੇ ਹੋਏ ਪਦਾਰਥ ਵੇਚ ਦਿੱਤੇ ਜਾਂਦੇ ਹਨ। ਇਸ ਤਰਾਂ ਖਪਤਕਾਰ ਨੂੰ ਵੱਧ ਮੁੱਲ ਅਦਾ ਕਰਨ 'ਤੇ ਵੀ ਮੁਖ ਸਰਗਰਮ ਤੱਤ ਨਹੀਂ ਮਿਲ ਸਕਦਾ। ਨਕਲੀ ਰੰਜਕਾਂ ਦੀ ਦੁਰਵਰਤੋਂ ਕੀਤੀ ਹੈ। ਇਹਨਾਂ ਰੰਗਾਂ ਦਾ ਵਰਗੀਕਰਣ ਤਿੰਨ ਭਾਗਾਂ 'ਚ ਕੀਤਾ ਜਾ ਸਕਦਾ ਹੈ। ਕੁਦਰਤੀ ਰੰਗ ਤਾਂ ਕੁਦਰਤੀ ਉਤਪਾਦਾਂ 'ਚ ਪਾਇਆ ਜਾਂਦਾ ਹੈ ਜੋ ਕਿ ਆਮ ਕਰਕੇ ਸਿਹਤ ਲਈ ਹਾਨੀਕਾਰਕ ਨਹੀਂ ਹੈ ਪਰ ਜੇ ਇਹੀ ਕੁਦਰਤੀ ਰੰਗ ਲਬਾਟਰੀਆਂ 'ਚ ਬਣਾਏ ਜਾਣ ਤਾਂ ਸਿਹਤ ਲਈ ਹਾਨੀਕਾਰਕ ਵੀ ਹੋ ਸਕਦੇ ਹਨ, ਜੇ ਇਹਨਾਂ 'ਚ ਆਰਸੇਨਿਕ ਤੇ ਸ਼ੀਸ਼ੇ ਦੀ ਮਾਤਰਾ ਵੱਧ ਹੋ ਜਾਵੇ, ਇਹੀ ਕਾਰਣ ਹੈਕਿ ਕੁਦਰਤੀ ਰੰਗ ਜੋ ਫੈਕਟਰੀਆਂ 'ਚ ਬਣਾਏ ਜਾਂਦੇ ਹਨ ਉਹਨਾਂ 'ਚ ਆਰਸੈਨਿਕ, ਲੈਡ, ਕਾਪਰ ਤੇ ਜਿੰਕ ਦੀ ਵੱਧ ਮਾਤਰਾ ਨਿਰਧਾਰਿਤ ਕਰ ਦਿੱਤੀ ਜਾਂਦੀ ਹੈ। ਇਹ ਰੰਗ ਬੀਟਾਕੈਰੋਟਨ (ਲਾਲ), ਕਲੋਰੋਫਿਲ (ਹਰਾ), ਕੈਰੇਮਲ (ਪੀਲਾ), ਏਨੈਟੋ (ਪੀਲਾ ਲਾਲ) ਤੇ ਰਿਬੋ ਫਲੇਵਿਨ ਸਭ ਤਰਾਂ ਦੇ ਅਕਾਰਬਨਿਕ ਰੰਗਾਂ ਦੀ ਵਰਤੋਂ ਖ਼ੁਰਾਕੀ ਪਦਾਰਥਾਂ ਨੂੰ ਰੰਗਣ ਲਈ ਪਬੰਦੀਸ਼ੁਧਾ ਹੈ। ਆਮਤੌਰ 'ਤੇ ਮੈਗਨਿਸ਼ੀਅਮ ਸਿਲੀਕੇਟ ਜੋ ਸਫੈਦ ਰੰਗ ਦਾ ਚਿਕਨਾ ਜਿਹਾ ਪਦਾਰਥ ਹੈ ਦਾਲਾਂ ਪਲਿਸ਼ ਕਰਨ ਲਈ ਵਰਤਿਆ ਜਾਂਦਾ ਹੈ ਤੇ ਲੈਡ ਕ੍ਰੋਮੇਟ ਜੋ ਪੀਲਾ ਲਵਣ ਹੈ ਹਲਦੀ ਨੂੰ ਰੰਗਣ ਲਈ ਵਰਤਿਆ ਜਾਂਦਾ ਹੈ।

**ਕਾਰਬਨਿਕ ਕੋਲਤਾਰ ਰੰਜਗ** :- ਖ਼ੁਰਾਕੀ ਪਦਾਰਥਾਂ ਨੂੰ ਰੰਗਣ ਦੇ ਨਜ਼ਰੀਏ ਤੋਂ ਇਹ ਦੋ ਭਾਗਾਂ 'ਚ ਵੰਡੇ ਜਾਂਦੇ ਹਨ।

ਪਬੰਦੀਸ਼ੁਧਾ ਹੋਣ 'ਤੇ ਵੀ ਇਹ ਸਸਤੇ ਹੋਣ ਕਰਕੇ ਹਲਵਾਈ, ਬੇਕਰੀ ਤੇ ਕਨਫੈਕਸ਼ਨਰਸ ਵਲੋਂ ਖ਼ੁਰਾਕੀ ਪਦਾਰਥਾਂ ਨੂੰ ਰੰਗਣ ਲਈ ਵਰਤੇ ਜਾਂਦੇ ਹਨ।

**ਲਾਲ ਰੰਗ ਲਈ**:- ਰੋਡਾਬਿਨ ਬੀ: ਪੀਲੇ ਰੰਗ ਲਈ-ਆਰੇਮਿਨ ਤੇ ਮੇਟੇਨਿਲ ਯੇਲੋ, ਬਟਰ ਯਲੋ, ਨਾਰੰਗੀ ਰੰਗ ਲਈ - ਆਰੇਂਜ-2, ਹਰੇ ਰੰਗ ਲਈ - ਮੇਲੇ ਕਾਈਟ ਗ੍ਰੀਨ।

**ਇਜਾਜਤ ਸ਼ੁਧਾ ਕੋਲਤਾਰ ਰੰਜਕ** :- ਇਹ ਸਿਰਫ ਕੁਝ ਹੀ ਪਦਾਰਥਾਂ ਨੂੰ ਜਿਵੇਂ ਫਲੈਵਰਡ ਦੁੱਧ, ਆਈਸਕ੍ਰਮ ਤੇ ਆਈਸਕੈਂਡੀ, ਬਿਸਕੁਟ, ਮਿਠਾਈ, ਡ੍ਰਿਕੰਸ, ਕਸਟਰਡ ਪਾਊਡਰ, ਸੂਪ ਪਾਊਡਰ, ਜੇਲੀ ਕ੍ਰਿਸਟਲ ਤੇ ਸੁਗੰਧਕਾਰੀ ਪਦਾਰਥਾਂ 'ਚ ਵਰਤੇ ਜਾ ਸਕਦੇ ਹਨ ਪਰ ਰੰਜਕ ਦੀ ਮਾਤਰਾ 0.2 ਗ੍ਰਾਮ ਫੀ ਕਿਲੋਗ੍ਰਾਮ (ਖ਼ੁਰਾਕੀ ਪਦਾਰਥ) ਤੋਂ ਵੱਧ ਨਹੀਂ ਹੋਣੀ ਚਾਹੀਦੀ। ਹੋਰ ਪਦਾਰਥ 'ਚ ਕੋਲਤਾਰ ਦੀ ਵਰਤੋਂ ਵਰਜਿਤ ਹੈ। ਇਸ ਕਾਰਣ ਖਪਤਕਾਰਾਂ ਨੂੰ ਰੰਗੇ ਹੋਏ ਖ਼ੁਰਾਕੀ ਪਦਾਰਥਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਕਿਉਂਕਿਇਹ ਪਦਾਰਥ ਸਿਹਤ ਲਈ ਹਾਨੀਕਾਰਕ ਹਨ-ਜੇ ਇਜਾਜਤ ਸ਼ੁਧਾ ਰੰਗਾਂ ਦੀ ਵਰਤੋਂ ਵੱਧ ਮਾਤਰਾ 'ਚ ਹੋਈ ਹੈ। ਬੀਮਾਰ ਜਾਨਵਰਾਂ ਤੇ ਮਰੇ ਹੋਏ ਜਾਨਵਰਾਂ ਦੀ ਵੀ ਦੁਰਵਰਤੋਂ ਹੁੰਦੀ ਹੈ ਬਹੁਤ ਗਾਵਾਂ ਤੇ ਮੱਝਾ ਨੂੰ ਤਪਦਿਕ ਹੋ ਜਾਂਦਾ ਹੈ ਜਾਂ ਉਹਨਾਂ ਦੇ ਥਣਾਂ 'ਚ ਇਨਫੈਕਸ਼ਨ ਹੋ ਜਾਂਦੀ ਹੈ, ਇਸ ਨਾਲ ਦੁੱਧ 'ਚ ਖ਼ੂਨ ਦੇ ਕਣ ਵੀ ਆ ਜਾਂਦੇ ਹਨ। ਇਸ ਤਰ੍ਹਾਂ ਦੇ ਦੁੱਧ ਦੀ ਵਰਤੋਂ ਨਾਲ ਤਰ੍ਹਾਂ ਤਰਾਂ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਇਸ ਲਈ ਖਪਤਕਾਰ ਨੂੰ ਚੁਕੰਨੇ ਰਹਿਣਾ ਚਾਹੀਦਾ ਹੈ ਕਿ ਕਿਤੇ ਉਹ ਬੀਮਾਰ ਜਾਂ ਮਰੇ ਹੋਏ ਪਸ਼ੂ ਦਾ ਮਾਸ ਤਾਂ ਨਹੀਂ ਖਾ ਰਿਹਾ। ਖਪਤਕਾਰ ਨੂੰ ਇਹ ਵੀ ਧਿਆਨ ਰੱਖਣਾ ਚਾਹੀਦੈ ਕਿਸ ਤਰ੍ਹਾਂ ਦੇ ਵਾਤਾਵਰਣ 'ਚ ਖ਼ੁਰਾਕੀ ਪਦਾਰਥ ਤਿਆਰ ਕੀਤਾ ਗਿਆ ਹੈ ਕਿਉਂਕਿ ਤਿਆਰ ਕੀਤੀ ਸਮੱਗਰੀ ਉਦੋਂ ਖਾਣਯੋਗ ਨਹੀਂ ਰਹਿ ਜਾਂਦੀ ਜਦ ਵਸਤੂ ਵਿਸ਼ੇਸ਼ ਅਜੇਹੀ ਥਾਂ ਬਣਾਈ ਜਾ ਰਹੀ ਹੋਵੇ ਜਿਥੇ ਮੱਖੀਆਂ ਭਿੰਨ ਭਨਾ ਰਹੀਆਂ ਹੋਣ, ਆਸਪਾਸ ਕੂੜਾ-ਕਰਕਟ ਸੜਣ ਨਾਲ ਬਦਬੂ ਆ ਰਹੀ ਹੋਵੇ, ਮਿੱਟੀ ਉੱਡ ਰਹੀ ਹੋਵੇ। ਇਸ ਤਰ੍ਹਾਂ ਜੇ ਗੰਦੇ ਬਰਤਨਾਂ ਦੀ ਵਰਤੋਂ ਵਸਤੂ ਵਿਸ਼ੇਸ਼ ਬਣਾਉਣ ਲਈ ਕੀਤੀ ਜਾ ਰਹੀ ਹੋਵੇ ਜਾਂ ਅਜੇਹੇ ਬਰਤਨ ਵਰਤੋਂ 'ਚ ਲਿਆਂਦੇ ਜਾ ਰਹੇ ਹੋਣ ਜਿਨ੍ਹਾਂ ਦੀ ਅੰਦਰੂਨੀ ਪਰਤ ਉਧੜ ਗਈ ਹੋਵੇ ਤਾਂ ਅਜਿਹੀ ਵਸਤੂ ਵਿਸ਼ੇਸ਼ ਖਾਣ ਯੋਗ ਨਹੀਂ ਰਹਿ ਜਾਂਦੀ। ਇਸ ਤਰਾਂ ਵਸਤੂ ਵਿਸ਼ੇਸ਼ ਸਿਹਤਮੰਦ ਵਾਤਾਵਰਣ 'ਚ ਬਣਾਉਣ ਪਿਛੋਂ ਜਿਵੇਂ ਸਾਫਟ ਡ੍ਰਿੰਕਸ, ਜਾਂ ਕਾਰਬੋਨੇਟਡ ਡ੍ਰਿੰਕਸ ਅਜੇਹੀਆਂ ਬੋਤਲਾਂ 'ਚ ਪੈਕ ਕਰ ਦਿੱਤੀ ਗਈ ਹੋਵੇ ਜੋ, ਗੰਦੀਆਂ ਹੋਣ ਜਾਂ ਬੋਤਲ 'ਚ ਡ੍ਰਿੰਕਸ ਭਰਦੇ ਸਮੇਂ ਮੱਖੀ, ਕਾਕਰੋਚ ਜਾਂ ਹੋਰ ਕੀੜੇ ਹੀ ਇਹ ਨਿਰਧਾਰਤ ਪੈਮਾਨਿਆਂ ਦੇ ਅਨਕੂਲ ਹੋਵੇ। ਉਪਰੋਕਿਤ ਸਭ ਹਾਲਤਾਂ 'ਚ ਉਤਪਾਦਕ ਜਾਂ ਵਿਕ੍ਰੇਤਾ ਅਪਮਿਸ਼ਰਣ ਦਾ ਦੋਸ਼ੀ ਕਿਹਾ ਜਾਵੇਗਾ।

ਅਰਨਪ੍ਰੀਤ ਕੌਰ (ਬਿਲਾਸਪੁਰ)

# ਮੈਰੀ ਕੌਮ ਦੀ ਪਗਡੰਡੀ ਤੇ ਚਲਦਿਆਂ



ਜੂਨ ਮਹੀਨੇ ਇੰਡੀਆ ਕੈਂਪ ਤੇ ਆਏ ਹੋਏ ਮੈਨੂੰ ਪੂਰਾ ਮਹੀਨਾ ਹੋ ਗਿਆ ਸੀ।ਪੂਰਾ ਇੱਕ ਮਹੀਨਾ ਲਿਖਣ ਨੂੰ ਕਦੇ ਮਨ ਨਾ ਕੀਤਾ ਤੇ ਨਾ ਹੀ ਕਦੇ ਟਾਈਮ ਲਗਦਾ ਸੀ।ਸਵੇਰ 5 ਵਜੇ ਤੋਂ 8:45 ਦੀ ਟ੍ਰੇਨਿੰਗ ਤੋਂ ਬਾਅਦ ਸੌਣ ਤੋਂ ਇਲਾਵਾ ਕੁਝ ਵੀ ਕਰਨ ਨੂੰ ਦਿਲ ਨਹੀਂ ਕਰਦਾ ਸੀ।ਟ੍ਰੇਨਿੰਗ ਤੋਂ ਆ ਕੇ ਬਰੇਕਫਾਸਟ ਕਰਨਾ ਤੇ ਫਿਰ ਕਮਰੇ 'ਚ ਆ ਕੇ ਨਹਾਉਣਾ ਤੇ ਸੌਂ ਜਾਣਾ ਫਿਰ ਏਨੀ ਜ਼ਿਆਦਾ ਨੀਂਦ ਆਉਣੀ ਕਿ ਦੁਪਹਿਰ ਨੂੰ ਰੋਟੀ ਖਾਣ ਲਈ ਉੱਠਣ ਨੂੰ ਮਨ ਨਾ ਕਰਦਾ ਸ਼ਾਮ ਨੂੰ ਚਾਰ ਵਜੇ ਉੱਠ ਕੇ 5 ਵਜੇ ਤੋਂ 8:45 ਤੱਕ ਫਿਰ ਟ੍ਰੇਨਿੰਗ ਤੇ ਜਾਣਾ ਹੁੰਦਾ ਸੀ।ਟਰੇਨਿੰਗ ਦੌਰਾਨ ਅਸੀਂ ਪੂਰਾ ਜ਼ੋਰ ਲਗਾ ਦਿੰਦੇ।ਰੋਜ਼ ਸਵੇਰੇ ਸਾਡਾ ਬੌਡੀਵੇਟ ਕੀਤਾ ਜਾਂਦਾ ਪਰ ਮੇਰਾ ਭਾਰ ਹਮੇਸ਼ਾ 65 ਜਾਂ 66 ਕਿਲੋ ਆਉਂਦਾ। 69 ਕਿਲੋ ਵਿੱਚ ਖੇਡਦੀ ਹੋਣ ਕਰਕੇ ਮੇਰਾ ਭਾਰ 68 ਕਿਲੋ ਤਾਂ ਜ਼ਰੂਰੀ ਹੀ ਚਾਹੀਦਾ ਸੀ।ਪਰ ਮੇਰਾ ਵਧਣ ਦੀ ਵਜਾਏ ਘਟਦਾ ਰਹਿੰਦਾ ਸੀ।ਮੈਂ ਆਪਣੀ ਡਾਈਟ ਵੀ ਵਧਾਈ ਪਰ ਕੋਈ ਫਾਇਦਾ ਨਾ ਹੋਇਆ।ਮੇਰੇ ਭਾਰ ਵਿੱਚ ਜਿੰਨੀਆਂ ਲੜਕੀਆਂ ਹੁੰਦੀਆਂ ਉਹਨਾਂ ਸਾਰੀਆਂ ਦਾ ਭਾਰ 69 ਕਿਲੋ ਜਾਂ 70 ਕਿਲੋ ਚੱਲਦਾ।ਕੈਂਪ ਵਿੱਚ ਟਰੈਲ ਦੇਣ ਲਈ ਪਾਸਪੋਰਟ ਹੋਣਾ ਜ਼ਰੂਰੀ ਸੀ।ਇਸ ਲਈ ਮੈਨੂੰ ਪਾਸਪੋਰਟ ਦੀ ਤਾਰੀਕ ਤੇ ਘਰ ਜਾਣਾ ਪਿਆ।ਪਾਸਪੋਰਟ ਦੀ ਤਾਰੀਕ 31.5.2017 ਸੀ। ਮੇਰੇ ਕੋਲ ਇੱਕ ਦਿਨ ਸਕੂਲ ਜਾਣ ਲਈ ਸੀ।ਉਸ ਦਿਨ ਮੈਂ ਸਕੂਲ ਗਈ।ਬੜੀ ਤਾਂਘ ਜਿਹੀ ਸੀ।ਆਪਣੀਆਂ ਸਹੇਲੀਆਂ, ਪ੍ਰਿੰਸੀਪਲ ਸਰ ਤੇ ਅਧਿਆਪਕਾਂ ਨੂੰ ਮਿਲਣ ਦੀ । 31 ਤਰੀਕ ਨੂੰ ਪਾਸਪੋਰਟ ਬਣਾਉਣ ਦੇ ਲਈ ਮੈਨੂੰ ਜਲੰਧਰ ਜਾਣਾ ਪਿਆ।ਕੈਂਪ ਤੇ ਦੁਬਾਰਾ ਜਾਣ ਲਈ ਇਨਕੁਆਰੀ ਜਲਦੀ ਕਰਵਾਉਣੀ ਪਈ।ਜਿਸ ਲਈ ਮੈਨੂੰ ਦੋ ਦਿਨ ਜ਼ਿਆਦਾ ਰੁਕਣਾ ਪਿਆ।ਮੇਰੇ ਪਿਤਾ ਜੀ ਨੇ ਮੇਰੇ ਚੀਫ ਕੋਚ ਭਾਸਕਰ ਚੰਦਰ ਭੱਟ ਸਰ ਨੂੰ ਫੋਨ ਤੇ ਸਾਰੀ ਗੱਲ਼ਬਾਤ ਦੱਸ ਦਿੱਤੀ।ਪਹਿਲਾਂ ਉਹਨਾਂ ਕੁਝ ਨਾ ਕਿਹਾ ਪਰ ਜਦੋਂ ਟਰੇਨ ਦੀਆਂ ਸੀਟਾਂ ਰਿਜ਼ਰਵ ਨਾ ਹੋਈਆਂ ਤਾਂ ਮੈਨੂੰ ਦੋ ਦਿਨ ਹੋਰ ਰੁਕਣਾ ਪਿਆ।ਹੁਣ ਪੂਰਾ ਇੱਕ ਹਫਤਾ ਹੋ ਚੱਲਿਆ ਸੀ, ਕੈਂਪ ਤੋਂ ਆਈ ਹੋਈ ਨੂੰ ।ਦੁਬਾਰਾ ਫੇਰ ਭਾਸਕਰ ਚੰਦਰ ਭੱਟ ਸਰ ਨੂੰ ਫੋਨ ਕੀਤਾ ਪਰੰਤੂ ਹੁਣ ਉਹਨਾਂ ਨੇ ਮੇਰੇ ਕੈਂਪ ਤੇ ਨਾ ਪਹੁੰਚਣ ਤੇ ਚਿੰਤਾ ਪ੍ਰਗਟਾਈ।ਉਨ੍ਹਾਂ ਕਿਹਾ ਕਿ 13.6.2017 ਨੂੰ ਸਾਰੀਆਂ ਲੜਕੀਆਂ ਦੇ ਟਰੈਲ ਹੋਣੇ ਹਨ।ਜਿਸ ਵਿੱਚ ਤੁਹਾਡੀ ਬੇਟੀ ਦਾ ਪਹੁੰਚਣਾ ਬਹੁਤ ਜ਼ਰੂਰੀ ਹੈ।ਮੇਰੇ ਨਾਲ ਆਈ ਚਕਰ ਪਿੰਡ ਦੀ ਹਰਪ੍ਰੀਤ ਕੌਰ ਦਾ ਕੰਮ ਅਧੂਰਾ ਹੀ ਰਹਿ ਗਿਆ।ਪਰ ਉਸਨੂੰ ਮੇਰੇ ਨਾਲ ਜਾਣਾ ਜਰੂਰੀ ਸੀ।ਘਰ ਵਿੱਚ ਉਨ੍ਹੀਂ ਦਿਨੀਂ ਮੇਰੀ ਮਾਂ ਦੇ ਬਿਮਾਰ ਹੋਣ ਕਰਕੇ ਮੇਰੇ ਪਿਤਾ ਜੀ ਨੂੰ ਨਾਲ ਲੈ ਕੇ ਜਾਣ ਦਾ ਮਨ ਨਹੀਂ ਸੀ।ਸਹੇਲੀ ਦੇ ਪਿਤਾ ਜੀ ਸਾਨੂੰ ਭੋਪਾਲ ਛੱਡਣ ਲਈ ਨਾਲ ਗਏ।ਅਸੀਂ ਰਾਤ ਦੇ 2 ਵਜੇ ਭੋਪਾਲ ਪਹੁੰਚ ਗਏ।ਭੋਪਾਲ ਜੰਕਸ਼ਨ ਤੋਂ ਅਸੀ ਆਟੋ ਤੇ ਤਿੰਨੇ ਜਾਣੇ Sai Centre ਪਹੁੰਚ ਗਏ।ਉਹਨਾਂ ਸਾਨੂੰ ਸੈਂਟਰ ਅੱਗੇ ਉਤਾਰ ਦਿੱਤਾ।ਬਾਹਰ ਹੀ ਅਸੀਂ ਭਾਸਕਰ ਸਰ ਨੂੰ ਫੋਨ ਕੀਤਾ ਤੇ ਆਪਣੇ ਆਉਣ ਦੀ ਜਾਣਕਾਰੀ ਦਿੱਤੀ।ਉਹਨਾਂ ਸਾਨੂੰ ਸਵੇਰ ਦੀ ਟ੍ਰੇਨਿੰਗ ਤੋਂ ਛੁੱਟੀ ਦੇ ਦਿੱਤੀ।ਅਸੀਂ ਆਪਣੇ ਕਮਰੇ ਵਿੱਚ ਆ ਕੇ ਸੌਂ ਗਈਆਂ।ਜਦੋਂ ਸਾਡੀ ਸਵੇਰ ਦੇ 10 ਵਜੇ ਅੱਖ ਖੁੱਲ੍ਹੀ ਤੇ ਹਰਪ੍ਰੀਤ ਦੀ ਜੁਬਾਨ ਅਤੇ ਦਿਮਾਗ ਵਿੱਚ ਟ੍ਰੇਨ ਵਿੱਚ ਵਾਪਰੀ ਘਟਨਾ ਵਾਰ-ਵਾਰ ਯਾਦ ਆ ਜਾਂਦੀ।ਇਹ ਮੇਰੀ ਜ਼ਿੰਦਗੀ ਦੀ ਹੀ ਸਭ ਤੋਂ ਸ਼ਰਮਨਾਕ ਘਟਨਾ ਸੀ ਨਾਂ ਤਾਂ ਅਸੀ ਨਹਾਤੀਆਂ ਤੇ ਨਾਂ ਹੀ ਅਸੀ ਮੂੰਹ ਧੋਤਾ ਸਿਰਫ ਬਰੇਕਫਾਸਟ ਕਰਕੇ ਭਾਸਕਰ ਸਰ ਕੋਲ ਫੋਨ ਫੜਾਉਣ ਪਹੁੰਚ ਗਈਆਂ।ਫਿਰ ਮੈਂ ਕੁਝ ਲੜਕੀਆਂ ਦੇ ਨਾਲ ਮਸਾਜ ਕਰਵਾਉਣ ਲਈ ਚਲੀ ਗਈ।ਮਸਾਜ ਵਾਲੇ ਰੂਮ ਵਿੱਚ ਬਹੁਤ ਮਸਤੀ ਕੀਤੀ।ਫਿਰ ਮਿਤੀ 13 ਨੂੰ ਸਾਰੀਆਂ ਲੜਕੀਆਂ ਦੇ ਫਾਈਨਲ ਬੌਡੀ ਵੇਟ ਚੈੱਕ ਕੀਤੇ ਗਏ ਅਤੇ ਮੈਡੀਕਲ ਚੈਕਅੱਪ ਕੀਤਾ ਗਿਆ।ਉਸ ਦਿਨ ਮੇਰੀ ਫਾਈਟ ਉਤਰਾਖੰਡ ਦੀ ਲੜਕੀ ਪ੍ਰਿਯਾ ਜੋਸ਼ੀ ਨਾਲ ਤੈਅ ਹੋਈ।ਉਸ ਦਿਨ ਫਾਈਟ ਮੈਂ ਜਿੱਤੀ।ਅਗਲੇ ਦਿਨ ਮੇਰੀ ਫਾਈਟ ਮਹਾਰਾਸ਼ਟਰ ਦੀ ਲੜਕੀ ਸਾਕਸ਼ੀ ਨਾਲ ਤੈਅ ਹੋਈ।ਕੱਦ ਵਿੱਚ ਲੰਮੀ ਹੋਣ ਕਾਰਨ ਮੈਨੂੰ ਥੋੜੀ ਤਕਲੀਫ ਜ਼ਰੂਰ ਹੋਈ।ਪਰ ਮੈਂ ਦੋ ਰਾਊਂਡ ਜਿੱਤ ਗਈ।ਤੀਸਰਾ ਰਾਊਡ ਚੱਲ਼ ਰਿਹਾ ਸੀ।ਮੈਂ ਤੀਸਰਾ ਰਾਊਂਡ ਵੀ ਜਿੱਤ ਰਹੀ ਸੀ ਪਰ ਆਖਰੀ 10 ਸੈਕਿੰਡ ਵਿੱਚ ਮੇਰੀ ਅੱਖ ਵਿੱਚ ਸਾਕਸ਼ੀ ਦਾ ਅੰਗੂਠਾ ਲੱਗਾ।ਦੋ ਕੁ ਸੈਕਿੰਡ ਲੱਗਾ ਕਿ ਮੈਂ ਖੇਡ ਲਵਾਂਗੀ ਪਰ ਅੱਖਾਂ ਸਾਹਮਣੇ ਹਨੇਰਾ ਆ ਗਿਆ।ਫਿਰ ਤਾਂ ਇੰਝ ਜਾਪਣ ਲੱਗਾ ਜਿਵੇ ਅੱਖ ਦਾ ਡੇਲਾ ਬਾਹਰ ਆ ਗਿਆ ਹੋਵੇ ਮੈਂ 5-6 ਸੈਕਿੰਡ ਤਾਂ ਰਿੰਗ ਉਪਰ ਟਹਿਲ ਦੀ ਰਹੀ ਪਰੰਤੂ ਮੈਨੂੰ ਕੁਝ ਦਿਖਾਈ ਨਹੀ ਸੀ ਦੇ ਰਿਹਾ।ਅੱਖ ਵਿੱਚ ਦਰਦ ਜਿਆਦਾ ਹੋਣ ਕਾਰਨ ਮੈਂ ਅਚਾਨਕ ਡਿੱਗ ਪਈ।ਮੈਨੂੰ ਸਿਰਫ ਰੈਫਰੀ ਦੁਆਰਾ ਕੀਤੀ ਜਾ ਰਹੀ ਕਾਊਂਟਿੰਗ ਹੀ ਸੁਣਾਈ ਦੇ ਰਹੀ ਸੀ।ਅੱਖ ਦਾ ਦਰਦ ਹੋਰ ਵੱਧ ਗਿਆ ਮੈਂ ਰਿੰਗ ਉਪਰ ਲੇਟ ਗਈ।ਫਿਰ ਡਾਕਟਰ ਤੇ ਕੋਚ ਰਿੰਗ ਉਪਰ ਆਏ ਤੇ ਉਹਨਾਂ ਮੈਨੂੰ ਪੁੱਛਿਆ ਕਿ ਸੱਟ ਕਿੱਥੇ ਲੱਗੀ ਹੈ ? ਮੇਰੇ ਦੱਸਣ ਤੇ ਉਹਨਾਂ ਨੇ ਮੈਨੂੰ ਰਿਲੈਕਸ ਕਰਨ ਦੀ ਕੋਸ਼ਿਸ਼ ਕੀਤੀ।ਮੈਨੂੰ ਅੱਖ ਤੋਂ ਦਿਖਾਈ ਨਾ ਦੇਣ ਕਾਰਨ ਫੜ੍ਹ ਕੇ ਰਿੰਗ 'ਚੋਂ ਉਤਾਰਿਆ ਗਿਆ ਤੇ ਮੈਟ ਉੱਪਰ ਲਿਟਾ ਦਿੱਤਾ ਗਿਆ।ਅੱਖ ਉਪਰ ਬਰਫ ਰੱਖੀ ਗਈ।5-10 ਮਿੰਟ ਬਾਅਦ ਫਿਜਿਊ ਵਾਲੀ ਮੈਡਮ ਵੱਲੋਂ ਦੁਬਾਰਾ ਅੱਖ ਚੈੱਕ ਕੀਤੀ ਗਈ।ਅੱਖ ਦੇ ਕੋਨੇ ਵਿੱਚ ਕਾਫੀ ਜ਼ਿਆਦਾ ਖੂਨ ਇੱਕਠਾ ਹੋ ਗਿਆ।ਹੌਲੀ ਹੌਲੀ ਇਹ ਖੂਨ ਵਧਦਾ ਗਿਆ।ਪਰ ਮੈਨੂੰ ਕਿਸੇ ਨੇ ਵੀ ਅੱਖ ਦੀ ਹਾਲਤ ਬਾਰੇ ਨਹੀ ਦੱਸਿਆ।ਜਿਸ ਨੂੰ ਵੀ ਪੁੱਛਿਆ ਜਾਂਦਾ।ਉਹ ਅੱਖ ਨੂੰ ਨਾਰਮਲ ਦੱਸਦਾ।ਕੁਝ ਲੜਕੀਆਂ ਅੱਖ ਨੂੰ ਦੇਖ ਕੇ ਆਪਣਾ ਚਿਹਰਾ ਇਸ ਤਰ੍ਹਾਂ ਬਣਾਉਦੀਆਂ ਜਿਵੇ ਸੱਟ ਕੁਝ ਜਿਆਦਾ ਹੀ ਲੱਗੀ ਹੋਵੇ।ਹੁਣ ਮੈਂ ਬੇਚੈਨ ਸੀ ਕਿ ਮੇਰੀ ਅੱਖ ਦੀ ਹਾਲਤ ਕਿਹੋ ਜਿਹੀ ਹੈ।ਕੁਝ ਸਮਾਂ ਉਥੇ ਹੀ ਪਈ ਸੀ।ਫਿਰ ਮੈਨੂੰ ਉਠਾ ਕੇ ਅੰਦਰ ਲੈ ਗਏ।ਪਰ ਜ਼ਿਆਦਾ ਸਮਾਂ ਮੈਂ ਅੰਦਰ ਰਹਿ ਨਾ ਸਕੀ।ਮੈਂ ਹਾਲ ਵਿੱਚ ਬਾਹਰ ਆ ਗਈ।ਬਾਹਰ ਆ ਕੇ ਮੈਂ ਕਦੇ ਲੇਟ ਜਾਂਦੀ ਕਦੇ ਬੈਠ ਜਾਂਦੀ।ਹੁਣ ਲੱਗਾ ਕਿ ਅੱਖ ਹੋਰ ਵੀ ਜ਼ਿਆਦਾ ਖਰਾਬ ਹੋ ਰਹੀ ਹੈ।ਹੁਣ ਅੱਖ ਖੁੱਲ਼ ਰਹੀ ਸੀ ਮੈਂ ਦੇਖ ਸਕਦੀ ਪਰ ਅੱਖ ਦਾ ਇੱਧਰ ਉੱਧਰ ਘੁੰਮਣਾ ਬੰਦ ਹੋ ਗਿਆ ਸੀ।ਅੱਖ ਦਾ ਡੇਲਾ ਖੜ੍ਹ ਗਿਆ।ਮੇਰੇ ਕਹਿਣ ਤੇ ਬਠਿੰਡੇ ਦੀ ਰੁਪਿੰਦਰ ਤੇ ਮੇਰੀ ਟੀਮ ਦੇ ਕੋਚ ਅਭਿਸ਼ੇਕ ਸਰ ਨੂੰ ਬਾਹਰ ਬੁਲਾਇਆ।ਉਹਨਾਂ ਨੇ ਐਂਬੂਲੈਂਸ ਬੁਲਾਈ ਫਿਰ ਫਿਜਿਓ ਵਾਲੀ ਮੈਡਮ ਤੇ ਪ੍ਰਵੀਨ ਕੋਚ ਨਾਲ ਹੋਸਟਲ ਵਿੱਚ ਭੇਜ ਦਿੱਤਾ।ਅਸੀ ਲੰਚ ਕਰਕੇ ਚਿਰਾਯੂ ਹਸਪਤਾਲ ਲਈ ਰਵਾਨਾ ਹੋ ਗਏ।ਇਹ ਹਸਪਤਾਲ ਭੋਪਾਲ ਦਾ ਸਭ ਤੋਂ ਵੱਡਾ ਹਸਪਤਾਲ ਸੀ ਅਤੇ ਸ਼ਹਿਰ ਤੋਂ ਕੁਝ ਕੁ ਦੂਰ ਸੀ।ਮੈਨੂੰ ਪ੍ਰਵੀਨ ਨੇ ਆਪਣੀ ਗੋਦੀ ਵਿੱਚ ਸਿਰ ਰੱਖ ਕੇ ਪਾ ਲਿਆ ਫਿਰ ਮੈਂ ਹਸਪਤਾਲ ਜਾ ਕੇ ਉੱਠੀ।ਹਸਪਤਾਲ ਕਾਫੀ ਵੱਡਾ ਸੀ।ਮੈਨੂੰ ਇਹ ਸਭ ਕੁਝ ਦੇਖਣ ਤੇ ਨਹੀ ਘੁੰਮਣ ਤੇ ਪਤਾ ਲੱਗਾ।ਵਾਰ ਵਾਰ ਅੱਖ ਵਿੱਚ ਰੌਸ਼ਨੀ ਪੈਣ ਦੇ ਕਾਰਨ ਸਿਰ ਬਹੁਤ ਜਿਆਦਾ ਦਰਦ ਕਰਨ ਲੱਗਾ।ਮੈਨੂੰ ਅੱਖਾਂ ਵਾਲੇ ਡਾਕਟਰ ਕੋਲ ਲਿਜਾਇਆ ਗਿਆ।ਪਹਿਲਾ ਮੇਰਾ ਫਾਰਮ ਭਰਿਆ ਗਿਆ।ਫਿਰ 1 ਨੰਬਰ ਰੂਮ ਵਿੱਚ ਅੱਖ ਦੇਖੀ ਗਈ।ਉਸਤੋਂ ਬਾਅਦ ਰੂਮ ਨੰ: 4 ਵਿੱਚ ਭੇਜਿਆ ਗਿਆ।ਡਾਕਟਰ ਨੇ ਬਹੁਤ ਵਧੀਆ ਤਰੀਕੇ ਨਾਲ ਅੱਖਾਂ ਬਾਰੇ ਪੁੱਛਿਆ।ਉਸਨੇ ਐਕਸਰੇ ਕਰਵਾਉਣ ਲਈ ਭੇਜ ਦਿੱਤਾ।ਐਕਸਰੇ ਵਾਲੇ ਕਮਰੇ ਵਿੱਚ ਏ.ਸੀ. ਲੱਗਾ ਹੋਣ ਕਰਕੇ ਸਿਰ ਨੂੰ ਕਾਫੀ ਰਾਹਤ ਮਿਲੀ।ਉਸਤੋਂ ਬਾਅਦ ਫਿਰ ਉਸ ਡਾਕਟਰ ਕੋਲ ਲਿਜਾਇਆ ਗਿਆ।ਉਸ ਡਾਕਟਰ ਨੇ ਐਕਸਰੇ ਨਾਰਮਲ ਦੱਸੇ ਤੇ ਪੇਨਕਿਲਰ (ਦਰਦ ਨਿਵਾਰਕ) ਦੀਆਂ ਗੋਲੀਆਂ ਤਿੰਨ ਦਿਨਾਂ ਲਈ ਤੇ ਕੈਲਸ਼ੀਅਮ ਸੀ ਦੀਆਂ ਗੋਲੀਆਂ ਇੱਕ ਸ਼ੀਸ਼ੀ ਅੱਖ ਵਿੱਚ ਪਾਉਣ ਲਈ ਦਵਾਈ ਦੇ ਦਿੱਤੀ।ਉਸ ਦਿਨ ਤਾਂ ਬੜਾ ਔਖਾ ਜਿਹਾ ਲੱਗਾ।ਆਉਦੇ ਸਮੇਂ ਮੈਡਮ ਨੇ ਆਪਣੀ ਗੋਦੀ ਵਿੱਚ ਪਾ ਲਿਆ ਤੇ ਇਕ ਚੂਸਣ ਵਾਲੀ ਗੋਲੀ ਮੂੰਹ ਵਿੱਚ ਪਾ ਦਿੱਤੀ।ਹੋਸਟਲ ਵਿੱਚ ਪਹੁੰਚਣ ਤੇ ਮੇਰੇ ਕਮਰੇ ਵਿਚ ਮੈਡਮ ਨੇ ਰੁਪਿੰਦਰ ਨੂੰ ਸਾਰੀਆਂ ਦਵਾਈਆਂ ਸਮਝਾ ਦਿੱਤੀਆ ਤੇ ਇਕ ਤੁਪਕਾ ਦਵਾਈ ਦਾ ਅੱਖ ਵਿੱਚ ਪਾ ਦਿੱਤਾ। ਮੈਂ ਸੌਂ ਗਈ।ਮੇਰੀ ਅੱਖ ਤੇ ਅਵਨੀਤ ਦੁਆਰਾ ਆਈਸਿੰਗ ਕੀਤੀ ਜਾ ਰਹੀ ਸੀ। ਦੋ ਦਿਨ ਮੇਰੀ ਪੂਰੀ ਸੇਵਾ ਕੀਤੀ। ਮੇਰੇ ਕਮਰੇ ਵਿਚ ਖਾਣਾ ਵੀ ਪਹੁੰਚ ਜਾਂਦਾ ਤੇ ਮੇਰਾ ਪੂਰਾ ਧਿਆਨ ਰੱਖਿਆ ਜਾਂਦਾ।ਮੈਨੂੰ ਰੋਟੀ ਖਾਣ ਵਿੱਚ ਦਿੱਕਤ ਆ ਰਹੀ ਸੀ। ਅਵਨੀਤ ਤੇ ਰੀਆ ਮੈਨੂੰ ਰੋਟੀ ਖਵਾਉਦੀਆਂ। ਸ਼ਨੀਵਾਰ ਮੈਂ ਸਵੇਰੇ ਤਿਆਰ ਹੋ ਕੇ ਹਸਪਤਾਲ ਚੱਲੀ ਗਈ। ਉੱਥੇ ਪਹਿਲਾਂ ਉਸੇ ਡਾਕਟਰ ਕੋਲ ਦਿਖਾਇਆ ਗਿਆ। ਡਾਕਟਰ ਨੇ ਆਪਣੇ ਵਰਕਰ ਨੂੰ ਦਵਾਈ ਪਾਉਣ ਲਈ ਕਿਹਾ। ਉਸ ਦਵਾਈ ਨਾਲ ਮੇਰੀ ਅੱਖ ਜਲਣ ਕਰ ਰਹੀ ਸੀ ਤੇ ਧੁੰਦਲਾ ਦਿਖਾਈ ਦੇ ਰਿਹਾ ਸੀ। ਦੁਬਾਰਾ ਅੱਖ ਦਿਖਾਈ ਗਈ ਤਾਂ ਡਾਕਟਰ ਨੇ ਪਹਿਲਾਂ ਇਹ ਸਵਾਲ ਪੁੱਛਿਆ ਕਿ ਮੇਰੇ ਚਿਹਰੇ ਉਪਰ ਏਨੀ ਪਰੇਸ਼ਾਨੀ ਕਿਉ ਹੈ।ਤੁਸੀ ਹਮੇਸ਼ਾ ਖੁਸ਼ ਰਹਿਣਾ ਹੈ।ਫਿਰ ਉਹਨਾਂ ਨੇ ਮੈਨੂੰ ਦੂਸਰੇ ਡਾਕਟਰ ਕੋਲ ਭੇਜ ਦਿੱਤਾ। ਡਾਕਟਰ ਨੇ ਮੇਰੀ ਅੱਖ ਬੈਟਰੀ ਨਾਲ ਚੈੱਕ ਕੀਤੀ। ਮੇਰੀ ਅੱਖ ਵਾਰ ਵਾਰ ਬੰਦ ਹੋ ਰਹੀ ਸੀ। ਕਦੇ ਸੱਜੀ ਅੱਖ ਤੇ ਕਦੇ ਖੱਬੀ ਅੱਖ। ਅੱਖਾਂ ਵਿੱਚੋਂ ਪਾਣੀ ਨਿਕਲ ਰਿਹਾ ਸੀ।ਜਦ ਉਸਨੂੰ ਇਹ ਦੱਸਿਆ ਕਿ ਖੱਬੀ ਅੱਖ ਠੀਕ ਹੈ।ਜਿਸ ਪਾਸੇ ਸੱਟ ਲੱਗੀ ਹੈ।ਪਰ ਸੱਜੀ ਅੱਖ ਦੇ ਲੈਂਨੈਜ ਪਿੱਛੇ ਇੱਕ ਛੇਦ ਹੈ।ਜਿਸਦੇ ਕਾਰਨ ਰੌਸ਼ਨੀ ਜਾ ਸਕਦੀ ਹੈ।ਉਹਨਾਂ ਨੇ ਦੱਸਿਆ ਕਿ ਜੇ ਸੱਜੀ ਅੱਖ ਤੇ ਸੱਟ ਲੱਗਦੀ ਤਾਂ ਰੌਸ਼ਨੀ ਜਾ ਸਕਦੀ ਹੈ।ਉਸਨੇ ਲੇਜ਼ਰ ਰਾਹੀ ਛੇਦ ਬੰਦ ਕਰਨ ਦੀ ਸਲਾਹ ਦਿੱਤੀ ਅਤੇ ਜਾਂ ਡੇਢ ਹਫਤਾ ਰੈਸਟ ਕਰਨ ਦੀ ਸਲਾਹ ਦਿੱਤੀ।ਹਸਪਤਾਲ ਵਿੱਚੋਂ ਆ ਕੇ ਰੋਟੀ ਖਾਧੀ ਅਤੇ ਸੌਂ ਗਈ।ਅੱਖ ਖੁੱਲਣ ਤੇ ਸਹੇਲੀਆਂ ਨਾਲ ਰੱਬ ਨੂੰ ਨਾ ਮੰਨਣ ਤੇ ਲੜਾਈ ਹੋਈ।ਲੜਾਈ ਨਹੀ ਕਹਿ ਸਕਦੇ, ਇਹ ਬਹਿਸ ਸੀ। ਪਰ ਮੇਰੇ ਨਾਸਤਿਕ ਹੋਣ ਤੇ ਇਹ ਵਿਵਾਦ ਸੀ।ਅਗਲੇ ਦਿਨ ਸਵੇਰੇ ਬਾਕਸਿੰਗ ਹਾਲ ਵਿੱਚ ਜਾਂਦੀ ਪਰ ਟ੍ਰੇਨਿੰਗ ਨਾ ਹੁੰਦੀ ਮੰਗਲਵਾਰ ਵਾਲੇ ਦਿਨ ਅਚਾਨਕ ਕੇਰਲਾ ਦੀ ਮੇਘਾ ਅਰੀਅਮ ਮੈਥਿਓ ਨੇ ਕਿਹਾ ਕਿ 2 ਵਜੇ ਹਸਪਤਾਲ ਲਈ ਤਿਆਰ ਹੋ ਜਾਵੀਂ।ਮੈਂ ਠੀਕ 2 ਵਜੇ ਲਾਬੀ ਵਿੱਚ ਪਹੁੰਚੀ।ਮੈਡਮ ਤੋਂ ਪਤਾ ਚੱਲਿਆ ਕਿ ਮੇਰੇ ਪਾਪਾ ਅੱਜ ਤੁਰ ਰਹੇ ਹਨ।ਪੰਜਾਬ ਤੋਂ ਮੈਨੂੰ ਲੈਣ ਲਈ।ਗੱਡੀ ਆ ਗਈ ਮੈਂ ਮੇਘਾ ਤੇ ਨਾਲ ਪ੍ਰਤਿਬਾ ਮੈਡਮ ਤੇ ਫੀਜੀਓ ਵਾਲੇ ਮੈਡਮ ਚੱਲ਼ ਪਏ।ਹਸਪਤਾਲ ਪਹੁੰਚ ਕੇ ਪ੍ਰਤਿਬਾ ਮੈਡਮ ਕਿਸੇ ਮਰੀਜ਼ ਨੂੰ ਦੇਖ ਕੇ ਰੋਣ ਲੱਗੀ।ਜਿਵੇ ਅਸੀਂ ਮੇਘਾ ਦੀ MRI ਕਰਾਉਣ ਲਈ ਅੰਦਰ ਜਾ ਰਹੇ ਸੀ।ਮੈਡਮ ਨੇ ਹੋਰ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ।ਫਿਰ ਅਚਾਨਕ ਮੈਡਮ ਚੱਕਰ ਖਾ ਕੇ ਡਿੱਗ ਗਈ। ਮੇਘਾ ਨੂੰ ਸੰਭਾਲਿਆ।ਕੁਰਸੀ ਤੇ ਬਿਠਾਇਆ।ਫਿਰ ਬਾਅਦ ਵਿੱਚ ਮੈਡਮ ਬਿਨ੍ਹਾਂ ਕਿਸੇ ਦੀ ਸੁਣੇ ਜ਼ਿਦ ਕਰਨ ਲੱਗੇ ਕਿ ਉਹਨਾਂ ਨੇ ਬਾਹਰ ਜਾਣਾ ਹੈ।ਬਾਹਰ ਲਿਜਾਣ ਹੀ ਲੱਗੇ ਸਾਂ ਕਿ ਉਹ ਫਿਰ ਚੱਕਰ ਖਾ ਕੇ ਡਿੱਗ ਪਏ।ਫਿਰ ਮੈਡਮ ਉੱਠਦੇ ਤੇ ਅੱਗੇ ਚੱਲ ਪੈਂਦੇ।ਮੇਰੇ ਨਾਲ ਉਸ ਸਮੇਂ ਕੋਈ ਨਹੀ ਸੀ।ਮੈਡਮ ਫਿਰ ਡਿੱਗ ਪਏ ਤੇ ਬੇਹੋਸ ਹੋ ਗਏ।ਮੈਨੂੰ ਕੁਝ ਨਹੀ ਸੁੱਝ ਰਿਹਾ ਸੀ।ਮੇਰੀ ਮਦਦ ਰਾਹ ਜਾਂਦੇ ਮੁੰਡੇ ਨੇ ਕੀਤੀ।ਉਸਨੇ ਮੈਡਮ ਨੂੰ ਕੁਰਸੀ ਤੇ ਬਿਠਾ ਦਿੱਤਾ।ਕਾਫੀ ਸਮਾ ਏਦਾ ਹੀ ਚਲਦਾ ਰਿਹਾ।ਇੰਨੇ ਵਿੱਚ ਫੀਜੀਓ ਵਾਲੇ ਮੈਡਮ ਨਾਲ ਮੈਨੂੰ ਚੈਕਅੱਪ ਕਰਵਾਉਣ ਲਈ ਜਾਣਾ ਪਿਆ।ਪਰ ਡਾਕਟਰ ਉਦੋਂ ਤੱਕ ਚਲਾ ਗਿਆ ਸੀ।ਵਾਪਸ ਪਰਤੇ ਤਾਂ ਮੈਡਮ ਰੋ ਰਹੇ ਸੀ।ਉਹਨਾਂ ਨੇ ਰੋਣਾ ਬੰਦ ਨਾ ਕੀਤਾ।ਫਿਰ ਮੈਡਮ ਦੇ ਬੋਲ ਤੋਂ ਪਤਾ ਚਲਦਾ ਕਿ ਉਹਨਾਂ ਨੂੰ ਆਪਣੇ ਪਿਤਾ ਦੀ ਯਾਦ ਆ ਰਹੀ ਹੈ।ਜੋ ਕੁਝ ਦਿਨ ਪਹਿਲਾਂ ਹੀ ਗੁਜਰ ਗਏ ਸਨ।ਮੈਡਮ ਮੇਰੇ ਗਲੇ ਲੱਗ ਕੇ ਬਹੁਤ ਰੋਏ।ਮੇਰਾ ਵੀ ਗਲ ਭਰ ਆਇਆ ਪਰ ਮੈਂ ਕੰਟਰੋਲ ਕੀਤਾ।ਕਿਉਂਕਿ ਮੇਰੇ ਤੋਂ ਸਵਾਏ ਉੱਥੇ ਮੈਡਮ ਨੂੰ ਸੰਭਾਲਣ ਲਈ ਕੋਈ ਨਹੀ ਸੀ।ਫੀਜ ਿਓ ਵਾਲੇ ਮੈਡਮ ਨੇ ਫੋਨ ਲਗਾ ਕੇ ਨੀਤਿਨ ਸਰ ਤੇ ਭਾਰਤੀ ਮੈਡਮ ਨੂੰ ਬੁਲਾ ਲਿਆ।ਤਦ ਤੱਕ ਅਸੀਂ ਪ੍ਰਤਿਭਾ ਮੈਡਮ ਨੂੰ ਬਾਹਰ ਲੈ ਕੇ ਜਾ ਹੀ ਰਹੇ ਸੀ ਕਿ ਮੈਡਮ ਦੁਬਾਰਾ ਫਿਰ ਬੇਹੋਸ਼ ਹੋ ਗਈ।ਵੀਲ ਚੇਅਰ ਤੇ ਮੈਡਮ ਨੂੰ ਦੁਬਾਰਾ ਫਿਰ ਬਿਠਾ ਲਿਆ ਗਿਆ।ਵੀਲ ਚੇਅਰ ਤੇ ਮੈਡਮ ਨੂੰ ਅੰਦਰ ਲਿਜਾਇਆ।ਮੈਡਮ ਨੂੰ ਹੋਸ਼ ਆਇਆ ਤੇ ਉਹ ਬੋਲਣ ਲੱਗੇ "ਹਮ ਤੋਂ ਬਾਹਰ ਜਾ ਰਹੇ ਥੇ ਤੋਂ ਅੰਦਰ ਕੈਸੇ ਆ ਗਏ।ਮੁਝੇ ਬਾਹਰ ਜਾਣਾ ਹੈ" ਮੈਡਮ ਬਿਨ੍ਹਾ ਚੱਪਲ ਪਾਏ ਹੀ ਬਾਹਰ ਆ ਗਏ।ਮੈਨੂੰ ਸਮਝ ਨਹੀ ਸੀ ਆ ਰਿਹਾ ਸੀ ਕਿ ਮੈਂ ਉੱਚੀ-ਉੱਚੀ ਰੋਵਾਂ ਕਿ ਮੈਡਮ ਨੂੰ ਸੰਭਾਲਾਂ ਕੁਝ ਸਮਝ ਨਹੀਂ ਆ ਰਿਹਾ ਸੀ।ਬਾਹਰ ਆ ਕੇ ਮੈਡਮ ਬੈਠ ਗਏ।ਫਿਰ ਉਹੀ ਸਵਾਲ "ਹਮ ਅੰਦਰ ਕੈਸੇ ਚਲੇ ਗਏ" ਫਿਰ ਮੈਂ ਦੱਸਿਆ ਕਿ "ਮੈਡਮ ਆਪ ਬੇਹੋਸ਼ ਹੋ ਗਈ ਥੀ, ਇਸ ਲੀਏ ਆਪਕੋ ਅੰਦਰ ਲਿਜਾਇਆ ਗਿਆ" ਕਾਫੀ ਸਮੇਂ ਬਾਅਦ ਨੀਤਿਨ ਸਰ ਤੇ ਭਾਰਤੀ ਮੈਡਮ ਆ ਗਏ ਤੇ ਪ੍ਰਤਿਭਾ ਮੈਡਮ ਨੂੰ ਲੈ ਗਏ।ਅਸੀ ਫਿਰ ਅੰਦਰ ਆਏ ਤੇ ਮੇਘਾ ਦਾ MRI ਲਈ ਬੈਠ ਗਏ।ਮੇਘਾ ਦਾ MRI ਸ਼ੁਰੂ ਹੋ ਗਿਆ।ਫਿਰ ਮੈਡਮ ਤੇ ਮੈਂ ਕੰਟੀਨ ਜਾ ਕੇ ਸਮੋਸੇ ਲੈ ਕੇ ਆਏ ਤੇ ਖਾਣ ਲੱਗੇ।ਜਦ MRI ਖਤਮ ਹੋਈ ਤਾਂ SAI CENTRE ਵਾਪਸ ਆ ਗਏ।ਬਾਕਸਿੰਗ ਹਾਲ ਵਿੱਚ ਪਹੁੰਚਣ ਲਈ ਭੱਟ ਸਰ ਨੇ ਪੰਜਾਬੀ ਵਿੱਚ ਪੁੱਛਿਆ "ਕਿਵੇ ਅਰਨ ਪੁੱਤਰ ਮੈਂ ਕਿਹਾ ਹਾਂ ਜੀ ਸਰ ਪਰ ਮੇਰਾ ਸਿਰ ਤੇ ਅੱਖਾਂ ਫਟ ਰਹੀਆ ਹਨ " ਫਿਰ ਰਿੰਗ ਤੇ ਜਾ ਕੇ ਬੈਠ ਗਈ। ਅਭਿਸ਼ੇਕ ਸਰ ਪੁੱਛਣ ਲੱਗੇ ਕਿਆ ਬੋਲਾ ਡਾਕਟਰ ਨੇ "ਮੈਂ ਬੋਲੀ ਕਿ" ਡਾਕਟਰ ਤੋਂ ਹੈ ਹੀ ਨਹੀ ਥਾ ਵਹਾ ਪਰ ਤਾਂ ਕਹਿੰਦੇ ਓ ਕੇ ਕੋਈ ਬਾਤ ਨਹੀ।ਪਰ ਅੱਜ ਫੀਜੀਓ ਵਾਲੀ ਮੈਡਮ ਤੋਂ ਪਤਾ ਚੱਲਾ ਕਿ ਅੱਜ ਅੱਖ ਦਾ ਆਪਰੇਸ਼ਨ ਹੋਵੇਗਾ। ਮੇਰੇ ਦਿਮਾਗ ਵਿੱਚ ਚੱਲ ਰਿਹਾ ਸੀ ਕਿ ਮੈਂ ਅਪਰੇਸ਼ਨ ਪੰਜਾਬ ਜਾ ਕੇ ਹੀ ਕਰਵਾਵਾਂ ਕਮਰੇ ਵਿੱਚ ਆ ਕੇ ਮੈਂ ਸਿਰ ਨਾਤੀ ਤੇ ਆਰਾਮ ਕਰਨ ਲੱਗੀ।ਪਰ ਸਿਰ ਫਿਰ ਵੀ ਫਟ ਰਿਹਾ ਸੀ।ਅਗਲੇ ਦਿਨ ਸਵੇਰੇ ਸਭ 6:30 ਵਜੇ ਯੋਗਾ ਲਈ ਜਾ ਰਹੇ ਸੀ।ਪਰ ਮੈਂ ਸੌਂ ਰਹੀ ਸੀ।ਅੱਖ ਤੇ ਸੱਟ ਲੱਗੀ ਹੋਣ ਕਰਕੇ ਕੋਈ ਮੈਨੂੰ ਮਜਬੂਰ ਨਹੀ ਸੀ ਕਰਦਾ ਜਾਣ ਲਈ ਇਸ ਸਮੇਂ ਮੈਂ ਕਮਰੇ ਵਿਚ ਇਕੱਲੀ ਹੀ ਸੀ।ਦਿਮਾਗ ਵਿੱਚ ਪਾਪਾ ਦੇ ਆਉਣ ਦੀ ਖੁਸ਼ੀ ਪਰ ਕੈਂਪ ਛੱਡਣ ਤੇ ਸੱਟ ਲੱਗਣ ਦਾ ਕਾਰਨ ਹਾਰਨ ਦਾ ਦੁਖ ਵੀ ਸੀ।ਜਿਹੜੀ ਪ੍ਰਾਪਤੀ ਲਈ ਨੈਸ਼ਨਲ ਟੌਪਰ ਬਣਨ ਲਈ ਕੈਂਪ ਤੇ ਆਈ ਸੀ।ਸਾਰੇ ਸਾਥੀ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੇ।ਜਦੋਂ ਉਪਰ ਪਰਵੀਨ, ਕਮਲ, ਅਵਨੀਤ, ਬਬੀਤਾ ਦੇ ਰੂਮ ਵਿੱਚ ਜਾ ਕੇ ਉਹਨਾਂ ਦੀਆਂ ਫਰੂਟੀਆਂ ਪੀ ਜਾਣੀਆਂ, ਚਾਕਲੇਟਾਂ ਖਾ ਜਾਣੀਆਂ ਸਾਰੇ ਕਮਰੇ ਵਿੱਚ ਖਿਲਾਰਾ ਪਾ ਦੇਣਾ।ਕਿਸੇ ਦਾ ਦਰਵਾਜ਼ਾ ਖੜਕਾ ਕੇ ਭੱਜ ਜਾਣਾ।ਫਿਰ ਜਦੋਂ ਟਾਈਮ ਦੇਖਣਾ ਤਾਂ ਕਮਰੇ ਨੂੰ ਭੱਜ ਲੈਂਦੇ ਕਿ ਕਿਤੇ ਮੈਡਮ ਫਾਈਨ ਹੀ ਨਾ ਪਾ ਦੇਵੇ।ਪਰ ਕਦੇ ਅਸੀ 12:00 ਵਜੇ ਤੋਂ ਪਹਿਲਾ ਨਹੀ ਸੀ ਸੌਂਦੇ ਫਿਰ ਜਦੋਂ ਅਸੀ ਆਈਸ ਬਾਥ ਲਈ ਜਾਂਦੇ ਤਾਂ ਬਾਥ ਕਰਦੇ ਸਮੇਂ ਹੱਥ ਪੈਰ ਸੁੰਨ ਹੋ ਜਾਂਦੇ ਅਤੇ ਹੱਸਦੇ ਹੱਸਦੇ 15 ਮਿੰਟ ਤੱਕ ਆਈਸ ਬਾਥ ਕਰਨਾ।ਆਈਸ ਬਾਥ ਕਰਦੇ ਸਮੇ ਡਿਸਕਵਰੀ ਚੈਨਲ ਵਾਲਾ ਬੀਅਰ ਗਰੁੱਪ ਯਾਦ ਆ ਜਾਂਦਾ ਕਿ ਕਿਵੇਂ ਉਹ ਬਰਫ ਵਿੱਚ ਨਹਾਉਦਾ ਹੈ।ਫਿਰ ਜਦ ਲੱਕੜ ਦੇ ਕਮਰੇ ਵਿੱਚ ਹੀਟਰ ਉਪਰ ਕਾਲੇ ਪੱਥਰ ਪਏ ਸਨ।ਜਿੱਥੇ ਸੋਨਾ ਬਾਥ ਹੁੰਦੀ ਤਾਂ ਨੱਕ ਦਾ ਤਾ ਪਕੌੜਾ ਬਣ ਜਾਦਾ।ਹੋਰ ਕਿਸੇ ਭਾਗ ਨੂੰ ਇੰਨੀ ਗਰਮੀ ਨਹੀ ਲੱਗਦੀ ਜਿੰਨੀ ਨੱਕ ਨੂੰ।ਪੂਰਾ ਸਰੀਰ ਲਾਲ ਹੋ ਜਾਦਾ ।ਇੱਕ ਹੋਰ ਛੋਟਾ ਜਿਹਾ ਲੱਕੜ ਦਾ ਕਮਰਾ ਤੇ ਵਿੱਚ ਪੱਥਰਾ ਨੂੰ ਗਰਮ ਕਰਕੇ ਰੱਖਿਆ ਹੋਇਆ ਸੀ।ਮੈਂ ਮਨਦੀਪ, ਰੁਪਿੰਦਰ, ਹਰਪ੍ਰੀਤ, ਬਬੀਤਾ ਤੇ ਕਮਲ ਨੂੰ 110 ਸੈਲਸੀਅਸ ਤੇ ਸੋਨਾ ਬਾਥ ਕੀਤਾ।ਜਦੋਂ ਮਨੀਪੁਰ ਦੀ ਰੋਜੀਤਾ, ਸਿਆਲੀ (ਵਨਲਾਲ) ਮਿਜ਼ੋਰਮ ਦੀ ਸਿਕਮ ਦੀ ਲਾਮਬੂ ਇੰਨਾ ਦੀ ਭਾਸ਼ਾ ਕਿਸੇ ਨੂੰ ਸਮਝ ਨਾ ਆਉਂਦੀ।ਕਦੇ-ਕਦੇ ਲੱਗਦਾ ਕਿ ਉਹ ਗਾਲਾਂ ਦੇ ਰਹੀ ਹੋਵੇ।ਸਾਡਾ ਕਮਰਾ ਤੀਸਰੀ ਵਾਰ ਬਦਲ ਦਿੱਤਾ ਗਿਆ।ਹੁਣ ਮੈਂ ਮਨਦੀਪ, ਪਰਵੀਨ, ਹਰਿਆਣਾ ਦੀ ਰੇਨੂੰ ਤੇ ਸੋਨੀਆ ਸੀ।ਮਨ ਇੱਥੋਂ ਜਾਣ ਲਈ ਨਹੀ ਸੀ ਕਰਦਾ।ਵਾਰ-ਵਾਰ ਮਨ ਕਰਦਾ ਕਿ ਕਾਸ਼ ਅੱਖ ਬਦਲ ਦਿੱਤੀ ਜਾਵੇ ਜਿਵੇ ਖਰਾਬ ਹੋਏ ਸੈਲ ਬਦਲ ਦਿੱਤੇ ਜਾਦੇ ਹਨ।ਦਿਲ ਖੁਸ਼ ਵੀ ਸੀ ਕਿ ਠੀਕ ਹੋ ਕੇ ਆਵਾਂ ਤੇ ਨੈਸ਼ਨਲ ਤੇ ਏਸ਼ੀਅਨ ਚੈਂਪੀਅਨ ਬਣਾਂ।ਪਰ ਉਦਾਸ ਵੀ ਸੀ।ਮਹਾਰਾਸ਼ਟਰ ਦੀ ਵੈਨੀਸ਼ਾ, ਸਿਆਨ ਨਾਲ ਇੰਝ ਲੱਗਦਾ ਜਿਵੇ ਪੰਜਾਬ ਤੋਂ ਹੀ ਆਈਆ ਹੋਣ।ਦਿੱਲੀ ਦੀ ਰੀਆ, ਮੁਸਕਾਨ, ਤਾਨੀਆ ਨਾਲ ਗੂੜਾ ਰਿਸ਼ਤਾ ਜਿਹਾ ਪੈ ਗਿ ਆ ਸੀ।ਡਾਕਟਰ ਨੇ ਭਾਵੇ ਲਿਖਣਾ ਪੜ੍ਹਨਾ ਮਨ੍ਹਾਂ ਕੀਤਾ ਸੀ।ਪਰ ਮੈਨੂੰ ਜਲਦੀ ਸੀ ਕਿ ਮੈਂ ਸਾਰੀਆ ਗੱਲਾਂ ਲਿਖਾ ਕਿਤੇ ਭੁੱਲ਼ ਨਾ ਜਾਵਾ।ਅਚਾਨਕ ਯਾਦ ਆਇਆ ਕਿ ਬਲਵੰਤ ਸਰ ਨੇ ਕਿਹਾ ਸੀ ਕਿ 'ਜ਼ਿੰਦਗੀ ਪਹਿਲੇ ਨੰਬਰ ਤੇ ਹੈ।ਫਿਰ ਬਾਕਸਿੰਗ ਗੇਮ ਆ।ਤੂੰ ਆਪਣੀ ਅੱਖ ਦਾ ਧਿਆਨ ਰੱਖੀਂ' ਪਰਵੀਨ ਦੀ ਹਰ ਗੱਲ ਤੇ ਹੱਦ ਆ, ਹੱਦ ਆ ਯਾਰ, ਹੱਦ ਆ ਭਈਏ ਕਹਿਣਾ, ਮੈਨੂੰ ਵਾਰ ਵਾਰ ਯਾਦ ਆ ਰਿਹਾ ਸੀ।ਪੰਜਾਬ ਦੀਆਂ ਕੁੜੀਆਂ ਨੇ ਹਰ ਕਿਤੇ ਮੇਰਾ ਨਾ ਭਈਏ ਰੱਖ ਦਿੱਤਾ।ਪਰ ਉਹ ਵੀ ਕੋਚ ਵੀ ਤੇ ਮੇਰਾ ਸਕੂਲ ਅਧਿਆਪਕ ਤਾਂ ਇਹ ਟੀਚਾ ਰੱਖ ਰਿਹਾ ਸੀ ਕਿ ਅਰਨਪ੍ਰੀਤ ਇੰਟਰਨੈਸ਼ਨਲ ਚੈਂਪੀਅਨ ਬਣੇ ਜਿੰਨਾਂ ਲਈ ਡੀ.ਐਸ.ਪੀ ਜਾਂ ਐਸ.ਪੀ ਦੀ ਵਰਦੀ ਇੰਤਜ਼ਾਰ ਕਰ ਰਹੀ ਹੈ।ਇਹ ਚੜ੍ਹਦਾ ਸੂਰਜ ਤੇ ਦਿਸਦੀਆਂ ਕਿਰਨਾਂ ਹੋਰਨਾਂ ਕੁੜੀਆਂ ਜੋ ਝਿਜਕਦੇ ਹਨੇਰੇ ਵਿੱਚ ਭਟਕ ਰਹੀਆ ਂ ਹਨ।ਉਹਨਾਂ ਲਈ ਅਰੁਨਪ੍ਰੀਤ ਕੌਰ ਦੇ ਸੰਘਰਸ਼ ਦੀਆਂ ਕਿਰਨਾਂ ਹਨ।ਜੋ ਲੜਕੀਆਂ ਲਈ ਮਾਰਗ ਦਰਸ਼ਕ ਬਣਨ।

# ਕੈਲਗਰੀ ਵਿੱਚ ਵਿਸ਼ਾਲ ਰੈਲੀ 'ਚ ਔਰਤਾਂ ਨੂੰ ਇੱਕਜੁੱਟ ਹੋਣ ਦਾ ਸੱਦਾ







ਕੈਲਗਰੀ : ਦੁਨੀਆਂ ਭਰ ਦੀਆਂ ਔਰਤਾਂ ਵਲੋਂ ਅਪਾਣੇ ਹੱਕਾਂ ਲਈ ਪੂਰੇ ਵਿਸ਼ਵ ਭਰ ਵਿੱਚ ਮੁਜ਼ਾਹਰੇ ਕੀਤੇ ਗਏ ਤੇ ਇਸੇ ਲੜੀ ਦੇ ਤਹਿਤ ਕੈਲਗਰੀ ਦੇ ਡਾਊਨ ਟਾਊਨ ਵਿੱਚ ਵੀ ਇੱਕ ਵਿਸ਼ਾਲ ਰੈਲੀ ਕੀਤੀ ਗਈ। ਇੱਥੇ ਇਹ ਦੱਸਣਯੋਗ ਹੈ ਕਿ ਪਿਛਲੇ ਸਾਲ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਇੱਕ ਵੀਡੀਓ ਜਨਤਕ ਹੋ ਗਈ ਸੀ ਜਿਸ ਵਿੱਚ ਉਹਨਾਂ ਨੂੰ ਔਰਤਾਂ ਵਿਰੁੱਧ ਭੈੜੀ ਸ਼ਬਦਾਵਾਲੀ ਵਰਤਦੇ ਦਰਸਾਇਆ ਗਿਆ ਸੀ। ਇਸ ਟਿੱਪਣੀ ਵਿਰੁੱਧ ਪਿਛਲੇ ਸਾਲ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਰੁੱਧ ਅਜਿਹੀਆਂ ਰੈਲੀਆਂ ਪੂਰੇ ਉੱਤਰੀ ਅਮਰੀਕਾ ਵਿੱਚ ਕੀਤੀਆਂ ਗਈਆਂ ਸਨ। ਇਹਨਾਂ ਰੈਲੀਆਂ ਵਿੱਚ ਔਰਤਾਂ ਦੀ ਅਜ਼ਾਦੀ, ਉਹਨਾਂ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਦੇਣ ਅਤੇ ਉਚ ਅਹੁਦਿਆਂ ਤੇ ਕੰਮ ਕਰਨ ਦੀ ਖੁੱਲ੍ਹ ਦੇਣ ਦੀ ਮੰਗ ਕੀਤੀ ਗਈ ਸੀ। ਇਹਨਾਂ ਰੈਲੀਆਂ ਦੀ ਵਰ੍ਹੇਗੰਢ ਦੇ ਰੂਪ ਵਜੋਂ ਇਸ ਸਾਲ ਵੀ ਪੂਰੇ ਵਿਸ਼ਵ ਭਰ ਵਿੱਚ ਇਹਨਾਂ ਰੈਲੀਆਂ ਦਾ ਆਯੋਜਨ ਕੀਤਾ ਗਿਆ।

ਸਰਦੀ ਦੇ ਮੌਸਮ ਦੇ ਬਾਵਜੂਦ ਕੈਲਗਰੀ ਦੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਲੋਕ ਪੁੱਜੇ। ਇਸ ਰੈਲੀ ਦੀ ਖਾਸੀਅਤ ਇਹ ਵੀ ਰਹੀ ਕਿ ਕੈਨੇਡਾ ਦੀਆਂ ਮੂਲ ਨਿਵਾਸੀ ਔਰਤਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਭਾਈਚਾਰੇ ਦੀਆਂ ਔਰਤਾਂ ਦਾ ਵੱਡੀ ਗਿਣਤੀ ਵਿੱਚ ਗਾਇਬ ਹੋ ਜਾਣਾ ਕੈਨੇਡਾ ਵਿੱਚ ਇੱਕ ਵੱਡਾ ਮੁਦਾ ਬਣਿਆ ਹੋਇਆ ਹੈ ।ਕੈਲਗਰੀ ਦੀ ਗਿਣਤੀ ਵਿੱਚ ਕੈਨੇਡਾ ਦੀਆਂ ਮੂਲ ਨਿਵਾਸੀ ਔਰਤਾਂ ਨੇ ਭਾਸ਼ਣਾਂ ਅਤੇ ਗੀਤਾਂ ਰਾਹੀਂ ਲੋਕਾਂ ਨੂੰ ਔਰਤਾਂ ਦੇ ਹੱਕਾਂ ਲਈ ਡੱਟਣ ਦਾ ਹੋਕਾ ਦਿੱਤਾ। ਰੈਲੀ ਵਿੱਚ ਸ਼ਾਮਲ ਲੋਕਾਂ ਨੇ ਨਾਅਰੇ ਲਿਖ ਤਖ਼ਤੀਆਂ ਹੱਥ ਵਿੱਚ ਚੁੱਕੀਆਂ ਹੋਈਆਂ ਸਨ ਜਿਹਨਾਂ ਵਿੱਚ ਔਰਤਾਂ ਨੂੰ ਆਪਣੇ ਹੱਕਾਂ ਲਈ ਇੱਕਜੁੱਟ ਹੋਣ ਲਈ ਕਿਹਾ ਗਿਆ ਸੀ।

## ਤਸਵੀਰਾਂ ਬੋਲਦੀਆਂ

### (ਕਿਸ਼ਤ-ਦੂਜੀ)

ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ। ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ। ਸਤਰਾਂ 20 ਫਰਵਰੀ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ। ਪਾਠਕਾਂ ਦੀ ਸਹੂਲਤ ਲਈ ਇਸ ਤਸਵੀਰ ਲਈ ਕੁਝ ਸਤਰਾਂ ਲਿਖ ਰਹੇ ਹਾਂ।



**ਸਰਕਾਰੀ ਤੰਤਰ ਨੂੰ ਚਿੰਬੜੀਆਂ, ਇਹਨਾਂ ਜੋਕਾਂ ਦਾ ਪੁਤਲਾ ਜਲਾਵਾਂਗੇ।**
**ਇਸ ਲਹਿਰ ਨੂੰ ਪਰਚੰਡ ਬਣਾ ਕੇ, ਸੁੱਤੀ ਸਰਕਾਰ ਨੂੰ ਜਗਾਵਾਂਗੇ।**

(ਫੋਟੋ : ਸਤਵਿੰਦਰ ਬਸਰਾ ਲੁਧਿਆਣਾ)

### ਕੈਪਸ਼ਨ ਮੁਕਾਬਲਾ-1



ਕਿਸੇ ਲਈ ਮਾਂ, ਕਿਸੇ ਲਈ ਗਾਂ।
ਮੇਰੇ ਲਈ ਤੂੰ ਮਿੱਠੜੀ ਛਾਂ।
ਤੇਰੀ ਹਿੱਕ ਤੇ ਸਿਰ ਧਰ ਕੇ ਸੌਂ ਜਾਂ।
ਇੱਕ ਪਲ ਵੀ ਹੋਵਾਂ ਨਾ ਪਰਾਂ।
**-ਗੁਰਿੰਦਰਜੀਤ ਗੋਰਾਇਆ (ਟੋਰਾਂਟੋ)**

ਜਾਨ ਦੁੱਖਾਂ ਨੇ ਘੇਰੀ ਏ ਬੱਚੀਏ।
ਕੀ ਕਰਾਂ ਨੀਂ ਮੇਰੀਏ ਬੱਚੀਏ।
ਮੇਰੀ ਰੱਤ ਨਿਚੋੜਨ ਵਾਲੇ।
ਬੱਚੀਏ ਹੁਣ ਨਹੀਂ ਲੱਭਦੇ ਭਾਲ਼ੇ।
ਪਾਸੇ ਹੋ ਗਏ ਮਤਲਬ ਕੱਢ ਕੇ।
ਰਾਹੇ ਪੈ ਗਏ ਰੱਸੇ ਛੱਡ ਕੇ।
ਇਹਨਾਂ ਦਾ ਹੁਣ ਕੀ ਭਰੋਸਾ।
ਕਤਲ ਵੀ ਕਰ ਦੇਣ ਇਹ ਬੇਦੋਸ਼ਾ।
ਰੱਬਾ! ਜਾਂ ਹੁੰਦੀਆਂ ਨਾ ਕੁੱਖਾਂ।
ਜਾਂ ਫਿਰ ਹੁੰਦੀਆਂ ਨਾ ਇਹ ਭੁੱਖਾਂ।
ਢਿੱਡ ਨਾ ਲਾਉਂਦਾ ਰੱਬਾ! ਜਾਂ ਤੂੰ।
ਦੇਹ ਚਾਰੇ ਦਾ ਥੱਬਾ ਜਾਂ ਤੂੰ।
**-ਹਰਜੀਤ ਸਿੰਘ ਰਤਨ ਜੋਧਾਂ (ਲੁਧਿਆਣਾ)**

ਤੇਰੀ ਗੋਦੀ ਵਿੱਚ ਸਿਰ ਰੱਖ ਮਾਂ,
ਮੈਨੂੰ ਚੈਨ ਆ ਜਾਵੇ।
ਪਰ ਇਸ ਦੇਸ਼ ਦਾ ਹਾਲ ਦੇਖ ਕੇ,
ਮੇਰੀ ਰੂਹ ਕੰਬ ਜਾਵੇ।
ਦੇਸ਼ ਦੀ ਪੀੜ੍ਹੀ ਨਸ਼ਿਆਂ ਦੇ
ਵਿੱਚ ਗਰਕੀ ਜਾਵੇ।
ਕਿਤੇ ਲੁੱਟਾਂ ਖੋਹਾਂ,
ਕੋਈ ਇੱਜ਼ਤਾਂ ਨੂੰ ਹੱਥ ਪਾਵੇ।
ਮਾਂ ਇਹ ਕੈਸਾ ਦੇਸ਼ ਹੈ ਮੇਰਾ,
ਜੋ ਗਊ ਨੂੰ ਮਾਤਾ ਤੇ ਧੀ ਨੂੰ
ਪੁਰਜ਼ਾ ਆਖ ਬੁਲਾਵੇ।
ਤਕੜਾ ਗਰੀਬ ਨੂੰ ਸਦਾ ਹੀ ਲੁੱਟਣਾ ਚਾਹੁੰਦਾ,
ਫਿਰ ਵੀ ਹਾਕਮ ਆਖਣ
ਦੇਸ਼ ਤਰੱਕੀ ਦੇ ਰਾਹ ਤੇ ਜਾਵੇ।
**-ਰੁਪਿੰਦਰਪਾਲ ਪੰਧੇਰ (ਕੈਲਗਰੀ)**

ਨਹੀਂ ਪ੍ਰਵਾਹ ਕਿਸੇ ਕੜੇ ਕਾਨੂੰਨ ਦੀ!
ਲਗਾ ਰਹੇ 'ਨੋ ਪਾਰਕੇਡ' ਦਾ ਬੋਰਡ
ਆਪਾਂ ਤਾਂ ਗੱਡੀ ਇੱਥੇ ਖੜੌਣੀ ਆ!
ਜੇ ਬੰਦੇ ਪ੍ਰਵਾਹ ਨਹੀਂ ਕਰਦੇ ਤੇ ਮੈਂ ਕਿਉਂ ਕਰਾਂ?
ਮੇਰੇ ਟੱਬਰ ਨੂੰ ਵੀ ਤਾਂ ਰੈਣ ਬਸੇਰਾ ਚਾਹੀਦਾ
**-ਗੁਰਚਰਨ ਕੌਰ ਥਿੰਦ (ਕੈਲਗਰੀ)**

ਸੜਕ ਕਿਨਾਰੇ ਮਮਤਾ ਰੋਵੇ ਵਿੱਚ ਖੁਲ੍ਹੇ ਅਸਮਾਨੇ,
ਗੰਦ 'ਚ ਬਹਿ ਕੇ ਗਰਮੀ ਸਰਦੀ ਪਿੰਡੇ ਤੇ ਹੰਢਾਉਂਦੇ ਨੇ।
ਕੋਈ ਨਾ ਬਹੁੜੇ ਦਰਦੀ ਮੇਰਾ ਸਭ ਉਲੂ ਸਿੱਧਾ ਕਰਦੇ ਨੇ,
ਸ਼ਰਮ ਕਰੋ ਓਏ ਗਊ ਭਗਤੋ ਜੋ ਸੱਚੀਓਂ ਮਾਰ ਮੁਕਾਉਂਦੇ ਨੇ।
**-ਮਾਸਟਰ ਭਜਨ (ਕੈਲਗਰੀ)**

ਮਮਤਾ ਦਾ ਆਂਚਲ ਸਭ ਤੋਂ ਨਿੱਘਾ,
ਇਸ ਦੇ ਵਿੱਚ ਸੁੱਖ ਸਾਰੇ।
ਬਾਕੀ ਸਭ ਰਿਸ਼ਤੇ ਮਿਲਾਵਟ ਵਾਲ਼ੇ,
ਪਰ ਇਸ ਰਿਸ਼ਤੇ ਵਿੱਚ ਸੁੱਖ ਸਾਰੇ।
ਬਿਨਾਂ ਲੋਭ ਤੋਂ ਕੋਈ ਨਾ ਪੂਜੇ,
ਲੋੜ ਪੈਣ ਤੇ ਪੂਜਣ ਸਾਰੇ,
ਹਰ ਕੋਈ ਚਾਹਵੇ ਦੁੱਖ ਮਿਟਾਉਣਾ,
ਮੇਰੇ ਦੁੱਖ ਇਸ ਨੂੰ ਲੱਗ ਜਾਣ ਸਾਰੇ।
ਲੋੜ ਹੈ ਇਨਸਾਨੀਅਤ ਨੂੰ ਜਗਾਉਣ ਦੀ
ਕਿਉਂਕਿ ਇਹ ਵੀ ਨੇ ਕੁਦਰਤ ਦੇ ਪਿਆਰੇ।
**-ਕਮਲਜੀਤ ਗਿੱਲ (ਕੈਲਗਰੀ)**

ਚੱਲ ਉੱਠ ਮੇਰੀਏ ਅੰਮੀਏ,
ਲੱਭੀਏ ਸਹੀ ਟਿਕਾਣਾ।
ਨਹੀਂ ਤਾਂ ਤੇਰੇ ਭਗਤਾਂ ਨੇ,
ਤੈਨੂੰ ਇੱਥੇ ਹੀ ਮਾਰ ਮੁਕਾਣਾ।
**-ਗੁਰਿੰਦਰ ਸੇਖੋਂ (ਸਰੀ-ਵੈਨਕੂਵਰ)**

Commitment to Excellent Services
Punjab Insurance Inc
Pii Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142



To Sell and Buy Real Estate is a
Big Decision to Make
It is important to have
Knowledgeable Experienced Professional
Real Estate Associate on your side call
Call Dan Sidhu
Real Estate Broker
With 20 Years Experinced
e-mail: dansidhu@gmail.com 403-560-6300



Pii Punjab Insurance Inc.
Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans
Hardeep Atwal
Insurance Advisor
416-209-6363
e-mail: weprotecturfamily@gmail.com




HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com

# ਉਟਾਰੀਓ ਪ੍ਰੋਸਿੰਗ 'ਚ ਵਰਕਰਾਂ ਦੀ ਮਿਨੀਮਮ ਵੇਜ ਵਧਣ 'ਤੇ ਏਨੀ ਹਾਲ ਦੁਹਾਈ ਕਿਉਂ ?

**ਨਾਹਰ ਸਿੰਘ ਔਜਲਾ**

ਪਿਛਲੇ ਕਈ ਸਾਲਾਂ ਤੋਂ ਕਈ ਵਰਕਰ ਪੱਖੀ ਯੂਨੀਅਨਾਂ ਅਤੇ ਨਾਨ ਯੂਨੀਅਨ ਗਰੁੱਪਾਂ ਵਲੋਂ ਮਿਨੀਮਮ ਵੇਜ ਵਧਾਉਣ ਲਈ ਇਕ ਕੰਮਪੈਨ ਦੀ ਸ਼ੁਰੂਆਤ ਕੀਤੀ ਹੋਈ ਸੀ ਇਹ ਲਹਿਰ ਚੱਲੀ ਵੀ ਅਮਰੀਕਾ ਦੇ ਵੱਖੋ ਵੱਖਰੇ ਸ਼ਹਿਰਾਂ ਤੋਂ ਸੀ। ਪਿਛਲੇ ਦੋ ਕੁ ਸਾਲਾਂ ਤੋਂ ਉਨਾਰੀਓਂ ਸਮੇਤ ਕੈਨੇਡਾ ਦੇ ਹੋਰ ਕਈ ਪ੍ਰੋਸਿੰਗਾਂ 'ਚ ਇਹ ਕੰਮਪੈਨ ਕਾਫ਼ੀ ਜ਼ੋਰ ਫੜ ਚੁੱਕੀ ਸੀ। ਉਨਟਾਰੀਓ ਪ੍ਰੋਸਿੰਗ ਵਿਚ ਤਾਂ ਪਿਛਲੇ ਦੋ ਦਹਾਕਿਆਂ 'ਚੋਂ ਬਾਰਾਂ ਸਾਲਾਂ ਦੇ ਕਰੀਬ ਤਾਂ ਮਿਨੀਮਮ ਵਿਚ ਬਿਲਕੁਲ ਹੀ ਕੋਈ ਵਾਧਾ ਨਹੀਂ ਕੀਤਾ ਗਿਆ। ਪਿਛਲੇ ਕੁਝ ਸਾਲਾਂ ਤੋਂ ਕੀਤਾ ਗਿਆ ਵਾਧਾ ਬਿਲਕੁਲ ਹੀ ਨਿਗੂਣਾ ਜਿਹਾ ਹੈ ਇਸ ਦੇ ਮੁਕਾਬਲੇ ਸਾਰੀਆਂ ਵਸਤੂਆਂ ਦੇ ਰੇਟ ਕਈ ਕਈ ਗੁਣਾ ਵੱਧ ਚੁੱਕੇ ਹਨ। ਲੱਖਾਂ ਹੀ ਵਰਕਰ ਗਰੀਬੀ ਦੀ ਰੇਖਾ ਤੋਂ ਹੇਠਲੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਬਹੁਤ ਸਾਰੇ ਵਰਕਰ ਤਾਂ ਮਜ਼ਬੂਰੀ ਵੱਸ ਬੇਘਰੇ ਵੀ ਹੋ ਗਏ। ਟੋਰਾਂਟੋ ਵਰਗੇ ਸ਼ਹਿਰ 'ਚ ਜਦੋਂ ਮਿਨੀਮਮ ਵੇਜ ਨੂੰ ਲੈ ਕੇ ਸਰਵੇ ਕੀਤਾ ਗਿਆ ਤਾਂ 70% ਦੇ ਕਰੀਬ ਲੋਕਾਂ ਨੇ ਇਸ ਨੂੰ ਵਧਾ ਕੇ 15 ਡਾਲਰ ਕੀਤੇ ਜਾਣ ਦੇ ਹੱਕ 'ਚ ਵੋਟ ਪਾਈ। ਕੈਨੇਡਾ ਦੇ ਇਕਵੰਜਾ ਦੇ ਕਰੀਬ ਆਰਥਿਕ ਮਾਹਿਰਾਂ ਨੇ ਵੀ ਮਿਨੀਮਮ ਵੇਜ ਵਧਾ ਕੇ 15 ਡਾਲਰ ਕੀਤੇ ਜਾਣ ਦੀ ਹਮਾਇਤ ਕੀਤੀ। ਸਰਕਾਰ ਵਲੋਂ ਆਰਥਿਕ ਮਾਹਿਰਾਂ ਦੀ ਰਾਇ ਲਏ ਜਾਣ ਉਪਰ ਇਹੀ ਰਿਪੋਰਟ ਸਾਹਮਣੇ ਆਈ ਸੀ ਕਿ ਆਰਥਿਕਤਾ ਨੂੰ ਖੜੋਤ 'ਚ ਨਾ ਆਉਣ ਦੇ ਲਈ ਮਿਨੀਮਮ ਵੇਜ ਦਾ ਵਧਾਇਆ ਜਾਣਾ ਜ਼ਰੂਰੀ ਸੀ। ਜਿਹੜਾ ਵਾਧਾ ਕਾਫ਼ੀ ਸਮੇਂ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਸੀ ਉਸ ਵਿਚ ਲੰਮੀ ਦੇਰੀ ਹੋਣ ਕਾਰਨ ਹੀ ਲਿਬਰਲ ਸਰਕਾਰ ਨੇ ਇਲੈਕਸ਼ਨਾਂ ਤੋਂ ਕੁਝ ਸਮਾਂ ਪਹਿਲਾਂ ਮਿਨੀਮਮ ਫੇਜ ਨੂੰ 11.60 ਡਾਲਰ ਤੋਂ ਵਧਾ ਕੇ 1 ਜਨਵਰੀ 2018 ਤੋਂ 14 ਡਾਲਰ ਪ੍ਰਤੀ ਘੰਟਾ ਕਰ ਦਿੱਤਾ। ਇਹ ਵਾਧਾ 14 ਡਾਲਰ ਤੋਂ ਵੱਧ ਕੇ 1 ਜਨਵਰੀ 2019 ਨੂੰ 15 ਡਾਲਰ ਹੋ ਜਾਵੇਗਾ। ਸਰਕਾਰ ਨੇ ਇਹ ਵੀ ਵਾਧਾ ਕੀਤਾ ਹੈ ਕਿ ਅੱਗੋਂ ਤੋਂ ਇੰਨਫਲੈਕਸ਼ ਦੀ ਦਰ ਮੁਤਾਬਕ ਹੀ ਮਿਨੀਮਮ ਵੇਜ 'ਚ ਵਾਧਾ ਹੋ ਜਾਇਆ ਕਰੇਗਾ। ਮਿਨੀਮਮ ਵੇਜ 'ਚ 2.40 ਡਾਲਰ ਦੇ ਹੋਏ ਵਾਧੇ ਨੂੰ ਲੈ ਕੇ ਸਰਮਾਏਦਾਰੀ ਪੱਖੀ ਮੈਨ ਸਟਰੀਮ ਮੀਡੀਏ ਦੇ ਇਕ ਹਿੱਸੇ ਵਲੋਂ ਬਿਨਾਂ ਤੱਥਾਂ ਤੋਂ ਗਲਤ ਅੰਕੜੇ ਦੇ ਕੇ ਲਗਾਤਾਰਾ ਬੇਹੁਦਾ ਪ੍ਰਚਾਰ ਵਿਢਿਆ ਹੋਇਆ ਹੈ, ਕਿਹਾ




ਜਾ ਰਿਹਾ ਹੈ ਕਿ ਇਸ ਵਾਧੇ ਨਾਲ ਮੁਲਕ ਦੀ ਆਰਥਿਕਤਾ ਤਬਾਹ ਹੋ ਜਾਵੇਗੀ। ਲੱਖਾਂ ਹੀ ਲੋਕ ਬੇਰੁਜ਼ਗਾਰ ਹੋ ਜਾਣਗੇ। ਜਦੋਂ ਕਿ ਇਹ ਪ੍ਰਚਾਰ ਪਿਛਲੇ ਸਾਲ ਤੋਂ ਸ਼ੁਰੂ ਕਰ ਦਿੱਤਾ ਗਿਆ ਸੀ ਕਿ ਇਸ ਐਲਾਨ ਹੋਣ ਨਾਲ ਹੀ ਬਿਜਨਿਸਮੈਨਾਂ ਨੇ ਵਰਕਰਾਂ ਨੂੰ ਕੰਮ ਤੋਂ ਹਟਾਉਣਾ ਸ਼ੁਰੂ ਕਰ ਦਿੱਤਾ ਹੈ ਪਰ ਪਰ ਸੱਚਾਈ ਬਿਲਕੁਲ ਇਸ ਦੇ ਉਲਟ ਹੈ। ਜਨਵਰੀ ਮਹੀਨੇ ਦੇ ਅੰਕੜਿਆਂ ਮੁਤਾਬਕ ਹਜ਼ਾਰਾਂ ਹੀ ਨਵੀਆਂ ਜੌਬਾਂ ਪੈਦਾ ਹੋਈਆਂ ਹਨ ਤੇ ਬੇਰੁਜ਼ਗਾਰੀ ਦੀ ਦਰ ਦਾ ਅੰਕੜਾ ਇੰਨਾ ਥੱਲੇ ਆ ਗਿਆ ਹੈ ਕਿ ਉਸ ਨੇ ਪਿਛਲੇ 40 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਅਮਰੀਕਾ ਦੇ ਜਿਨ੍ਹਾਂ ਵੀ ਸ਼ਹਿਰਾਂ 'ਚ ਮਿਨੀਮਮ ਵੇਜ ਵਧੀ ਹੈ, ਉਥੋਂ ਦਾ ਵੀ ਕੋਈ ਅਜਿਹਾ ਸਰਵੇ ਨਹੀਂ ਹੈ ਜਿਸ ਵਿਚ ਕਿਹਾ ਗਿਆ ਹੋਵੇ ਕਿ ਉਥੇ ਆਰਥਿਕਤਾ ਨੂੰ ਨੁਕਸਾਨ ਹੋਇਆ ਹੈ ਜਾਂ ਜੌਬਾਂ ਦਾ ਕੋਈ ਵੱਡਾ ਨੁਕਸਾਨ ਹੋਇਆ ਹੈ। ਇਥੇ ਇਹ ਦੱਸਣਾ ਵੀ ਕੋਈ ਗੈਰ ਵਾਜਬ ਨਹੀਂ ਹੈ ਕਿ ਵੱਡੀਆਂ ਕਾਰਪੋਰੇਸ਼ਨਾਂ ਦੇ ਹਿਤੈਸ਼ੀ ਮੀਡੀਏ ਵਲੋਂ ਇਹ ਚੀਕ ਚਿਹਾੜਾ ਪਾਉਣਾ ਕੋਈ ਪਹਿਲੀ ਘਟਨਾ ਨਹੀਂ ਹੈ, ਸਗੋਂ ਇਹ ਤਾਂ ਹਮੇਸ਼ਾ ਹੀ ਵਾਪਰਦਾ ਆਇਆ ਭਾਵੇਂ ਮਿਨੀਮਮ ਵੇਜ 'ਚ 20 ਸੈਂਟ ਦਾ ਨਿਗੂਣਾ ਜਿਹਾ ਵਾਧਾ ਹੀ ਕਿਉਂ ਨਾ ਕੀਤਾ ਗਿਆ ਹੋਵੇ। ਕਈ ਵੱਡੀਆਂ ਕੰਪਨੀਆਂ ਜਿਵੇਂ 'ਟਿਮ ਹੋਰਟਨਜ਼' ਨੇ ਇਹ ਗੁੱਸਾ ਆਪਣੇ ਵਰਕਰਾਂ 'ਤੇ ਹੀ ਕੱਢਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀਆਂ ਕਈ ਫਰੈਂਚਾਈਜ਼ ਨੇ ਵਰਕਰਾਂ ਦੀ ਪੇਡ ਬ੍ਰੇਕ ਵਰਦੀ ਅਤੇ ਕਈ ਹੋਰ ਬੈਨੇਫਿਟ ਕੱਟਣੇ ਸ਼ੁਰੂ ਕਰ ਦਿੱਤੇ ਹਨ। ਇਹੀ ਕੰਮ ਇਕ ਹੋਰ ਏਸ਼ੀਅਨ ਸੁਪਰ ਮਾਰਕੀਟ ਵਲੋਂ ਵੀ ਕੀਤਾ ਜਾਣ ਲੱਗ ਪਿਆ ਸੀ ਪਰ ਉਨ੍ਹਾਂ ਨੇ ਤਾਂ ਪਿਛਲੇ ਹਫ਼ਤੇ ਹੀ ਵਰਕਰਾਂ ਦੇ ਰੌਅ ਨੂੰ ਦੇਖਦਿਆਂ ਆਪਣਾ ਫੈਸਲਾ ਵਾਪਸ ਲੈ ਲਿਆ ਹੈ। ਟਿੰਮ ਹੋਰਟਨਜ਼ ਇਸ ਗੁੰਡਾਗਰਦੀ ਦੇ ਖਿਲਾਫ਼ ਬਹੁਤ ਸਾਰੇ ਵਰਕਰਾਂ ਨੇ ਕੈਨੇਡਾ ਭਰ 'ਚ ਹੀ ਟਿੰਮ ਹੋਰਟਨਜ਼ ਦੇ ਸਾਹਮਣੇ ਪ੍ਰੋਟੈਸਟ ਕੀਤੇ ਹਨ। ਟਿੰਮ ਹੋਰਟਨਜ਼ ਉਹ ਕੰਪਨੀ ਹੈ ਜਿਸ ਦੀ ਮੈਨ ਬਰਾਂਚ (ਪੈਰੇਂਟਸ ਕੰਪਨੀ) ਨੂੰ 2016 'ਚ 3 ਬਿਲੀਅਨ ਡਾਲਰ ਦਾ ਮੁਨਾਫ਼ਾ ਹੋਇਆ ਹੈ ਪਰ ਉਹ ਇਸ ਦਾ ਇਕ ਛੋਟਾ ਜਿਹਾ ਹਿੱਸਾ ਵੀ ਆਪਣੇ ਵਰਕਰਾਂ 'ਚ ਵੰਡਣ ਲਈ ਤਿਆਰ ਨਹੀਂ ਹਨ। ਦੁਨੀਆਂ ਭਰ ਦੇ ਕੁਝ ਅਜਾਰੇਦਾਰ ਪਰਿਵਾਰਾਂ ਵਾਂਗੂੰ ਕੈਨੇਡਾ ਦੇ ਵੀ ਕੁਝ ਗਿਣਤੀ ਦੇ ਪਰਿਵਾਰਾਂ 40% ਤੋਂ ਵੀ ਵੱਧ ਦਾ ਧਨ ਇਕੱਠਾ ਹੋ ਗਿਆ ਹੈ। ਜੇ ਕੁਲ ਧਨ ਦਾ ਏਡਾ ਵੱਡਾ ਹਿੱਸਾ ਕੁਝ ਪਰਿਵਾਰਾਂ ਕੋਲ ਹੈ ਤਾਂ ਅੰਦਾਜ਼ਾ ਸਾਫ਼ ਹੈ ਕਿ ਬਾਕੀ ਦੇ ਮਿਲੀਅਨ-ਮਿਲੀਅਨ ਲੋਕ ਗਰੀਬੀ ਦੀ ਰੇਖਾ ਤੋਂ ਹੇਠਾ ਜਿਉਣ ਲਈ ਮਜਬੂਰ ਹੋਣਗੇ। ਕੈਨੇਡੀਅਨ ਨਾਗਰਿਕਾਂ 'ਤੇ ਅੱਜ ਕੱਲ੍ਹ ਬਿਲੀਅਨ ਡਾਲਰਾਂ ਦਾ ਕਰਜ਼ਾ ਹੈ ਉਪਰੋਂ ਮੌਰਗੇਜ ਦੇ ਰੇਟ ਵਧਣੇ ਸ਼ੁਰੂ ਹੋ ਗਏ, ਗੈਸ ਛੜੱਪੇ ਮਾਰ ਕੇ ਵਧ ਰਹੀ ਹੈ। ਘਰਾਂ ਦੇ ਬਿੱਲ ਪ੍ਰਾਪਰਟੀ ਟੈਕਸ ਹਰ ਸਾਲ ਵਧਦੇ ਹੀ ਜਾਂਦੇ ਹਨ। ਸਰਕਾਰ ਦੀਆਂ ਇਨ੍ਹਾਂ ਪਾਲਿਸੀਆਂ ਕਾਰਨ ਆਉਣ ਵਾਲੇ ਕੁਝ ਹੀ ਸਾਲਾਂ 'ਚ ਮੁਲਕ ਦੀ ਆਰਥਿਕਤਾ ਖੜੋਤ (ਰੀਸੈਸ਼ਨ) ਵੱਧ ਨੂੰ ਵਧੇਗੀ ਜਿਸ ਦੇ ਕਾਰਨ ਲੱਖਾਂ ਹੀ ਲੋਕ ਨੌਕਰੀਆਂ ਤੋਂ ਵਿਹਲੇ ਹੋ ਜਾਣਗੇ। ਸਰਮਾਏਦਾਰਾਂ ਪੱਖੀ ਮੀਡੀਏ ਵਲੋਂ ਫਿਰ ਇਸ ਦਾ ਦੋਸ਼ ਮਿਨੀਮਮ ਵੇਜ ਤੇ ਮੜਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਲੋਕਾਂ ਨੂੰ ਭਾਵ ਮਿਨੀਮਮ ਫੇਜ ਉਪਰ ਕੰਮ ਕਰਦੇ ਲੋਕਾਂ ਨੂੰ ਅਤੇ ਮਿਡਲ ਕਲਾਸਾਂ ਦੇ ਲੋਕਾਂ ਨਾਲ ਲੜਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਲੋਕਾਂ ਨੂੰ ਚਾਹੀਦੈ ਕਿ ਇਕੱਲੇ ਮੀਡੀਏ ਦੇ ਪ੍ਰਚਾਰ ਉਪਰ ਨਿਰਭਰ ਨਾ ਕਰਨ ਸਗੋਂ ਸੋਸ਼ਲ ਮੀਡੀਏ ਰਾਹੀਂ ਜਾਂ ਹੋਰ ਵੱਖਰੋ-ਵੱਖਰੀਆਂ ਸਾਈਟਾਂ ਤੋਂ ਜਾਣਕਾਰੀ ਇਕੱਠੀ ਕਰਨ ਤਾਂ ਕਿ ਉਹ ਅਸਲੀਅਤ ਨੂੰ ਸਮਝ ਸਕਣ। ਅਮਰੀਕਾ ਵਿਚ 2008 ਤੋਂ ਸ਼ੁਰੂ ਹੋਇਆ ਆਰਥਿਕ ਮੰਦਵਾੜਾ ਤੇ ਕੈਨੇਡਾ 'ਚ 1990 ਦਾ ਆਰਥਿਕ ਮੰਦਵਾੜਾ ਕਿਸੇ ਮਿਨੀਮਮ ਵੇਜ ਦੀ ਦੇਣ ਨਹੀਂ ਸੀ ਸਗੋਂ ਸਰਮਾਏਦਾਰੀ ਸਿਸਟਮ ਦੀਆਂ ਆਪਣੀਆਂ ਗਲਤੀਆਂ ਦਾ ਨਤੀਜਾ ਸੀ ਜਿਸ ਵਿਚ ਸਭ ਤੋਂ ਵੱਡਾ ਨੁਕਸਾਨ ਆਮ ਜਨਤਾ ਨੂੰ ਹੀ ਉਠਾਉਣਾ ਪਿਆ ਸੀ। ਅਮਰੀਕਾ ਦੇ ਰੀਸੈਸ਼ਨ 'ਚੋਂ ਤਾਂ ਧਨਾੜ ਲੋਕ ਹੋਰ ਧਨਾੜ ਬਣ ਕੇ ਨਿਕਲੇ ਹਨ ਇਸ ਦੇ ਤਾਂ ਅੰਕੜੇ ਵੀ ਮੂੰਹ ਬੋਲਦੀ ਤਸਵੀਰ ਹਨ। ਮਿਨੀਮਮ ਵੇਜ ਵਾਲੀ ਇਸ ਕੰਮਪੈਨ 'ਚੋਂ ਵਰਕਰ ਕਲਾਸ ਕਾਫ਼ੀ ਤਕੜੀ ਹੋ ਨਿਕਲੀ ਹੈ ਅਤੇ ਜੋਸ਼ ਵਿਚ ਹੈ। ਵਰਕਰ ਏਕਾ! ਜ਼ਿੰਦਾਬਾਦ!

## ਮੀਟਿੰਗ ਸਬੰਧੀ ਸੂਚਨਾ

ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦੇ ਸਬੰਧ 'ਚ 4 ਫਰਵਰੀ 2018 ਨੂੰ 3 ਤੋਂ 5 ਵਜੇ ਤੱਕ ਰੇਲ ਆਸਨ ਐਂਡ ਮੈਕਲਾਡਨ ਦੀ ਲਾਇਬ੍ਰੇਰੀ ਦੇ ਸੀਨੀਅਰਜ਼ ਕਲੱਬ ਦੇ ਰੂਮ ਵਿਚ ਮੀਟਿੰਗ ਰੱਖੀ ਜਾ ਰਹੀ ਹੈ।

**ਸੰਪਰਕ ਕਰੋ : 647-631-9445 ਇਕਬਾਲ ਸਿੰਘ**











